**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

**Golden State Realty**
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



Sam Chahal
CA Lic. 01504071

COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabbal@gmail.com



License# OC70672
Certified Agent
ਅਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 13, March 26, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਡੇਰਿਆਂ ਦੇ ਚਰਨੀਂ ਲੱਗੀ ਪੰਜਾਬ ਦੀ ਸਿਆਸਤ

## ਸਾਰੀਆਂ ਸਿਆਸੀ ਧਿਰਾਂ ਲਈ ਵੱਖ-ਵੱਖ ਡੇਰੇ ਬਣੇ ਵੋਟ ਬੈਂਕ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਦੀਆਂ ਸਿਆਸੀ ਧਿਰਾਂ ਨੇ ਸੂਬੇ ਵਿਚ ਡੇਰਿਆਂ ਦੀਆਂ ਚੌਂਕੀਆਂ ਭਰਨ ਲਈ ਮੋਰਚੇ ਸਾਂਭ ਲਏ ਹਨ। ਸੂਬੇ ਦੀਆਂ ਰਵਾਇਤੀ ਧਿਰਾਂ ਦੇ ਨਾਲ-ਨਾਲ ਆਮ ਆਦਮੀ ਪਾਰਟੀ (ਆਪ) ਵੀ ਇਸ ਪਾਸੇ ਖਾਸੀ 'ਸ਼ਰਧਾ' ਵਿਖਾ ਰਹੀ ਹੈ। ਪਿਛਲੇ ਹਫਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਦੌਰੇ ਮੌਕੇ ਕੁਝ ਡੇਰਿਆਂ 'ਤੇ ਹਾਜ਼ਰੀ ਭਰਨ ਪਿੱਛੋਂ ਕਾਂਗਰਸ ਤੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਡੇਰਿਆਂ ਵੱਲ ਰੁਖ਼ ਕਰ ਲਿਆ ਹੈ।

ਸ੍ਰੀ ਕੇਜਰੀਵਾਲ ਤੋਂ ਪਿੱਛੋਂ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਡੇਰਾ ਰਾਧਾ ਸੁਆਮੀ (ਬਿਆਸ) ਦਾ ਦੌਰਾ ਕਰਨ ਤੋਂ ਫੌਰੀ ਬਾਅਦ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੀ ਪਤਨੀ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਡੇਰਾ ਬਿਆਸ ਤੋਂ ਅਸ਼ੀਰਵਾਦ ਲੈਣ ਪੁੱਜ ਗਏ। ਡੇਰਾ ਬਿਆਸ ਭਾਵੇਂ ਸਿਆਸਤ ਤੋਂ ਦੂਰ ਹੈ, ਪਰ ਡੇਰੇ ਦਾ ਵੱਡਾ ਪ੍ਰਭਾਵ ਹੋਣ ਕਾਰਨ ਹਰ ਸਿਆਸੀ ਪਾਰਟੀ ਇਸ ਦਾ ਲਾਹਾ ਲੈਣਾ ਚਾਹੁੰਦੀ ਹੈ। ਸ. ਮਜੀਠੀਆ ਦੀ ਪਤਨੀ ਦੀ ਡੇਰਾ ਮੁਖੀ ਨਾਲ ਰਿਸ਼ਤੇਦਾਰੀ ਵੀ ਹੈ। 15 ਮਾਰਚ ਨੂੰ ਕੇਜਰੀਵਾਲ ਨੇ ਇਕ ਦਿਨ ਵਿਚ ਦੁਆਬੇ ਦੇ ਕਈ ਡੇਰਿਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਸੀ। ਸਿਆਸੀ ਧਿਰਾਂ ਵੱਲੋਂ ਡੇਰਿਆਂ ਦੀ ਸ਼ਰਨ ਲੈਣਾ ਕੋਈ ਨਵੀਂ ਗੱਲ ਨਹੀਂ। ਇਸ ਤੋਂ ਪਹਿਲਾਂ ਡੇਰਾ ਸਿਰਸਾ ਨੂੰ ਸਿਆਸੀ ਧਿਰਾਂ ਵੱਧ ਅਹਿਮੀਅਤ ਦਿੰਦੀਆਂ ਸਨ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਉਣ ਦੇ ਮਾਮਲੇ ਵਿਚ ਡੇਰਾ ਮੁਖੀ ਨੂੰ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਦਿੱਤੀ ਮੁਆਫੀ ਪਿੱਛੋਂ ਪੈਦਾ ਹੋਏ ਰੋਹ ਕਾਰਨ ਸਾਰੀਆਂ ਧਿਰਾਂ ਇਸ ਡੇਰੇ ਬਾਰੇ ਚੁੱਪ ਹਨ।



### ਦਲ-ਬਦਲੂਆਂ ਨੇ ਉਲਝਾਏ ਸਿਆਸੀ ਸਮੀਕਰਨ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਦਲ-ਬਦਲੂਆਂ ਦਾ ਬੋਲਬਾਲਾ ਹੈ। ਅਕਾਲੀਆਂ ਤੇ ਕਾਂਗਰਸ ਦਾ ਹਰ ਪੰਜ ਸਾਲ ਬਾਅਦ ਸੱਤਾ ਵਿਚ ਅਦਲ-ਬਦਲ ਦਾ ਸਿਲਸਿਲਾ ਹੁਣ ਤਕਰੀਬਨ ਮੱਠਾ ਜਿਹਾ ਹੈ, ਪਰ ਹੁਣ ਪੰਜਾਬ ਵਿਚ ਨਵੀਂ ਪਾਰਟੀ 'ਆਪ' ਉੱਠ ਖਲੋਤੀ ਹੈ। ਇਸ ਨੇ ਥੋੜ੍ਹੇ ਸਮੇਂ ਵਿਚ ਹੀ ਆਪਣਾ ਮਜ਼ਬੂਤ ਆਧਾਰ ਬਣਾ ਲਿਆ ਹੈ। ਪਿਛਲੇ ਕੁਝ ਦਿਨਾਂ ਵਿਚ ਰਵਾਇਤੀ ਪਾਰਟੀਆਂ ਦੇ ਕਈ ਸੀਨੀਅਰ ਆਗੂ ਇਸ ਨਵੀਂ ਪਾਰਟੀ ਨਾਲ ਜੁੜੇ ਹਨ। ਹਾਲੇ ਵੀ ਬਹੁਤ ਸਾਰੇ ਲੀਡਰ ਮੌਕਾ ਵੇਖ ਕੇ ਪਾਲਾ ਬਦਲਣ ਦੀ ਤਿਆਰੀ ਵਿਚ ਹਨ। ਹੰਸ ਰਾਜ ਹੰਸ ਵੱਲੋਂ ਅਕਾਲੀ ਦਲ ਤੋਂ ਮੁੱਖ ਮੋੜ ਕੇ ਕਾਂਗਰਸ ਵਿਚ ਜਾਣ ਅਤੇ ਕਾਂਗਰਸ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ 'ਆਪ' ਵਿਚ ਸ਼ਾਮਲ ਹੋਣ ਨੂੰ ਵੀ ਰਵਾਇਤੀ ਧਿਰਾਂ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਬਰਾੜ 'ਆਪ' ਦੀ ਸਿਫਤਾਂ ਦੇ ਪੁਲ ਲਗਾਤਾਰ ਬੰਨ੍ਹ ਰਿਹਾ ਹੈ।

ਅਸਲ ਵਿਚ ਪੰਜਾਬ ਦੀਆਂ ਸਿਆਸੀ ਧਿਰਾਂ ਇਸ ਵਾਰ ਡੇਰਿਆਂ ਦੀ ਵੋਟ ਨੂੰ ਵੱਧ ਅਹਿਮੀਅਤ ਦੇ ਰਹੀਆਂ ਹਨ। ਇਸ ਕੰਮ ਵਿਚ 'ਆਪ' ਸਭ ਤੋਂ ਵੱਧ ਸਰਗਰਮੀ ਵਿਖਾ ਰਹੀ ਹੈ। ਕੇਜਰੀਵਾਲ ਪਹਿਲਾਂ ਡੇਰਾ ਬੱਲਾਂ ਵਿਖੇ ਸੰਤ ਨਿਰੰਜਣ ਦਾਸ ਨੂੰ ਵੀ ਮਿਲ ਚੁਕੇ ਹਨ। ਇਸ ਡੇਰੇ ਨਾਲ ਵੱਡੀ ਗਿਣਤੀ 'ਚ ਰਵਿਦਾਸੀਆ ਭਾਈਚਾਰਾ ਜੁੜਿਆ ਹੋਇਆ ਹੈ। ਗੁਰੂ ਰਵਿਦਾਸ ਜੈਅੰਤੀ ਮੌਕੇ ਵੀ ਕੇਜਰੀਵਾਲ ਵਾਰਾਣਸੀ ਵਿਚ ਸੰਤ ਨਿਰੰਜਣ ਦਾਸ ਨੂੰ ਮਿਲੇ ਸਨ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਫੇਰੀ ਦੌਰਾਨ ਸੰਤ ਨਿਰੰਜਣ ਦਾਸ ਨੂੰ ਮੰਦਰ ਅੰਦਰ ਨਹੀਂ ਸੀ ਜਾਣ ਦਿੱਤਾ। ਭਾਜਪਾ ਦੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਦੀ ਹਾਜ਼ਰੀ 'ਚ ਵਾਪਰੀ ਇਸ ਘਟਨਾ ਨਾਲ ਦਲਿਤ ਭਾਈਚਾਰਾ ਸਖਤ ਨਰਾਜ਼ ਹੈ ਤੇ 'ਆਪ' ਇਸ ਤੋਂ ਚੰਗੀ ਤਰ੍ਹਾਂ ਜਾਣੂ ਹੈ। ਕੇਜਰੀਵਾਲ ਨਿਰਮਲ ਕੁਟੀਆ ਸੀਚੇਵਾਲ ਵਿਖੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ। ਸਿਆਸੀ ਧਿਰਾਂ ਦੀ ਅੱਖ ਇਸ ਵਾਰ ਦਲਿਤ ਵੋਟ ਵੱਲ ਹੈ। ਪੰਜਾਬ 'ਚ 32% ਦਲਿਤ ਵੋਟ ਬੈਂਕ ਹੈ।

ਜਾਪਦਾ ਹੈ ਕਿ ਸ੍ਰੀ ਕੇਜਰੀਵਾਲ ਪੰਜਾਬ ਦੀ ਦਲਿਤ ਆਬਾਦੀ ਦਾ ਪੂਰਾ ਸਰਵੇਖਣ ਕਰਨ ਤੋਂ ਬਾਅਦ ਹੀ ਇਸ ਦੌੜ ਵਿਚ ਪੈਣ ਲਈ ਮਜਬੂਰ ਹੋਏ ਹਨ। ਗੌਰਤਲਬ ਹੈ ਕਿ ਪੰਜਾਬ ਵਿਚ ਦਲਿਤ ਮੁੱਖ ਤੌਰ 'ਤੇ ਦੋ ਹਿੱਸਿਆਂ ਵਿਚ ਵੰਡੇ ਹੋਏ ਹਨ, ਇਕ ਪਾਸੇ ਵਾਲਮੀਕੀ ਤੇ ਮਜ਼੍ਹਬੀ ਸਿੱਖ ਹਨ ਅਤੇ ਦੂਜੇ ਪਾਸੇ ਆਦਿ ਧਰਮੀ ਜਾਂ ਰਵਿਦਾਸੀਆ ਬਰਾਦਰੀ ਹੈ। ਰਵਿਦਾਸੀਆਂ ਦੀ ਗਿਣਤੀ ਬਾਲਮੀਕੀਆਂ ਤੋਂ ਜ਼ਿਆਦਾ ਮੰਨੀ ਜਾਂਦੀ ਹੈ। ਇਥੇ ਇਕ ਹੋਰ ਗੱਲ ਵੀ ਕਾਫੀ ਚਰਚਾ ਵਿਚ ਹੈ ਕਿ ਵਿਆਨਾ ਕਾਂਡ ਜਿਸ ਵਿਚ ਡੇਰਾ ਸੱਚਖੰਡ ਬੱਲਾਂ ਦੇ ਸੰਤ ਰਾਮਾਨੰਦ ਦੀ ਮੌਤ ਹੋ ਗਈ ਸੀ, ਦੇ ਮਾਮਲੇ ਵਿਚ ਅਕਾਲੀ ਦਲ ਦੇ ਸਟੈਂਡ ਤੋਂ ਡੇਰਾ ਬੱਲਾਂ ਮੁਖੀ ਨਾਰਾਜ਼ ਦੱਸੇ ਜਾਂਦੇ ਹਨ, ਜਦੋਂ ਕਿ ਇਸੇ ਮਾਮਲੇ ਵਿਚ ਪਰਮਜੀਤ ਸਿੰਘ ਸਰਨਾ ਦੇ

(ਬਾਕੀ ਸਫਾ 6 'ਤੇ)

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਦੀ ਖੈਰ ਨਹੀਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਸਖਤ ਫੈਸਲਾ ਕੀਤਾ ਹੈ। ਹੁਣ ਅਜਿਹੇ ਕਾਰੇ ਕਰਨ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਹੋਵੇਗੀ। ਪੰਜਾਬ ਵਿਧਾਨ ਸਭਾ ਨੇ ਇਸ ਬਾਰੇ ਸੋਧ ਬਿੱਲ 'ਤੇ ਮੋਹਰ ਲਗਾ ਦਿੱਤੀ ਹੈ।



ਵਿਧਾਨ ਸਭਾ ਵਿਚ ਪਾਸ ਮਤੇ ਮੁਤਾਬਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਅਤੇ ਕਿਸੇ ਪਵਿੱਤਰ ਵਸਤੂ ਨੂੰ ਕਿਸੇ ਧਰਮ ਦਾ ਅਪਮਾਨ ਕਰਨ ਦੇ ਇਰਾਦੇ ਨਾਲ ਨਸ਼ਟ ਕਰਨ ਜਾਂ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ 10 ਸਾਲ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਇਸ ਤਹਿਤ ਕਿਸੇ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਜਾਂ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਦੇ ਦੋਸ਼ਾਂ ਤਹਿਤ ਧਾਰਾ 295-ਏ ਵਿਚ ਸੋਧ ਕਰ ਕੇ ਸਜ਼ਾ ਦੋ ਤੋਂ ਵਧਾ ਕੇ 10 ਸਾਲ ਕੀਤੀ ਗਈ ਹੈ।

ਇਸੇ ਤਰ੍ਹਾਂ ਨਵੀਂ ਧਾਰਾ 295-ਏ.ਏ. ਵੀ ਸ਼ਾਮਲ ਕੀਤੀ ਗਈ ਹੈ, ਜੋ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਵਿਚ ਹੀ ਲੱਗੇਗੀ। ਇਸ ਲਈ ਕ੍ਰਿਮੀਨਲ ਪ੍ਰੋਸੀਜ਼ਰਲ ਕੋਡ (ਸੀ.ਆਰ.ਪੀ.ਸੀ.) ਵਿਚ ਸੋਧ ਲਈ ਵੀ ਬਿੱਲ ਪੇਸ਼ ਕੀਤਾ ਗਿਆ। ਇਨ੍ਹਾਂ ਦੋਹਾਂ ਬਿੱਲਾਂ ਨੂੰ ਵਿਧਾਨ ਸਭਾ ਨੇ ਪ੍ਰਵਾਨਗੀ ਦੇ ਦਿੱਤੀ ਹੈ। ਕਾਂਗਰਸ ਦੇ ਵਿਧਾਇਕ ਤਰਲੋਚਨ ਸਿੰਘ ਸੂੰਢ


(ਬਾਕੀ ਸਫਾ 6 'ਤੇ)


**We Do Real Estate in Bay Area & Central Valley**
We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
*Attorney At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


40% OFF PER MONTH
FOR 12 MONTHS ON
PUNJABI MEGA PACK
ICC WORLD TWENTY20 INDIA 2016
WILLOW HD
OFFICIAL BROADCAST PARTNER
WATCH THE ICC WORLD TWENTY20 INDIA 2016 LIVE ON WILLOW HD WITH DISH
PUNJABI MEGA PACK
$14 99 MO
FOR 12 MONTHS
$24.99 mo
EVERYDAY PRICE
WILLOW HD
PTC PUNJABI
GLOBAL PUNJAB
jus punjabi
MH ONE
JUS one
jus 24x7
9X TASHAN
PTC chakde
PTC NEWS
Requires credit qualification and subscription to qualifying American or DishLATINO programming. Cannot be combined with other International offers.
ORDER NOW!
1-888-797-8273
MUST MENTION OFFER CODE:
SAVEBIG
AT TIME OF ORDERING.
Cannot be combined with other Offer Codes
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. Offer ends 4/30/16.
2 Year Commitment: Early termination fee of $20/mo. remaining applies if you cancel early. Installation/Equipment Requirements: A second dish antenna may be required to view both International and American programming. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Taxes or reimbursement charges for state gross earnings taxes may apply. Additional restrictions and taxes may apply.
© 2016 DISH Network L.L.C. All rights reserved.

# ਬੈਲਜੀਅਮ ’ਚ ਦਹਿਸ਼ਤੀ ਤਾਂਡਵ, 34 ਹਲਾਕ

**ਬ੍ਰੱਸਲਜ਼:** ਬੈਲਜੀਅਮ ਦੀ ਰਾਜਧਾਨੀ ਬ੍ਰੱਸਲਜ਼ ਦੇ ਹਵਾਈ ਅੱਡੇ ਅਤੇ ਇਕ ਮੈਟਰੋ ਸਟੇਸ਼ਨ ‘ਤੇ ਸਿਲਸਿਲੇਵਾਰ 3 ਧਮਾਕਿਆਂ ’ਚ ਕਰੀਬ 35 ਜਾਨਾਂ ਚਲੀਆਂ ਗਈਆਂ ਅਤੇ 200 ਤੋਂ ਵੱਧ ਜਣੇ ਜ਼ਖ਼ਮੀ ਹੋ ਗਏ। ਇਸੇ ਦੌਰਾਨ ਇਸਲਾਮਿਕ ਸਟੇਟ ਨੇ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਲਈ ਹੈ। ਬੈਲਜੀਅਮ ਦੇ ਪ੍ਰਧਾਨ ਮੰਤਰੀ ਚਾਰਲਸ ਮਾਈਕਲ ਨੇ ਇਸ ਹਮਲੇ ਨੂੰ ਕਾਇਰਾਨਾ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਤ੍ਰਾਸਦੀ ਦਾ ਦਿਨ ਹੈ ਤੇ ਕਾਲਾ ਦਿਨ ਹੈ।

ਬ੍ਰੱਸਲਜ਼ ਦੇ ਜ਼ੇਵੇਂਤਮ ਹਵਾਈ ਅੱਡੇ ਦੇ ਮੁੱਖ ਹਾਲ ਵਿਚ ਸਵੇਰ ਸਮੇਂ ਦੋ ਧਮਾਕੇ ਹੋਏ। ਪੁਲਿਸ ਮੁਤਾਬਕ ਇਸ ਹਮਲੇ ’ਚ ਆਤਮਘਾਤੀ ਹਮਲਾਵਰ ਸ਼ਾਮਲ ਹੋ ਸਕਦਾ ਹੈ। ਤੀਜਾ ਧਮਾਕਾ ਯੂਰਪੀ ਸੰਘ ਦੀ ਮੁੱਖ ਇਮਾਰਤ ਦੇ ਨੇੜੇ ਮਾਲਬੀਕ ਮੈਟਰੋ ਸਟੇਸ਼ਨ ‘ਤੇ ਹੋਇਆ। ਦਫ਼ਤਰਾਂ ਦਾ ਸਮਾਂ ਹੋਣ ਕਾਰਨ ਮੈਟਰੋ ਸਟੇਸ਼ਨ ‘ਤੇ ਭੀੜ ਸੀ। ਹਵਾਈ ਅੱਡੇ ‘ਤੇ 14 ਵਿਅਕਤੀ ਮਾਰੇ ਗਏ ਤੇ 90 ਤੋਂ ਵੱਧ ਜ਼ਖ਼ਮੀ ਹੋਏ ਜਦ ਕਿ ਮੈਟਰੋ ਸਟੇਸ਼ਨ ‘ਤੇ ਹੋਏ ਧਮਾਕਿਆਂ ਵਿਚ ਕਰੀਬ 21 ਜਾਨਾਂ ਗਈਆਂ ਤੇ 106 ਜ਼ਖ਼ਮੀ ਹੋਏ। ਲੋਕਾਂ ਦਾ ਕਹਿਣਾ ਹੈ ਕਿ ਧਮਾਕੇ ਤੋਂ ਪਹਿਲਾਂ ਅਰਬੀ ਵਿਚ ਨਾਅਰੇ ਸੁਣੇ ਗਏ। ਇਸ ਧਮਾਕੇ ਵਿਚ ਬਹੁਤ ਸਾਰੇ ਲੋਕਾਂ ਦੇ ਅੰਗ ਉੱਡ ਗਏ। ਧਮਾਕਿਆਂ ਬਾਅਦ ਹਵਾਈ ਅੱਡੇ ਬੰਦ ਕਰ ਦਿੱਤੇ ਗਏ ਅਤੇ ਬੱਸਾਂ, ਰੇਲ ਗੱਡੀਆਂ, ਮੈਟਰੋ ਤੇ ਟਰੈਮਾਂ ਰੋਕ ਦਿੱਤੀਆਂ ਗਈਆਂ। ਇਹ ਧਮਾਕੇ ਬੈਲਜੀਅਮ ’ਚ ਫਰਾਂਸ ਹਮਲੇ ਦੇ ਮੁੱਖ ਮੁਲਜ਼ਮ ਸਲਾਹ ਅਬਦੁੱਲ ਸਲਾਮ ਦੀ ਨਾਟਕੀ ਢੰਗ ਨਾਲ ਹੋਈ ਗ੍ਰਿਫ਼ਤਾਰੀ ਦੇ ਅਗਲੇ ਹੀ ਦਿਨ ਹੋਏ ਹਨ। ਉਹ ਚਾਰ ਮਹੀਨਿਆਂ ਤੋਂ ਫਰਾਰ ਸੀ।

## ਅਮਰੀਕੀ ਰਾਸ਼ਟਰਪਤੀ ਨੇ 88 ਸਾਲ ਪਿੱਛੋਂ ਧਰਿਆ ਕਿਊਬਾ ਵਿਚ ਪੈਰ

**ਹਵਾਨਾ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਕਿਊਬਾ ਦੀ ਇਤਿਹਾਸਕ ਯਾਤਰਾ ਉਤੇ ਪਹੁੰਚੇ ਗਏ ਹਨ। ਇਹ ਦੌਰਾ ਇਤਿਹਾਸਕ ਇਸ ਕਰਕੇ ਹੈ ਕਿਉਂਕਿ ਅਮਰੀਕਾ ਦੇ ਇਤਿਹਾਸ ਵਿਚ 88 ਸਾਲ ਬਾਅਦ ਕੋਈ ਰਾਸ਼ਟਰਪਤੀ ਕਿਊਬਾ ਦੀ ਯਾਤਰਾ ਕਰ ਰਿਹਾ ਹੈ। ਇਸ ਤੋਂ ਪਹਿਲਾਂ 1928 ਵਿਚ ਅਮਰੀਕਾ ਦੇ ਮਰਹੂਮ ਰਾਸ਼ਟਰਪਤੀ ਕੇਲਿਵਨ ਕੂਲਿਜ ਨੇ ਕਿਊਬਾ ਦੀ ਯਾਤਰਾ ਕੀਤੀ ਸੀ। ਇਸ ਤੋਂ ਬਾਅਦ ਦੋਵਾਂ ਮੁਲਕਾਂ ਦੇ ਰਿਸ਼ਤੇ ਖਰਾਬ ਹੋ ਗਏ ਸਨ।

# ਟਰੰਪ ਤੇ ਹਿਲੇਰੀ ਆਪੋ-ਆਪਣੀਆਂ ਪਾਰਟੀਆਂ ਵਿਚ ਅੱਗੇ

**ਵਾਸ਼ਿੰਗਟਨ:** ਰਾਸ਼ਟਰਪਤੀ ਅਹੁਦੇ ਦੀ ਚੋਣ ਤੋਂ ਪਹਿਲਾਂ ਇਕ ਵੱਡੇ ਸਰਵੇਖਣ ਮੁਤਾਬਕ ਰੀਅਲ ਐਸਟੇਟ ਕਾਰੋਬਾਰੀ ਡੋਨਲਡ ਟਰੰਪ ਅਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਕ੍ਰਮਵਾਰ ਰਿਪਬਲਿਕਨ ਤੇ ਡੈਮੋਕਰੈਟਿਕ ਉਮੀਦਵਾਰ ਬਣਨ ਦੀ ਦੌੜ ਵਿਚ ਆਪੋ-ਆਪਣੀ ਪਾਰਟੀ ਦੇ ਵੋਟਰਾਂ ਵਿਚ ਮਨਪਸੰਦ ਦਾਅਵੇਦਾਰ ਬਣੇ ਹੋਏ ਹਨ।

ਸੀ.ਐਨ.ਐਨ.-ਓ. ਆਰ. ਜੀ. ਦੇ ਸਰਵੇਖਣ ਮੁਤਾਬਕ ਰਿਪਬਲਿਕਨ ਉਮੀਦਵਾਰ ਬਣਨ ਦੇ ਦਾਅਵੇਦਾਰ ਟਰੰਪ ਦੇ ਹੱਕ ਵਿਚ 46 ਫੀਸਦ ਤੇ ਸੈਨੇਟਰ ਟੈਡ ਕਰੂਜ਼ ਦੇ ਹੱਕ ਵਿਚ 26 ਫੀਸਦ ਵੋਟਰ ਹਨ, ਜਦ ਕਿ ਓਹਾਈਓ ਦੇ ਗਵਰਨਰ ਜੌਹਨ ਕੈਸਿਚ 20 ਫੀਸਦ ਵੋਟਾਂ ਨਾਲ ਤੀਜੇ ਸਥਾਨ ‘ਤੇ ਹਨ। ਦੂਜੇ ਪਾਸੇ ਹਿਲੇਰੀ ਕਲਿੰਟਨ ਦੇ ਹੱਕ ਵਿਚ 51 ਫੀਸਦ ਤੇ ਬਰਨੀ ਸੈਂਡਰਸ ਦੇ ਹੱਕ ਵਿਚ 44 ਫੀਸਦ ਵੋਟਰ ਹਨ।

ਇਸੇ ਦੌਰਾਨ ਟਰੰਪ ਨੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਲੋਕਤੰਤਰ ਤੇ ਆਜ਼ਾਦੀ ਦਾ ਸੱਚਾ ਮਿੱਤਰ ਨਹੀਂ ਹੈ। ਉਨ੍ਹਾਂ ਅਮਰੀਕਾ ਦਾ ਰਾਸ਼ਟਰਪਤੀ ਬਣਨ ‘ਤੇ ਇਸਰਾਈਲ ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਸੰਕਲਪ ਲੈਂਦਿਆਂ ਕਿਹਾ ਕਿ ਉਹ ਸੰਯੁਕਤ ਰਾਸ਼ਟਰ ਦੇ ਕਿਸੇ ਵੀ ਪੱਛਮੀ ਏਸ਼ੀਆ ਸ਼ਾਂਤੀ ਸਮਝੌਤੇ ‘ਤੇ ਵੀਟੋ ਕਰਨਗੇ। ਉਨ੍ਹਾਂ ਇਹ ਗੱਲ ਅਮਰੀਕੀ ਇਸਰਾਈਲ ਸਿਆਸੀ ਕਾਰਜਕਾਰਨੀ ਕਮੇਟੀ ਦੇ ਸਾਲਾਨਾ ਸੰਮੇਲਨ ਵਿਚ ਕਹੀ।

## ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਦੀਆਂ ਰੌਣਕਾਂ

**ਸ੍ਰੀ ਆਨੰਦਪੁਰ ਸਾਹਿਬ:** ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ‘ਤੇ ਖਾਲਸਾਈ ਜਾਹੋ-ਜਲਾਲ ਨਾਲ ਸ਼ੁਰੂ ਹੋ ਗਿਆ ਹੈ। ਪਹਿਲੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਦੀ ਅਰਦਾਸ ਕੀਤੀ। ਉਪਰੰਤ ਨਿਮਰਲ ਸੰਪਰਦਾ ਵੱਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੇ ਸ੍ਰੀ ਮਹੰਤ ਗਿਆਨ ਦੇਵ ਸਿੰਘ ਮੁਖੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਹਰਿਦੁਆਰ ਸਮੇਤ ਖੱਟ ਦਰਸ਼ਨ ਸਾਧੂ ਸਮਾਜ ਦੇ ਸੰਤਾਂ-ਮਹਾਂਪੁਰਸ਼ਾਂ ਤੋਂ ਇਲਾਵਾ ਵੱਡੀ ਗਿਣਤੀ ‘ਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਜੈਕਾਰਿਆਂ ਦੀ ਗੂੰਜ ’ਚ ਲੱਖਾਂ ਦੀ ਗਿਣਤੀ ‘ਚ ਸੰਗਤ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ। ਬਾਅਦ ਦੁਪਹਿਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਵਾਲਿਆਂ ਦੀ ਅਗਵਾਈ ਹੇਠ ਗੱਤਕਾ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਬਾਜ਼ਾਰਾਂ ‘ਚ ਵੀ ਖੂਬ ਰੌਣਕ ਹੈ।

ਇਸ ਦੌਰਾਨ ਜਿੱਥੇ ਗੁਰਬਾਣੀ-ਕੀਰਤਨ ਦੀ ਰਸਭਿੰਨੀ ਆਵਾਜ਼ ਫਿਜ਼ਾ ‘ਚ ਮਿਠਾਸ ਘੋਲ ਰਹੀ ਸੀ, ਉਥੇ ਨੀਲੀਆਂ-ਕੇਸਰੀ ਦਸਤਾਰਾਂ, ਦੁਪੱਟਿਆਂ ਤੇ ਝੰਡੀਆਂ ਦੇ ਆਏ ਸੈਲਾਬ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਖਾਲਸਈ ਰੰਗ ‘ਚ ਰੰਗੀ ਹੋਈ ਹੈ। ਸ੍ਰੀ ਆਨੰਦਪੁਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤਿਆਂ ‘ਤੇ ਸੰਗਤਾਂ ਟ੍ਰੈਕਟਰਾਂ-ਟਰਾਲੀਆਂ, ਸਕੂਟਰਾਂ-ਮੋਟਰਸਾਈਕਲਾਂ ਤੋਂ ਇਲਾਵਾ ਪੈਦਲ ਵੀ ਕੂਚ ਕਰ ਰਹੀਆਂ ਹਨ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ ‘ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR
EQUAL HOUSING OPPORTUNITY

JAGDEV SINGH
Realtor
CalBre #01423409
42820 Albrae, St.,
Fremont, CA 94538

# ਗੁਰੂ ਘਰਾਂ 'ਚ ਸੁਰੱਖਿਆ ਪੱਖੋਂ ਢਿੱਲੀ ਰਹੀ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ

**ਅੰਮ੍ਰਿਤਸਰ:** ਪਿਛਲੇ ਵਰ੍ਹੇ ਅਕਤੂਬਰ-ਨਵੰਬਰ ਵਿਚ ਪਾਵਨ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਉਸ ਦੇ ਅਧਿਕਾਰ ਖੇਤਰ ਹੇਠ ਆਉਂਦੇ ਸਮੂਹ ਗੁਰਦੁਆਰਿਆਂ ਵਿਚ ਨਿਗਰਾਨੀ ਲਈ ਸੀ.ਸੀ.ਟੀ.ਵੀ. ਕੈਮਰੇ ਲਾਏ ਜਾਣਗੇ ਅਤੇ 24 ਘੰਟੇ ਨਿਗਰਾਨੀ ਦਾ ਪ੍ਰਬੰਧ ਕੀਤਾ ਜਾਵੇਗਾ। ਫਿਲਹਾਲ ਇਹ ਯੋਜਨਾ ਸੁਸਤ ਗਤੀ ਨਾਲ ਚੱਲ ਰਹੀ ਹੈ, ਜਿਸ ਕਾਰਨ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਕਈ ਗੁਰਦੁਆਰਿਆਂ ਵਿਖੇ ਸੀ.ਸੀ.ਟੀ.ਵੀ. ਕੈਮਰੇ ਨਹੀਂ ਲੱਗੇ ਹਨ।

ਗੁਰਦੁਆਰਿਆਂ ਵਿਚ ਪਾਵਨ ਸਰੂਪ ਅਤੇ ਗੁਟਕਿਆਂ ਆਦਿ ਦੀ ਬੇਅਦਬੀ ਦੀਆਂ ਘਟਨਾਵਾਂ ਮੁੜ ਸ਼ੁਰੂ ਹੋ ਗਈਆਂ ਹਨ, ਪਰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਨਿਗਰਾਨੀ ਵਜੋਂ ਗੁਰਦੁਆਰਿਆਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਯੋਜਨਾ ਫਿਲਹਾਲ ਸੁਸਤ ਗਤੀ ਵਿਚ ਚੱਲ ਰਹੀ ਹੈ। ਪੰਜਾਬ ਦੇ ਤਕਰੀਬਨ ਹਰੇਕ ਪਿੰਡ ਵਿਚ ਘੱਟੋ-ਘਟ ਇਕ ਗੁਰਦੁਆਰਾ ਜ਼ਰੂਰ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਸੈਕਸ਼ਨ 85 ਹੇਠ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚਲੇ ਕਈ ਇਤਿਹਾਸਕ ਗੁਰਦੁਆਰੇ ਹਨ।

ਇਸ ਤੋਂ ਇਲਾਵਾ ਸੈਕਸ਼ਨ 87 ਹੇਠ ਸੈਂਕੜਿਆਂ ਦੀ ਗਿਣਤੀ ਵਿਚ ਸਥਾਨਕ ਪ੍ਰਬੰਧਕ ਕਮੇਟੀਆਂ ਵਾਲੇ ਗੁਰਦੁਆਰੇ ਵੀ ਹਨ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਐਲਾਨ ਮੁਤਾਬਕ ਸੀ.ਸੀ.ਟੀ.ਵੀ. ਕੈਮਰਿਆਂ ਸਬੰਧੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਕੁਝ ਕੰਪਨੀਆਂ ਨਾਲ ਸੰਪਰਕ ਵੀ ਕੀਤਾ ਗਿਆ ਸੀ ਅਤੇ ਕੈਮਰਿਆਂ ਦੀ ਕੁਆਲਟੀ ਆਦਿ ਦੀ ਜਾਂਚ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਵਿੱਤੀ ਪੱਖੋਂ ਕਮਜ਼ੋਰ ਗੁਰਦੁਆਰਾ ਕਮੇਟੀਆਂ ਨੂੰ ਸੀ.ਸੀ.ਟੀ.ਵੀ. ਕੈਮਰੇ ਲਾਉਣ ਲਈ ਮਾਇਕ ਮਦਦ ਦੇਣ ਦਾ ਵੀ ਐਲਾਨ ਕੀਤਾ ਗਿਆ ਸੀ, ਪਰ ਅਜੇ ਵੀ ਵੱਡੀ ਗਿਣਤੀ ਅਜਿਹੇ ਗੁਰਦੁਆਰੇ ਹਨ, ਜਿਨ੍ਹਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਤੇ 24 ਘੰਟੇ ਨਿਗਰਾਨੀ ਦਾ ਪ੍ਰਬੰਧ ਨਹੀਂ ਕੀਤਾ ਗਿਆ ਹੈ।

ਹਾਲ ਹੀ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਗੁਰਦੁਆਰਿਆਂ ਵਿਚ ਮੁੜ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਵਿਚੋਂ ਇਕ ਗੁਰਦੁਆਰੇ ਵਿਚ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਏ ਸਨ, ਜਿਸ ਦੀ ਫੁਟੇਜ ਦੇਖਣ ਮਗਰੋਂ ਬੇਅਦਬੀ ਕਰਨ ਵਾਲੇ ਵਿਅਕਤੀ ਦੀ ਸ਼ਨਾਖਤ ਕੀਤੀ ਗਈ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਸਿੱਖ ਜਥੇਬੰਦੀਆਂ ਨੇ ਆਪਣੇ ਪੱਧਰ 'ਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ 43 ਗੁਰਦੁਆਰਿਆਂ ਵਿਚ ਸੀ.ਸੀ.ਟੀ.ਵੀ. ਕੈਮਰੇ ਸਥਾਪਤ ਕਰ ਦਿੱਤੇ ਹਨ। ਇਨ੍ਹਾਂ ਵਿਚ ਬਰਗਾੜੀ ਖੇਤਰ ਦੇ 33 ਪਿੰਡਾਂ ਦੇ ਗੁਰਦੁਆਰੇ, ਸੰਗਰੂਰ ਦੇ ਪੰਜ ਗੁਰਦੁਆਰੇ ਅਤੇ ਬਟਾਲਾ ਖੇਤਰ ਦੇ ਪੰਜ ਗੁਰਦੁਆਰੇ ਸ਼ਾਮਲ ਹਨ।



### ਵਿੱਤੀ ਪੱਖੋਂ ਕਮਜ਼ੋਰ ਕਮੇਟੀਆਂ ਨੂੰ ਮਿਲੇਗੀ ਮਦਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠਲੇ ਸਮੂਹ ਇਤਿਹਾਸਕ ਗੁਰਦੁਆਰਿਆਂ ਵਿਚ ਸੀ.ਸੀ.ਟੀ.ਵੀ. ਕੈਮਰੇ ਸਥਾਪਤ ਕੀਤੇ ਜਾ ਚੁੱਕੇ ਹਨ। ਸਥਾਨਕ ਕਮੇਟੀਆਂ ਵਾਲੇ ਗੁਰਦੁਆਰਿਆਂ ਵਿਚ ਉਥੋਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਆਪਣੇ ਪੱਧਰ 'ਤੇ ਕੈਮਰੇ ਲਾਏ ਜਾ ਰਹੇ ਹਨ। ਵਿੱਤੀ ਪੱਖੋਂ ਕਮਜ਼ੋਰ ਪ੍ਰਬੰਧਕ ਕਮੇਟੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਕੈਮਰੇ ਸਥਾਪਤ ਕਰਨ ਮਗਰੋਂ ਇਸ ਸਬੰਧੀ ਬਿੱਲ ਸ਼੍ਰੋਮਣੀ ਕਮੇਟੀ ਨੂੰ ਸੌਂਪ ਦੇਣ। ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਸੀ.ਸੀ.ਟੀ.ਵੀ ਕੈਮਰੇ ਸਥਾਪਤ ਕਰਨ ਦੀ ਪ੍ਰਕਿਰਿਆ ਜਾਰੀ ਹੈ ਅਤੇ ਇਸ ਦਾ ਲੇਖਾ ਜੋਖਾ ਵੀ ਕੀਤਾ ਜਾ ਰਿਹਾ ਹੈ।

# ਬੰਦਾ ਸਿੰਘ ਬਹਾਦਰ ਨੂੰ ਹਿੰਦੂ ਦੱਸਣ 'ਤੇ ਵਿਵਾਦ

**ਫਤਿਹਗੜ੍ਹ ਸਾਹਿਬ:** ਹਿੰਦੂ ਜਥੇਬੰਦੀ ਅਖਿਲ ਭਾਰਤੀ ਇਤਿਹਾਸ ਸੰਕਲਨ ਯੋਜਨਾ ਵੱਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਉੱਤਰੀ ਕੈਂਪਸ, ਦਿੱਲੀ ਯੂਨੀਵਰਸਿਟੀ ਵਿਚ ਸਿੱਖ ਰਾਜ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਬਾਰੇ 'ਏਕ ਹਿੰਦੂ ਯੋਧਾ ਵੀਰ ਬੰਦਾ ਬੈਰਾਗੀ ਕੋ ਸ਼ਰਧਾਂਜਲੀ' ਵਿਸ਼ੇ ਉਤੇ ਕਰਵਾਏ ਸੈਮੀਨਾਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਿੰਦੂ ਦੱਸਣ ਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੋਂ ਇਲਾਵਾ ਹੋਰ ਸਿੱਖ ਜਥੇਬੰਦੀਆਂ ਨੇ ਵੀ ਨਿਖੇਧੀ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ ਨੇ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਉਕਤ ਸੈਮੀਨਾਰ ਵਿਚ ਕਾਲਜ ਦੇ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਅਤੇ ਵਿਚਾਰ ਸੁਣਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਸਿੱਖ ਇਤਿਹਾਸ ਅਤੇ ਉਨ੍ਹਾਂ ਦੇ ਮਹਾਨ ਯੋਧਿਆਂ ਬਾਰੇ ਲੋਕਾਂ ਵਿਚ ਭਰਮ-ਭੁਲੇਖੇ ਪਾਉਣਾ ਚਾਹੁੰਦੀ ਹੈ।



ਉਨ੍ਹਾਂ ਕਿਹਾ ਕਿ ਇਕ ਪਾਸੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਬਿਆਨ ਦੇ ਰਹੇ ਹਨ ਕਿ ਸਹਿਜਧਾਰੀ ਵੋਟਰਾਂ ਸਬੰਧੀ ਫੈਸਲਾ ਹੋਣ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਸਿੱਖ ਇਕ ਵੱਖਰੀ ਕੌਮ ਹੈ, ਪਰ ਦੂਜੇ ਪਾਸੇ ਹਿੰਦੂ ਜਥੇਬੰਦੀਆਂ ਸੈਮੀਨਾਰਾਂ ਦੌਰਾਨ ਸਿੱਖ ਯੋਧਿਆਂ ਨੂੰ ਹਿੰਦੂ ਸਾਬਤ ਕਰਨ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਿੰਦੂ ਦੱਸਣ ਨਾਲ ਸਿੱਖਾਂ ਦੇ ਮਨਾਂ ਨੂੰ ਠੇਸ ਪੁੱਜੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸੈਮੀਨਾਰ ਕਾਲਜ ਵੱਲੋਂ ਨਹੀਂ ਕਰਵਾਇਆ ਗਿਆ ਸੀ, ਬਲਕਿ ਉਨ੍ਹਾਂ ਕੋਲ ਦਿੱਲੀ ਯੂਨੀਵਰਸਿਟੀ ਦੇ ਕੁਝ ਅਧਿਆਪਕ ਆਏ ਸਨ ਅਤੇ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਸਬੰਧੀ ਸੈਮੀਨਾਰ ਕਰਵਾਉਣ ਲਈ ਕਿਹਾ ਸੀ।

# ਸ਼੍ਰੋਮਣੀ ਕਮੇਟੀ ਤੇ ਦਿਵਯ ਜਯੋਤੀ ਸੰਸਥਾਨ ਆਹਮੋ-ਸਾਹਮਣੇ

**ਅੰਮ੍ਰਿਤਸਰ:** ਦਿਵਯ ਜਯੋਤੀ ਸੰਸਥਾਨ ਨੂਰਮਹਿਲ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮੈਗਜ਼ੀਨ 'ਅਖੰਡ ਗਿਆਨ' ਦੇ ਪੁਰਾਣੇ ਅੰਕ ਜਿਨ੍ਹਾਂ ਉਤੇ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੇ ਨਾਲ ਆਸ਼ੂਤੋਸ਼ ਅਤੇ ਡੇਰੇ ਦੀਆਂ ਸਾਧਵੀਆਂ ਦੀਆਂ ਤਸਵੀਰਾਂ ਪ੍ਰਕਾਸ਼ਿਤ ਹਨ, ਨੂੰ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲੋਕਾਂ ਵਿਚ ਵੰਡਣ ਉਤੇ ਸ਼੍ਰੋਮਣੀ ਕਮੇਟੀ ਨੇ ਸਖਤ ਇਤਰਾਜ਼ ਜਤਾਇਆ ਹੈ।



ਸ਼੍ਰੋਮਣੀ ਕਮੇਟੀ ਨੇ ਇਸ ਕਾਰਵਾਈ ਨੂੰ ਅਤਿਅੰਤ ਮੰਦਭਾਗੀ ਅਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਤਾਰ-ਤਾਰ ਕਰਨ ਵਾਲੀ ਦੱਸਿਆ ਹੈ। ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਇਸ ਹਰਕਤ ਨੇ ਜਿਥੇ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਥੇ ਸਿੱਖ ਜਜ਼ਬਾਤਾਂ ਨੂੰ ਵੀ ਭਾਰੀ ਠੇਸ ਪਹੁੰਚਾਈ ਹੈ। ਪਹਿਲਾਂ ਵੀ ਇਸ ਸੰਸਥਾ ਨੇ ਪੰਜਾਬ ਦੇ ਮਾਹੌਲ ਨੂੰ ਵਿਗਾੜਨ ਅਤੇ ਸਿੱਖ ਪਰੰਪਰਾਵਾਂ ਵਿਰੁੱਧ ਪ੍ਰਚਾਰ ਕਰਨ ਦੀ ਗਲਤੀ ਕੀਤੀ ਸੀ। ਉਸ ਵਕਤ ਕਈ ਥਾਂਵਾਂ 'ਤੇ ਅਜਿਹੇ ਮਸਲੇ ਸਾਹਮਣੇ ਆਏ ਸਨ ਜਿਨ੍ਹਾਂ ਨੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਦਾ ਕੰਮ ਕੀਤਾ ਸੀ।

ਨੂਰਮਹਿਲੀਆਂ ਦੇ ਪੈਰੋਕਾਰਾਂ ਵੱਲੋਂ ਕੀਤੀ ਬੱਜਰ ਗਲਤੀ ਮੁਆਫੀ ਯੋਗ ਨਹੀਂ ਹੈ, ਇਸ ਲਈ ਉਨ੍ਹਾਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਐਸ.ਜੀ.ਪੀ.ਸੀ. ਦੇ ਅਧਿਕਾਰੀਆਂ ਵੱਲੋਂ ਰਾਜਾਸਾਂਸੀ ਪੁਲਿਸ ਥਾਣੇ ਵਿਚ ਇਸ ਬਾਰੇ ਸ਼ਿਕਾਇਤ ਵੀ ਦਰਜ ਕਰਵਾਈ ਜਾ ਚੁੱਕੀ ਹੈ।

ਸ਼੍ਰੋਮਣੀ ਕਮੇਟੀ ਦੀ ਟੀਮ ਵੱਲੋਂ ਕੁਝ ਲਿਟਰੇਚਰ ਸਥਾਨਕ ਲੋਕਾਂ ਪਾਸੋਂ ਪ੍ਰਾਪਤ ਕੀਤਾ ਹੈ ਜਿਸ ਦੀ ਘੋਖ ਪੜਤਾਲ ਕੀਤੀ ਜਾ ਰਹੀ ਹੈ। ਲਿਟਰੇਚਰ ਵਿਚ ਇਹ ਦੇਖਿਆ ਜਾਵੇਗਾ ਕਿ ਕੀ ਇਸ ਮੈਗਜ਼ੀਨ ਵਿਚ ਸਿਰਫ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਹੀ ਛਾਪੀਆਂ ਗਈਆਂ ਹਨ ਜਾਂ ਫਿਰ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨਾਲ ਵੀ ਛੇੜਛਾੜ ਕਰਨ ਦਾ ਯਤਨ ਕੀਤਾ ਗਿਆ ਹੈ।

# ਅੰਮ੍ਰਿਤਸਰ ਦੀ ਰਤਨਾ ਬਣੀ ਕੈਨੇਡੀਅਨ ਸੈਨੇਟਰ

**ਟੋਰਾਂਟੋ:** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਲ ਹੀ ਵਿਚ ਇਕ ਪੰਜਾਬਣ ਪ੍ਰੋਫੈਸਰ ਨੂੰ ਮੁਲਕ ਦੀ ਸੈਨੇਟ ਵਿਚ ਬਿਠਾ ਦਿੱਤਾ ਹੈ। ਅੰਮ੍ਰਿਤਸਰ ਵਿਚ ਜੰਮੀ 66 ਸਾਲਾ ਰਤਨਾ ਓਮੀਦਵਾਰ ਇਥੋਂ ਦੀ ਰਾਯਰਸਨ ਯੂਨੀਵਰਸਿਟੀ ਵਿਚ ਗਲੋਬਲ ਡਾਇਵਰਸਟੀ ਐਕਸਚੇਂਜ ਦੀ ਮੁਖੀ ਵਜੋਂ ਤਾਇਨਾਤ ਹੈ ਅਤੇ ਸੀਰਿਆਈ ਰਫਿਊਜੀਆਂ ਦੀ ਮਦਦ ਕਰਦੀ ਸੰਸਥਾ 'ਲਾਈਫ ਲਾਈਨ ਸੀਰੀਆ' ਦੀ ਚੇਅਰਪਰਸਨ ਹੈ। ਮੁਲਕ ਦੀ ਪਾਰਲੀਮੈਂਟ ਦੇ ਉੱਪਰਲੇ ਸਦਨ 'ਚ ਸੈਨੇਟਰ ਬਣਨ ਵਾਲੀ ਉਹ ਪਹਿਲੀ ਪੰਜਾਬਣ ਹੈ। ਰਤਨਾ ਦੇ ਨਾਲ ਛੇ ਹੋਰ ਸੈਨੇਟਰ ਚੁਣੇ ਗਏ ਹਨ। ਦਿੱਲੀ 'ਵਰਸਿਟੀ ਤੋਂ ਪੜ੍ਹੀ ਰਤਨਾ ਜਰਮਨ ਭਾਸ਼ਾ ਵਿਚ ਮੁਹਾਰਤ ਹਾਸਲ ਕਰਨ ਲਈ ਮਿਊਨਿਖ ਗਈ ਸੀ, ਜਿਥੇ ਉਸ ਨੇ ਇਕ ਇਰਾਨੀ ਨਾਲ ਵਿਆਹ ਕਰਵਾ ਲਿਆ ਅਤੇ ਇਰਾਨ ਚਲੀ ਗਈ, ਪਰ ਇਰਾਕ ਜੰਗ ਕਾਰਨ ਉਨ੍ਹਾਂ ਨੇ ਤੁਰਕੀ ਵਿਚ ਸ਼ਰਨ ਲਈ।



1981 ਵਿਚ ਆਪਣੇ ਕੁਝ ਰਿਸ਼ਤੇਦਾਰਾਂ ਦੀ ਮਦਦ ਨਾਲ ਉਹ ਪਰਿਵਾਰ (ਦੋ ਧੀਆਂ ਤੇ ਪਤੀ) ਸਮੇਤ ਰਫਿਊਜੀ ਬਣ ਕੇ ਕੈਨੇਡਾ ਪਹੁੰਚ ਗਏ। ਇਥੇ ਉਨ੍ਹਾਂ ਨੇ ਐਨਜੀਓ ਕਾਇਮ ਕੀਤੀ ਅਤੇ ਆਵਾਸ ਦੇ ਖੇਤਰ ਵਿਚ ਸਰਕਾਰੇ ਦਰਬਾਰੇ ਕਾਫੀ ਨਾਂ ਬਣਾ ਲਿਆ। ਉਨ੍ਹਾਂ ਨੇ ਗੁਰਬਤ ਵਿਰੋਧੀ ਸਮਾਜ ਸੇਵੀ ਸੰਸਥਾ 'ਮੇਅ-ਟਰੀ' ਕਈ ਸਾਲ ਚਲਾਈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਗਵਰਨਰ ਜਨਰਲ ਵੱਲੋਂ ਸੈਨੇਟਰ ਥਾਪੇ ਜਾਂਦੇ ਹਨ। ਇਸ ਵੇਲੇ ਸੈਨੇਟ ਵਿਚ 105 ਸੀਟਾਂ ਹਨ, ਜਿਨ੍ਹਾਂ ਵਿਚੋਂ 11 ਖਾਲੀ ਹਨ।

# ਫੂਲਕਾ ਦੀਆਂ ਖਾਲਿਸਤਾਨ ਪੱਖੀਆਂ ਨੂੰ ਖਰੀਆਂ-ਖਰੀਆਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਚੁਰਾਸੀ ਕਤਲੇਆਮ ਦੇ ਕੇਸ ਲੜਨ ਵਾਲੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਖਾਲਿਸਤਾਨੀਆਂ ਵੱਲੋਂ ਚੁਰਾਸੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਬਾਰੇ ਬਿਆਨ 'ਤੇ ਉਠਾਏ ਜਾ ਰਹੇ ਇਤਰਾਜ਼ ਉਤੇ ਦੋ ਟੁੱਕ ਜਵਾਬ ਦਿੱਤਾ ਹੈ। ਫੂਲਕਾ ਨੇ ਕੈਨੇਡਾ ਦੌਰੇ ਦੌਰਾਨ ਉਨ੍ਹਾਂ ਦੇ 'ਸੰਕੇਤਕ ਇਨਸਾਫ' ਵਾਲੇ ਬਿਆਨ ਉਤੇ ਵੱਡਾ ਵਿਵਾਦ ਹੋਇਆ ਸੀ। ਖਾਲਿਸਤਾਨ ਵਿਚਾਰਧਾਰਾ ਦੇ ਹਮਾਇਤੀਆਂ ਨੇ ਉਨ੍ਹਾਂ ਦਾ ਕਈ ਥਾਈਂ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਹੈ ਕਿ ਸੰਕੇਤਕ ਇਨਸਾਫ ਵਾਲਾ ਇੰਟਰਵਿਊ ਉਨ੍ਹਾਂ ਦੋ ਸਾਲ ਪਹਿਲਾਂ ਦਿੱਤਾ ਸੀ ਤੇ ਉਹ ਅੱਜ ਵੀ ਉਸੇ ਬਿਆਨ 'ਤੇ ਡਟ ਕੇ ਖੜ੍ਹੇ ਹਨ।



ਉਨ੍ਹਾਂ ਕਿਹਾ ਕਿ ਮੈਂ ਅੱਜ ਵੀ 1984 ਦੇ ਕਤਲੇਆਮ ਦੇ ਸੰਕੇਤਕ ਇਨਸਾਫ ਵਾਲੀ ਗੱਲ 'ਤੇ ਦ੍ਰਿੜ੍ਹ ਹਾਂ। ਮੈਂ ਲੋਕਾਂ ਨੂੰ ਝੂਠ ਨਹੀਂ ਬੋਲ ਸਕਦਾ ਕਿਉਂਕਿ ਚੁਰਾਸੀ ਦੇ ਬਹੁਤ ਸਾਰੇ ਦੋਸ਼ੀ ਮਰ ਚੁੱਕੇ ਹਨ। ਇਸ ਲਈ ਪੂਰਾ ਇਨਸਾਫ ਕਦੇ ਨਹੀਂ ਮਿਲ ਸਕਦਾ ਹੈ।" ਫੂਲਕਾ ਨੇ ਕਿਹਾ ਕਿ ਉਨ੍ਹਾਂ ਕੁਝ ਵੀ ਗਲਤ ਨਹੀਂ ਕਿਹਾ ਹੈ। ਉਸ ਸਮੇਂ ਦੇ ਬਹੁਤ ਸਾਰੇ ਲੋਕ ਹੁਣ ਮਰ ਚੁੱਕੇ ਹਨ। ਕਤਲੇਆਮ ਨੂੰ ਲੰਬਾ ਸਮਾਂ ਹੋ ਗਿਆ ਹੈ ਤੇ ਹੁਣ ਸਾਰਿਆਂ ਨੂੰ ਨਹੀਂ ਸਿਰਫ ਜਿਉਂਦੇ ਲੋਕਾਂ ਨੂੰ ਹੀ ਸਜ਼ਾ ਮਿਲ ਸਕਦੀ ਹੈ। ਇਸ ਲਈ ਇਹ ਇਨਸਾਫ, ਸੰਕੇਤਕ ਇਨਸਾਫ ਹੀ ਹੋਵੇਗਾ।

ਫੂਲਕਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਿੱਖ ਭਾਈਚਾਰੇ ਨਾਲ ਵੱਡੀ ਬੇਇਨਸਾਫੀ ਕੀਤੀ ਹੈ ਤੇ ਇਸੇ ਕਰਕੇ ਹੀ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ। ਉਹ ਹਮੇਸ਼ਾਂ ਇਨ੍ਹਾਂ ਕੇਸਾਂ ਲਈ ਭਾਰਤੀ ਨਿਆਂ ਪ੍ਰਬੰਧ ਵਿਚ ਵਿਸ਼ਵਾਸ ਰੱਖ ਕੇ ਲੜਦੇ ਰਹੇ ਹਨ ਤੇ ਉਨ੍ਹਾਂ ਨੂੰ ਆਪਣੇ ਭਾਰਤੀ ਹੋਣ 'ਤੇ ਮਾਣ ਹੈ।

ਉਨ੍ਹਾਂ ਕਿਹਾ ਕਿ ਇਨਸਾਫ ਲਈ ਲੜਾਈ ਲੰਬੇ ਸਮੇਂ ਤੋਂ ਜਾਰੀ ਹੈ ਤੇ ਹੁਣ ਅੱਗੇ ਵੀ ਇਨਸਾਫ ਮਿਲਣ ਤੱਕ ਜਾਰੀ ਰਹੇਗੀ। ਜਦੋਂ ਉਨ੍ਹਾਂ ਤੋਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦੀ ਦਾਅਵੇਦਾਰੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਸਰਗਰਮ ਸਿਆਸਤ ਛੱਡ ਚੁੱਕੇ ਹਨ ਤੇ ਪਾਰਟੀ ਦੇ ਲੀਗਲ ਫਰੰਟ 'ਤੇ ਕੰਮ ਕਰ ਰਹੇ ਹਨ। ਇਸ ਲਈ ਉਨ੍ਹਾਂ ਦੀ ਅਜਿਹੀ ਕੋਈ ਰੁਚੀ ਨਹੀਂ। ਫੂਲਕਾ ਨੇ ਕਿਹਾ ਉਨ੍ਹਾਂ ਲਈ ਅਹੁਦੇ ਨਹੀਂ, ਸੋਹਣਾ ਪੰਜਾਬ ਜ਼ਰੂਰੀ ਹੈ ਤੇ ਇਸ ਲਈ ਉਹ ਲਗਾਤਾਰ ਕੰਮ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਲਈ ਭਗਵੰਤ ਮਾਨ, ਸੁੱਚਾ ਸਿੰਘ ਛੋਟੇਪੁਰ ਆਦਿ ਕਿਸੇ ਵੀ ਲੀਡਰ ਦੀ ਹਮਾਇਤ ਕਰਨ ਨੂੰ ਤਿਆਰ ਹਨ। ਫੂਲਕਾ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਹਨ ਤੇ ਇਹ ਪਾਰਟੀ ਹੀ ਪੰਜਾਬ 'ਚ ਅਗਲੀ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚੋਂ ਨਸ਼ਾ, ਬੇਰੁਜ਼ਗਾਰੀ ਆਦਿ ਦੂਰ ਹੋ ਜਾਣਗੇ।

### ਕਤਲੇਆਮ 84: ਭਾਗਮਲ ਦੀ ਆਰਜ਼ੀ ਜ਼ਮਾਨਤ ਰੱਦ

**ਨਵੀਂ ਦਿੱਲੀ:** ਹਾਈ ਕੋਰਟ ਨੇ ਸਿੱਖ ਕਤਲੇਆਮ ਵਿਚ ਉਮਰ ਕੈਦ ਦੀ ਸਜ਼ਾ ਮਿਲਣ ਦੇ ਬਾਵਜੂਦ ਆਰਜ਼ੀ ਜ਼ਮਾਨਤ 'ਤੇ ਚੱਲ ਰਹੇ ਕੈਪਟਨ ਭਾਗਮਲ ਦੀ ਆਰਜ਼ੀ ਜ਼ਮਾਨਤ ਨੂੰ ਰੱਦ ਕਰਦੇ ਹੋਏ ਅਦਾਲਤ ਸਾਹਮਣੇ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ। ਜਸਟਿਸ ਜੀ.ਐਸ. ਸਿਸਤਾਨੀ ਤੇ ਜਸਟਿਸ ਸੰਗੀਤਾ ਢੀਂਗਰਾ ਸਹਿਗਲ ਦੇ ਬੈਂਚ ਨੇ ਦੋਸ਼ੀ ਦੀ ਆਰਜ਼ੀ ਜ਼ਮਾਨਤ ਨੂੰ ਵਧਾਉਣ ਬਾਰੇ ਲਾਈ ਗਈ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਪੀੜਤ ਪੱਖ ਦੇ ਵਕੀਲਾਂ ਦੇ ਵਿਰੋਧ ਤੋਂ ਬਾਅਦ ਉਕਤ ਫੈਸਲਾ ਦਿੱਤਾ। ਦੱਸਣਯੋਗ ਹੈ ਕਿ ਹੇਠਲੀ ਅਦਾਲਤ ਨੇ ਹੋਰਨਾਂ ਸਮੇਤ ਭਾਗਮਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਪਰ ਬਿਮਾਰੀ ਦਾ ਸਹਾਰਾ ਲੈ ਕੇ ਭਾਗਮਲ ਆਪਣੀ ਆਰਜ਼ੀ ਜ਼ਮਾਨਤ ਨੂੰ 27 ਮਈ, 2015 ਤੋਂ ਬਾਅਦ ਲਗਾਤਾਰ ਵਧਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ।

# ਐਸ.ਵਾਈ.ਐਲ: ਚੋਣਾਂ ਵਾਲੀ ਸਿਆਸਤ ਨੇ ਉਲਝਾਈ ਤਾਣੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਦੀਆਂ ਸਿਆਸੀ ਧਿਰਾਂ ਨੇ ਪਾਣੀਆਂ ਦੇ ਮੁੱਦਿਆਂ ਨੂੰ ਮੁੜ ਜ਼ੋਰ ਸ਼ੋਰ ਨਾਲ ਰਿੜਕਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਪੰਜਾਬ ਸਤਲੁਜ-ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਦੀ ਚਮਕ ਨੇ ਹੋਰ ਸਾਰੇ ਗੰਭੀਰ ਮੁੱਦਿਆਂ ਦਾ ਰੰਗ ਫਿੱਕਾ ਪਾ ਦਿੱਤਾ। ਐਸ.ਵਾਈ.ਐਲ. ਦਾ ਮੁੱਦਾ ਨਵਾਂ ਨਹੀਂ ਹੈ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਸਟੈਂਡ ਸੱਤਾ ਦੀ ਕੁਰਸੀ ਦੇ ਨਾਲ ਹੀ ਘੁੰਮਦੇ ਰਹੇ ਹਨ।




ਕੇਂਦਰ ਦੇ ਧੱਕੇ ਅਤੇ ਸਮੇਂ-ਸਮੇਂ ਉਤੇ ਪੰਜਾਬ ਦੇ ਆਗੂਆਂ ਵੱਲੋਂ ਕੀਤੀਆਂ ਗਲਤੀਆਂ ਕਾਰਨ ਇਹ ਮਾਮਲਾ ਪੇਚੀਦਾ ਬਣਦਾ ਗਿਆ ਹੈ। ਹੁਣ ਵਿਧਾਨ ਸਭਾ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਲਈ ਐਕੁਆਇਰ ਕੀਤੀ ਜ਼ਮੀਨ ਕਿਸਾਨਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਵਾਪਸ ਦੇਣ ਦਾ ਬਿੱਲ ਪਾਸ ਕਰਕੇ ਟਕਰਾਅ ਦੀ ਸਥਿਤੀ ਪੈਦਾ ਹੋ ਰਹੀ ਹੈ। ਬਿੱਲ ਨੂੰ ਰਾਜਪਾਲ ਤੋਂ ਮਨਜ਼ੂਰੀ ਮਿਲੇ ਬਿਨਾਂ ਹੀ ਜਿਸ ਤਰੀਕੇ ਨਾਲ ਨਹਿਰ ਦੇ ਜ਼ਮੀਨ ਉਤੇ ਕਬਜ਼ਾ ਕਰਨ ਦੀ ਮੁਹਿੰਮ ਵਿੱਢੀ ਗਈ ਇਸ ਨਾਲ ਸੁਪਰੀਮ ਕੋਰਟ ਦਾ ਨਾਰਾਜ਼ ਹੋਣਾ ਸੁਭਾਵਿਕ ਸੀ। ਹਰਿਆਣਾ ਵੱਲੋਂ ਦਿੱਤੀ ਦਲੀਲ ਨੂੰ ਵਾਜਬ ਮੰਨਦਿਆਂ ਸੁਪਰੀਮ ਕੋਰਟ ਨੇ ਹੁਣ ਸਥਿਤੀ ਜਿਉਂ ਦੀ ਤਿਉਂ ਰੱਖਣ ਦਾ ਹੁਕਮ ਸੁਣਾ ਦਿੱਤਾ ਹੈ ਤੇ ਦੂਜੇ ਪਾਸੇ ਵਿਧਾਨ ਸਭਾ ਨੇ ਮੁੜ ਮਤਾ ਪਾ ਕੇ ਕਿਸੇ ਵੀ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿਚ ਸੁਪਰੀਮ ਕੋਰਟ ਨਾਲ ਅਤੇ ਗੁਆਂਢੀ ਰਾਜ ਹਰਿਆਣਾ ਨਾਲ ਟਕਰਾਅ ਦੇ ਆਸਾਰ ਵਧ ਜਾਣਗੇ।

ਪਾਣੀਆਂ ਦੀ ਵੰਡ ਉੱਤੇ ਅਸਲ ਟਕਰਾਅ ਪੰਜਾਬ ਪੁਨਰਗਠਨ ਕਾਨੂੰਨ 1966 ਤਹਿਤ ਹਰਿਆਣਾ ਅਲੱਗ ਰਾਜ ਬਣਨ ਤੋਂ ਬਾਅਦ ਸ਼ੁਰੂ ਹੋਇਆ। ਇਸ ਕਾਨੂੰਨ ਦੀ ਧਾਰਾ 78 ਅਧੀਨ ਆਪਣੇ ਅਧਿਕਾਰ ਦਾ ਇਸਤੇਮਾਲ ਕਰਕੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 24 ਮਾਰਚ 1976 ਨੂੰ ਭਾਖੜਾ ਅਤੇ ਬਿਆਸ ਪ੍ਰੋਜੈਕਟਾਂ ਦੀ ਬਿਜਲੀ ਅਤੇ ਪਾਣੀ ਦੀ ਵੰਡ ਕਰ ਦਿੱਤੀ। ਇਸ ਵਿਚ ਪੰਜਾਬ ਅਤੇ ਹਰਿਆਣਾ ਨੂੰ 3.5-3.5 ਐਮ.ਏ.ਐਫ. ਪਾਣੀ ਬਰਾਬਰ ਵੰਡ ਦਿੱਤਾ ਅਤੇ 0.2 ਐਮ.ਏ.ਐਫ. ਪਾਣੀ ਦਿੱਲੀ ਦੀ ਪੀਣ ਵਾਲੇ ਪਾਣੀ ਦੀ ਲੋੜ ਪੂਰੀ ਕਰਨ ਲਈ ਦਿੱਤਾ ਗਿਆ। ਇਹ ਪਾਣੀ ਐਸ.ਵਾਈ.ਐਲ. ਰਾਹੀਂ ਲਿਜਾਇਆ ਜਾਣਾ ਸੀ।

ਹਰਿਆਣਾ ਸਰਕਾਰ ਨੇ 30 ਅਪਰੈਲ 1979 ਨੂੰ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰਕੇ 1976 ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਅੰਤਿਮ ਮੰਨ ਕੇ ਇਸ ਉਤੇ ਅਮਲ ਕਰਵਾਉਣ ਦੀ ਅਪੀਲ ਕੀਤੀ। ਪੰਜਾਬ ਵਿਚ ਇਸ ਮੌਕੇ ਅਕਾਲੀ ਦਲ ਦੀ ਸਰਕਾਰ ਆ ਗਈ ਸੀ ਅਤੇ 11 ਜੁਲਾਈ 1979 ਨੂੰ ਸਰਕਾਰ ਨੇ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਨੂੰ ਗ਼ੈਰ ਸੰਵਿਧਾਨਕ ਮੰਨਦਿਆਂ ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ।

ਪੰਜਾਬ ਸੰਵਿਧਾਨ ਅਨੁਸਾਰ ਪਾਣੀਆਂ ਉਤੇ ਕਾਨੂੰਨ ਬਣਾਉਣ ਦਾ ਹੱਕ ਕੇਂਦਰ ਨੂੰ ਨਹੀਂ ਹੈ। ਇਸ ਲਈ ਕੇਂਦਰ ਦਾ 1976 ਦਾ ਫ਼ੈਸਲਾ ਵੀ ਗੈਰ ਸੰਵਿਧਾਨਕ ਹੈ। ਦੋਵਾਂ ਪਟੀਸ਼ਨਾਂ ਉਤੇ ਸੁਣਵਾਈ ਚੱਲ ਹੀ ਰਹੀ ਸੀ ਕਿ ਸੱਤਾ ਬਦਲੀ ਤਾਂ 31 ਦਸੰਬਰ 1981 ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਵੱਲੋਂ ਕੀਤੇ ਸਮਝੌਤੇ ਤਹਿਤ ਸੁਪਰੀਮ ਕੋਰਟ 'ਚੋਂ ਕੇਸ ਵਾਪਸ ਲੈਣ ਦਾ ਫੈਸਲਾ ਹੋਇਆ। ਇਸ ਤਰ੍ਹਾਂ ਇਕ ਸੰਵਿਧਾਨਕ ਮੁੱਦੇ ਉਤੇ ਫੈਸਲਾ ਹੋਣ ਦੀ ਸੰਭਾਵਨਾ ਖਤਮ ਕਰ ਦਿੱਤੀ।

ਤਤਕਾਲੀ ਪੰਜਾਬ ਸਰਕਾਰ ਨੇ ਰਾਵੀ-ਬਿਆਸ ਸਮਝੌਤਾ 1981 ਬਾਰੇ 1982 ਵਿਚ ਇਕ ਵਾਈਟ ਪੇਪਰ ਵੀ ਜਾਰੀ ਕੀਤਾ। ਇਸ ਰਾਹੀਂ ਪੰਜਾਬ ਨੂੰ 17.17 ਐਮ.ਏ.ਐਫ. ਵਿਚੋਂ 4.2 ਐਮ.ਏ.ਐਫ. ਪਾਣੀ ਮਿਲਣ ਉਤੇ ਤਸੱਲੀ ਪ੍ਰਗਟ ਕੀਤੀ ਗਈ ਹੈ। ਇਸ ਵਿਚ ਹੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਬਾਰੇ ਕਿਹਾ ਗਿਆ ਹੈ ਕਿ ਇਕ ਪਾਸੇ ਤਾਂ ਸਰਕਾਰ ਨੇ ਸੁਪਰੀਮ ਕੋਰਟ ਵਿਚ ਸੈਕਸ਼ਨ 78 ਨੂੰ ਚੁਣੌਤੀ ਦਿੱਤੀ, ਪਰ ਇਸ ਤੋਂ ਪਹਿਲਾਂ ਫਰਵਰੀ 1978 ਵਿਚ ਭੂਮੀ ਗ੍ਰਹਿਣ ਕਾਨੂੰਨ ਦੇ ਸੈਕਸ਼ਨ 4 ਅਤੇ 17 ਤਹਿਤ ਨੋਟੀਫਿਕੇਸ਼ਨ ਕਰਕੇ ਐਸ.ਵਾਈ.ਐਲ. ਜ਼ਮੀਨ ਐਕੁਆਇਰ ਕਰਨ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਸੀ। ਮਾਰਚ 1979 ਵਿਚ ਹਰਿਆਣਾ ਤੋਂ ਇਕ ਕਰੋੜ ਰੁਪਏ ਵੀ ਵਸੂਲ ਕੀਤੇ ਸਨ।

ਵਾਈਟ ਪੇਪਰ ਅਨੁਸਾਰ ਜ਼ਮੀਨ ਐਕੁਆਇਰ ਕਰਨ ਲਈ ਸੈਕਸ਼ਨ 17 ਸਿਰਫ ਐਮਰਜੈਂਸੀ ਮੌਕੇ ਹੀ ਲਗਾਈ ਜਾਂਦੀ ਹੈ। ਸ. ਬਾਦਲ ਨੇ ਪੈਸੇ ਦੀ ਵਸੂਲੀ ਨੂੰ ਹੇਠਲੇ ਅਧਿਕਾਰੀਆਂ ਵੱਲੋਂ ਵਿਭਾਗੀ ਆਧਾਰ ਉੱਤੇ ਕੀਤੀ ਕਾਰਵਾਈ ਕਹਿ ਕੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਸਮਝੌਤੇ ਤੋਂ ਬਾਅਦ ਅੱਠ ਅਪਰੈਲ 1982 ਨੂੰ ਤਤਕਾਲੀ ਪ੍ਰਧਾਨ ਮੰਤਰੀ ਵੱਲੋਂ ਕਪੂਰੀ ਪਿੰਡ ਨੇੜੇ ਐਸ.ਵਾਈ.ਐਲ. ਦਾ ਨੀਂਹ ਪੱਥਰ ਰੱਖਣ ਵਾਲੇ ਦਿਨ ਤੋਂ ਹੀ ਅਕਾਲੀ ਦਲ ਤੇ ਸੀ.ਪੀ.ਐਮ. ਨੇ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ। ਪਾਣੀਆਂ ਦੇ ਮੁੱਦੇ ਉਤੇ ਲੱਗਿਆ ਇਹ ਮੋਰਚਾ ਆਨੰਦਪੁਰ ਸਾਹਿਬ ਦੇ ਮਤੇ ਨੂੰ ਨਿਸ਼ਾਨਾ ਬਣਾ ਕੇ ਧਰਮ ਯੁੱਧ ਮੋਰਚੇ ਵਿਚ ਤਬਦੀਲ ਹੋ ਗਿਆ। ਸਰਕਾਰੀ ਤੱਥ ਦੱਸਦੇ ਹਨ ਕਿ ਐਸ.ਵਾਈ.ਐਲ. ਲਈ 1595 ਏਕੜ ਜ਼ਮੀਨ ਇਸ ਇਕ ਸਾਲ ਵਿਚ ਐਕੁਆਇਰ ਕੀਤੀ ਗਈ। ਸਾਲ 2004 ਵਿਚ ਸੁਪਰੀਮ ਕੋਰਟ ਵੱਲੋਂ ਐਸ.ਵਾਈ.ਐਲ. ਦੀ ਖੁਦਾਈ ਮੁਕੰਮਲ ਕਰਵਾਉਣ ਦੇ ਦਿੱਤੇ ਫੈਸਲੇ ਤੋਂ ਪਿੱਛਾ ਛੁਡਵਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਜਲ ਸਮਝੌਤੇ ਰੱਦ ਕਰਨ ਦਾ ਕਾਨੂੰਨ ਪਾਸ ਕਰਵਾ ਲਿਆ। ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਇਸ ਕਾਨੂੰਨ ਵਿੱਚ ਵੀ ਧਾਰਾ 5 ਜੋੜਨ ਨਾਲ ਰਿਪੇਰੀਅਨ ਸਿਧਾਂਤ ਨਾਲ ਸਮਝੌਤਾ ਕੀਤਾ ਗਿਆ।

### ਐਸ.ਵਾਈ.ਐਲ. ਦੀ ਕਹਾਣੀ ਤੱਥਾਂ ਦੀ ਜ਼ੁਬਾਨੀ

**29 ਜਨਵਰੀ 1955**
ਕੁੱਲ ਪਾਣੀ - 1585 ਐਮ.ਏ.ਐਫ.
ਪੰਜਾਬ: 72 ਐਮ.ਏ.ਐਫ. (ਪੈਪਸੂ ਦੇ 13 ਐਮ.ਏ.ਐਫ. ਸਮੇਤ),
ਰਾਜਸਥਾਨ: 80 ਐਮ.ਏ.ਐਫ.,
ਜੰਮੂ-ਕਸ਼ਮੀਰ: 065 ਐਮ.ਏ.ਐਫ.
**24 ਮਾਰਚ 1976**
ਪੰਜਾਬ ਦੇ ਹਿੱਸੇ: 35 ਐਮ.ਏ.ਐਫ.,
ਹਰਿਆਣਾ: 35 ਐਮ.ਏ.ਐਫ.
ਦਿੱਲੀ: 02 ਐਮ.ਏ.ਐਫ.
**31 ਦਸੰਬਰ 1981**
ਕੁੱਲ ਪ੍ਰਾਪਤ ਪਾਣੀ: 1717 ਐਮ.ਏ.ਐਫ.
ਪੰਜਾਬ ਦਾ ਹਿੱਸਾ: 422 ਐਮ.ਏ.ਐਫ.,
ਹਰਿਆਣਾ: 350 ਐਮ.ਏ.ਐਫ.,
ਰਾਜਸਥਾਨ: 860 ਐਮ.ਏ.ਐਫ.,
ਦਿੱਲੀ: 020 ਐਮ.ਏ.ਐਫ.,
ਜੰਮੂ ਕਸ਼ਮੀਰ: 065 ਐਮ.ਏ.ਐਫ.



#### ਜ਼ਮੀਨ ਐਕੁਆਇਰ ਕਰਨ ਦੀ ਸਮਾਂ ਸਾਰਣੀ

**ਅਕਤੂਬਰ 1984 ਤੱਕ:** ਕੋਈ ਨਹੀਂ, **ਦਸੰਬਰ 1984 ਤੱਕ:** 83 ਏਕੜ, **ਅਪਰੈਲ 1985 ਤੱਕ:** 128 ਏਕੜ, **ਅਗਸਤ 1985:** 148 ਏਕੜ, **ਅਕਤੂਬਰ 1985 ਤੱਕ:** 606 ਏਕੜ, **ਸਤੰਬਰ 1986:** 1586 ਏਕੜ, **ਅਕਤੂਬਰ 1986:** 1595 ਏਕੜ

## ਹਰਿਆਣੇ ਦੀ ਸਿਆਸਤ ਨੂੰ ਵੀ ਰਾਸ ਆਉਂਦਾ ਹੈ ਪਾਣੀਆਂ ਦਾ ਮੁੱਦਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚਾਲੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ ਹਰਿਆਣਾ ਦੇ ਹੋਂਦ ਵਿਚ ਆਉਣ ਸਮੇਂ ਤੋਂ ਹੀ ਲਟਕਦਾ ਆ ਰਿਹਾ ਹੈ।

ਹਰਿਆਣਾ ਦੇ ਲਗਭਗ ਸਾਰੇ ਸਿਆਸੀ ਆਗੂ ਸਤਲੁਜ ਯਮੁਨਾ ਲਿੰਕ ਨਹਿਰ ਨੂੰ ਸੂਬੇ ਦੀ ਜੀਵਨ ਰੇਖਾ ਦੱਸ ਕੇ ਕਈ ਚੋਣਾਂ ਲੜ ਚੁੱਕੇ ਹਨ। ਸੂਬੇ ਦੀਆਂ ਤਿੰਨ ਪ੍ਰਮੁੱਖ ਪਾਰਟੀਆਂ ਦੇ ਆਗੂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਮਿਲ ਚੁੱਕੇ ਹਨ। ਇਹ ਵੀ ਹਕੀਕਤ ਹੈ ਕਿ ਦੱਖਣੀ ਹਰਿਆਣਾ ਵਿਚ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਕਾਫੀ ਨਾਜ਼ੁਕ ਹੈ ਤੇ ਪਾਣੀ ਦਾ ਪੱਧਰ ਬਹੁਤ ਹੇਠ ਜਾ ਚੁੱਕਾ ਹੈ।

ਹਰਿਆਣਾ ਦੇ ਸਿੰਜਾਈ ਮੰਤਰੀ ਓਮ ਪ੍ਰਕਾਸ਼ ਧਨਖੜ ਨੇ ਕਿਹਾ ਕਿ ਹਰਿਆਣਾ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਹਾਅ ਵਾਲੇ ਇਲਾਕੇ ਵਿਚ ਪੈਂਦਾ ਹੈ ਤੇ ਇਸ ਕਰਕੇ ਇਨ੍ਹਾਂ ਦੋਵਾਂ ਦਰਿਆਵਾਂ ਦੇ ਪਾਣੀਆਂ 'ਚੋਂ ਹਰਿਆਣਾ ਨੂੰ ਆਪਣੇ ਹੱਕ ਦਾ ਪਾਣੀ ਮਿਲਣਾ ਚਾਹੀਦਾ ਹੈ।

### ਮਾਮਲਾ ਸੁਪਰੀਮ ਕੋਰਟ 'ਤੇ ਛੱਡਿਆ ਜਾਵੇ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਪੰਜਾਬ ਵਿਧਾਨ ਸਭਾ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਰਾਜ ਸਰਕਾਰ ਸਾਰਾ ਮਾਮਲਾ ਸੁਪਰੀਮ ਕੋਰਟ ਅਤੇ ਕੇਂਦਰ ਸਰਕਾਰ ਦੇ ਧਿਆਨ ਵਿਚ ਲਿਆਏਗੀ। ਹੁਣ ਸਾਰਾ ਮਾਮਲਾ ਸੁਪਰੀਮ ਕੋਰਟ 'ਤੇ ਛੱਡ ਦੇਣਾ ਚਾਹੀਦਾ ਹੈ। ਦੂਜੇ ਪਾਸੇ ਸੂਬੇ ਦੀਆਂ ਵਿਰੋਧੀ ਪਾਰਟੀਆਂ ਕਾਂਗਰਸ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਨੇ ਪੰਜਾਬ ਵਿਧਾਨ ਸਭਾ ਵਲੋਂ ਲਿੰਕ ਨਹਿਰ ਬਾਰੇ ਪਾਸ ਕੀਤੇ ਮਤੇ ਨੂੰ ਦੇਸ਼ ਦੇ ਸੰਘੀ ਢਾਂਚੇ 'ਤੇ ਹਮਲਾ ਕਰਾਰ ਦਿੰਦਿਆਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਨੂੰ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ।



### ਭੁਪਿੰਦਰ ਸਿੰਘ ਹੁੱਡਾ ਨੇ ਵੀ ਚੁੱਕਿਆ ਝੰਡਾ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਐਸ.ਵਾਈ.ਐਲ. ਨਹਿਰ ਮੁੱਦੇ 'ਤੇ ਭਾਜਪਾ ਤੇ ਅਕਾਲੀ ਦਲ 'ਤੇ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਦਾ ਨਹਿਰ ਮਾਮਲੇ 'ਤੇ ਚੁੱਕਿਆ ਕਦਮ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਨਾ ਕਰਨਾ ਫੈਡਰਲ ਢਾਂਚੇ 'ਤੇ ਚੋਟ ਕਰਨਾ ਹੈ। ਹੁੱਡਾ ਨੇ ਕਿਹਾ ਕਿ ਐਸ.ਵਾਈ.ਐਲ. ਮੁੱਦੇ 'ਤੇ ਖੱਟਰ ਸਰਕਾਰ ਅਸਤੀਫਾ ਦੇਵੇ ਤੇ ਕੇਂਦਰ 'ਤੇ ਦਬਾਅ ਬਣਾਏ, ਇਸ ਕਦਮ ਵਿਚ ਅਸੀਂ ਵੀ ਉਨ੍ਹਾਂ ਦੇ ਨਾਲ ਦਿੱਲੀ ਜਾਣ ਲਈ ਤਿਆਰ ਹਾਂ। ਹੁੱਡਾ ਨੇ ਕਿਹਾ ਕਿ ਭਾਜਪਾ ਆਪਣਾ ਰਾਜ ਧਰਮ ਨਹੀਂ ਨਿਭਾ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਬਾਦਲ ਸਰਕਾਰ ਤੇ ਹਰਿਆਣਾ ਦੀ ਖੱਟਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਰਾਸ਼ਟਰਪਤੀ ਸ਼ਾਸਨ ਲਗਾ ਦੇਣਾ ਚਾਹੀਦਾ ਹੈ।



## ਅਦਾਲਤ ਨੇ ਕਿਸਾਨਾਂ ਦੀਆਂ ਆਸਾਂ 'ਤੇ ਫੇਰਿਆ ਪਾਣੀ

**ਚਮਕੌਰ ਸਾਹਿਬ:** ਪੰਜਾਬ ਸਰਕਾਰ ਵੱਲੋਂ ਐਸ.ਵਾਈ.ਐਲ. ਨਹਿਰ ਅਧੀਨ ਆਈ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਮਤਾ ਵਿਧਾਨ ਸਭਾ ਵਿਚ ਪਾਸ ਕਰਨ ਪਿੱਛੋਂ ਕਿਸਾਨਾਂ ਵੱਲੋਂ ਬਿਨਾਂ ਰਾਜਪਾਲ ਦੀ ਪ੍ਰਵਾਨਗੀ ਉਡੀਕਿਆਂ ਬੀਤੇ ਦਿਨੀਂ ਨਹਿਰ ਨੂੰ ਜ਼ਮੀਨ ਵਿਚ ਮਿਲਾਉਣ ਦਾ ਕੰਮ ਜ਼ੋਰਾਂ 'ਤੇ ਚਲਾ ਦਿੱਤਾ ਸੀ।



ਸੱਤਾਧਾਰੀ ਸਿਆਸੀ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਦਰਜਨਾਂ ਦੀ ਗਿਣਤੀ ਵਿਚ ਨਜ਼ਦੀਕੀ ਪਿੰਡ ਸਲੇਮਪੁਰ, ਸਾਂਤਪੁਰ, ਸਾਲਾਪੁਰ ਆਦਿ ਵਿਚ ਜੇ.ਸੀ.ਬੀ. ਮਸ਼ੀਨਾਂ ਨਹਿਰ ਦੇ ਕਿਨਾਰਿਆਂ ਨੂੰ ਢਾਹ ਕੇ ਖੇਤਾਂ ਵਿਚ ਮਿਲਾਉਣ ਲਈ ਲੱਗ ਗਈਆਂ ਸਨ, ਪਰ ਸੁਪਰੀਮ ਕੋਰਟ ਵੱਲੋਂ ਨਹਿਰ ਨੂੰ ਪੱਧਰ ਕਰਨ ਦੇ ਪੰਜਾਬ ਵਿਧਾਨ ਸਭਾ ਦੇ ਫੈਸਲੇ 'ਤੇ 31 ਮਾਰਚ ਤੱਕ ਰੋਕ ਲਗਾਉਣ ਨਾਲ ਇਹ ਚੱਲਦੀਆਂ ਮਸ਼ੀਨਾਂ ਤਾਂ ਐਸ.ਵਾਈ.ਐਲ ਨਹਿਰ ਦੇ ਕਿਨਾਰਿਆਂ ਤੋਂ ਗਾਇਬ ਤਾਂ ਹੋ ਗਈਆਂ ਪਰ ਨਾਲ ਦੀ ਨਾਲ ਗਰੀਬ ਕਿਸਾਨਾਂ, ਜਿਨ੍ਹਾਂ ਦੀ ਜ਼ਮੀਨ 30-35 ਸਾਲ ਪਹਿਲਾਂ ਇਸ ਨਹਿਰ ਨੇ ਨਿਗਲ ਲਈ, ਦੇ ਚਿਹਰਿਆਂ 'ਤੇ ਪਰਤੀ ਰੌਣਕ ਵੀ ਗਾਇਬ ਹੋ ਗਈ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਮਤਾ ਪਾਸ ਹੁੰਦਿਆਂ ਹੀ ਸੱਤਾਧਾਰੀ ਆਗੂਆਂ ਦੀ ਹੱਲਾਸ਼ੇਰੀ ਸਦਕਾ ਭੇਜੀਆਂ ਮਸ਼ੀਨਾਂ ਨਾਲ ਉਨ੍ਹਾਂ ਇਸ ਆਸ ਨਾਲ ਕੰਮ ਅਰੰਭਿਆ ਸੀ ਕਿ ਚਿਰਾਂ ਬਾਅਦ ਉਨ੍ਹਾਂ ਦੀ ਜ਼ਮੀਨ ਵਾਪਸ ਮਿਲ ਜਾਵੇਗੀ ਪਰ ਸੁਪਰੀਮ ਕੋਰਟ ਦੀ ਰੋਕ ਨੇ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਕੁਝ ਕਿਸਾਨਾਂ ਦਾ ਕਹਿਣਾ ਹੈ ਕਿ ਰਾਜਪਾਲ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਇਸ ਕਾਰਜ ਵਿਚ ਕਾਹਲੀ ਕਰਨ ਕਰਕੇ ਹੀ ਸੁਪਰੀਮ ਕੋਰਟ ਨੇ ਇਹ ਹੁਕਮ ਜਾਰੀ ਕੀਤੇ ਹਨ ਤੇ ਇਹ ਸਭ ਪੰਜਾਬ ਸਰਕਾਰ ਦੀ ਗਿਣੀ ਮਿਥੀ ਸਕੀਮ ਤਹਿਤ ਵਾਪਰਿਆ ਹੈ। ਕਿਸਾਨਾਂ ਨੂੰ ਹੁਣ ਇਹ ਡਰ ਵੀ ਸਤਾ ਰਿਹਾ ਹੈ ਕਿ ਜਦੋਂ ਸੁਪਰੀਮ ਕੋਰਟ ਵੱਲੋਂ ਕੇਂਦਰੀ ਗ੍ਰਹਿ ਸਕੱਤਰ ਦੀ ਅਗਵਾਈ ਵਿਚ ਪੰਜਾਬ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਪੰਜਾਬ ਨੂੰ ਨਹਿਰ ਦਾ ਖੁਰਾ-ਖੋਜ ਮਿਟਾਉਣ ਦਾ ਕੰਮ ਰੋਕਣ ਲਈ ਹੁਕਮ ਜਾਰੀ ਕੀਤੇ ਹਨ, ਤਾਂ ਕਿ ਉਨ੍ਹਾਂ ਖਿਲਾਫ਼ ਕੋਈ ਕਾਰਵਾਈ ਨਾ ਹੋ ਜਾਵੇ।

## ਦੋਵਾਂ ਸੂਬਿਆਂ 'ਚ ਆਰ-ਪਾਰ ਦੀ ਲੜਾਈ ਦੇ ਸੰਕੇਤ

**ਚੰਡੀਗੜ੍ਹ:** 2017 ਦੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਦੇ ਹੋਏ ਪਾਣੀਆਂ ਦੇ ਮੁੱਦੇ ਨੂੰ ਮੁੜ ਖਿੱਚਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵਿਧਾਨ ਸਭਾ ਉਪਰੋ-ਥਲੀ ਮਤੇ ਪਾਸ ਕਰਕੇ ਅਤੇ ਐਸ.ਵਾਈ.ਐਲ. ਨਹਿਰ ਲਈ ਐਕੁਆਇਰ ਜ਼ਮੀਨ ਵਾਪਸ ਕਰਨ ਦਾ ਐਲਾਨ ਕਰਕੇ ਇਕ ਤਰ੍ਹਾਂ ਨਾਲ ਆਰ-ਪਾਰ ਦੀ ਲੜਾਈ ਦਾ ਸੰਕੇਤ ਦੇ ਰਹੀ ਹੈ। ਜੇਕਰ ਪਹਿਲਾਂ ਇੰਨੀ ਹਿੰਮਤ ਕੀਤੀ ਹੁੰਦੀ ਤਾਂ ਨੌਬਤ ਇਥੋਂ ਤੱਕ ਨਹੀਂ ਸੀ ਪਹੁੰਚਣੀ।

ਐਸ.ਵਾਈ.ਐਲ. ਉਤੇ 360 ਕਰੋੜ ਰੁਪਏ ਬਰਬਾਦ ਨਾ ਹੁੰਦੇ। ਸਰਕਾਰਾਂ ਨੇ ਪਾਣੀ ਦੇ ਮੁੱਦੇ ਨੂੰ ਪੇਸ਼ੇਵਾਰਾਨਾ ਅਤੇ ਕਾਨੂੰਨੀ ਪਹਿਲੂਆਂ ਦੀ ਥਾਂ ਸਿਆਸੀ ਫਾਇਦੇ-ਨੁਕਸਾਨ ਦੇ ਨੁਕਤਾ ਨਜ਼ਰ ਤੋਂ ਜ਼ਿਆਦਾ ਦੇਖਿਆ ਹੈ। ਹੁਣ ਵੀ ਕਿਸਾਨਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਜ਼ਮੀਨ ਵਾਪਸ ਦੇਣ ਵਾਲੇ ਬਿਲ ਅਤੇ ਇਸੇ ਦੌਰਾਨ ਸਿਆਸੀ ਤੌਰ ਉੱਤੇ ਦਿਖਾਈ ਜਾ ਰਹੀ ਸਰਗਰਮੀ ਟਕਰਾਅ ਵਾਲੀ ਸਥਿਤੀ ਵੀ ਪੈਦਾ ਕਰ ਰਹੀ ਹੈ। ਜਿੰਨਾ ਚਿਰ ਰਾਜਪਾਲ ਤੋਂ ਮਨਜ਼ੂਰੀ ਨਹੀਂ ਸੀ ਮਿਲ ਜਾਂਦੀ, ਉਦੋਂ ਤੱਕ ਕਬਜ਼ਾ ਕਰਨ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਸੀ। ਵੈਸੇ ਵੀ ਜੇਕਰ ਕਿਸਾਨਾਂ ਨੂੰ ਵੀ ਦੇਣਾ ਸੀ ਤਾਂ ਇਸ ਦਾ ਇਸਤੇਮਾਲ ਕਿਵੇਂ ਕਰਨਾ ਹੈ, ਇਹ ਹੱਕ ਉਨ੍ਹਾਂ ਕੋਲ ਹੀ ਰਹਿਣਾ ਚਾਹੀਦਾ ਹੈ। ਜੇਕਰ ਸਰਕਾਰ ਚਾਹੁੰਦੀ ਤਾਂ ਇਸ ਪੂਰੇ ਖੇਤਰ ਨੂੰ ਮੱਛੀ ਪਾਲਣ ਦੇ ਕਿੱਤੇ ਦੇ ਰੂਪ ਵਿਚ ਬਿਹਤਰ ਤਰੀਕੇ ਨਾਲ ਇਸਤੇਮਾਲ ਕਰ ਸਕਦੀ ਸੀ। ਨਹਿਰ ਦੇ ਦੋਵੇਂ ਪਾਸੇ ਬਣੇ ਕਿਨਾਰਿਆਂ ਨੂੰ ਸੜਕਾਂ ਬਣਾ ਕੇ ਟਰਾਂਸਪੋਰਟੇਸ਼ਨ ਲਈ ਵਰਤਿਆ ਜਾ ਸਕਦਾ ਹੈ। ਅਜਿਹਾ ਕਰਕੇ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਵੀ ਉਲੰਘਣਾ ਨਹੀਂ ਹੋਵੇਗੀ ਅਤੇ ਪੰਜਾਬ ਦੇ ਲੋਕਾਂ ਨੂੰ ਵੱਧ ਫਾਇਦਾ ਹੋਣ ਦੀ ਸੰਭਾਵਨਾ ਹੈ।



ਐਸ.ਵਾਈ.ਐਲ. ਬਣਾਏ ਜਾਣ ਦੀ ਕੋਈ ਲੋੜ ਨਹੀਂ ਸੀ। ਪੰਜਾਬ ਕੋਲ ਪਹਿਲਾਂ ਹੀ ਕੋਈ ਫਾਲਤੂ ਪਾਣੀ ਨਹੀਂ ਹੈ। ਉਹ ਨਰਮਾਣਾ ਬਰਾਂਚ ਅਤੇ ਹਾਂਸੀ-ਬੁਟਾਣਾ ਨਹਿਰਾਂ ਰਾਹੀਂ ਪਾਣੀ ਲਿਜਾ ਰਿਹਾ ਹੈ। ਪੰਜਾਬ ਕੋਲ ਪਾਣੀ ਫਾਲਤੂ ਬਚਿਆ ਹੀ ਨਹੀਂ ਹੈ। ਪੰਜਾਬ ਨੂੰ ਇਸ ਪਾਸੇ ਵੀ ਸੋਚਣਾ ਪਵੇਗਾ ਕਿ 14 ਲੱਖ ਤੋਂ ਵੱਧ ਟਿਊਬਵੈੱਲ ਲਗਾਤਾਰ ਧਰਤੀ ਹੇਠੋਂ ਪਾਣੀ ਖਿੱਚ ਰਹੇ ਹਨ। ਅਜਿਹੀ ਸਥਿਤੀ ਵਿਚ ਪੰਜਾਬ ਦੇ ਬੰਜਰ ਹੋਣ ਵੱਲ ਵਧਣ ਦੀ ਚਿੰਤਾ ਜਤਾਈ ਜਾ ਰਹੀ ਹੈ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਗਤ ਸਿੰਘ ਪੁਰਸਕਾਰ ਦੀ ਵਾਰੀ ਖਜ਼ਾਨਾ ਖਾਲੀ

**ਬਠਿੰਡਾ:** ਪੰਜਾਬ ਸਰਕਾਰ ਦਾ ਖ਼ਜ਼ਾਨਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਲਈ ਖਾਲੀ ਹੈ। ਰਾਜ ਯੁਵਾ ਪੁਰਸਕਾਰ ਦੇਣ ਲਈ ਸਾਲਾਨਾ ਸਿਰਫ਼ 8.80 ਲੱਖ ਰੁਪਏ ਦੇ ਫੰਡਾਂ ਦੀ ਲੋੜ ਹੈ ਪਰ ਤਿੰਨ ਸਾਲਾਂ ਤੋਂ ਪੰਜਾਬ ਦੇ ਨੌਜਵਾਨਾਂ ਨੂੰ ਇਹ ਪੁਰਸਕਾਰ ਨਹੀਂ ਦਿੱਤਾ ਗਿਆ ਹੈ। ਪੰਜਾਬ ਸਰਕਾਰ ਦਾ ਇਹ ਇਕਲੌਤਾ ਪੁਰਸਕਾਰ ਹੈ ਜੋ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਹੈ।

ਆਖਰੀ ਵਾਰ ਇਹ ਪੁਰਸਕਾਰ 2012-13 ਵਿਚ ਦਿੱਤੇ ਗਏ ਸਨ, ਜਦ ਕਿ ਹਰ ਜ਼ਿਲ੍ਹੇ ਵਿਚੋਂ ਯੋਗ ਉਮੀਦਵਾਰਾਂ ਦੀਆਂ ਦਰਖ਼ਾਸਤਾਂ ਮੁੱਖ ਦਫ਼ਤਰ ਭੇਜੀਆਂ ਹੋਈਆਂ ਹਨ। ਪੰਜਾਬ ਸਰਕਾਰ ਵੱਲੋਂ ਸਮਾਜ ਸੇਵਾ ਲਈ ਦਿੱਤੇ ਜਾਂਦੇ ਇਸ



ਐਵਾਰਡ ਵਿਚ 20 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। ਹਰ ਜ਼ਿਲ੍ਹੇ 'ਚੋਂ ਵੱਧ ਤੋਂ ਵੱਧ ਦੋ ਨੌਜਵਾਨਾਂ ਦੇ ਨਾਮ ਦੀ ਸਿਫਾਰਸ਼ ਮੁੱਖ ਦਫ਼ਤਰ ਨੂੰ ਭੇਜੀ ਜਾਂਦੀ ਹੈ। ਪੰਜਾਬ ਸਰਕਾਰ ਵੱਲੋਂ ਸਾਲ 2015-16 ਦੇ ਬਜਟ ਵਿਚ ਫੈਸਟੀਵਲ, ਕੈਂਪਾਂ ਅਤੇ ਐਵਾਰਡ ਲਈ ਢਾਈ ਕਰੋੜ ਰੁਪਏ ਦਾ ਬਜਟ ਰੱਖਿਆ ਸੀ, ਪਰ ਇਸ ਦੇ ਬਿੱਲ ਖ਼ਜ਼ਾਨੇ ਵਿਚ ਫਸੇ ਹੋਏ ਹਨ।

ਆਮ ਆਦਮੀ ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਸ਼ਹੀਦਾਂ ਪ੍ਰਤੀ ਸੰਜੀਦਾ ਹੁੰਦੀ ਤਾਂ ਐਵਾਰਡ ਹਰ ਵਰ੍ਹੇ ਦਿੱਤਾ ਜਾਂਦਾ। ਕੌਮੀ ਪੁਰਸਕਾਰ ਜੇਤੂ ਸਰਬਜੀਤ ਸਿੰਘ ਜੇਠੂਕੇ ਦਾ ਕਹਿਣਾ ਹੈ ਕਿ ਯੁਵਾ ਪੁਰਸਕਾਰ ਵਾਲੀ ਰਾਸ਼ੀ ਮਾਮੂਲੀ ਹੈ। ਸਰਕਾਰ ਨੇ ਇਸ ਵਿਚ ਵਾਧਾ ਤਾਂ ਕੀ ਕਰਨਾ ਸੀ, ਐਵਾਰਡ ਵੀ ਸਮੇਂ ਸਿਰ ਨਹੀਂ ਦਿੱਤੇ।

# ਡੇਰਿਆਂ ਦੇ ਚਰਨੀਂ ਲੱਗੀ ਪੰਜਾਬ ਦੀ ਸਿਆਸਤ

*(ਸਫਾ ਇਕ ਦੀ ਬਾਕੀ)*

ਸਟੈਂਡ ਕਾਰਨ ਉਹ ਕੈਪਟਨ ਅਮਰਿੰਦਰ ਸਿੰਘ ਤੋਂ ਵੀ ਖੁਸ਼ ਨਹੀਂ ਦੱਸੇ ਜਾਂਦੇ। ਇਸ ਲਈ ਭਾਵੇਂ ਡੇਰਾ ਸੱਚਖੰਡ ਬੱਲਾਂ ਰਵਾਇਤੀ ਤੌਰ 'ਤੇ ਕਾਂਗਰਸ ਅਤੇ ਬਸਪਾ ਦਾ ਸਮਰਥਕ ਮੰਨਿਆ ਜਾਂਦਾ ਹੈ, ਪਰ ਆਮ ਆਦਮੀ ਪਾਰਟੀ ਇਸ ਡੇਰੇ ਦਾ ਸਮਰਥਨ ਹਾਸਲ ਕਰਨ ਦੀ ਆਸ ਰੱਖ ਰਹੀ ਹੈ। ਉਧਰ, ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਵੀ ਪੰਜਾਬ ਦੇ ਦਲਿਤਾਂ ਵਿਚ ਆਪਣਾ ਆਧਾਰ ਫਿਰ ਤੋਂ ਵਧਾਉਣ ਦੇ ਯਤਨਾਂ ਵਿਚ ਹੈ। ਇਹੀ ਕਾਰਨ ਹੈ ਕਿ ਉਹ ਵੀ 15 ਮਾਰਚ ਨੂੰ ਕਾਂਸ਼ੀ ਰਾਮ ਦੇ ਜਨਮ ਦਿਨ ਮੌਕੇ ਪੰਜਾਬ ਪਹੁੰਚੀ ਤੇ ਇਸ ਦਿਨ ਇਕ ਰੈਲੀ ਨੂੰ ਵੀ ਸੰਬੋਧਨ ਕੀਤਾ। ਪੰਜਾਬ ਦੀ ਦਲਿਤ ਵੋਟ ਨੂੰ ਮੁਢਲੇ ਤੌਰ 'ਤੇ ਕਾਂਗਰਸ ਸਮਰਥਕ ਹੀ ਮੰਨਿਆ ਜਾਂਦਾ ਸੀ, ਪਰ ਪਿਛਲੀਆਂ ਕੁਝ ਚੋਣਾਂ ਵਿਚ ਇਹ ਪ੍ਰਭਾਵ ਕਾਫੀ ਘਟਿਆ ਹੈ। ਇਹੀ ਕਾਰਨ ਹੈ ਕਿ ਕਾਂਗਰਸ ਦਲਿਤ ਵੋਟਾਂ ਨੂੰ ਦੁਬਾਰਾ ਆਪਣੇ ਵੱਲ ਕਰਨ ਲਈ ਪੂਰਾ ਜ਼ੋਰ ਲਾ ਰਹੀ ਹੈ।

13 ਫਰਵਰੀ, 2016 ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਨੂੰ ਮਿਲਣਾ ਇਸ ਕੋਸ਼ਿਸ਼ ਦੇ ਇਕ ਹਿੱਸੇ ਵਜੋਂ ਹੀ ਦੇਖਿਆ ਜਾ ਰਿਹਾ ਹੈ। ਇਹ ਵੀ ਕਿਆਸ ਲਾਏ ਜਾ ਰਹੇ ਹਨ ਕਿ ਅਕਾਲੀ ਦਲ ਦਲਿਤ ਵੋਟਾਂ ਲੈਣ ਲਈ ਇਸ ਵਾਰ ਬਸਪਾ ਨਾਲ ਚੋਣ ਸਮਝੌਤਾ ਕਰ ਸਕਦਾ ਹੈ। ਯਾਦ ਰਹੇ ਹੈ ਕਿ ਇਕ ਵਾਰ ਪਹਿਲਾਂ ਵੀ ਬਾਬੂ ਕਾਂਸ਼ੀ ਰਾਮ ਵੇਲੇ ਅਕਾਲੀ ਦਲ ਤੇ ਬਸਪਾ ਮਿਲ ਕੇ ਲੋਕ ਸਭਾ ਚੋਣਾਂ ਲੜ ਚੁੱਕੇ ਹਨ।

ਡੇਰਿਆਂ ਦੀ ਸ਼ਰਨ ਲੈਣ ਦੀ ਦੌੜ ਪੰਜਾਬ ਵਿਚ ਹੀ ਨਹੀਂ, ਪਿਛਲੇ ਦਿਨੀਂ ਕੌਮੀ ਰਾਜਧਾਨੀ ਦਿੱਲੀ ਵਿਚ ਯਮੁਨਾ ਕੰਢੇ ਸ੍ਰੀ ਸ੍ਰੀ ਰਵੀਸ਼ੰਕਰ ਦੀ ਸੰਸਥਾ 'ਆਰਟ ਆਫ ਲਿਵਿੰਗ' ਵੱਲੋਂ ਕਰਵਾਏ ਵਿਵਾਦਤ ਸਮਾਗਮ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਾਜ਼ਰੀ ਭਰ ਕੇ ਇਸ ਦੀ ਮਿਸਾਲ ਦਿੱਤੀ ਸੀ। ਕੌਮੀ ਗਰੀਨ ਟ੍ਰਿਬਿਊਨਲ ਨੇ ਇਸ ਸਮਾਗਮ ਬਦਲੇ ਪੰਜ ਕਰੋੜ ਰੁਪਏ ਜੁਰਮਾਨੇ ਦੀ ਸ਼ਰਤ ਰੱਖੀ ਸੀ, ਪਰ ਸ੍ਰੀ ਸ੍ਰੀ ਰਵੀਸ਼ੰਕਰ ਵੱਲੋਂ ਜੁਰਮਾਨਾ ਭਰਨ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਭਾਜਪਾ ਨੇ ਕੁਝ ਵਧੇਰੇ ਹੀ ਦਿਆਲ ਹੁੰਦਿਆਂ ਇਸ ਸਮਾਗਮ ਦੀ ਸਫਲਤਾ ਲਈ ਭਾਰਤੀ ਫੌਜ ਨੂੰ ਵੀ ਇਸ 'ਬਾਬੇ' ਦੇ ਸ਼ਰਧਾਲੂਆਂ ਦੇ ਆਉਣ ਲਈ ਯਮੁਨਾ ਉਤੇ ਵਿਸ਼ੇਸ਼ ਪੁਲ ਬਣਾਉਣ ਦੀ ਸੇਵਾ ਸੌਂਪਣ ਤੋਂ ਗੁਰੇਜ਼ ਨਹੀਂ ਕੀਤਾ। ਮੁਲਕ ਦੀਆਂ ਬਹੁ-ਗਿਣਤੀ ਸਿਆਸੀ ਪਾਰਟੀਆਂ ਦਾ ਅਜਿਹੇ ਸਾਧਾਂ-ਸੰਤਾਂ ਅਤੇ ਬਾਬਿਆਂ ਨਾਲ ਨਜ਼ਦੀਕੀ ਰਿਸ਼ਤਾ ਹੈ। ਇਸ ਦਾ ਕਾਰਨ ਇਨ੍ਹਾਂ ਕੋਲ ਵੱਡੇ ਵੋਟ ਬੈਂਕ ਹੋਣਾ ਹੈ ਅਤੇ ਸਿਆਸੀ ਨੇਤਾ ਇਸ ਲਾਲਚ ਲਈ ਨਾ ਕੇਵਲ ਇਨ੍ਹਾਂ ਦੀਆਂ ਹਰ ਕਿਸਮ ਦੀਆਂ ਆਪਹੁਦਰੀਆਂ ਅਤੇ ਗੈਰਕਾਨੂੰਨੀ ਕਾਰਵਾਈਆਂ ਤੋਂ ਹੀ ਅੱਖਾਂ ਮੀਚਦੇ ਆ ਰਹੇ ਹਨ ਬਲਕਿ ਇਨ੍ਹਾਂ ਦੀ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਸਮੇਂ ਸਮੇਂ ਮਦਦ ਵੀ ਕਰਦੇ ਹਨ।

# ਐਨ.ਆਰ.ਆਈ. ਵਿਦਿਆਰਥੀਆਂ ਨੂੰ ਪੀ.ਐਮ.ਈ.ਟੀ. ਤੋਂ ਛੋਟ

**ਫਰੀਦਕੋਟ:** ਪੰਜਾਬ ਦੇ ਮੈਡੀਕਲ ਸਿੱਖਿਆ ਵਿਭਾਗ ਨੇ ਐਨ.ਆਰ.ਆਈ. ਵਿਦਿਆਰਥੀਆਂ ਲਈ ਐਮ.ਬੀ.ਬੀ.ਐਸ. ਅਤੇ ਬੀ.ਡੀ.ਐਸ. ਵਿਚ ਦਾਖਲੇ ਲਈ ਪੰਜਾਬ ਮੈਡੀਕਲ ਦਾਖਲਾ ਪ੍ਰੀਖਿਆ (ਪੀ.ਐਮ.ਈ.ਟੀ.) ਲਾਜ਼ਮੀ ਪਾਸ ਕਰਨ ਦੀ ਸ਼ਰਤ ਖ਼ਤਮ ਕਰ ਦਿੱਤੀ ਹੈ।

ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਹੁਣ ਐਨ.ਆਰ.ਆਈ. ਵਿਦਿਆਰਥੀਆਂ ਨੂੰ ਪੰਜਾਬ ਦੇ 21 ਮੈਡੀਕਲ ਅਤੇ ਡੈਂਟਲ ਕਾਲਜਾਂ ਵਿਚਲੀਆਂ 271 ਸੀਟਾਂ 'ਤੇ ਦਾਖਲਾ ਲੈਣ ਲਈ 12ਵੀਂ ਜਾਂ ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੌਜੀ ਸਮੇਤ ਇਸ ਦੇ ਬਰਾਬਰ ਦਾ ਇਮਤਿਹਾਨ ਪਾਸ ਕਰਨਾ ਲਾਜ਼ਮੀ ਹੋਵੇਗਾ। ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਨੂੰ ਪੀ.ਐਮ.ਈ.ਟੀ. ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਯੂਨੀਵਰਸਿਟੀ ਨੇ ਟੈਸਟ ਲਈ 15 ਮਈ ਦੀ ਤਰੀਕ ਤੈਅ ਕੀਤੀ ਹੈ। ਮੈਡੀਕਲ ਸਿੱਖਿਆ ਵਿਭਾਗ ਨੇ ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ ਮੈਨੇਜਮੈਂਟ ਅਤੇ ਸਰਕਾਰੀ ਕੋਟਾ ਸੀਟਾਂ 'ਤੇ ਫੀਸ ਵਧਾਉਣ ਦਾ ਲਾਭ ਵੀ ਦਿੱਤਾ ਹੈ।

ਪ੍ਰਾਈਵੇਟ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਸਾਢੇ ਚਾਰ ਸਾਲ ਦੇ ਕੋਰਸ ਲਈ ਪੂਰੇ ਪੰਜ ਸਾਲ ਦੀ ਫੀਸ ਭਰਨੀ ਪਵੇਗੀ। ਸਰਕਾਰੀ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀ ਫੀਸ 4.40 ਲੱਖ ਰੁਪਏ ਹੈ ਜਦਕਿ ਪ੍ਰਾਈਵੇਟ ਕਾਲਜਾਂ ਵਿਚ ਮੈਨੇਜਮੈਂਟ ਕੋਟਾ ਸੀਟ 40.29 ਲੱਖ ਰੁਪਏ ਅਤੇ ਸਰਕਾਰੀ ਕੋਟਾ ਸੀਟ 13.42 ਲੱਖ ਰੁਪਏ ਦੀ ਹੈ।

# ਪੰਜਾਬ ਵਿਧਾਨ ਸਭਾ 'ਚ ਕਰਜ਼ਾ ਨਿਬੇੜਾ ਬਿੱਲ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਖੇਤੀ ਕਰਜ਼ਿਆਂ ਦੇ ਨਿਬੇੜੇ ਲਈ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ। ਸਦਨ ਨੇ ਕੁੱਲ 13 ਬਿੱਲ ਪਾਸ ਕੀਤੇ। 'ਪੰਜਾਬ ਖੇਤੀਬਾੜੀ ਕਰਜ਼ ਨਿਬੇੜਾ ਬਿੱਲ-2016' ਦੇ ਕਾਨੂੰਨ ਦਾ ਰੂਪ ਧਾਰਨ ਕਰਨ ਤੋਂ ਬਾਅਦ ਅਜਿਹੇ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਨੂੰ ਵੱਡੀ ਰਾਹਤ ਮਿਲੇਗੀ ਜਿਹੜੇ ਸ਼ਾਹੂਕਾਰਾਂ ਨੂੰ ਮੂਲ ਰਕਮ ਨਾਲੋਂ ਦੁੱਗਣੀ ਰਕਮ ਵਾਪਸ ਕਰ ਚੁੱਕੇ ਹਨ ਪਰ ਉਨ੍ਹਾਂ 'ਤੇ ਕਰਜ਼ੇ ਦੀ ਤਲਵਾਰ ਅਜੇ ਵੀ ਲਟਕ ਰਹੀ ਹੈ। ਨਵੇਂ ਬਣਨ ਵਾਲੇ ਕਾਨੂੰਨ ਤਹਿਤ ਬਣਨ ਵਾਲਾ 'ਕਰਜ਼ਾ ਨਿਬੇੜਾ ਟ੍ਰਿਬਿਊਨਲ' ਅਜਿਹੇ ਪੀੜਤ ਕਿਸਾਨਾਂ ਦੇ ਕਰਜ਼ੇ 'ਤੇ ਲੀਕ ਫੇਰਨ ਦਾ ਅਧਿਕਾਰ ਰੱਖਦਾ ਹੋਵੇਗਾ।

ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲ 'ਚ ਵਿਆਜ ਦੀ ਦਰ ਨਿਸ਼ਚਤ ਕਰਨ ਦਾ ਅਧਿਕਾਰ ਸਰਕਾਰ ਨੇ ਆਪਣੇ ਕੋਲ ਰੱਖਿਆ ਹੈ। ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਵੱਲੋਂ ਪੇਸ਼ ਕੀਤੇ ਇਸ ਬਿਲ ਵਿਚ ਮਹੱਤਵਪੂਰਨ ਤੱਥ ਇਹ ਵੀ ਹੈ ਕਿ ਕਿਸਾਨਾਂ ਅਤੇ ਸ਼ਾਹੂਕਾਰਾਂ ਦਰਮਿਆਨ ਕਰਜ਼ੇ ਦੇ ਵਿਵਾਦ ਨੂੰ ਨਿਬੇੜਨ ਲਈ ਜ਼ਿਲ੍ਹਾ ਅਤੇ ਸੂਬਾਈ ਪੱਧਰ 'ਤੇ ਟ੍ਰਿਬਿਊਨਲਾਂ ਦਾ ਗਠਨ ਹੋਵੇਗਾ।

ਸੂਬਾਈ ਟ੍ਰਿਬਿਊਨਲ ਵੱਲੋਂ ਕਰਜ਼ੇ ਸਬੰਧੀ ਸੁਣਾਇਆ ਫ਼ੈਸਲਾ ਅੰਤਿਮ ਹੋਵੇਗਾ। ਫੋਰਮ ਅਤੇ ਟ੍ਰਿਬਿਊਨਲ ਦੀ ਮਿਆਦ ਤਿੰਨ ਸਾਲ ਹੋਵੇਗੀ। ਫੋਰਮ ਵਿਵਾਦ ਬਾਰੇ ਫ਼ੈਸਲਾ ਤਿੰਨ ਮਹੀਨਿਆਂ ਵਿਚ ਕਰੇਗੀ। ਹਰ ਸ਼ਾਹੂਕਾਰ ਕਰਜ਼ਾ ਲੈਣ ਵਾਲੇ ਨੂੰ ਪ੍ਰਮਾਣਿਤ ਪਾਸ ਬੁੱਕ ਜਾਰੀ ਕਰੇਗਾ। ਫੋਰਮ ਅਤੇ ਟ੍ਰਿਬਿਊਨਲ ਦੇ ਅੱਗੇ ਹੋਣ ਵਾਲੀ ਕਾਰਵਾਈ ਨਿਆਂਇਕ ਹੋਵੇਗੀ। ਅਦਾਲਤਾਂ ਵਿਚ ਕਿਸਾਨਾਂ ਤੇ ਸ਼ਾਹੂਕਾਰਾਂ ਦੇ ਕਰਜ਼ੇ ਵਾਲੇ ਸੁਣਵਾਈ ਅਧੀਨ ਕੇਸਾਂ ਨੂੰ ਵੀ ਟ੍ਰਿਬਿਊਨਲ ਕੋਲ ਸੁਣਵਾਈ ਲਈ ਤਬਦੀਲ ਕੀਤਾ ਜਾ ਸਕੇਗਾ। ਆੜ੍ਹਤੀਆਂ ਨੂੰ ਕਿਸਾਨੀ ਕਰਜ਼ੇ ਸਬੰਧੀ ਪੂਰਾ ਹਿਸਾਬ-ਕਿਤਾਬ ਰੱਖਣਾ ਹੋਵੇਗਾ।

ਕਰਜ਼ੇ ਦਾ ਕੋਈ ਵੀ ਲੈਣਦਾਰ ਜਾਂ ਦੇਣਦਾਰ ਕਰਜ਼ੇ ਦੇ ਨਿਪਟਾਰੇ ਲਈ ਜ਼ਿਲ੍ਹਾ ਪੱਧਰੀ ਫੋਰਮ ਅੱਗੇ ਪਟੀਸ਼ਨ ਦਾਇਰ ਕਰ ਸਕਦਾ ਹੈ। ਜੇ ਕੋਈ ਫੋਰਮ ਦੇ ਫ਼ੈਸਲੇ ਤੋਂ ਸੰਤੁਸ਼ਟ ਨਹੀਂ ਹੁੰਦਾ ਤਾਂ ਉਹ ਸੂਬਾ ਪੱਧਰੀ ਟ੍ਰਿਬਿਊਨਲ ਅੱਗੇ ਆਪਣੀ ਅਪੀਲ ਦਾਇਰ ਕਰ ਸਕਦਾ ਹੈ। ਇਹ ਫੋਰਮ 15 ਲੱਖ ਰੁਪਏ ਤੱਕ ਦੇ ਖੇਤੀ ਕਰਜ਼ੇ ਦਾ ਨਿਪਟਾਰਾ ਕਰ ਸਕਦੀ ਹੈ। ਇਸ ਬਿੱਲ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕਵਰ ਕੀਤਾ ਗਿਆ ਹੈ। ਸੂਬਾਈ ਟ੍ਰਿਬਿਊਨਲ ਦੇ ਫ਼ੈਸਲੇ ਨੂੰ ਅੰਤਿਮ ਮੰਨਿਆ ਜਾਵੇਗਾ ਜਿਸ ਨੂੰ ਕਿਸੇ ਵੀ ਅਦਾਲਤ ਵਿਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਦੀ ਖੈਰ ਨਹੀਂ

*(ਸਫਾ ਇਕ ਦੀ ਬਾਕੀ)*

ਨੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਸ੍ਰੀ ਮਦ ਭਗਵਤ ਗੀਤਾ, ਕੁਰਾਨ ਸ਼ਰੀਫ਼ ਤੇ ਬਾਈਬਲ ਦੀ ਬੇਅਦਬੀ ਲਈ ਵੀ ਉਮਰ ਕੈਦ ਕੀਤੇ ਜਾਣ ਦੀ ਸੋਧ ਪੇਸ਼ ਕੀਤੀ, ਪਰ ਸਦਨ ਨੇ ਬਹੁਸੰਮਤੀ ਨਾਲ ਇਹ ਤਜਵੀਜ਼ ਰੱਦ ਕਰ ਦਿੱਤੀ।

ਯਾਦ ਰਹੇ ਕਿ ਪਿਛਲੇ ਵਰ੍ਹੇ ਪੰਜਾਬ ਭਰ ਵਿਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਵੱਡੇ ਪੱਧਰ 'ਤੇ ਰੋਹ ਉੱਠ ਖਲੋਤਾ ਸੀ ਜਿਸ ਕਾਰਨ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਸਰਕਾਰ 'ਤੇ ਦੋਸ਼ ਲੱਗ ਰਹੇ ਹਨ ਕਿ ਉਹ ਅੱਜ ਤੱਕ ਅਜਿਹੇ ਕਾਰੇ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਵਿਚ ਨਾਕਾਮ ਰਹੀ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਇਸ ਪਾਸੇ ਸਖਤੀ ਵਿਖਾਉਣ ਦੀ ਰੌਂਅ ਵਿਚ ਹੈ। ਸਰਕਾਰ ਨੇ ਭਾਵੇਂ ਅਜਿਹੀਆਂ ਘਟਨਾਵਾਂ ਦੀ ਜਾਂਚ ਲਈ ਕਮਿਸ਼ਨ ਵੀ ਬਣਾਇਆ ਹੋਇਆ ਹੈ, ਪਰ ਸਖਤ ਕਾਨੂੰਨ ਦੀ ਅਣਹੋਂਦ ਕਾਰਨ ਸਰਕਾਰ ਦੀ ਨੁਕਤਾਚੀਨੀ ਹੋ ਰਹੀ ਸੀ। ਉਧਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਪੰਜਾਬ ਵਿਧਾਨ ਸਭਾ ਦੀ ਤਰ੍ਹਾਂ ਬਾਕੀ ਸੂਬਿਆਂ ਅਤੇ ਕੇਂਦਰ ਸਰਕਾਰ ਨੂੰ ਕਾਨੂੰਨ ਵਿਚ ਸੋਧ ਕਰਨ ਦੀ ਸਲਾਹ ਦਿੰਦੇ ਹੋਏ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਸਾਫ਼ ਕਿਹਾ ਕਿ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਪ੍ਰਤੱਖ ਗੁਰੂ ਹਨ। ਇਸ ਕਰ ਕੇ ਉਨ੍ਹਾਂ ਦੇ ਬੇਅਦਬੀ ਦੀ ਸਜ਼ਾ ਉਮਰ ਕੈਦ ਹੋਣਾ ਕਾਨੂੰਨੀ ਅਤੇ ਸਮਾਜਿਕ ਤਾਣੇ-ਬਾਣੇ ਦੀ ਰੱਖਿਆ ਵਾਸਤੇ ਬਹੁਤ ਜ਼ਰੂਰੀ ਹੈ।

# ਐਸ.ਵਾਈ.ਐਲ. ਨੇ ਸਿਆਸੀ ਧਿਰਾਂ ਦੇ ਸਾਹ ਫੁਲਾਏ

**ਚੰਡੀਗੜ੍ਹ:** ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਮਸਲੇ ਨੇ ਪੰਜਾਬ ਦੇ ਹੋਰ ਸਾਰੇ ਗੰਭੀਰ ਮੁੱਦਿਆਂ ਦਾ ਰੰਗ ਫਿੱਕਾ ਪਾ ਦਿੱਤਾ। ਪਾਣੀਆਂ ਦੇ ਮੁੱਦੇ 'ਤੇ ਪੰਜਾਬ ਤੇ ਹਰਿਆਣਾ ਦੀਆਂ ਸਿਆਸੀ ਧਿਰਾਂ ਵਿਚ ਸਿੱਧੀ ਜੰਗ ਛਿੜੀ ਹੋਈ ਹੈ। ਇਸ ਮਸਲੇ ਨੇ ਦੋਵਾਂ ਸੂਬਿਆਂ ਵਿਚ ਸੱਤਾ ਸੁੱਖ ਮਾਣ ਰਹੀਆਂ ਸਿਆਸੀ ਧਿਰਾਂ ਲਈ ਸਥਿਤੀ ਔਖੀ ਵੀ ਬਣਾ ਦਿੱਤਾ ਹੈ। ਦੋਵਾਂ ਸੂਬਿਆਂ ਵਿਚ ਅਕਾਲੀ-ਭਾਜਪਾ ਭਾਈਵਾਲਾਂ ਦੀ ਸਰਕਾਰ ਹੈ ਤੇ ਇਸ ਮੁੱਦੇ 'ਤੇ ਅਕਾਲੀਆਂ ਨੇ ਨਾਲ-ਨਾਲ ਭਾਜਪਾ ਆਗੂਆਂ ਦੇ ਸੁਰ ਵੀ ਵੱਖੋ ਵੱਖਰੇ ਹਨ। ਹਰਿਆਣਾ ਵਿਚ ਭਾਜਪਾ ਦੀ ਸਰਕਾਰ ਜਿਥੇ ਪੰਜਾਬ ਵਿਧਾਨ ਸਭਾ ਵਿਚ ਨਹਿਰ ਲਈ ਐਕਵਾਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਵਿਰੋਧ ਕਰ ਰਹੀ ਹੈ, ਉਥੇ ਪੰਜਾਬ ਦੇ ਭਾਜਪਾ ਆਗੂ ਇਸ ਦੇ ਹੱਕ ਵਿਚ ਖੜ੍ਹੇ ਹਨ।

ਦਰਅਸਲ, ਪੰਜਾਬ ਤੇ ਹਰਿਆਣਾ ਦੀਆਂ ਸਿਆਸੀ ਧਿਰਾਂ ਦੋਵਾਂ ਸੂਬਿਆਂ ਲਈ ਪਾਣੀ ਦੀ ਅਹਿਮੀਅਤ ਨੂੰ ਸਮਝਦੀਆਂ ਹਨ। ਪੰਜਾਬ ਵਿਚ ਅਗਲੇ ਵਰ੍ਹੇ ਵਿਧਾਨ ਸਭਾ ਚੋਣਾਂ ਹਨ ਤੇ ਪੰਜਾਬ ਭਾਜਪਾ ਦੇ ਨਾਲ-ਨਾਲ ਭਾਈਵਾਲ ਅਕਾਲੀ ਦਲ ਲਈ ਵੀ ਸਥਿਤੀ ਔਖੀ ਬਣੀ ਹੋਈ ਹੈ। ਅਕਾਲੀ ਦਲ ਲਈ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਇਸ ਮਸਲੇ 'ਤੇ ਕੇਂਦਰ ਵਿਚ ਭਾਈਵਾਲਾਂ ਦੀ ਭਾਜਪਾ ਸਰਕਾਰ ਵੀ ਹਰਿਆਣੇ ਦੇ ਹੱਕ ਵਿਚ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੂੰ ਇਹ ਵੀ ਸਵਾਲ ਕੀਤਾ ਜਾ ਰਿਹਾ ਹੈ ਕਿ ਪਾਣੀਆਂ ਦੇ ਹੱਕ ਲਈ ਜਿਸ ਤਰ੍ਹਾਂ ਹੁਣ ਸਰਗਰਮੀ ਦਿਖਾਈ ਜਾ ਰਹੀ ਹੈ, ਜੇਕਰ ਪਹਿਲਾਂ ਇੰਨੀ ਹਿੰਮਤ ਕੀਤੀ ਹੁੰਦੀ ਤਾਂ ਨੌਬਤ ਇਥੋਂ ਤੱਕ ਨਹੀਂ ਸੀ ਪਹੁੰਚਣੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਜ਼ਹਿਰੀਲੀ ਸ਼ਰਾਬ ਨਾਲ 24 ਮੌਤਾਂ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ ਵਿਚ ਹੋਲੀ ਸਮਾਗਮ ਦੌਰਾਨ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਛੇ ਔਰਤਾਂ ਸਣੇ ਘੱਟੋ-ਘੱਟ 24 ਹਿੰਦੂਆਂ ਦੀ ਮੌਤ ਹੋ ਗਈ। ਦੋ ਸਾਲ ਪਹਿਲਾਂ ਵੀ ਇਸੇ ਸੂਬੇ ਵਿਚ ਅਜਿਹਾ ਹਾਦਸਾ ਹੋਇਆ ਸੀ।

ਪੁਲਿਸ ਮੁਤਾਬਕ ਟਾਂਡੋ ਮੁਹੰਮਦ ਖ਼ਾਨ ਜ਼ਿਲ੍ਹੇ ਦੇ ਇਕ ਹਸਪਤਾਲ ਵਿਚ 35 ਆਦਮੀਆਂ ਨੂੰ ਭਰਤੀ ਕਰਵਾਇਆ ਗਿਆ ਸੀ ਜਿਥੇ 24 ਦੀ ਮੌਤ ਹੋ ਗਈ। ਹੈਦਰਾਬਾਦ ਦੇ ਸੀਨੀਅਰ ਪੁਲਿਸ ਅਧਿਕਾਰੀ ਹੱਕ ਨਵਾਜ਼ ਨੇ ਕਿਹਾ ਕਿ ਇਹ ਲੋਕ ਹੋਲੀ ਸਮਾਗਮ ਮਨਾ ਰਹੇ ਸਨ ਤੇ ਇਨ੍ਹਾਂ ਨੇ ਟਾਂਡੋ ਮੁਹੰਮਦ ਖ਼ਾਨ ਦੇ ਕਿਸੇ ਤਸਕਰ ਪਾਸੋਂ ਸਸਤੀ, ਘਰ ਦੀ ਕੱਢੀ ਸ਼ਰਾਬ ਖਰੀਦੀ ਸੀ। ਇਸ ਦੌਰਾਨ ਹਾਦਸੇ ਬਾਅਦ ਲੋਕਾਂ ਨੇ ਨਾਜਾਇਜ਼ ਸਰਾਬ ਦੀ ਵਿਕਰੀ ਰੋਕਣ ਵਿਚ ਅਸਫ਼ਲ ਰਹਿਣ 'ਤੇ ਪੁਲਿਸ ਵਿਰੁਧ ਪ੍ਰਦਰਸ਼ਨ ਕੀਤਾ।

ਇਲਾਕੇ ਦੇ ਐਸ.ਐਚ.ਓ. ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਦੇਸੀ ਸ਼ਰਾਬ ਕੱਢਣ ਦੇ ਦੋਸ਼ ਵਿਚ ਦੋ ਜਣਿਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਯਾਦ ਰਹੇ ਕਿ 2014 ਵਿਚ ਹੈਦਰਾਬਾਦ ਅਤੇ ਕਰਾਚੀ ਵਿਚ ਈਦ ਮੌਕੇ ਜ਼ਹਿਰੀਲੀ ਸ਼ਰਾਬ ਪੀਣ ਕਾਰਨ 29 ਜਾਨਾਂ ਗਈਆਂ ਸਨ।

# ਕੈਪਟਨ ਪਰਿਵਾਰ ਦੇ ਸਵਿੱਸ ਬੈਂਕ ਖ਼ਾਤਿਆਂ ਬਾਰੇ ਫਿਰ ਰੌਲਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਦੇ ਸਵਿਸ ਬੈਂਕ ਵਿਚਲੇ ਖ਼ਾਤਿਆਂ ਦਾ ਖ਼ੁਲਾਸਾ ਕਰਦਿਆਂ ਦੋਸ਼ ਲਾਇਆ ਕਿ ਕੈਪਟਨ ਨੇ ਆਪਣੇ ਰਾਜ (2002-07) ਦੌਰਾਨ ਪੰਜਾਬ ਦੀ ਜਨਤਾ ਦੀ ਲੁੱਟ ਕਰ ਕੇ ਵਿਦੇਸ਼ਾਂ ਵਿਚ ਲੱਖਾਂ ਡਾਲਰ ਜਮ੍ਹਾਂ ਕਰਵਾਏ ਹਨ।

'ਆਪ' ਦੇ ਕੌਮੀ ਆਗੂਆਂ ਆਸ਼ੀਸ਼ ਖੇਤਾਨ ਨੇ ਪੰਜਾਬ ਦੀ ਲੀਡਰਸ਼ਿਪ ਸੁੱਚਾ ਸਿੰਘ ਛੋਟੇਪੁਰ, ਭਗਵੰਤ ਮਾਨ, ਹਿੰਮਤ ਸਿੰਘ ਸ਼ੇਰਗਿੱਲ, ਗੁਰਪ੍ਰੀਤ ਘੁੱਗੀ, ਹਰਦੀਪ ਕਿੰਗੜਾ ਅਤੇ ਸੁਖਪਾਲ ਖਹਿਰਾ ਸਮੇਤ ਪੱਤਰਕਾਰਾਂ ਨੂੰ ਕੈਪਟਨ ਪਰਿਵਾਰ ਦੇ ਵਿਦੇਸ਼ੀ ਖ਼ਾਤਿਆਂ ਬਾਰੇ ਦਸਤਾਵੇਜ਼ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਇਸ ਪਰਿਵਾਰ ਨੇ ਸਵਿਟਜ਼ਰਲੈਂਡ ਵਿਚ ਟਰਸਟ ਅਤੇ ਕੰਪਨੀਆਂ ਬਣਾ ਕੇ ਲੱਖਾਂ ਡਾਲਰ ਜਮ੍ਹਾਂ ਕਰਵਾਏ ਹਨ। ਸ੍ਰੀ ਖੇਤਾਨ ਨੇ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਵਿਧਾਇਕਾ ਪ੍ਰਨੀਤ ਕੌਰ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਖਾਤਿਆਂ ਦੇ ਨੰਬਰ ਜਾਰੀ ਕਰਦਿਆਂ ਕਿਹਾ ਕਿ ਇਨ੍ਹਾਂ ਖਾਤਿਆਂ ਵਿਚ ਕੈਪਟਨ ਦੇ ਮੁੱਖ ਮੰਤਰੀ ਕਾਲ ਦੌਰਾਨ ਵੱਡੀ ਮਾਤਰਾ ਵਿਚ ਡਾਲਰ ਜਮ੍ਹਾਂ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਪਰਿਵਾਰ ਵੱਲੋਂ ਬਣਾਏ ਗਏ ਟਰੱਸਟ ਅਤੇ ਕੰਪਨੀਆਂ ਵਿਚ ਉਨ੍ਹਾਂ ਦੇ ਬੱਚੇ ਅਤੇ ਰਣਇੰਦਰ ਦੇ ਸਹੁਰਾ ਵੀ ਲਾਭਕਾਰੀ ਦਿਖਾਏ ਗਏ ਹਨ। ਇਨ੍ਹਾਂ ਵਿਚੋਂ ਕੁਝ ਖਾਤੇ 4 ਜੁਲਾਈ ਅਤੇ 26 ਜੁਲਾਈ 2005 ਨੂੰ ਖੋਲ੍ਹੇ ਗਏ ਹਨ। ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਉਹ ਕੈਪਟਨ ਦਾ ਕੱਚਾ ਚਿੱਠਾ ਲੋਕ ਸਭਾ ਵਿਚ ਨਸ਼ਰ ਕਰ ਕੇ ਇਸ ਘਪਲੇ ਨੂੰ ਲੋਕ ਸਭਾ ਦੀ ਮਰਿਆਦਾ ਕਮੇਟੀ ਹਵਾਲੇ ਕਰਨ ਦੀ ਮੰਗ ਉਠਾਉਣਗੇ।

ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਅਜਿਹੇ ਦੋਸ਼ ਚੋਣ ਮਾਹੌਲ ਆਪਣੇ ਹੱਕ ਵਿਚ ਕਰਨ ਲਈ ਲਾਏ ਜਾ ਰਹੇ ਹਨ, ਇਨ੍ਹਾਂ ਵਿਚ ਕੋਈ ਸਚਾਈ ਨਹੀਂ ਹੈ।

## ਗੋਰੇ ਸਿੱਖਾਂ ਵੱਲੋਂ ਲਾਸ ਏਂਜਲਸ 'ਚ ਨਗਰ ਕੀਰਤਨ 10 ਅਪਰੈਲ ਨੂੰ

**ਫਰਿਜ਼ਨੋ:** ਲਾਸ ਏਂਜਲਸ ਵਿਚ ਸਵਰਗੀ ਹਰਭਜਨ ਸਿੰਘ ਯੋਗੀ ਦੁਆਰਾ ਵਰੋਸਾਏ ਗਏ ਗੋਰੇ ਸਿੱਖਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ 10 ਅਪਰੈਲ, ਐਤਵਾਰ ਨੂੰ ਕਨਵੈਨਸ਼ਨ ਸੈਂਟਰ (1201 ਫਿਗੌਰਾ ਸਟਰੀਟ, ਲਾਸ ਏਂਜਲਸ) 'ਤੇ ਕਰਵਾਇਆ ਜਾ ਰਿਹਾ ਹੈ। ਗੁਰੂ ਰਾਮ ਦਾਸ ਆਸਰਮ (1620 ਪਰੀਸਸ ਰੋਡ, ਲਾਸ ਏਂਜਲਸ) ਵਿਖੇ ਅੰਮ੍ਰਿਤ ਸੰਚਾਰ ਸਵੇਰੇ 3 ਵਜੇ ਹੋਵੇਗਾ ਅਤੇ ਕੀਰਤਨ ਦਰਬਾਰ ਸਵੇਰੇ 6 ਵਜੇ ਸ਼ੁਰੂ ਹੋਵੇਗਾ। ਨਗਰ ਕੀਰਤਨ ਸਵੇਰੇ 7 ਵਜੇ ਅਰੰਭ ਹੋਵੇਗਾ ਜੋ ਸ਼ਾਮ 4:30 ਵਜੇ ਗੁਰੂ ਘਰ ਵਾਪਸ ਆਵੇਗਾ।

ਇਹ ਜਾਣਕਾਰੀ ਦਿੰਦਿਆਂ ਫਰਿਜ਼ਨੋ ਤੋਂ ਭਾਈ ਦਾਰਾ ਸਿੰਘ ਨੇ ਦੱਸਿਆ ਕਿ ਨਗਰ ਕੀਰਤਨ ਵਿਚ ਫਰਿਜ਼ਨੋ ਦੀਆਂ ਸੰਗਤਾਂ ਵਲੋਂ ਜੂਸ ਅਤੇ ਲੰਗਰ ਦੇ ਸਟਾਲ ਲਾਏ ਜਾਣਗੇ।

## Matrimonial

### ਲੜਕੀ ਦੀ ਲੋੜ ਹੈ

Ramgariah family looking for a suitable Ramgariah girl for their US born Sr. financial analyst son 32 years. Please contact: jsnov1973@aol.com 12-15

Wanted suitable girl preferable in medical field for a US Citizen Kharti Sikh boy, Age 30, Bachelor in premed biology. Contact, Ph: 630-506-7888 11-

ਰਵਿਦਾਸੀਏ ਸਿੱਖ, ਉਮਰ 28 ਸਾਲ, 5'-11", ਫਾਰਮੇਸੀ ਡਿਗਰੀ ਅਤੇ ਐਮ ਬੀ ਏ ਵਰਕ ਪਰਮਿਟ 'ਤੇ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 972-814-4087 9-12

**Punjab Time**
*Punjabtimes1@gmail.com*


# Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage



*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*



# ਕੁਕ ਤੇ ਵੇਟਰ ਦੀ ਲੋੜ ਹੈ

**ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਕੁਕ ਤੇ ਵੇਟਰ ਦੀ ਲੋੜ ਹੈ**

*ਸੰਪਰਕ ਕਰੋ:*

**ਫੋਨ: 850-510-3046**



# ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ

**ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ**






**Upgrade your Security Cameras to High Definition at very reasonable prices**

***For a Free Demo of our new HD Cameras Please Contact us*: Balbir S Sidhu**

**209-495-3905 (Cell)**
**www.dvrunlimited.com**
**Toll Free (888) 233-4566**

**DVRunlimited Inc.**
**Installation Available**



# Golden State Realty

**9912 Kapalua Ln., Elk Grove, CA 95624**

***Please Contact For***
**Commercial or Residential Needs**



**Sohanpreet (Sam) Chahal**
**CA Lic. 01504071**
**Realtor/CEO**
**CRE Group Inc.**
**Multi Million Dollar Producers 2009 to 2014**

*ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ*

***Call: Sohanpreet 'Sam' Chahal***
**Ph: 916-612-5773**

**email:** samchahal@hotmail.com

***Serving all over California***

# ਸ਼ਰਾਬੀਆਂ ਦੇ ਸਾਰੇ ਗਿਲੇ ਦੂਰ ਕਰੇਗੀ ਸਰਕਾਰ ਦੀ ਨਵੀਂ ਨੀਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਾਲ 2016-17 ਲਈ ਪ੍ਰਵਾਨ ਕੀਤੀ ਗਈ ਨਵੀਂ ਆਬਕਾਰੀ ਨੀਤੀ ਵਿਚ ਸ਼ਰਾਬੀਆਂ ਦਾ ਖਾਸ ਖਿਆਲ ਰੱਖਿਆ ਗਿਆ ਹੈ। ਸਰਕਾਰ ਨੇ ਸੂਬੇ ਦੇ ਸ਼ਰਾਬ ਪੀਣ ਵਾਲੇ ਲੋਕਾਂ ਦਾ ਸਿਰ ਵੱਧ ਘੁਮਾਉਣ ਵਾਲੀ 50 ਦੀ ਥਾਂ 75 ਡਿਗਰੀ ਵਾਲੀ ਦੇਸੀ ਸ਼ਰਾਬ ਵੇਚਣ ਨੂੰ ਉਤਸ਼ਾਹਤ ਕਰਨ ਲਈ ਇਸ ਤੋਂ ਵਿਸ਼ੇਸ਼ ਲਾਇਸੈਂਸ ਫੀਸ 20 ਰੁਪਏ ਤੋਂ ਘਟਾ ਕੇ 5 ਰੁਪਏ ਪ੍ਰਤੀ ਪਰੂਫ ਲਿਟਰ ਕਰ ਦਿੱਤੀ ਹੈ। ਇਸ ਨਾਲ ਜਿਥੇ ਸ਼ਰਾਬ ਪੀਣ ਵਾਲੇ ਲੋਕਾਂ ਦੀ ਸਿਹਤ ਨੂੰ ਹੋਰ ਵੱਧ ਨੁਕਸਾਨ ਹੋਵੇਗਾ, ਉਥੇ ਸ਼ਰਾਬ ਦੇ ਠੇਕੇਦਾਰਾਂ ਨੂੰ ਵੀ 15 ਰੁਪਏ ਪ੍ਰਤੀ ਪਰੂਫ ਲਿਟਰ ਦਾ ਫਾਇਦਾ ਹੋਵੇਗਾ।



ਲੋਕਾਂ ਦੇ ਸਖਤ ਵਿਰੋਧ ਕਾਰਨ ਭਾਵੇਂ ਸਰਕਾਰ ਨੇ ਪਰਚੂਨ ਠੇਕਿਆਂ ਦੀ ਗਿਣਤੀ ਵਿਚ ਤਾਂ ਵਾਧਾ ਨਹੀਂ ਕੀਤਾ, ਪਰ ਦੇਸੀ ਸ਼ਰਾਬ ਦਾ ਕੋਟਾ ਚਾਲੂ ਵਿੱਤੀ ਸਾਲ ਦੇ 9.80 ਤੋਂ ਵਧਾ ਕੇ 10.30 ਕਰੋੜ ਪਰੂਫ ਲਿਟਰ ਕਰ ਦਿੱਤਾ ਹੈ। ਇਸੇ ਤਰ੍ਹਾਂ ਮੁਲਕ ਵਿਚ ਬਣੀ ਅੰਗਰੇਜ਼ੀ ਸ਼ਰਾਬ ਦਾ ਕੋਟਾ 4.50 ਤੋਂ ਵਧਾ ਕੇ 4.75 ਕਰੋੜ ਪਰੂਫ ਲਿਟਰ ਕਰ ਦਿੱਤਾ ਹੈ। ਇੰਨਾ ਹੀ ਨਹੀਂ, ਸਰਕਾਰ ਨੇ ਇਸ ਮੁੱਢਲੇ ਕੋਟੇ ਉਤੇ 20 ਫੀਸਦੀ ਦੀ ਦਰ ਨਾਲ ਵਾਧੂ ਕੋਟਾ ਵੀ ਰਿਆਇਤੀ ਦਰਾਂ 'ਤੇ ਸ਼ਰਾਬ ਦੇ ਠੇਕੇਦਾਰਾਂ ਨੂੰ ਮੁਹੱਈਆ ਕਰਵਾਉਣ ਲਈ ਵਚਨਬੱਧਤਾ ਪ੍ਰਗਟਾਈ ਹੈ। ਦੇਸੀ ਅਤੇ ਅੰਗਰੇਜ਼ੀ ਸ਼ਰਾਬ ਤੋਂ ਇਲਾਵਾ ਬੀਅਰ ਦਾ ਕੋਟਾ ਵੀ 312 ਤੋਂ ਵਧਾ ਕੇ 330 ਲੱਖ ਬਲਕ ਲਿਟਰ ਕਰ ਦਿੱਤਾ ਹੈ। ਪੰਜਾਬੀਆਂ ਨੂੰ ਵੱਖ ਵੱਖ ਕਿਸਮਾਂ ਦੀ ਬੀਅਰ ਪਿਲਾਉਣ ਦਾ ਸ਼ੌਕੀਨ ਬਣਾਉਣ ਲਈ ਡੱਬਾਬੰਦ ਬੀਅਰ ਉਤੇ ਦਰਾਮਦੀ ਡਿਊਟੀ ਖਤਮ ਕਰ ਦਿੱਤੀ ਹੈ।

ਇਸ ਤੋਂ ਇਲਾਵਾ ਕਾਰਪੋਰੇਸ਼ਨ ਵਾਲੇ ਸ਼ਹਿਰਾਂ ਵਿਚ ਸ਼ਰਾਬ ਦੀਆਂ ਮਾਡਲ ਦੁਕਾਨਾਂ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਹੈ ਜਿਥੇ ਕੋਈ ਵੀ ਵਿਅਕਤੀ ਬਿਨਾਂ ਕਿਸੇ ਹਿਚਕਿਚਾਹਟ ਤੋਂ ਸ਼ਰਾਬ ਖਰੀਦ ਸਕੇਗਾ। ਪਿਛਲੇ ਸਾਲ ਵਾਂਗ ਹੀ ਸਰਕਾਰ ਨੇ ਨਵੀਂ ਆਬਕਾਰੀ ਨੀਤੀ ਨੂੰ ਪ੍ਰਵਾਨਗੀ ਦਿੰਦਿਆਂ ਸੂਬੇ ਦੇ ਲੋਕਾਂ ਦੀ ਸਿਹਤ ਦਾ ਖਿਆਲ ਘੱਟ ਪਰ ਸ਼ਰਾਬ ਦੀ ਵਿਕਰੀ ਦੇ ਬਲਬੂਤੇ ਸਰਕਾਰੀ ਖਜ਼ਾਨਾ ਭਰਨ ਨੂੰ ਵੱਧ ਤਰਜੀਹ ਦਿੱਤੀ ਹੈ।

ਨਵੀਂ ਆਬਕਾਰੀ ਨੀਤੀ ਤਹਿਤ ਸਰਕਾਰ ਨੇ ਪਿਛਲੇ ਸਾਲ ਦੇ ਮੁਕਾਬਲੇ ਆਗਾਮੀ ਵਿੱਤੀ ਵਰ੍ਹੇ ਵਿਚ ਸ਼ਰਾਬ ਦੀ ਵਿਕਰੀ ਤੋਂ 440 ਕਰੋੜ ਵੱਧ ਕਮਾਈ ਕਰਨ ਦਾ ਟੀਚਾ ਰੱਖਿਆ ਹੈ ਜਿਸ ਦਾ ਸਿੱਧਾ ਅਰਥ ਹੈ ਕਿ ਸੂਬੇ ਦੇ ਲੋਕਾਂ ਨੂੰ ਅਗਲੇ ਸਾਲ ਵਿਚ 440 ਕਰੋੜ ਰੁਪਏ ਹੋਰ ਵੱਧ ਸ਼ਰਾਬ ਪਿਲਾ ਕੇ ਮਦਹੋਸ਼ ਕੀਤਾ ਜਾਵੇਗਾ। ਨਵੀਂ ਆਬਕਾਰੀ ਨੀਤੀ ਸਰਕਾਰ ਸੂਬੇ ਦੇ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਵਿਚੋਂ 5440 ਰੁਪਏ ਆਬਕਾਰੀ ਕਰ ਤੇ ਵੈਟ ਜ਼ਰੀਏ ਹਥਿਆ ਲਵੇਗੀ। ਇਸ ਤੋਂ ਇਲਾਵਾ ਦੇਸੀ ਸ਼ਰਾਬ ਦੀਆਂ ਤਕਰੀਬਨ 27.50 ਕਰੋੜ, ਅੰਗਰੇਜ਼ੀ ਸ਼ਰਾਬ ਦੀਆਂ 8.50 ਕਰੋੜ ਅਤੇ ਬੀਅਰ ਦੀਆਂ ਪੰਜ ਕਰੋੜ ਤੋਂ ਵੱਧ ਬੋਤਲਾਂ ਪਿਲਾ ਕੇ ਲਗਪਗ 82 ਅਰਬ ਰੁਪਏ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਵਿਚੋਂ ਰਸੂਖਵਾਨਾ ਦੇ ਜੋਟੀਦਾਰ ਠੇਕੇਦਾਰਾਂ ਨੇ ਕੱਢ ਲੈਣੇ ਹਨ।

### ਸ਼ਰਾਬ ਦੇ ਪੈਸੇ ਨਾਲ ਸਮਾਜ ਸੇਵਾ

**ਚੰਡੀਗੜ੍ਹ:** ਪਿਛਲੇ ਸਾਲ ਵਾਂਗ ਹੀ ਸਰਕਾਰ ਨੇ ਸ਼ਰਾਬ ਦੀ ਵਿਕਰੀ ਵਧਾ ਕੇ ਸਿੱਖਿਆ, ਖੇਡਾਂ ਤੇ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਵਿਰਾਸਤੀ ਥਾਂਵਾਂ ਦੀ ਸਾਂਭ-ਸੰਭਾਲ ਕਰਨ ਦੀ ਬੇਅਸੂਲੀ ਅਤੇ ਅਨੈਤਿਕ ਨੀਤੀ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਨੀਤੀ ਤਹਿਤ ਸ਼ਰਾਬ ਦੇ ਕੁੱਲ ਕੋਟੇ ਉੱਤੇ ਵਾਧੂ ਲਾਇਸੈਂਸ ਫੀਸ 23 ਰੁਪਏ ਤੋਂ ਵਧਾ ਕੇ 29 ਰੁਪਏ ਪ੍ਰਤੀ ਪਰੂਫ ਲਿਟਰ ਕਰ ਦਿੱਤੀ ਹੈ ਜਿਸ ਨਾਲ 300 ਕਰੋੜ ਰੁਪਏ ਹੋਰ ਸ਼ਰਾਬ ਪੀਣ ਵਾਲੇ ਲੋਕਾਂ ਦੀਆਂ ਜੇਬਾਂ ਵਿਚੋਂ ਨਿਕਲ ਜਾਣੇ ਹਨ। ਇਹ ਕਹੀ ਵਿਡੰਬਣਾ ਹੈ ਕਿ ਪਹਿਲਾਂ ਤਾਂ ਸ਼ਰਾਬ ਪਿਲਾ ਕੇ ਲੋਕਾਂ ਨੂੰ ਸਿੱਖਿਆ, ਖੇਡਾਂ, ਸੱਭਿਆਚਾਰ ਅਤੇ ਸਿਹਤ ਤੋਂ ਦੂਰ ਕਰੋ ਅਤੇ ਫਿਰ ਉਸ ਦੀ ਆਮਦਨ ਨਾਲ ਇਨ੍ਹਾਂ ਦਾ ਵਿਕਾਸ ਤੇ ਸਾਂਭ-ਸੰਭਾਲ ਕਰੋ।

### ਬਿਹਾਰ 'ਚ ਸ਼ਰਾਬ ਪੀਤੀ ਤਾਂ ਹੋਵੇਗੀ 10 ਸਾਲ ਕੈਦ

**ਪਟਨਾ:** ਬਿਹਾਰ ਵਿਚ ਪਹਿਲੀ ਅਪਰੈਲ ਤੋਂ ਸ਼ਰਾਬ ਪੀਣ ਦੀ ਮਨਾਹੀ ਕੀਤੀ ਗਈ ਹੈ। ਬਿਹਾਰ ਮੰਤਰੀ ਮੰਡਲ ਵੱਲੋਂ ਪਾਸ ਕੀਤੇ ਨਵੇਂ ਕਾਨੂੰਨ ਮੁਤਾਬਕ ਬਿਹਾਰ ਵਿਚ ਸ਼ਰਾਬ ਪੀਂਦੇ ਫੜੇ ਜਾਣ 'ਤੇ 10 ਸਾਲ ਤੱਕ ਕੈਦ ਤੇ ਇਕ ਲੱਖ ਤੋਂ ਲੈ ਕੇ ਪੰਜ ਲੱਖ ਤੱਕ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਤਹਿਤ ਜੇਕਰ ਕਿਸੇ ਬੇਗੁਨਾਹ ਦੀ ਗ੍ਰਿਫਤਾਰੀ ਹੁੰਦੀ ਹੈ ਤਾਂ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਕਰਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਹ ਕਾਨੂੰਨ ਪਹਿਲੀ ਅਪਰੈਲ ਤੋਂ ਲਾਗੂ ਹੋਵੇਗਾ।

# ਕੌਮਾਂਤਰੀ ਉਡਾਣਾਂ ਬਾਰੇ ਹਾਈ ਕੋਰਟ ਦੀ ਫਿਟਕਾਰ

**ਚੰਡੀਗੜ੍ਹ:** ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਵਿਚ ਹੋ ਰਹੀ ਦੇਰੀ ਦੇ ਮਾਮਲੇ ਵਿਚ ਹਾਈ ਕੋਰਟ ਨੇ ਸਖਤ ਵਤੀਰਾ ਅਪਣਾਉਂਦਿਆਂ ਕੇਂਦਰ ਸਰਕਾਰ ਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਨੂੰ ਫਟਕਾਰ ਲਗਾਉਂਦਿਆ ਕਿਹਾ ਹੈ ਕਿ ਜੇਕਰ ਉਡਾਣਾਂ ਬਾਰੇ ਬਿਓਰਾ ਹਾਈ ਕੋਰਟ 'ਚ ਪੇਸ਼ ਨਾ ਕੀਤਾ ਤਾਂ ਸਖਤ ਕਾਰਵਾਈ ਦੇ ਹੁਕਮ ਸੁਣਾਏ ਜਾ ਸਕਦੇ ਹਨ।




ਡਿਵੀਜ਼ਨ ਬੈਂਚ ਨੇ ਸੰਕੇਤ ਦਿੱਤਾ ਕਿ ਜੇਕਰ ਹੁਕਮਾਂ ਦੀ ਪਾਲਣਾ ਨਾ ਹੋਈ ਤਾਂ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਪਿੱਛੇ ਦੇਰੀ ਦਾ ਕਾਰਨ ਬਣੇ ਰਹੇ ਅਧਿਕਾਰੀਆਂ ਖਿਲਾਫ ਸੀ.ਬੀ.ਆਈ. ਜਾਂਚ ਸ਼ੁਰੂ ਕੀਤੀ ਜਾ ਸਕਦੀ ਹੈ। ਬੈਂਚ ਨੇ ਕਿਹਾ ਕਿ ਹਵਾਈ ਅੱਡੇ 'ਤੇ 1400 ਕਰੋੜ ਰੁਪਏ ਖਰਚਣ ਦੇ ਬਾਵਜੂਦ ਅਜੇ ਤੱਕ ਕੌਮਾਂਤਰੀ ਉਡਾਣਾਂ ਨਹੀਂ ਸ਼ੁਰੂ ਹੋਈਆਂ। ਦੱਸਣਯੋਗ ਹੈ ਕਿ ਮਾਮਲੇ ਦੀ ਪਿਛਲੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਕੌਮਾਂਤਰੀ ਉਡਾਣਾਂ ਦੇ ਲਈ ਏਅਰਲਾਈਨ ਕੰਪਨੀਆਂ ਦੀਆਂ ਅਰਜ਼ੀਆਂ 'ਤੇ ਦੋ ਹਫਤਿਆਂ ਵਿਚ ਫੈਸਲਾ ਲੈਣ ਦੇ ਹੁਕਮ ਦੇ ਨਾਲ-ਨਾਲ ਸਾਰੀ ਸਥਿਤੀ ਸਪੱਸ਼ਟ ਕਰਨ ਦੇ ਹੁਕਮ ਦਿੱਤੇ ਸਨ। ਕੇਂਦਰ ਸਰਕਾਰ ਤੇ ਏਅਰਪੋਰਟ ਅਥਾਰਟੀ ਨੇ ਸਿਰਫ ਸਥਿਤੀ ਦਾ ਹਵਾਲਾ ਦਿੰਦਿਆਂ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਸਬੰਧੀ ਜਵਾਬ ਦੇਣ ਲਈ ਹੋਰ ਸਮੇਂ ਦੀ ਮੰਗ ਕੀਤੀ।

ਮੁਹਾਲੀ ਇੰਡਸਟਰੀ ਐਸੋਸੀਏਸ਼ਨ ਨੇ ਹਾਈ ਕੋਰਟ 'ਚ ਪਟੀਸ਼ਨ ਪਾ ਕੇ ਦੋਸ਼ ਲਾਇਆ ਸੀ ਕਿ ਕਾਫੀ ਸਮਾਂ ਬੀਤਣ ਦੇ ਬਾਵਜੂਦ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਨਹੀਂ ਕੀਤੀਆਂ ਜਾ ਰਹੀਆਂ, ਜਿਸ ਕਾਰਨ ਵਿਦੇਸ਼ੀ ਨਿਵੇਸ਼ 'ਤੇ ਅਸਰ ਪੈ ਰਿਹਾ ਹੈ। ਇਸ ਦਾ ਸਭ ਤੋਂ ਵੱਧ ਪ੍ਰਭਾਵ ਇੰਡਸਟਰੀ 'ਤੇ ਪੈ ਰਿਹਾ ਹੈ। ਇਸ ਪਟੀਸ਼ਨ 'ਤੇ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਸੁਣਵਾਈ ਚੱਲ ਰਹੀ ਹੈ। ਮਾਮਲੇ ਵਿਚ ਪੰਜਾਬ ਤੇ ਹਰਿਆਣਾ ਸਰਕਾਰ ਵੀ ਆਪਣਾ ਜਵਾਬ ਦਾਇਰ ਕਰ ਚੁੱਕੀ ਹੈ।

# ਹਮਾਇਤ ਬੇਗ ਦੀ ਫਾਂਸੀ, ਉਮਰ ਕੈਦ ਵਿਚ ਬਦਲੀ

**ਮੁੰਬਈ:** ਪੁਣੇ ਵਿਚ ਜਰਮਨ ਬੇਕਰੀ ਬੰਬ ਧਮਾਕੇ ਦੇ ਮਾਮਲੇ ਵਿਚ ਦੋਸ਼ੀ ਹਮਾਇਤ ਬੇਗ ਨੂੰ ਬੰਬੇ ਹਾਈ ਕੋਰਟ ਨੇ ਵੱਡੀ ਰਾਹਤ ਦਿੰਦਿਆਂ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਹੈ। ਅਦਾਲਤ ਨੇ ਸਾਜ਼ਿਸ਼ ਅਤੇ ਬੰਬ ਪਲਾਂਟ ਕਰਨ ਦੇ ਦੋਸ਼ਾਂ ਤੋਂ ਵੀ ਉਸ ਨੂੰ ਬਰੀ ਕਰ ਦਿੱਤਾ। ਬੰਬੇ ਹਾਈ ਕੋਰਟ ਦੇ ਇਸ ਫੈਸਲੇ ਦੇ ਬਾਅਦ ਇਕ ਵਾਰ ਫਿਰ ਤੋਂ ਏ.ਟੀ.ਐਸ. ਨੂੰ ਇਕ ਵੱਡਾ ਝਟਕਾ ਲੱਗਾ ਹੈ।

ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਯੂ.ਏ.ਪੀ.ਏ. ਐਕਟ ਦੀਆਂ ਸਾਰੀਆਂ ਧਾਰਾਵਾਂ ਵਿਚ ਹਮਾਇਤ ਬੇਗ ਨੂੰ ਬਰੀ ਕਰ ਦਿੱਤਾ। ਦੱਸਣਯੋਗ ਹੈ ਕਿ ਹੇਠਲੀ ਅਦਾਲਤ ਨੇ ਇਸ ਮਾਮਲੇ ਵਿਚ ਮਿਰਜ਼ਾ ਹਮਾਇਤ ਬੇਗ ਨੂੰ ਦੋਸ਼ੀ ਠਹਿਰਾਉਂਦਿਆਂ ਹੋਇਆ ਫਾਂਸੀ ਦੀ ਸਜ਼ਾ ਸੁਣਾਈ ਸੀ। ਇਸ ਸਜ਼ਾ ਖਿਲਾਫ ਹੀ ਮਿਰਜ਼ਾ ਬੇਗ ਨੇ ਹਾਈ ਕੋਰਟ 'ਚ ਅਰਜ਼ੀ ਦਾਇਰ ਕੀਤੀ ਸੀ। ਤਕਰੀਬਨ ਚਾਰ ਮਹੀਨੇ ਤੋਂ ਇਸ ਮਾਮਲੇ ਦੇ ਸਾਰੇ ਪਹਿਲੂਆਂ 'ਤੇ ਸੁਣਵਾਈ ਕਰਨ ਦੇ ਬਾਅਦ ਬੈਂਚ ਨੇ ਦਸੰਬਰ 2015 ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ ਅਤੇ ਹੁਣ ਹਮਾਇਤ ਬੇਗ ਦੀ ਫਾਂਸੀ ਨੂੰ



ਉਮਰ ਕੈਦ ਵਿਚ ਬਦਲ ਦਿੱਤਾ, ਜਦੋਂ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ ਉਸ ਸਮੇਂ ਹਮਾਇਤ ਬੇਗ ਵੀ ਅਦਾਲਤ ਵਿਚ ਹਾਜ਼ਰ ਸੀ।

# ਪਾੜ੍ਹੇ ਨੂੰ ਸਜ਼ਾ ਦੇ ਮਸਲੇ 'ਤੇ ਖਹਿਬੜਿਆ ਅਮਰੀਕਾ

**ਵਾਸ਼ਿੰਗਟਨ:** ਉੱਤਰੀ ਕੋਰੀਆ ਵੱਲੋਂ ਅਮਰੀਕਾ ਦੇ ਵਿਦਿਆਰਥੀ ਨੂੰ 15 ਸਾਲ ਦੀ ਸਖਤ ਮੁਸ਼ੱਕਤ ਸਜ਼ਾ ਦੇਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਮਾਹੌਲ ਹੋਰ ਗਰਮਾ ਗਿਆ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਉੱਤਰੀ ਕੋਰੀਆ ਤੋਂ ਜਿਥੇ ਆਪਣੇ ਨਾਗਰਿਕ ਦੀ ਤੁਰਤ ਰਿਹਾਈ ਦੀ ਮੰਗ ਕੀਤੀ ਹੈ, ਉਥੇ ਹੀ ਉਸ ਉੱਤੇ ਨਵੀਆਂ ਪਾਬੰਦੀਆਂ ਲਾਉਣ ਦੀ ਸਿਫਾਰਸ਼ ਕੀਤੀ ਹੈ।

ਉੱਤਰੀ ਕੋਰੀਆ ਨੇ ਪਿਛਲੀ ਦਿਨੀਂ ਦੇਸ਼ ਵਿਰੋਧੀ ਕੰਮ ਕਰਨ ਦੇ ਦੋਸ਼ ਵਿਚ ਅਮਰੀਕੀ ਵਿਦਿਆਰਥੀ ਨੂੰ ਗ੍ਰਿਫਤਾਰ ਕੀਤਾ ਹੈ। 21 ਸਾਲ ਦੇ ਔਟੋ ਵਾਂਬੀਅਰ ਨੂੰ ਅਦਾਲਤ ਨੇ 15 ਸਾਲ ਦੀ ਸਜ਼ਾ ਸੁਣਾਈ ਹੈ। ਵਾਂਬੀਅਰ ਇਸ ਸਾਲ ਜਨਵਰੀ ਮਹੀਨੇ ਵਿਚ ਉੱਤਰ ਕੋਰੀਆ ਗਿਆ ਸੀ, ਜਿਥੇ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ।

ਵ੍ਹਾਈਟ ਹਾਊਸ ਦੇ ਬੁਲਾਰੇ ਨੇ ਉੱਤਰ ਕੋਰੀਆ ਉਤੇ ਦੋਸ਼ ਲਗਾਉਂਦੇ ਹੋਏ ਆਖਿਆ ਕਿ ਉਹ ਰਾਜਨੀਤਕ ਏਜੰਡੇ ਤਹਿਤ ਅਮਰੀਕੀ ਨਾਗਰਿਕਾਂ ਨੂੰ ਮੋਹਰੇ ਦੀ ਤਰ੍ਹਾਂ ਇਸਤੇਮਾਲ ਕਰ ਰਿਹਾ ਹੈ। ਦੂਜੇ ਪਾਸੇ ਸਖਤ ਰੁਖ ਅਖਤਿਆਰ ਕਰਦੇ ਹੋਏ ਅਮਰੀਕਾ ਨੇ ਉਸ ਦੇ ਉੱਤੇ ਨਵੀਆਂ ਪਾਬੰਦੀਆਂ ਲਾ ਦਿੱਤੀਆਂ ਹਨ।

ਵ੍ਹਾਈਟ ਹਾਊਸ ਅਨੁਸਾਰ ਉੱਤਰੀ ਕੋਰੀਆ ਵੱਲੋਂ ਛੇ ਜਨਵਰੀ ਨੂੰ ਕੀਤੇ ਗਏ ਪਰਮਾਣੂ ਪ੍ਰੀਖਣ ਤੋਂ ਬਾਅਦ ਉਸ ਉੱਤੇ ਨਵੀਆਂ ਪਾਬੰਦੀਆਂ ਲਾਈਆਂ ਗਈਆਂ ਹਨ।

# ਆਸਟਰੇਲੀਆ ਵਿਚ ਪੰਜਾਬੀ ਨੂੰ ਕੈਦ

**ਮੈਲਬਰਨ:** ਆਸਟਰੇਲੀਆ ਵਿਚ ਇਕ ਪੰਜਾਬੀ ਨੌਜਵਾਨ ਨੂੰ ਮਨੀ ਲੌਂਡਰਿੰਗ ਦੇ ਮਾਮਲੇ ਵਿਚ ਦੋਸ਼ੀ ਪਾਏ ਜਾਣ 'ਤੇ ਜੇਲ੍ਹ ਹੋ ਗਈ ਹੈ। ਆਸਟਰੇਲੀਅਨ ਕੋਰਟ ਨੇ 37 ਸਾਲਾ ਹਰਮੀਤ ਸਿੰਘ ਨੂੰ 14 ਮਹੀਨੇ ਦੀ ਸਜ਼ਾ ਸੁਣਾਈ ਹੈ।

ਹਰਮੀਤ ਸਿੰਘ ਆਸਟਰੇਲੀਆ ਵਿਚ ਟੈਕਸੀ ਚਲਾਉਂਦਾ ਸੀ। ਉਸ ਨੂੰ ਅਕਤੂਬਰ 2013 'ਚ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਿਫਤਾਰੀ ਵੇਲੇ ਹਰਮੀਤ ਦੀ ਟੈਕਸੀ ਵਿਚੋਂ 5 ਲੱਖ ਡਾਲਰਾਂ ਨਾਲ ਭਰਿਆ ਬੈਗ ਬਰਾਮਦ ਹੋਇਆ ਸੀ। ਉਸ ਕੋਲ ਇਸ ਵੱਡੀ ਰਕਮ ਬਾਰੇ ਕੋਈ ਵੀ ਸਪੱਸ਼ਟੀਕਰਨ ਨਹੀਂ ਸੀ। ਇਸ ਮਾਮਲੇ ਵਿਚ ਹੋਈ ਜਾਂਚ ਤੋਂ ਬਾਅਦ ਹਰਮੀਤ ਖਿਲਾਫ ਮਨੀ ਲੌਂਡਰਿੰਗ ਦਾ ਮਾਲਾ ਦਰਜ ਹੋਇਆ ਸੀ।

# ਮਿਡ ਡੇਅ ਮੀਲ 'ਚ ਲੱਸੀ ਦੇਣ ਦੀ ਯੋਜਨਾ ਤੋਂ ਪਿੱਛੇ ਹਟੀ ਸਰਕਾਰ

**ਬਠਿੰਡਾ:** ਕੇਂਦਰ ਸਰਕਾਰ ਨੇ ਹੁਣ ਮਿਡ ਡੇਅ ਮੀਲ ਵਿਚ ਲੱਸੀ ਦੇਣ ਦੀ ਯੋਜਨਾ ਰੱਦ ਕਰ ਦਿੱਤੀ ਹੈ। ਨਾਲ ਹੀ ਸੂਬਾ ਸਰਕਾਰਾਂ ਨੂੰ ਖੁੱਲ੍ਹ ਦੇ ਦਿੱਤੀ ਹੈ ਕਿ ਉਹ ਆਪਣੇ ਖਰਚੇ 'ਤੇ ਲੱਸੀ ਨੂੰ ਮਿਡ ਡੇਅ ਮੀਲ ਵਿਚ ਸ਼ਾਮਲ ਕਰ ਸਕਦੇ ਹਨ। ਮਿਲਕਫੈੱਡ ਪੰਜਾਬ ਨੇ ਆਖਿਆ ਹੈ ਕਿ ਜੇਕਰ ਪੰਜਾਬ ਸਰਕਾਰ ਮਿਡ ਡੇਅ ਮੀਲ ਵਿਚ ਲੱਸੀ ਨੂੰ ਸ਼ਾਮਲ ਕਰਦੀ ਹੈ ਤਾਂ ਉਨ੍ਹਾਂ ਕੋਲ ਲੱਸੀ ਸਪਲਾਈ ਕਰਨ ਦੀ ਵਾਧੂ ਸਮਰੱਥਾ ਹੈ।



ਦੱਸਣਯੋਗ ਹੈ ਕਿ ਮਾਨਵ ਸਰੋਤ ਮੰਤਰੀ ਸਮਿਰਤੀ ਇਰਾਨੀ ਨੇ ਜੂਨ 2014 ਵਿਚ ਮੰਤਰਾਲੇ ਕੋਲ ਇੱਛਾ ਜ਼ਾਹਰ ਕੀਤੀ ਸੀ ਕਿ ਮਿਡ ਡੇਅ ਮੀਲ ਵਿਚ ਲੱਸੀ ਦੇਣ ਦੇ ਮਾਮਲੇ 'ਤੇ ਵਿਚਾਰ ਕੀਤਾ ਜਾਵੇ। ਉਸ ਮਗਰੋਂ ਕੇਂਦਰੀ ਮਾਨਵ ਸਰੋਤ ਮੰਤਰਾਲੇ ਵੱਲੋਂ ਲੱਸੀ ਦੇਣ ਦਾ ਮੁਲਾਂਕਣ ਕੀਤਾ ਗਿਆ ਸੀ। ਕੇਂਦਰੀ ਮਾਨਵ ਸਰੋਤ ਮੰਤਰਾਲੇ ਨੇ ਤਾਜ਼ਾ ਵੇਰਵਿਆਂ ਵਿਚ ਦੱਸਿਆ ਹੈ ਕਿ ਮਿਡ ਡੇਅ ਮੀਲ ਵਿਚ ਲੱਸੀ ਨੂੰ ਸ਼ਾਮਲ ਕੀਤੇ ਜਾਣ ਦਾ ਮੁਲਾਂਕਣ ਕੀਤਾ ਗਿਆ ਸੀ, ਜਿਸ ਵਿਚ ਸਪਸ਼ਟ ਤੱਥ ਉਭਰੇ ਹਨ ਕਿ ਦੇਸ਼ ਭਰ ਦੇ ਸਾਰੇ ਸਕੂਲਾਂ ਵਿਚ ਲੱਸੀ ਦੇਣਾ ਸੰਭਵ ਨਹੀਂ ਹੈ। ਫੂਡ ਸੇਫਟੀ ਅਤੇ ਫੰਡਾਂ ਦੇ ਨਜ਼ਰੀਏ ਤੋਂ ਕੇਂਦਰ ਸਰਕਾਰ ਨੇ ਲੱਸੀ ਦੇਣ ਦੀ ਯੋਜਨਾ ਅਖੀਰ ਤਿਆਗ ਦਿੱਤੀ ਹੈ। ਮੰਤਰਾਲੇ ਨੇ ਦੱਸਿਆ ਹੈ ਕਿ ਸੂਬਾ ਸਰਕਾਰਾਂ ਆਪਣੇ ਖਰਚੇ 'ਤੇ ਮਿਡ ਡੇਅ ਮੀਲ ਵਿਚ ਲੱਸੀ ਨੂੰ ਸ਼ਾਮਲ ਕਰ ਸਕਦੀਆਂ ਹਨ। ਇਧਰ, ਪੰਜਾਬ ਸਰਕਾਰ ਕੋਲ ਇੰਨੀ ਪਹੁੰਚ ਨਹੀਂ ਕਿ ਉਹ ਬੱਚਿਆਂ ਨੂੰ ਲੱਸੀ ਪਿਲਾ ਸਕੇ।

ਪੰਜਾਬ ਦੇ 20,276 ਸਕੂਲਾਂ ਵਿਚ ਮਿਡ ਡੇਅ ਮੀਲ ਸਕੀਮ ਚੱਲ ਰਹੀ ਹੈ, ਜਿਸ ਤਹਿਤ ਕਰੀਬ 18 ਲੱਖ ਬੱਚਿਆਂ ਨੂੰ ਭੋਜਨ ਦਿੱਤਾ ਜਾ ਰਿਹਾ ਹੈ। ਅੱਪਰ ਕਲਾਸਾਂ ਨੂੰ ਪ੍ਰਤੀ ਬੱਚਾ 5.78 ਰੁਪਏ ਅਤੇ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀ ਡਾਈਟ 'ਤੇ ਪ੍ਰਤੀ ਬੱਚਾ 3.86 ਰੁਪਏ ਖਰਚ ਕੀਤੇ ਜਾ ਰਹੇ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਡਾਈਟ ਦੀ ਰਾਸ਼ੀ ਏਨੀ ਘੱਟ ਹੈ, ਜਿਸ ਵਿਚ ਲੱਸੀ ਦੇਣੀ ਸੰਭਵ ਨਹੀਂ ਹੈ। ਵੇਰਵਿਆਂ ਅਨੁਸਾਰ ਅਕਤੂਬਰ 2015 ਵਿਚ ਕੇਂਦਰੀ ਮੰਤਰਾਲੇ ਨੂੰ ਸੱਤਵੇਂ ਰੀਵਿਊ ਕਮਿਸ਼ਨ ਨੇ ਜੋ ਰਿਪੋਰਟ ਦਿੱਤੀ ਹੈ, ਉਸ ਵਿਚ ਨਿਵੇਕਲੇ ਤੱਥ ਸਾਹਮਣੇ ਆਏ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਜਿਨ੍ਹਾਂ ਸਕੂਲਾਂ ਵਿਚ ਮਿਡ ਡੇਅ ਮੀਲ ਵਿਚ ਆਂਡਾ ਦਿੱਤਾ ਜਾ ਰਿਹਾ ਹੈ, ਉਨ੍ਹਾਂ ਸਕੂਲਾਂ ਵਿਚ ਬੱਚਿਆਂ ਦੀ ਹਾਜ਼ਰੀ ਜ਼ਿਆਦਾ ਹੈ।

ਪੱਛਮੀ ਬੰਗਾਲ ਅਤੇ ਤੇਲੰਗਾਨਾ, ਉੜੀਸਾ, ਝਾਰਖੰਡ, ਅਸਾਮ, ਤ੍ਰਿਪੁਰਾ ਅਤੇ ਆਂਧਰਾ ਪ੍ਰਦੇਸ਼ ਵਿਚ ਮਿਡ ਡੇਅ ਮੀਲ ਵਿੱਚ ਆਂਡਾ ਦਿੱਤਾ ਜਾਂਦਾ ਹੈ। ਕੇਰਲਾ ਅਤੇ ਤਾਮਿਲਨਾਡੂ ਵਿਚ ਮਿਡ ਡੇਅ ਮੀਲ ਵਿਚ ਦੁੱਧ ਦਿੱਤਾ ਜਾਂਦਾ ਹੈ। ਮਿਲਕਫੈੱਡ ਲੱਸੀ ਦੀ ਮੰਗ ਪੂਰੀ ਕਰਨ ਵਾਸਤੇ ਤਿਆਰ ਬਰ ਤਿਆਰ ਹੈ। ਮਿਲਕਫੈੱਡ ਦੇ ਚੇਅਰਮੈਨ ਅਮਰਜੀਤ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਜੇਕਰ ਪੰਜਾਬ ਸਰਕਾਰ ਮਿਡ ਡੇਅ ਮੀਲ ਵਿਚ ਲੱਸੀ ਸ਼ਾਮਲ ਕਰਦੀ ਹੈ ਤਾਂ ਮਿਲਕਫੈਡ ਲੱਸੀ ਦੀ ਸਪਲਾਈ ਕਰਨ ਦੀ ਸਮਰੱਥਾ ਰੱਖਦਾ ਹੈ।

# ਪੰਜਾਬ ਵਿਚ 74 ਐਸੋਸੀਏਟ ਸਕੂਲ ਬੰਦ

**ਮੁਹਾਲੀ:** ਪੰਜਾਬ ਭਰ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ 74 ਐਸੋਸੀਏਟ ਸਕੂਲ ਬੰਦ ਕਰ ਦਿੱਤੇ ਗਏ ਹਨ ਜਦਕਿ ਸੈਂਕੜੇ ਐਸੋਸੀਏਟ ਸਕੂਲਾਂ ਨੂੰ ਸ਼ਰਤਾਂ ਪੂਰੀਆਂ ਕਰਨ ਲਈ ਇੱਕ ਸਾਲ ਦੀ ਮੋਹਲਤ ਹੋਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਵੀ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਐਸੋਸੀਏਟ ਸਕੂਲਾਂ ਨੂੰ ਦੋ ਵਾਰ ਮੋਹਲਤ ਦਿੱਤੀ ਜਾ ਚੁੱਕੀ ਹੈ। ਉਂਜ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ ਬੰਦ ਕੀਤੇ ਗਏ 74 ਐਸੋਸੀਏਟ ਸਕੂਲਾਂ ਨੂੰ ਕਈ ਵਾਰ ਸ਼ਰਤਾਂ ਪੂਰੀਆਂ ਕਰਨ ਲਈ ਆਖਿਆ ਜਾਂਦਾ ਰਿਹਾ ਹੈ, ਪਰ ਸਕੂਲ ਪ੍ਰਬੰਧਕਾਂ ਨੇ ਬੋਰਡ ਦੇ ਦਿਸ਼ਾ-ਨਿਰਦੇਸ਼ਾਂ ਨੂੰ ਬਹੁਤੀ ਤਵੱਜੋਂ ਨਹੀਂ ਦਿੱਤੀ। ਇਸ ਕਾਰਨ ਬੋਰਡ ਨੇ ਇਨ੍ਹਾਂ ਸਕੂਲਾਂ ਦੀ ਮਾਨਤਾ ਰੱਦ ਕਰ ਦਿੱਤੀ ਹੈ।

ਇਸੇ ਦੌਰਾਨ ਪੰਜਾਬ ਪ੍ਰਾਈਵੇਟ ਸਕੂਲ ਆਰਗੇਨਾਈਜੇਸ਼ਨ ਅਤੇ ਐਸੋਸੀਏਟ ਸਕੂਲ ਸੰਯੁਕਤ ਫਰੰਟ ਦੇ ਆਗੂਆਂ ਨੇ ਸਿੱਖਿਆ ਬੋਰਡ ਦੇ ਮੁੱਖ ਦਫ਼ਤਰ ਵਿਚ ਬੋਰਡ ਦੀ ਮੁਖੀ ਡਾ. ਤੇਜਿੰਦਰ ਕੌਰ ਧਾਲੀਵਾਲ ਨਾਲ ਮੀਟਿੰਗ ਕੀਤੀ। ਦੋਹਾਂ ਜਥੇਬੰਦੀਆਂ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਵਿਚ ਜ਼ਿਆਦਾਤਰ ਗ਼ਰੀਬ ਵਰਗ ਦੇ ਬੱਚੇ ਪੜ੍ਹਦੇ ਹਨ, ਲਿਹਾਜ਼ਾ ਐਸੋਸੀਏਟ ਸਕੂਲਾਂ ਨਾਲ ਨਰਮੀ ਵਰਤੀ ਜਾਵੇ। ਉਨ੍ਹਾਂ ਮੰਗ ਕੀਤੀ ਕਿ ਜਿਹੜੇ ਐਸੋਸੀਏਟ ਸਕੂਲ ਨਿਯਮਾਂ ਦੀ ਪ੍ਰਵਾਹ ਨਹੀਂ ਕਰਦੇ ਹਨ, ਉਨ੍ਹਾਂ ਦੀ ਪਛਾਣ ਕਰ ਕੇ ਤੁਰੰਤ ਮਾਨਤਾ ਰੱਦ ਕੀਤੀ ਜਾਵੇ।

## ਅਮਰੀਕੀ ਕਮਾਂਡਰ ਨੇ ਮੁਆਫ਼ੀ ਮੰਗੀ

**ਕੁੰਦੂਜ਼:** ਅਫਗਾਨਿਸਤਾਨ ਵਿਚ ਅਮਰੀਕਾ ਅਤੇ ਨਾਟੋ ਦਸਤਿਆਂ ਦੇ ਨਵੇਂ ਕਮਾਂਡਰ ਨੇ ਪਿਛਲੇ ਸਾਲ ਇੱਥੇ ਇੱਕ ਹਸਪਤਾਲ 'ਤੇ ਕੀਤੇ ਘਾਤਕ ਹਮਲੇ ਲਈ ਕੁੰਦੂਜ਼ ਵਾਸੀਆਂ ਤੋਂ ਮੁਆਫੀ ਮੰਗੀ ਹੈ।

ਇਸ ਹਮਲੇ ਵਿਚ 42 ਲੋਕ ਮਾਰੇ ਗਏ ਸਨ। ਅਮਰੀਕੀ ਫੌਜ ਦੇ ਜਨਰਲ ਜੌਹਨ ਨਿਕੋਲਸਨ ਨੇ ਸ਼ਹਿਰ ਦੀ ਯਾਤਰਾ ਕਰ ਕੇ ਦੋ ਅਕਤੂਬਰ ਦੇ ਹਮਲੇ ਵਿਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਅਤੇ ਸਥਾਨਕ ਆਗੂਆਂ ਨਾਲ ਮੁਲਾਕਾਤ ਕੀਤੀ।


# ਭਾਰਤੀ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ
ਵਧੀਆ ਲੋਕੇਸ਼ਨ 'ਤੇ ਸਥਿਤ 80 ਸੀਟਾਂ ਵਾਲਾ
ਭਾਰਤੀ ਰੈਸਟੋਰੈਂਟ ਵਿਕਾਊ ਹੈ

**New India Restaurant For Sale**

■80 Seats ■Cater Large/Small Parties
■Liquor Licenses ■Free Parking For Customers

ਸੰਪਰਕ ਕਰੋ: 317-313-9651

12

# ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

ਫੋਨ: 757-240-9348

12-14

**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

# Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: **1-408-771-2438**
satwant@satwantins.com

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**

# ਸਹਿਜਧਾਰੀਆਂ ਬਾਰੇ ਫੈਸਲੇ ਤੋਂ ਸਿੱਖ ਜਥੇਬੰਦੀਆਂ ਬਾਗੋ-ਬਾਗ

**ਅੰਮ੍ਰਿਤਸਰ:** ਕੇਂਦਰੀ ਵਜ਼ਾਰਤ ਵੱਲੋਂ ਸਹਿਜਧਾਰੀ ਵੋਟ ਅਧਿਕਾਰ ਰੱਦ ਕਰਨ ਬਾਬਤ ਪੇਸ਼ ਕੀਤੇ ਬਿੱਲ ਨੂੰ ਰਾਜ ਸਭਾ ਵਿਚ ਸਹਿਮਤੀ ਮਿਲ ਜਾਣ ਨਾਲ ਸਿੱਖ ਹਲਕਿਆਂ ਵਿਚ ਸੰਤੁਸ਼ਟੀ ਦੀ ਲਹਿਰ ਦਾ ਦੌਰ ਹੈ। ਉਕਤ ਬਿੱਲ ਰਾਜ ਸਭਾ ਉਪਰੰਤ ਬਿਨ੍ਹਾਂ ਕਿਸੇ ਵਿਵਾਦ ਦੇ ਲੋਕ ਸਭਾ ਵਿਚ ਵੀ ਪਾਸ ਹੋਣ ਦੀ ਸੰਭਾਵਨਾ ਹੈ, ਜਿਸ 'ਤੇ ਰਾਸ਼ਟਰਪਤੀ ਦੀ ਮੋਹਰ ਉਪਰੰਤ ਉਕਤ ਤਰਮੀਮ ਅਮਲ ਵਿਚ ਆਵੇਗੀ ਅਤੇ ਸੰਵਿਧਾਨਕ ਸੋਧ ਮਗਰੋਂ ਸ਼੍ਰੋਮਣੀ ਕਮੇਟੀ ਦੇ ਸਦਨ ਨੂੰ ਮਾਨਤਾ ਅਤੇ ਮੁੜ ਚੋਣ ਦਾ ਰਾਹ ਪੱਧਰ ਹੋ ਜਾਵੇਗਾ। ਬੇਸ਼ੱਕ ਉਕਤ ਮਾਮਲਾ ਸਰਵ ਉਚ ਅਦਾਲਤ ਵਿਚ ਹੈ, ਪਰ ਸੰਵਿਧਾਨਕ ਮਾਹਿਰਾਂ ਅਨੁਸਾਰ ਉਕਤ ਸੋਧ ਦੀ ਮਾਨਤਾ 2003 ਤੋਂ ਮੁਕੱਰਰ ਕਰ ਦੇਣ ਮਗਰੋਂ ਅਦਾਲਤੀ ਰੋਕ ਦੀ ਸਮਾਪਤੀ ਦੇ ਭਰਵੇਂ ਆਸਾਰ ਹਨ।

ਨਵੀਂ ਚੋਣ ਮੌਕੇ ਵੋਟਰ ਸੂਚੀਆਂ ਦੀ ਸੁਧਾਈ ਦੌਰਾਨ ਸਾਬਤ ਸੂਰਤ ਹੋਣ ਦੀ ਪਛਾਣ ਨਿਸ਼ਚਤ ਕਰਨਾ ਜ਼ਰੂਰੀ ਹੋਵੇਗਾ, ਪਰ ਇਸ ਬਾਬਤ ਹੁਣ ਤੋਂ ਹੀ ਕੁਝ ਸਿੱਖ ਧਿਰਾਂ ਫਿਕਰਮੰਦ ਹਨ। ਬਿੱਲ ਦੀ ਤਜਵੀਜ਼ ਮੁਤਾਬਕ ਸਹਿਜਧਾਰੀ ਸਿੱਖਾਂ ਨੂੰ ਬੋਰਡ ਤੇ ਕਮੇਟੀਆਂ ਦੇ ਮੈਂਬਰਾਂ ਨੂੰ ਚੁਣਨ ਦੇ 1944 ਵਿਚ ਮਿਲੇ ਅਧਿਕਾਰ ਨੂੰ ਵਾਪਸ ਲਿਆ ਜਾਂਦਾ ਹੈ। ਕੇਂਦਰੀ ਵਜ਼ਾਰਤ ਨੇ ਪਿੱਛੇ ਜਿਹੇ ਸਿੱਖ ਗੁਰਦੁਆਰਾ ਐਕਟ, 1925 ਵਿਚ ਸੋਧ ਲਈ ਗ੍ਰਹਿ ਮੰਤਰਾਲੇ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਇਹ ਸੋਧ ਅੱਠ ਅਕਤੂਬਰ, 2003 ਤੋਂ ਲਾਗੂ ਹੋਏਗੀ। ਗ੍ਰਹਿ ਮੰਤਰਾਲੇ ਵੱਲੋਂ ਸੋਧ ਸਬੰਧੀ ਅੱਠ ਅਕਤੂਬਰ, 2003 ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇਸ ਨੋਟੀਫਿਕੇਸ਼ਨ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 20 ਦਸੰਬਰ, 2011 ਨੂੰ ਰੱਦ ਕਰ ਕੇ ਇਸ 'ਤੇ ਢੁਕਵਾਂ ਬਿਲ ਲਿਆਉਣ ਬਾਰੇ ਫੈਸਲਾ ਲੈਣ ਲਈ ਕਿਹਾ ਗਿਆ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਰਾਜ ਸਭਾ ਵੱਲੋਂ ਸਹਿਜਧਾਰੀਆਂ ਦਾ ਵੋਟ ਅਧਿਕਾਰ ਰੱਦ ਕਰਨ ਦੀ ਕਾਰਵਾਈ ਦਾ ਭਰਵਾਂ ਸਵਾਗਤ ਕਰਦਿਆਂ ਕਿਹਾ ਕਿ ਇਹ ਪੈਂਡਾ ਇਥੇ ਹੀ ਸਮਾਪਤ ਨਹੀਂ ਹੋ ਜਾਂਦਾ, ਸਗੋਂ ਕੇਂਦਰ ਨੂੰ ਆਨੰਦ ਮੈਰਿਜ ਐਕਟ ਸਬੰਧੀ ਲੋੜੀਂਦੀ ਯੋਜਨਾਬੰਦੀ ਕਰਨ ਤੋਂ ਇਲਾਵਾ 84 ਦੀ ਸਿੱਖ ਨਸਲਕੁਸ਼ੀ ਉਪਰੰਤ 32 ਵਰ੍ਹਿਆਂ ਤੋਂ ਨਿਆਂ ਦੀ ਉਮੀਦ ਲਗਾ ਰਹੇ ਪੀੜਤਾਂ ਦੀ ਬਾਂਹ ਵੀ ਫੜਨੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਬਿੱਲ ਪਾਸ ਹੋਣ 'ਤੇ ਖੁਸ਼ੀ ਪ੍ਰਗਟਾਈ ਹੈ।

ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੱਲੋਂ ਇਸ ਬਾਰੇ ਕੇਂਦਰ ਤੱਕ ਕੀਤੀ ਪਹੁੰਚ ਦੀ ਸ਼ਲਾਘਾ ਕੀਤੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਵੀ ਇਸ ਮੁੱਦੇ 'ਤੇ ਮਿਲੀ ਸਫਲਤਾ ਨੂੰ ਸਿੱਖ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਲਈ ਮਾਣ ਭਰਿਆ ਕਰਾਰ ਦਿੱਤਾ ਹੈ। ਉਨ੍ਹਾਂ ਕੇਂਦਰ ਨੂੰ ਅਪੀਲ ਕੀਤੀ ਕਿ ਤਿੰਨ ਦਹਾਕਿਆਂ ਤੋਂ ਇਨਸਾਫ ਲਈ ਭਟਕ ਰਹੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਪੁਕਾਰ ਵੀ ਗੰਭੀਰਤਾ ਨਾਲ ਸੁਣੀ ਜਾਵੇ। ਸਾਬਕਾ ਮੰਤਰੀ ਅਤੇ ਪ੍ਰਮੁੱਖ ਸਿੱਖ ਚਿੰਤਕ ਮਨਜੀਤ ਸਿੰਘ ਕਲਕੱਤਾ ਨੇ ਕੇਂਦਰ ਦੇ ਉੱਦਮ ਦੀ ਤਾਰੀਫ ਕੀਤੀ ਹੈ, ਪਰ ਉਨ੍ਹਾਂ ਚਿੰਤਾ ਦੁਹਰਾਈ ਕਿ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਸਾਬਤ ਸੂਰਤ ਵੋਟਰਾਂ ਦੀ ਸ਼ਨਾਖਤ ਨਿਸ਼ਚਿਤ ਕਰਨਾ ਵੱਡਾ ਮੁੱਦਾ ਹੈ। ਉਨ੍ਹਾਂ ਇਸ ਚੋਣ ਵਿਚ ਵੀ ਤਸਵੀਰ ਵਾਲਾ ਵੋਟਰ ਸ਼ਨਾਖਤੀ ਕਾਰਡ ਅਮਲ ਵਿਚ ਲਿਆਉਣ ਦਾ ਸੁਝਾਅ ਦਿੱਤਾ ਹੈ। ਇਸ ਦੌਰਾਨ ਪੰਥਕ ਜਥੇਬੰਦੀ ਦਲ ਖਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕੇਂਦਰ ਦੀ ਕਾਰਵਾਈ ਨੂੰ ਦੇਰ ਨਾਲ ਲਿਆ ਸਹੀ ਫੈਸਲਾ ਦੱਸਿਆ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਸਦਨ ਦੇ ਚਾਰ ਸਾਲ ਖਰਾਬ ਹੋਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਦੋਗਲੀ ਨੀਤੀ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਅਗਲੀਆਂ ਚੋਣਾਂ ਨੂੰ ਪ੍ਰਭਾਵ ਮੁਕਤ ਬਣਾਉਣ ਲਈ ਢੁਕਵੇਂ ਪ੍ਰਬੰਧ ਮਿਥੇ ਜਾਣੇ ਚਾਹੀਦੇ ਹਨ।

### ਸਿੱਖਾਂ ਦੇ ਹੋਰ ਮਸਲੇ ਵੀ ਹੱਲ ਕਰਨ ਦੀ ਮੰਗ ਉਠੀ



### ਸਿੱਖ ਨਸਲਕੁਸ਼ੀ ਬਾਰੇ ਵੀ ਸੋਚੇ ਮੋਦੀ ਸਰਕਾਰ: ਜੀ.ਕੇ.




**ਅੰਮ੍ਰਿਤਸਰ:** ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਨਿਆਂ ਲੈਣ ਲਈ ਯਤਨਸ਼ੀਲ 1984 ਸਿੱਖ ਕਤਲੇਆਮ ਦੇ ਪੀੜਤਾਂ ਨਾਲ ਵਾਅਦੇ ਮੁਤਾਬਕ ਇਨਸਾਫ ਕਰਨ ਲਈ ਮੋਦੀ ਸਰਕਾਰ ਨੂੰ ਪਹਿਲ ਕਦਮੀ ਕਰਨੀ ਚਾਹੀਦੀ ਹੈ, ਜਿਸ ਤਹਿਤ ਕੇਂਦਰੀ ਏਜੰਸੀ ਸੀ.ਬੀ.ਆਈ. ਨੂੰ ਪੁਰਾਣੇ ਪ੍ਰਭਾਵ ਤੋਂ ਮੁਕਤ ਕਰਦਿਆਂ ਉਸ ਦੀ ਕਾਰਜਸ਼ੈਲੀ ਵਿਚ ਸੁਧਾਰ ਲਿਆਂਦਾ ਜਾਵੇ। ਉਕਤ ਅਪੀਲ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕੀਤੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਅਦਾਲਤਾਂ ਨੂੰ ਵੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਗੋਧਰਾ ਮਾਮਲੇ 'ਤੇ ਕਰਵਾਈ ਵਿਸ਼ੇਸ਼ ਜਾਂਚ ਦੀ ਤਰਜ਼ 'ਤੇ ਸਿੱਖ ਨਸਲਕੁਸ਼ੀ ਦਾ ਮੁੱਦਾ ਵੀ ਗੰਭੀਰਤਾ ਨਾਲ ਘੋਖਣਾ ਚਾਹੀਦਾ ਹੈ।

### ਸਹਿਜਧਾਰੀ ਸਿੱਖਾਂ ਨਾਲ ਬੇਇਨਸਾਫੀ: ਕੈਪਟਨ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਦਿਆਂ ਸਹਿਜਧਾਰੀ ਸਿੱਖਾਂ ਨੂੰ ਐਸ.ਜੀ.ਪੀ.ਸੀ. ਚੋਣਾਂ ਵਿਚ ਵੋਟ ਦੇਣ ਦੇ ਅਧਿਕਾਰ ਤੋਂ ਵਾਂਝਾ ਕਰਨ ਦੀ ਨਿੰਦਾ ਕਰਦਿਆਂ ਇਸ ਨੂੰ ਸਮਾਜ ਨੂੰ ਵੰਡਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਦੇ ਇਸ਼ਾਰੇ 'ਤੇ ਐਸ.ਜੀ.ਪੀ.ਸੀ. ਉਪਰ ਅਕਾਲੀਆਂ ਦਾ ਦਬਦਬਾ ਬਣਾਈ ਰੱਖਣ ਲਈ ਭਾਰਤ ਸਰਕਾਰ ਵੱਲੋਂ ਚੁੱਕਿਆ ਗਿਆ ਇਹ ਬਹੁਤ ਗਲਤ ਕਦਮ ਹੈ ਅਤੇ ਇਸ ਨਾਲ ਸਮਾਜ ਵੰਡਿਆ ਜਾਵੇਗਾ।

# ਕਿਸਾਨਾਂ ਵੱਲੋਂ ਜਲ ਟੈਕਸ ਦੇਣ ਤੋਂ ਕੋਰਾ ਜਵਾਬ



**ਬਠਿੰਡਾ:** ਪੰਜਾਬ ਦੇ ਕਿਸਾਨਾਂ ਨੇ ਹੁਣ ਜਲ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਨਹਿਰ ਮਹਿਕਮੇ ਦੇ ਅਫਸਰਾਂ ਵਿਚ ਵੀ ਹੁਣ ਚੁੱਪ ਪਸਰ ਗਈ ਹੈ। ਕਿਸਾਨਾਂ ਨੇ ਮੰਗ ਉਠਾ ਦਿੱਤੀ ਹੈ ਕਿ ਐਸ.ਵਾਈ.ਐਲ ਦੀ ਜ਼ਮੀਨ ਵਾਪਸੀ ਵਾਂਗ ਹੁਣ ਪੰਜਾਬ ਸਰਕਾਰ ਜਲ ਟੈਕਸ ਦਾ ਫੈਸਲਾ ਵੀ ਵਾਪਸ ਲਵੇ। ਪੰਜਾਬ ਸਰਕਾਰ ਨੇ 13 ਨਵੰਬਰ 2014 ਨੂੰ ਨਾਰਦਰਨ ਇੰਡੀਅਨ ਕਨਾਲ ਐਂਡ ਡਰੇਨੇਜ ਐਕਟ 1893 ਵਿਚ ਸੋਧ ਕਰਕੇ ਜਲ ਸੈੱਸ ਲਗਾ ਦਿੱਤਾ ਸੀ।

ਪ੍ਰਤੀ ਏਕੜ 50 ਰੁਪਏ ਜਲ ਸੈੱਸ ਲਾਇਆ ਗਿਆ ਜਦੋਂਕਿ ਪਹਿਲਾਂ ਸਰਕਾਰ ਆਬਿਆਨਾ ਵਸੂਲ ਕਰਦੀ ਸੀ। ਵੇਰਵਿਆਂ ਅਨੁਸਾਰ ਜਲ ਸੈੱਸ ਲਾਏ ਜਾਣ ਮਗਰੋਂ ਦੋ ਫਸਲਾਂ ਦਾ ਜਲ ਸੈੱਸ ਤਕਰੀਬਨ 40 ਕਰੋੜ ਰੁਪਏ ਬਣਦਾ ਸੀ, ਜਿਸ ਵਿਚੋਂ ਸਿਰਫ 9 ਕਰੋੜ ਦੀ ਵਸੂਲੀ ਹੋਈ ਹੈ। ਹੁਣ ਤੀਸਰੀ ਫਸਲ ਦਾ ਜਲ ਸੈੱਸ ਵਸੂਲਣ ਦੀ ਤਿਆਰੀ ਹੈ। ਕਿਸਾਨਾਂ ਨੇ ਸਿਰਫ ਪਹਿਲੀ ਫਸਲ ਦਾ ਜਲ ਸੈੱਸ ਹੀ ਤਾਰਿਆ ਸੀ ਜਦੋਂਕਿ ਦੂਸਰੀ ਫਸਲ 'ਤੇ ਵਸੂਲੀ ਨਾ ਮਾਤਰ ਹੀ ਰਹਿ ਗਈ ਹੈ। ਹੁਣ ਤੀਸਰੀ ਫਸਲ ਦਾ ਜਲ ਸੈੱਸ ਕਿਸਾਨਾਂ ਤੋਂ ਤਕਰੀਬਨ 21.05 ਕਰੋੜ ਰੁਪਏ ਵਸੂਲ ਕੀਤਾ ਜਾਣਾ ਹੈ।

ਫਿਰੋਜ਼ਪੁਰ ਸਰਕਲ ਵਿਚ ਸਰਹੱਦੀ ਖਿੱਤੇ ਵਿਚ ਦੋ ਫਸਲਾਂ ਦਾ ਜਲ ਸੈੱਸ 11.35 ਕਰੋੜ ਰੁਪਏ ਬਣਦਾ ਸੀ, ਜਿਸ 'ਚੋਂ ਸਿਰਫ 2.06 ਕਰੋੜ ਦੀ ਵਸੂਲੀ ਹੋਈ ਹੈ। ਇਸ ਸਰਕਲ ਵਿਚ ਦੂਸਰੀ ਫਸਲ ਦੇ 4.78 ਕਰੋੜ ਵਿਚੋਂ ਸਿਰਫ 2.36 ਲੱਖ ਹੀ ਵਸੂਲੇ ਜਾ ਸਕੇ ਹਨ। ਨਹਿਰ ਮਹਿਕਮੇ ਦੇ ਅਫਸਰਾਂ ਨੇ ਇਕ ਦਫ਼ਾ ਦਬਕੇ ਮਾਰੇ ਸਨ ਤਾਂ ਉਦੋਂ ਕੁਝ ਵਸੂਲੀ ਹੋ ਗਈ ਸੀ।

ਬਠਿੰਡਾ ਨਹਿਰ ਮੰਡਲ ਨੇ ਦੋ ਫਸਲਾਂ ਦੀ 5.60 ਕਰੋੜ ਦੀ ਵਸੂਲੀ ਕਰਨੀ ਸੀ, ਪਰ ਇਥੇ ਸਿਰਫ 70 ਲੱਖ ਦੀ ਹੀ ਵਸੂਲੀ ਹੋਈ ਹੈ। ਨਹਿਰ ਮਹਿਕਮੇ ਦੇ ਉਚ ਅਫਸਰਾਂ ਵੱਲੋਂ ਤਕਰੀਬਨ ਦੋ ਮਹੀਨੇ ਪਹਿਲਾਂ ਮੀਟਿੰਗ ਕੀਤੀ ਗਈ ਸੀ ਤੇ ਉਸ ਮਗਰੋਂ ਇਹ ਮੁੱਦਾ ਠੰਢਾ ਪੈ ਗਿਆ। ਨਹਿਰ ਮਹਿਕਮੇ ਵੱਲੋਂ ਨੰਬਰਦਾਰਾਂ ਨੂੰ ਵਸੂਲੀ ਦਾ ਕੰਮ ਦਿੱਤਾ ਹੋਇਆ ਹੈ। ਨੰਬਰਦਾਰ ਯੂਨੀਅਨ ਦੇ ਸੀਨੀਅਰ ਆਗੂ ਜਸਪਾਲ ਸਿੰਘ ਦਾ ਕਹਿਣਾ ਸੀ ਕਿ ਨਵੇਂ ਹਾਲਾਤ ਵਿਚ ਕਿਸਾਨਾਂ ਤੋਂ ਜਲ ਸੈੱਸ ਵਸੂਲਣਾ ਮੁਸ਼ਕਲ ਹੈ ਅਤੇ ਸਰਕਾਰ ਖੁਦ ਹੀ ਹੁਣ ਜਲ ਸੈੱਸ ਦੀ ਮੁਆਫ਼ੀ ਦਾ ਫੈਸਲਾ ਲਵੇ।

## ਕੈਪਟਨ ਦੇ ਪੁੱਤਰ ਨੂੰ ਸੰਮਨ ਜਾਰੀ

**ਲੁਧਿਆਣਾ:** ਅਦਾਲਤ ਨੇ ਆਮਦਨ ਕਰ ਵਿਭਾਗ ਦੀ ਸ਼ਿਕਾਇਤ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੂੰ ਵਿਦੇਸ਼ ਵਿਚ ਅਸਾਸਿਆਂ ਦੇ ਮਾਮਲੇ 'ਚ ਗਲਤ ਬਿਆਨੀ ਕਰਨ ਉਤੇ ਸੰਮਨ ਜਾਰੀ ਕੀਤੇ ਹਨ।

ਸੀ.ਜੇ.ਐਮ. ਰੰਜੀਵ ਵਸ਼ਿਸ਼ਟ ਵੱਲੋਂ ਜਾਰੀ ਕੀਤੇ ਗਏ ਹੁਕਮਾਂ 'ਚ ਰਣਇੰਦਰ ਸਿੰਘ ਨੂੰ 26 ਜੁਲਾਈ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਧਰ, ਰਣਇੰਦਰ ਸਿੰਘ ਨੇ ਮਾਮਲੇ ਤੋਂ ਅਗਿਆਨਤਾ ਪ੍ਰਗਟਾਉਂਦਿਆਂ ਨਿਆਂਪਾਲਿਕਾ 'ਤੇ ਭਰੋਸਾ ਜਤਾਇਆ ਹੈ ਤੇ ਕਿਹਾ ਕਿ ਉਹ ਬੇਕਸੂਰ ਸਾਬਤ ਹੋਣਗੇ।

# ਲੰਡਨ ਵਿਚ ਲੱਗੇਗਾ ਨਰੇਂਦਰ ਮੋਦੀ ਦਾ ਬੁੱਤ



**ਲੰਡਨ:** ਲੰਡਨ ਦੇ ਮੈਡਮ ਤੁਸਾਦ ਮਿਊਜ਼ੀਅਮ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਮੋਮ ਦਾ ਬੁੱਤ ਲੱਗੇਗਾ। ਇਸ ਬਾਰੇ ਵਿਸ਼ਵ ਪ੍ਰਸਿੱਧ ਤੁਸਾਦ ਮਿਊਜ਼ੀਅਮ ਨੇ ਐਲਾਨ ਕੀਤਾ। ਇਸ ਸਾਲ ਅਪਰੈਲ ਮਹੀਨੇ ਦੇ ਅਖੀਰ ਵਿਚ ਲੰਡਨ ਵਿਚ ਮੈਡਮ ਤੁਸਾਦ ਮਿਊਜ਼ੀਅਮ ਵਿਚ ਇਹ ਬੁੱਤ ਲੱਗੇਗਾ। ਪ੍ਰਧਾਨ ਮੰਤਰੀ ਦਫਤਰ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ।

ਮੋਦੀ ਦਾ ਮੋਮ ਦਾ ਬੁੱਤ ਲੰਡਨ ਦੇ ਮੈਡਮ ਤੁਸਾਦ ਮਿਊਜ਼ੀਅਮ ਤੋਂ ਇਲਾਵਾ ਸਿੰਗਾਪੁਰ, ਬੈਂਕਾਕ ਤੇ ਹਾਂਗਕਾਂਗ ਵਿਚ ਵੀ ਲਗਾਇਆ ਜਾਵੇਗਾ। ਮੈਡਮ ਤੁਸਾਦ ਦੇ ਕਲਾਕਾਰ ਜਦੋਂ ਕੁਝ ਮਹੀਨੇ ਪਹਿਲਾਂ ਦਿੱਲੀ ਆਏ ਸਨ ਤਾਂ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਸੀ ਅਤੇ ਕਾਰੀਗਰਾਂ ਨੇ ਬੁੱਤ ਬਣਾਉਣ ਲਈ ਪ੍ਰਧਾਨ ਮੰਤਰੀ ਦੇ ਸਰੀਰ ਦਾ ਨਾਪ ਵੀ ਲਿਆ ਸੀ। ਮਿਊਜ਼ੀਅਮ ਵਿਚ ਲੱਗਣ ਵਾਲੇ ਬੁੱਤ 'ਚ ਮੋਦੀ ਕ੍ਰੀਮ ਰੰਗ ਦੇ ਕੁੜਤੇ ਪਜਾਮੇ ਵਿਚ ਹੱਥ ਜੋੜੇ ਹੋਏ ਵਿਖਾਈ ਦੇਣਗੇ। ਮਿਊਜ਼ੀਅਮ ਦੇ ਬੁਲਾਰੇ ਕੀਰੇਨ ਲੇਨਕਿਨੀ ਨੇ ਕਿਹਾ ਕਿ ਵਿਸ਼ਵ ਰਾਜਨੀਤੀ ਵਿਚ ਪ੍ਰਧਾਨ ਮੰਤਰੀ ਮੋਦੀ ਇਕ ਨਾਮੀ ਸ਼ਖ਼ਸੀਅਤ ਹਨ ਅਤੇ ਸਾਨੂੰ ਖੁਸ਼ੀ ਹੈ ਕਿ ਅਸੀਂ ਮੋਦੀ ਵਰਗੀ ਹਸਤੀ ਦੇ ਬੁੱਤ ਨੂੰ ਲੰਡਨ, ਸਿੰਗਾਪੁਰ, ਹਾਂਗਕਾਂਗ ਤੇ ਬੈਂਕਾਕ ਵਿਚ ਸਥਿਤ ਆਪਣੇ ਮਿਊਜ਼ੀਅਮਾਂ 'ਚ ਸ਼ਾਮਲ ਕਰ ਰਹੇ ਹਾਂ।

### ਮੋਦੀ ਬਣਿਆ ਇੰਟਰਨੈੱਟ ਸਟਾਰ

**ਨਿਊ ਯਾਰਕ:** ਸਿਆਸਤ ਲਈ ਅਕਸਰ ਸੋਸ਼ਲ ਮੀਡੀਆ ਦਾ ਸਹਾਰਾ ਲੈਣ ਵਾਲੇ ਨਰੇਂਦਰ ਮੋਦੀ ਨੂੰ 'ਇੰਟਰਨੈੱਟ ਸਟਾਰ' ਕਰਾਰ ਦਿੰਦਿਆਂ ਟਾਈਮ ਰਸਾਲੇ ਨੇ ਕਿਹਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਇੰਟਰਨੈੱਟ 'ਤੇ ਸਭ ਤੋਂ ਪ੍ਰਭਾਵਸ਼ਾਲੀ 30 ਵਿਅਕਤੀਆਂ ਵਿਚ ਸ਼ਾਮਲ ਹਨ। ਇਸ ਸੂਚੀ ਵਿਚ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਪਾਰਟੀ ਦੀ ਉਮੀਦਵਾਰੀ ਦੇ ਦਾਅਵੇਦਾਰ ਡੋਨਲਡ ਟਰੰਪ, ਰਿਐਲਿਟੀ ਟੀ.ਵੀ. ਸਟਾਰ ਕਿਮ ਕਾਰਦਾਸ਼ੀਆ ਤੇ ਉਸ ਦੇ ਪਤੀ ਕੇਨੇ ਵੈਸਟ, ਲੇਖਿਕਾ ਜੇਕੇ ਰੌਲਿੰਗ, ਸਾਬਕਾ ਉਲੰਪਿਕ ਐਥਲੀਟ ਕੇਟਲਿਨ ਜੇਨਰ ਤੇ ਫੁੱਟਬਾਲ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ ਸ਼ਾਮਲ ਹਨ। ਇੰਟਰਨੈੱਟ 'ਤੇ ਸਭ ਤੋਂ ਪ੍ਰਭਾਵੀ ਲੋਕਾਂ ਦੀ ਆਪਣੀ ਦੂਜੀ ਸਾਲਾਨਾ ਸੂਚੀ ਲਈ ਟਾਈਮ ਨੇ ਕਿਹਾ ਕਿ ਉਸ ਨੇ ਸੋਸ਼ਲ ਮੀਡੀਆ 'ਤੇ ਪ੍ਰਤੀਯੋਗੀਆਂ ਦੇ ਸਾਲਾਨਾ ਪ੍ਰਭਾਵ ਤੇ ਸੁਰਖੀਆਂ ਵਿਚ ਰਹਿਣ ਦੀ ਉਨ੍ਹਾਂ ਦੀ ਸਮਰਥਾ ਨੂੰ ਧਿਆਨ ਵਿਚ ਰੱਖਿਆ ਹੈ। ਸ੍ਰੀ ਮੋਦੀ ਬਾਰੇ ਟਾਈਮ ਨੇ ਕਿਹਾ ਹੈ ਕਿ ਦੁਨੀਆਂ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਦੇ ਨੇਤਾ ਮੋਦੀ ਟਵਿਟਰ 'ਤੇ ਆਪਣੇ 1.8 ਕਰੋੜ ਫਾਲੋਅਰ ਤੇ ਫੇਸਬੁੱਕ 'ਤੇ 3.2 ਕਰੋੜ ਲਾਈਕਸ ਨਾਲ ਇੰਟਰਨੈੱਟ ਸਟਾਰ ਹਨ। ਰਸਾਲੇ ਨੇ ਦੱਸਿਆ ਕਿ ਮੋਦੀ ਨੇ ਟਵੀਟ ਕਰਕੇ ਇਹ ਸੂਚਨਾ ਦਿੱਤੀ ਸੀ ਕਿ ਉਹ ਨਵਾਜ਼ ਸ਼ਰੀਫ਼ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਵਧਾਈ ਦੇਣ ਲਈ ਲਾਹੌਰ ਜਾਣਗੇ।

# ਅਧਿਆਪਕਾਂ ਨੂੰ ਤਨਖਾਹ ਦੇਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਕੋਲ ਫੰਡਾਂ ਦੀ ਤੋਟ ਕਾਰਨ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਤੋਂ ਬਾਅਦ ਗੌਰਮਿੰਟ ਕਾਲਜਾਂ ਦੇ ਅਧਿਆਪਕ ਵੀ ਫਾਕੇ ਕੱਟਣ ਲਈ ਮਜਬੂਰ ਹਨ। ਗੌਰਮਿੰਟ ਕਾਲਜਾਂ ਦੇ ਅਧਿਆਪਕਾਂ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ ਹੈ। ਗੈਰ-ਸਰਕਾਰੀ ਕਾਲਜਾਂ ਦੇ ਅਧਿਆਪਕ ਦੋ-ਤਿਮਾਹੀ ਦੇ ਵੱਧ ਸਮੇਂ ਤੋਂ ਤਨਖਾਹ ਦੀ ਉਡੀਕ ਕਰ ਰਹੇ ਹਨ। ਗੌਰਮਿੰਟ ਕਾਲਜਾਂ ਦੇ ਅਧਿਆਪਕਾਂ ਦੀ ਤਨਖਾਹ ਦਾ ਬਿੱਲ ਵਿੱਤ ਵਿਭਾਗ ਵੱਲੋਂ ਬੇਰੰਗ ਮੋੜ ਦਿੱਤਾ ਗਿਆ ਹੈ। ਮੁੱਖ ਮੰਤਰੀ ਦੇ ਜ਼ਿਲ੍ਹੇ ਵਿਚ ਪੈਂਦੇ ਗੌਰਮਿੰਟ ਕਾਲਜਾਂ ਦੇ ਅਧਿਆਪਕਾਂ ਨੂੰ ਨਵੰਬਰ ਤੋਂ ਦੋ ਮਹੀਨਿਆਂ ਦੀ ਤਨਖਾਹ ਦੇਣ ਲਈ ਫਰੀਦਕੋਟ ਜ਼ਿਲ੍ਹੇ ਵਿਚੋਂ ਫੰਡ ਤਬਦੀਲ ਕਰਨੇ ਪਏ ਹਨ।

ਮਿਲੀ ਜਾਣਕਾਰੀ ਅਨੁਸਾਰ ਪੰਦਰਾਂ ਗੌਰਮਿੰਟ ਕਾਲਜਾਂ ਦੇ ਅਧਿਆਪਕਾਂ ਨੂੰ ਨਵੰਬਰ ਤੋਂ ਤਨਖਾਹ ਨਹੀਂ ਮਿਲੀ ਹੈ ਜਦੋਂ ਕਿ 33 ਹੋਰ ਕਾਲਜਾਂ ਦੇ ਅਧਿਆਪਕ ਦੋ ਮਹੀਨਿਆਂ ਤੋਂ ਤਨਖਾਹ ਦੀ ਉਡੀਕ ਵਿਚ ਹਨ। ਗੈਰ-ਸਰਕਾਰੀ ਕਾਲਜਾਂ ਦੇ ਅਧਿਆਪਕ ਦਸੰਬਰ ਤੋਂ ਤਨਖਾਹ ਦੀ ਉਡੀਕ ਲਾਈ ਬੈਠੇ ਹਨ ਜਦੋਂਕਿ ਲੰਘੇ ਵਿੱਤੀ ਸਾਲ ਦੇ ਦੋ ਤਿਮਾਹੀ ਦੀ ਤਨਖਾਹ ਦਾ ਬਕਾਇਆ ਅਜੇ ਉਚੇਰੀ ਵਿਭਾਗ ਸਿਰ ਵੱਖਰਾ ਖੜ੍ਹਾ ਹੈ। ਰਾਜ ਵਿਚ ਗੌਰਮਿੰਟ ਕਾਲਜਾਂ ਦੀ ਗਿਣਤੀ 48 ਹੈ ਜਦੋਂਕਿ ਹੋਰ 188 ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਹਨ। ਸਰਕਾਰੀ ਕਾਲਜਾਂ ਵਿਚ ਰੈਗੂਲਰ ਅਧਿਆਪਕਾਂ ਦੀਆਂ 1873 ਅਸਾਮੀਆਂ ਹਨ ਅਤੇ ਇਨ੍ਹਾਂ ਵਿਚੋਂ ਪੌਣੇ ਬਾਰਾਂ ਸੌ ਦੇ ਕਰੀਬ ਖਾਲੀ ਪਈਆਂ ਹਨ। ਸਰਕਾਰ ਲਈ ਸੱਤ ਸੌ ਕਾਲਜ ਅਧਿਆਪਕਾਂ ਦੀ ਤਨਖਾਹ ਦਾ ਬੰਦੋਬਸਤ ਕਰਨਾ ਮੁਸ਼ਕਲ ਹੋਇਆ ਪਿਆ ਹੈ। ਗੈਰ-ਸਰਕਾਰੀ ਕਾਲਜਾਂ ਵਿਚ ਵੀ ਰੈਗੂਲਰ ਅਧਿਆਪਕਾਂ ਦੀਆਂ 3374 ਅਸਾਮੀਆਂ ਵਿਚੋਂ 65 ਫੀਸਦੀ ਤੋਂ ਵੱਧ ਖਾਲੀ ਪਈਆਂ ਹਨ। ਉਚੇਰੀ ਸਿੱਖਿਆ ਵਿਭਾਗ ਵੱਲੋਂ ਗੌਰਮਿੰਟ ਕਾਲਜਾਂ ਨੂੰ ਵਿੱਤੀ ਸਾਲ ਦੇ ਸ਼ੁਰੂ ਵਿਚ ਹੀ ਬਜਟ ਅਲਾਟ ਕਰ ਦਿੱਤਾ ਜਾਂਦਾ ਹੈ।




ਉਸ ਤੋਂ ਬਾਅਦ ਅਕਤੂਬਰ ਵਿਚ ਸੋਧੇ ਹੋਏ ਬਜਟ ਦੀ ਰਾਸ਼ੀ ਵੱਖਰੇ ਤੌਰ 'ਤੇ ਜਾਰੀ ਕੀਤੀ ਜਾਂਦੀ ਹੈ। ਇਸ ਵਾਰ ਕਾਲਜਾਂ ਵੱਲੋਂ ਸੋਧੇ ਹੋਏ ਬਜਟ ਦੀ ਮੰਗੀ ਰਕਮ ਦੇਣ ਤੋਂ ਸਰਕਾਰ ਨੇ ਪੱਲਾ ਝਾੜ ਦਿੱਤਾ ਹੈ। ਪਤਾ ਲੱਗਾ ਹੈ ਕਿ ਤਨਖਾਹਾਂ ਦੇ ਪੈਸੇ ਵਿਚੋਂ ਮੈਡੀਕਲ ਦੇ ਬਿੱਲਾਂ ਸਮੇਤ ਹੋਰ ਅਦਾਇਗੀਆਂ ਕਰ ਦਿੱਤੀਆਂ ਗਈਆਂ ਹਨ ਜਿਸ ਕਰਕੇ ਪੈਸੇ ਦੀ ਤੋਟ ਆ ਰਹੀ ਹੈ। ਵਿੱਤੀ ਸੰਕਟ ਕਾਰਨ ਸੇਵਾ ਮੁਕਤ ਹੋ ਰਹੇ ਗੌਰਮਿੰਟ ਕਾਲਜ ਅਧਿਆਪਕਾਂ ਨੂੰ ਸੇਵਾ ਮੁਕਤੀ ਦੇ ਲਾਭ ਮਿਲਣੇ ਵੀ ਔਖੇ ਹੋ ਰਹੇ ਹਨ।

# ਜਾਟਾਂ ਵੱਲੋਂ ਸਰਕਾਰ ਨੂੰ 31 ਤੱਕ ਮੋਹਲਤ

**ਚੰਡੀਗੜ੍ਹ:** ਹਰਿਆਣਾ ਵਿਚ ਜਾਟਾਂ ਨੂੰ ਓ.ਬੀ.ਸੀ. ਕੋਟੇ ਤਹਿਤ ਰਾਖਵਾਂਕਰਨ ਦੇਣ ਦੀ ਮੰਗ ਪੂਰੀ ਕਰਨ ਬਾਰੇ ਜਾਟ ਆਗੂਆਂ ਨੇ ਸਰਕਾਰ ਨੂੰ 31 ਮਾਰਚ ਤੱਕ ਦਾ ਸਮਾਂ ਦਿੱਤਾ ਹੈ। ਜਾਟ ਆਗੂਆਂ ਨੇ ਚੰਡੀਗੜ੍ਹ ਵਿਚ ਹਰਿਆਣਾ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਨਾਲ ਮੀਟਿੰਗ ਤੋਂ ਬਾਅਦ ਇਹ ਫੈਸਲਾ ਲਿਆ ਹੈ। ਸਰਕਾਰ ਨੂੰ ਹੋਰ ਸਮਾਂ ਦੇਣ ਦੇ ਨਾਲ ਹੀ ਚਿਤਾਵਨੀ ਵੀ ਦਿੱਤੀ ਗਈ ਹੈ ਕਿ ਜੇਕਰ ਤੈਅ ਸਮੇਂ ਦੌਰਾਨ ਮੰਗਾਂ ਨਾ ਮੰਨੀਆਂ ਗਈਆਂ ਤਾਂ ਤਿੰਨ ਅਪਰੈਲ ਨੂੰ ਮੀਟਿੰਗ ਕਰ ਸੰਘਰਸ਼ ਲਈ ਅਗਲੀ ਰਣਨੀਤੀ ਬਣਾਈ ਜਾਵੇਗੀ। ਜਾਟ ਆਗੂਆਂ ਨੇ ਓ.ਬੀ.ਸੀ. ਕੋਟੇ ਤਹਿਤ ਰਾਖਵੇਂਕਰਨ ਦੀ ਮੰਗ ਦੇ ਨਾਲ ਕੁਝ ਹੋਰ ਮੰਗਾਂ ਵੀ ਰੱਖੀਆਂ ਹਨ।

ਅੰਦੋਲਨ ਦੌਰਾਨ ਮਾਰੇ ਗਏ ਲੋਕਾਂ ਦੇ ਪਰਿਵਾਰ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਣ, ਅੰਦੋਲਨ ਦੌਰਾਨ ਗ੍ਰਿਫਤਾਰ ਲੋਕਾਂ ਨੂੰ ਰਿਹਾਅ ਕਰਨ, ਕੁੱਟਮਾਰ ਕਰਨ ਵਾਲੇ ਪੁਲਿਸ ਵਾਲਿਆਂ ਨੂੰ ਗ੍ਰਿਫਤਾਰ ਕਰਨ ਤੇ ਸੰਸਦ ਮੈਂਬਰ ਰਾਜ ਕੁਮਾਰ ਸੈਣੀ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ 14 ਮਾਰਚ ਨੂੰ ਜਾਟ ਲੀਡਰਾਂ ਨੇ ਸਰਕਾਰ ਨੂੰ ਮੰਗਾਂ ਮੰਨਣ ਲਈ



72 ਘੰਟੇ ਦਾ ਅਲਟੀਮੇਟਮ ਦਿੱਤਾ ਸੀ। ਇਸ ਦੇ ਨਾਲ ਹੀ ਮੰਗਾਂ ਨਾ ਮੰਨੇ ਜਾਣ ਦੀ ਸੂਰਤ 'ਚ ਮੁੜ ਅੰਦੋਲਨ ਸ਼ੁਰੂ ਕਰਨ ਦੀ ਵੀ ਚਿਤਾਵਨੀ ਦਿੱਤੀ ਗਈ ਸੀ। ਇਸੇ ਕਾਰਨ ਹੀ ਸਰਕਾਰ ਨੇ ਇਨ੍ਹਾਂ ਲੀਡਰਾਂ ਨੂੰ ਗੱਲਬਾਤ ਕਰਨ ਲਈ ਬੁਲਾਇਆ ਸੀ।

ਹਾਲਾਂਕਿ ਜਾਟ ਅੰਦੋਲਨ ਦੀ ਮੁੜ ਆਹਟ ਤੋਂ ਚੌਕਸ ਹੁੰਦਿਆਂ ਸੁਰੱਖਿਆ ਦੇ ਲਿਹਾਜ਼ ਨਾਲ ਸੂਬੇ 'ਚ ਪੈਰਾ ਮਿਲਟਰੀ ਫੋਰਸ ਨੂੰ ਤਾਇਨਾਤ ਕੀਤਾ ਗਿਆ ਹੈ। ਸੰਵੇਦਨਸ਼ੀਲ ਜ਼ਿਲ੍ਹਿਆਂ ਰੋਹਤਕ, ਝੱਜਰ ਤੇ ਸੋਨੀਪਤ 'ਚ ਮੋਬਾਈਲ ਇੰਟਰਨੈੱਟ 'ਤੇ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਗਈ।

ਇਸ ਤੋਂ ਪਹਿਲਾਂ ਜਾਟਾਂ ਵੱਲੋਂ ਰਾਕਵੇਂਕਰਨ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਇਆ ਅੰਦੋਲਨ ਹਿੰਸਕ ਰੂਪ ਧਾਰ ਗਿਆ ਸੀ ਤੇ ਸੂਬੇ ਨੂੰ 40 ਹਜ਼ਾਰ ਕਰੋੜ ਦੇ ਕਰੀਬ ਨੁਕਸਾਨ ਹੋਇਆ ਸੀ। ਇਸ ਦੌਰਾਨ ਤਕਰੀਬਨ ਦੋ ਦਰਜਨ ਲੋਕਾਂ ਦੀ ਜਾਨ ਚਲੀ ਗਈ ਸੀ।

# ਸਿਆਸੀ ਆਗੂਆਂ ਨੂੰ ਸਰਕਾਰੀ ਇਸ਼ਤਿਹਾਰਾਂ ਵਿਚ ਫੋਟੋ ਲਵਾਉਣ ਦੀ ਮਿਲੀ ਖੁੱਲ੍ਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਰਕਾਰੀ ਇਸ਼ਤਿਹਾਰਾਂ ਉਤੇ ਰਾਜਸੀ ਆਗੂਆਂ ਦੀਆਂ ਤਸਵੀਰਾਂ ਛਾਪਣ ਬਾਰੇ ਨਿਯਮਾਂ ਵਿਚ ਢਿੱਲ ਦੇ ਦਿੱਤੀ ਹੈ। ਇਸ ਨਾਲ ਮੁੱਖ ਮੰਤਰੀਆਂ, ਕੇਂਦਰੀ ਤੇ ਸੂਬਾਈ ਮੰਤਰੀਆਂ ਤੋਂ ਇਲਾਵਾ ਰਾਜਪਾਲ ਵੀ ਇਸ਼ਤਿਹਾਰਾਂ 'ਤੇ ਮੁੜ ਤਸਵੀਰਾਂ ਛਪਾ ਸਕਦੇ ਹਨ, ਪਰ ਅਦਾਲਤ ਦੇ ਇਸ ਫੈਸਲੇ ਨੇ ਪ੍ਰਧਾਨ ਮੰਤਰੀ ਤੇ ਕੇਂਦਰੀ ਵਜ਼ੀਰਾਂ ਅਤੇ ਮੁੱਖ ਮੰਤਰੀਆਂ ਤੇ ਮੰਤਰੀਆਂ ਵਿਚਾਲੇ ਪਾੜਾ ਪਾ ਦਿੱਤਾ ਹੈ।

ਜਸਟਿਸ ਰੰਜਨ ਗੋਗੋਈ ਅਤੇ ਪਿਨਾਕੀ ਚੰਨਦ ਘੋਸ਼ ਦੇ ਬੈਂਚ ਨੇ ਇਸ ਸਬੰਧੀ ਹੁਕਮ ਜਾਰੀ ਕਰਦਿਆਂ ਕਿਹਾ ਕਿ ਕਿਸੇ ਵੀ ਸਰਕਾਰੀ ਇਸ਼ਤਿਹਾਰ ਉਤੇ ਪ੍ਰਧਾਨ ਮੰਤਰੀ ਅਤੇ ਸਬੰਧਤ ਮੰਤਰੀ 'ਚੋਂ ਕਿਸੇ ਇਕ ਦੀ ਤਸਵੀਰ ਛਪ ਸਕਦੀ ਹੈ। ਸੂਬਿਆਂ ਵਿਚ ਵੀ ਜਾਂ ਤਾਂ ਸਬੰਧਤ ਵਿਭਾਗ ਦੇ ਮੰਤਰੀ ਦੀ ਤਸਵੀਰ ਲੱਗੇਗੀ ਜਾਂ ਮੁੱਖ ਮੰਤਰੀ ਦੀ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਨੇ 13 ਮਈ, 2015 ਨੂੰ ਇਹ ਕਹਿੰਦਿਆਂ ਸਰਕਾਰੀ ਇਸ਼ਤਿਹਾਰਾਂ ਉਤੇ ਰਾਜਸੀ ਆਗੂਆਂ ਦੀਆਂ ਤਸਵੀਰਾਂ ਉਤੇ ਪਾਬੰਦੀ ਲਗਾ ਦਿੱਤੀ ਸੀ ਕਿ ਲੋਕਾਂ ਦੇ ਪੈਸੇ ਉਤੇ ਰਾਜਸੀ ਆਗੂਆਂ ਨੂੰ ਆਪਣਾ ਨਾਂ ਚਮਕਾਉਣ ਨਹੀਂ ਦਿੱਤਾ ਜਾ ਸਕਦਾ।

ਸੁਪਰੀਮ ਕੋਰਟ ਨੇ ਇਸ ਪਾਬੰਦੀ ਤੋਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਚੀਫ ਜਸਟਿਸ ਤੇ ਮਰਹੂਮ ਕੌਮੀ ਨੇਤਾਵਾਂ ਨੂੰ ਬਾਹਰ ਰੱਖਿਆ ਸੀ। ਇਸ ਫੈਸਲੇ ਖਿਲਾਫ਼ ਕੇਂਦਰ ਤੇ ਕਈ ਸੂਬਿਆਂ ਨੇ ਸੁਪਰੀਮ ਕੋਰਟ 'ਚ ਕਿਹਾ ਸੀ ਕਿ ਇਸ਼ਤਿਹਾਰਾਂ 'ਤੇ ਪ੍ਰਧਾਨ ਮੰਤਰੀ ਦੀ ਤਸਵੀਰ ਛਾਪਣ ਨਾਲ ਵਿਅਕਤੀ ਵਿਸ਼ੇਸ਼ ਨੂੰ ਉਭਾਰ ਮਿਲੇਗਾ। ਮੰਤਰੀਆਂ ਨੇ ਇਹ ਵੀ ਦਲੀਲ ਦਿੱਤੀ ਸੀ ਕਿ ਉਹ ਸਾਰੇ ਸੰਵਿਧਾਨਕ ਫਰਜ਼ ਨਿਭਾਅ ਰਹੇ ਹਨ ਅਤੇ ਜਨਤਾ ਪ੍ਰਤੀ ਬਰਾਬਰ ਜਵਾਬਦੇਹ ਹਨ।

## ਉਮਰ ਖਾਲਿਦ ਤੇ ਭੱਟਾਚਾਰੀਆ ਜ਼ਮਾਨਤ 'ਤੇ ਰਿਹਾ

**ਨਵੀਂ ਦਿੱਲੀ:** ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਵਿਚ ਦੇਸ਼ ਵਿਰੋਧੀ ਨਾਅਰੇ ਲਗਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਅਤੇ ਅਨਿਰਬਾਨ ਭੱਟਾਚਾਰੀਆ ਨੂੰ ਛੇ ਮਹੀਨੇ ਦੀ ਅੰਤਰਿਮ ਜ਼ਮਾਨਤ ਮਿਲ ਗਈ ਹੈ।



ਪਟਿਆਲਾ ਹਾਊਸ ਕੋਰਟ ਨੇ ਦੋਵਾਂ ਨੂੰ ਜ਼ਮਾਨਤ ਦੇ ਦਿੱਤੀ। ਅਦਾਲਤ ਨੇ ਦੋਵਾਂ ਨੂੰ 25 ਹਜ਼ਾਰ ਦੇ ਮੁਚੱਲਕੇ 'ਤੇ ਜ਼ਮਾਨਤ ਦਿੱਤੀ ਹੈ। ਰਿਹਾਅ ਹੋਣ ਪਿੱਛੋਂ ਜੇ.ਐਨ.ਯੂ. ਕੈਂਪਸ 'ਚ ਪੁੱਜੇ ਜਿਥੇ ਕਨੱਈਆ ਕੁਮਾਰ ਸਣੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

# ਹੁਣ ਸਮਲਿੰਗੀਆਂ ਦੇ ਹੱਕ ਵਿਚ ਡਟੀ ਆਰ.ਐਸ.ਐਸ.

**ਨਵੀਂ ਦਿੱਲੀ:** ਹਿੰਦੂ ਕੱਟੜਪੰਥੀ ਸੰਸਥਾ ਆਰ.ਐਸ.ਐਸ. ਸਮਲਿੰਗੀਆਂ ਦੇ ਸਮਰਥਨ ਵਿਚ ਉਤਰ ਆਈ ਹੈ। ਸਮਲਿੰਗੀਆਂ ਦੇ ਵਿਵਾਦ 'ਤੇ ਆਰ.ਐਸ.ਐਸ. ਦੇ ਦੱਤਾਤ੍ਰੇਯ ਹੋਸਬੋਲੇ ਨੇ ਕਿਹਾ ਕਿ ਸਮਲਿੰਗੀ ਸਬੰਧ ਹੋਣਾ ਕੋਈ ਅਪਰਾਧ ਨਹੀਂ। ਆਰ.ਐਸ.ਐਸ. ਲੀਡਰ ਨੇ ਕਿਹਾ ਕਿ"ਉਹ ਨਹੀਂ ਸਮਝਦਾ ਕਿ ਸਮਲਿੰਗੀ ਸਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ 'ਚ ਰੱਖਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਦੂਸਰੇ ਸਮਾਜ ਦੀਆਂ ਜ਼ਿੰਦਗੀਆਂ 'ਤੇ ਕੋਈ ਅਸਰ ਨਹੀਂ ਪਾਉਂਦਾ।"

ਹੋਸਬੋਲੇ ਦੇ ਬਿਆਨ ਦਾ ਵੱਡਾ ਅਸਰ ਇਹ ਹੋ ਸਕਦਾ ਹੈ ਕਿ ਸੁਪਰੀਮ ਕੋਰਟ 'ਚ ਚੱਲ ਰਹੇ ਕੇਸ ਉਤੇ ਸਰਕਾਰ ਦਾ ਰੁਖ ਬਦਲ ਸਕਦਾ ਹੈ। ਦਰਅਸਲ, ਸਾਲ 2009 'ਚ ਦਿੱਲੀ ਹਾਈ ਕੋਰਟ ਨੇ ਸਮਲਿੰਗੀ ਸਬੰਧਾਂ ਨੂੰ ਜੁਰਮ ਦੀ ਸ਼੍ਰੇਣੀ 'ਚੋਂ ਬਾਹਰ ਕਰ ਦਿੱਤਾ ਸੀ, ਪਰ ਸੁਪਰੀਮ ਕੋਰਟ ਨੇ ਸਾਲ 2013 'ਚ ਇਸ ਨੂੰ ਮੁੜ ਜੁਰਮ ਦੀ ਸ਼੍ਰੇਣੀ 'ਚ ਪਾ ਦਿੱਤਾ ਸੀ। ਸੁਪਰੀਮ ਕੋਰਟ ਇਸ ਬਾਰੇ ਹੁਕਮ ਦੇ ਚੁੱਕਾ ਹੈ। ਸੁਪਰੀਮ ਕੋਰਟ ਦੇ ਫੈਸਲੇ ਦਾ ਸਰਕਾਰ ਨੇ ਵੀ ਵਿਰੋਧ ਨਹੀਂ ਕੀਤਾ ਹੈ।


## ਰੈਸਟੋਰੈਂਟ ਲੀਜ਼ 'ਤੇ ਉਪਲਬਧ

ਫਲੋਰਿਡਾ ਵਿਚ ਵਧੀਆ ਚਲਦਾ ਇੰਡੀਅਨ
ਰੈਸਟੋਰੈਂਟ ਲੀਜ਼ 'ਤੇ ਉਪਲਬਧ ਹੈ
ਸੇਲ: $60,000 ਪ੍ਰਤੀ ਮਹੀਨਾ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 850-510-3466


# ਵਿਦੇਸ਼ 'ਫਰਾਰ' ਹੋਏ ਮਾਲਿਆ ਉਤੇ ਈ.ਡੀ. ਮਿਹਰਬਾਨ

**ਮੁੰਬਈ:** ਕੋਈ 9000 ਹਜ਼ਾਰ ਕਰੋੜ ਰੁਪਏ ਦੇ ਕਰਜ਼ਈ ਤੇ ਦੇਸ਼ ਤੋਂ ਫਰਾਰ ਹੋਏ ਉਦਯੋਗਪਤੀ ਵਿਜੇ ਮਾਲਿਆ ਲਈ ਇਕ ਰਾਹਤ ਦੀ ਖਬਰ ਆਈ ਹੈ। ਈ.ਡੀ. ਨੇ ਕਾਲੇ ਧਨ ਮਾਮਲੇ ਵਿਚ ਪੇਸ਼ ਹੋਣ ਲਈ ਮਾਲਿਆ ਨੂੰ ਦੋ ਹਫਤੇ ਦਾ ਹੋਰ ਸਮਾਂ ਦੇ ਦਿੱਤਾ ਹੈ।



ਈ.ਡੀ. ਸਾਹਮਣੇ ਪੇਸ਼ ਹੋਣ ਲਈ ਭੇਜੇ ਗਏ ਸੰਮਨ ਮੁਤਾਬਕ ਹੁਣ ਮਾਲਿਆ ਨੂੰ ਦੋ ਅਪਰੈਲ ਤੱਕ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਈ.ਡੀ. ਨੇ ਮਾਲਿਆ ਨੂੰ ਭੇਜੇ ਸੰਮਨ ਵਿਚ 18 ਮਾਰਚ ਤੱਕ ਪੇਸ਼ ਹੋਣ ਲਈ ਕਿਹਾ ਸੀ। ਮਾਲਿਆ ਨੇ ਈ.ਡੀ. ਦੇ ਸੰਮਨ ਦਾ ਜਵਾਬ ਦਿੰਦਿਆਂ ਆਪਣੇ ਰੁਝੇਵਿਆਂ ਕਾਰਨ ਅਪਰੈਲ ਤੱਕ ਦਾ ਸਮਾਂ ਮੰਗਿਆ ਸੀ। ਪਿਛਲੇ ਦਿਨੀਂ ਉਨ੍ਹਾਂ ਦੇਸ਼ ਵਿਚੋਂ ਫਰਾਰ ਹੋਣ ਦੀਆਂ ਖਬਰਾਂ ਦਾ ਖੰਡਨ ਕਰਦਿਆਂ ਕਿਹਾ ਸੀ ਕਿ ਉਹ ਅੰਤਰਰਾਸ਼ਟਰੀ ਕਾਰੋਬਾਰੀ ਹਨ।

ਮਾਲਿਆ ਨੇ ਕਿਹਾ ਸੀ ਕਿ ਉਹ ਕਾਰੋਬਾਰ ਦੇ ਸਿਲਸਿਲੇ 'ਚ ਬਾਹਰ ਗਏ ਹੋਏ ਹਨ ਤੇ ਮਾਰਚ ਦੇ ਅੰਤ ਤੱਕ ਵਾਪਸ ਪਰਤ ਸਕਦੇ ਹਨ। ਕਰਜ਼ ਦੀ ਮਾਰ ਕਾਰਨ ਡੁੱਬ ਚੁੱਕੀ ਏਅਰਲਾਈਨ ਕੰਪਨੀ ਕਿੰਗਫਿਸ਼ਰ ਦੇ ਸਾਬਕਾ ਮੁਖੀ 'ਤੇ ਬੈਂਕਾਂ ਦੇ ਤਕਰੀਬਨ 9000 ਕਰੋੜ ਰੁਪਏ ਕਰਜ਼ ਦਾ ਭੁਗਤਾਨ ਨਾ ਕਰਨ ਦੇ ਇਲਜ਼ਾਮ ਹਨ।





## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 26 ਮਾਰਚ 2016*

## 'ਭਾਰਤ ਮਾਤਾ' ਦਾ ਮੁਹਾਵਰਾ

'ਵਿਕਾਸ ਪੁਰਸ਼' ਨਰੇਂਦਰ ਮੋਦੀ ਦੀ ਸਰਕਾਰ ਬਣਿਆਂ ਪੂਰੇ ਦੋ ਸਾਲ ਅਜੇ ਮਈ ਵਿਚ ਹੋਣੇ ਹਨ, ਪਰ ਇਸ ਸਮੇਂ ਦੌਰਾਨ ਆਰ.ਐਸ.ਐਸ. ਨੇ ਆਪਣੀ ਹਿੰਦੂਤਵੀ ਵਿਚਾਰਧਾਰਾ ਦਾ ਧਮੱਚੜ ਪੂਰਾ ਚੁੱਕਿਆ ਹੋਇਆ ਹੈ। ਵੱਖ-ਵੱਖ ਸੰਸਥਾਵਾਂ ਤੇ ਖੇਤਰਾਂ, ਖਾਸ ਕਰ ਕੇ ਸਿੱਖਿਆ ਦੇ ਖੇਤਰਾਂ, ਦੇ ਨਾਲ-ਨਾਲ ਸੂਬਿਆਂ ਦੇ ਰਾਜਪਾਲ ਤੱਕ ਵਿਚ ਆਰ.ਐਸ.ਐਸ. ਪੱਖੀ ਬੰਦਿਆਂ ਦੀਆਂ ਨਿਯੁਕਤੀਆਂ ਧੜਾ-ਧੜ ਕੀਤੀ ਗਈਆਂ ਹਨ। ਪਹਿਲਾਂ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਅਤੇ ਫਿਰ ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਜੋ ਭੂਮਿਕਾ ਆਰ.ਐਸ.ਐਸ. ਨੇ ਨਿਭਾਈ, ਉਹ ਹੁਣ ਕਿਸੇ ਤੋਂ ਲੁਕੀ ਹੋਈ ਨਹੀਂ ਅਤੇ ਨਾ ਹੀ ਇਸ ਜਥੇਬੰਦੀ ਦੇ ਅਸਲ ਏਜੰਡੇ ਬਾਰੇ ਹੁਣ ਕਿਸੇ ਨੂੰ ਵੀ ਕੋਈ ਭੁਲੇਖਾ ਹੈ। ਕੱਲ੍ਹ ਤੱਕ ਜਿਹੜੀ ਸਰਗਰਮੀ ਇਹ ਜਥੇਬੰਦੀ ਅਤੇ ਇਸ ਦੀਆਂ ਜੋਟੀਦਾਰ ਜਥੇਬੰਦੀਆਂ ਝਿਜਕ ਨਾਲ ਕਰਦੀਆਂ ਸਨ, ਉਹ ਹੁਣ ਸ਼ੱਰੇਆਮ ਕੀਤਾ ਜਾ ਰਿਹਾ ਹੈ। ਪਹਿਲਾਂ-ਪਹਿਲਾਂ ਇਹ ਕਨਸੋਅ ਮਿਲੀ ਸੀ ਕਿ ਕੁਝ ਮਸਲਿਆਂ ਬਾਰੇ ਆਰ.ਐਸ.ਐਸ. ਅਤੇ ਪ੍ਰਧਾਨ ਮੰਤਰੀ ਮੋਦੀ ਵਿਚਕਾਰ ਅੰਦਰੂਨੀ ਤਣਾਅ ਚੱਲ ਰਿਹਾ ਹੈ, ਪਰ ਆਰ.ਐਸ.ਐਸ. ਦੇ ਰਾਸ਼ਟਰਵਾਦ ਅਤੇ ਮੋਦੀ ਦੇ ਅਖੌਤੀ ਵਿਕਾਸ ਵਾਲੇ ਮਾਮਲਿਆਂ 'ਤੇ ਦੋਹਾਂ ਧਿਰਾਂ ਦੀ ਸੁਰ ਮਿਲੀ ਹੋਈ ਹੈ। ਰਾਸ਼ਟਰਵਾਦ ਦੇ ਮਸਲੇ 'ਤੇ ਆਰ.ਐਸ.ਐਸ. ਪੱਖੀ ਜਥੇਬੰਦੀਆਂ, ਖਾਸ ਕਰ ਕੇ ਇਸ ਦਾ ਵਿਦਿਆਰਥੀ ਵਿੰਗ-ਅਖਿਲ ਭਾਰਤੀਯ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.), ਚਾਰ ਕਦਮ ਅਗਾਂਹ ਵਧ ਕੇ ਸਰਗਰਮੀ ਕਰ ਰਿਹਾ ਹੈ। ਹੈਦਰਾਬਾਦ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀਆਂ ਵਿਚ ਜੋ ਕੁਝ ਵੀ ਹੋਇਆ, ਉਸ ਪਿਛੇ ਅਸਲ ਤਾਕਤ ਇਹ ਵਿਦਿਆਰਥੀ ਪ੍ਰੀਸ਼ਦ ਹੀ ਹੈ। ਇਸ ਮਾਮਲੇ ਬਾਰੇ ਮੋਦੀ ਨੇ ਕੰਨਾਂ ਵਿਚ ਰੂੰ ਦਿੱਤਾ ਹੋਇਆ ਹੈ ਅਤੇ ਅੱਖਾਂ ਵੀ ਬੰਦ ਕੀਤੀਆਂ ਹੋਈਆਂ ਹਨ। ਇਸੇ ਤਰ੍ਹਾਂ ਮੋਦੀ 'ਵਿਕਾਸ' ਦੇ ਨਾਂ 'ਤੇ ਬਹੁ-ਕੌਮੀ ਵਿਦੇਸ਼ੀ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਨੂੰ ਮੁਲਕ ਦੀ ਧਨ-ਦੌਲਤ ਲੁਟਾ ਰਹੇ ਹਨ। ਕੱਲ੍ਹ ਤੱਕ ਸਵਦੇਸ਼ੀ ਦਾ ਰਾਗ ਅਲਾਪਣ ਵਾਲੀ ਆਰ.ਐਸ.ਐਸ. ਨਾਲ ਜੁੜੀਆਂ ਸਭ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਇਸ ਬਾਰੇ ਆਪੋ-ਆਪਣੇ ਮੂੰਹ ਸੀਤੇ ਹੋਏ ਹਨ। ਜ਼ਾਹਿਰ ਹੈ ਕਿ ਮੋਦੀ ਅਤੇ ਆਰ.ਐਸ.ਐਸ. ਹੁਣ ਇਕ-ਦੂਜੇ ਦੇ ਕੰਮ-ਕਾਰ ਵਿਚ ਦਖਲ ਨਹੀਂ ਦੇ ਰਹੇ। ਇਸ ਦਾ ਕੁਝ ਕੁ ਵਿਰੋਧ ਤਾਂ ਹੋ ਰਿਹਾ ਹੈ ਜਿਹੜਾ ਤਿੱਖਾ ਵੀ ਜਾਪਦਾ ਹੈ, ਪਰ ਸਮੁੱਚੀ ਵਿਰੋਧੀ ਧਿਰ ਫਿਲਹਾਲ ਚਾਰੇ ਖਾਨੇ ਚਿੱਤ ਹੈ। ਨਾ ਸੰਸਦ ਦੇ ਅੰਦਰ ਅਤੇ ਨਾ ਹੀ ਸੰਸਦ ਦੇ ਬਾਹਰ, ਇਹ ਲੜਾਈ ਦਾ ਉਹ ਠੁੱਕ ਨਹੀਂ ਬੰਨ੍ਹ ਸਕੀ, ਜਿਸ ਦੀ ਤਵੱਕੋ ਕੀਤੀ ਜਾ ਰਹੀ ਸੀ।

ਸਿਆਸੀ ਵਿਸ਼ਲੇਸ਼ਕਾਂ ਦਾ ਇਹ ਵਿਸ਼ਲੇਸ਼ਣ ਹੁਣ ਸੱਚ ਸਾਬਤ ਹੋ ਰਿਹਾ ਹੈ ਕਿ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਵਾਲਾ ਰਾਹ, ਅਸਲ ਵਿਚ ਕਾਂਗਰਸ ਨੇ ਖੋਲ੍ਹਿਆ। ਕਾਂਗਰਸ ਦੇ ਦਸ ਸਾਲਾਂ ਦੇ ਰਾਜ ਦੌਰਾਨ ਕੁਪ੍ਰਬੰਧ ਅਤੇ ਭ੍ਰਿਸ਼ਟਾਚਾਰ ਇਸ ਕਦਰ ਹਾਵੀ ਹੋ ਗਿਆ ਸੀ ਕਿ ਲੋਕ ਸਭਾ ਚੋਣਾਂ ਦੌਰਾਨ ਲੋਕਾਂ ਨੇ ਕਾਂਗਰਸ ਦੀ ਥਾਂ ਨਵੀਂ ਧਿਰ ਦੇ ਹੱਕ ਵਿਚ ਵੋਟਾਂ ਪਾਈਆਂ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਹ ਧਿਰ ਭਾਰਤੀ ਜਨਤਾ ਪਾਰਟੀ ਹੋਵੇਗੀ। ਇਸ ਪਾਰਟੀ ਨੂੰ ਖੁਦ, ਬਹੁਮਤ ਮਿਲਣ ਦਾ ਸੁਫਨਾ ਤੱਕ ਨਹੀਂ ਸੀ ਆਇਆ। ਹਾਂ, ਇੰਨਾ ਜ਼ਰੂਰ ਸੀ ਕਿ ਭਾਈਵਾਲ ਪਾਰਟੀਆਂ ਨਾਲ ਮਿਲ ਕੇ ਇਹ ਸਭ ਤੋਂ ਵੱਧ ਸੀਟਾਂ ਜਿੱਤ ਸਕਦੀ ਹੈ। ਜਦੋਂ ਨਤੀਜੇ ਆਉਣੇ ਸ਼ੁਰੂ ਹੋਏ ਤਾਂ ਸਭ ਦੰਗ ਰਹਿ ਗਏ। ਸਭ ਦੀਆਂ ਗਿਣਤੀਆਂ-ਮਿਣਤੀਆਂ ਉਲਟ-ਪੁਲਟ ਗਈਆਂ ਸਨ। ਇਸ ਦਾ ਮੁੱਖ ਕਾਰਨ ਇਹੀ ਸੀ ਕਿ ਕਾਂਗਰਸ ਅਤੇ ਹੋਰ ਵਿਰੋਧੀ ਧਿਰ ਦੀ ਕਮਜ਼ੋਰੀ ਦਾ ਸਾਰਾ ਲਾਭ ਭਾਰਤੀ ਜਨਤਾ ਪਾਰਟੀ ਦੇ ਪੱਲੇ ਵਿਚ ਪਿਆ ਸੀ। ਹੁਣ ਵੀ ਹਾਲਾਤ ਕੋਈ ਵੱਖਰੇ ਨਹੀਂ। ਰਣਨੀਤੀ ਦੇ ਪੱਖ ਤੋਂ ਸਮੁੱਚੀ ਵਿਰੋਧੀ ਧਿਰ ਦਾ ਦਿਵਾਲੀਆਪਣ, ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਵਿਵਾਦ ਦੌਰਾਨ ਉਭਰ ਕੇ ਸਾਹਮਣੇ ਆਏ ਵਿਦਿਆਰਥੀ ਆਗੂ ਕਨ੍ਹੱਈਆ ਕੁਮਾਰ ਦੀ ਕਾਂਗਰਸ ਆਗੂ ਰਾਹੁਲ ਗਾਂਧੀ ਨਾਲ ਮੁਲਾਕਾਤ ਨਾਲ ਜ਼ਾਹਿਰ ਹੋ ਗਿਆ ਹੈ। ਹੁਣ ਤੱਕ ਰਾਸ਼ਟਰਵਾਦ ਦੇ ਮੁੱਦੇ 'ਤੇ ਜਿੰਨੀ ਠੋਸ ਲੜਾਈ ਆਰ.ਐਸ.ਐਸ. ਜਾਂ ਭਾਰਤੀ ਜਨਤਾ ਪਾਰਟੀ ਨੂੰ ਦਿੱਤੀ ਹੈ, ਉਹ ਖੱਬੇ ਪੱਖੀਆਂ ਨੇ ਹੀ ਦਿੱਤੀ ਹੈ। ਹੁਣ ਜਦੋਂ ਸਰਕਾਰ ਵਿਚ ਸ਼ਾਮਲ ਹਿੰਦੂਤਵੀ ਧਿਰਾਂ ਸਿਰ ਤੱਕ ਚੜ੍ਹ ਆਈਆਂ ਹਨ ਤਾਂ ਇਨ੍ਹਾਂ ਖਿਲਾਫ ਸਮੁੱਚਾ ਫਰੰਟ ਖੋਲ੍ਹਣ ਦੀ ਥਾਂ, ਰਵਾਇਤੀ ਖੱਬੀਆਂ ਧਿਰਾਂ ਪੰਜ ਸੂਬਿਆਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਹੀ ਸੋਚ ਰਹੀਆਂ ਹਨ। ਸੂਹ ਹੈ ਕਿ ਰਵਾਇਤੀ ਖੱਬੀਆਂ ਪਾਰਟੀਆਂ ਕਨ੍ਹੱਈਆ ਕੁਮਾਰ ਨੂੰ ਇਨ੍ਹਾਂ ਸੂਬਿਆਂ ਅੰਦਰ ਸਟਾਰ ਚੋਣ ਪ੍ਰਚਾਰਕ ਬਣਾਉਣ ਦੀ ਕਵਾਇਦ ਕਰ ਰਹੀਆਂ ਹਨ। ਉਂਜ ਵੀ ਕਨ੍ਹੱਈਆ ਕੁਮਾਰ ਵਾਲੀ ਸਾਰੀ ਲੜਾਈ ਇਸ ਪੈਂਤੜੇ ਤੋਂ ਲੜੀ ਗਈ ਕਿ ਉਸ ਨੇ ਤਾਂ ਦੇਸ਼ ਵਿਰੋਧੀ ਨਾਹਰੇ ਲਾਏ ਹੀ ਨਹੀਂ। ਇਸ ਦੀ ਥਾਂ ਲੜਾਈ ਦਾ ਇਹ ਠੁੱਕ ਬਣ ਸਕਦਾ ਸੀ ਕਿ ਵਿਦਿਆਰਥੀਆਂ ਖਿਲਾਫ ਲਾਏ ਦੇਸ਼ ਧ੍ਰੋਹ ਦੇ ਦੋਸ਼ ਉਕਾ ਹੀ ਗਲਤ ਹਨ। ਮੁਲਕ ਦੇ ਉਘੇ ਕਾਨੂੰਨੀ ਮਾਹਿਰਾਂ ਦੀ ਤਾਂ ਪਹਿਲੇ ਦਿਨ ਤੋਂ ਇਹ ਰਾਏ ਆ ਗਈ ਸੀ ਕਿ ਇਨ੍ਹਾਂ ਵਿਦਿਆਰਥੀਆਂ ਖਿਲਾਫ ਦੇਸ਼ ਧ੍ਰੋਹ ਦੇ ਦੋਸ਼ ਬਣਦੇ ਹੀ ਨਹੀਂ। ਇਨ੍ਹਾਂ ਦੋਸ਼ਾਂ ਤਹਿਤ ਫੜੇ ਗਏ ਸਾਰੇ ਵਿਦਿਆਰਥੀ ਅਤੇ ਪ੍ਰੋਫੈਸਰ ਐਸ.ਏ.ਆਰ. ਗਿਲਾਨੀ ਜ਼ਮਾਨਤ ਉਤੇ ਬਾਹਰ ਵੀ ਆ ਗਏ ਹਨ। ਅਸਲ ਵਿਚ ਇਹੀ ਉਹ ਕਮਜ਼ੋਰ ਰਣਨੀਤੀ ਹੈ ਜਿਸ ਕਰ ਕੇ ਹਿੰਦੂਤਵਵਾਦੀ ਜਥੇਬੰਦੀਆਂ ਅੱਜ ਹਰ ਵਿਰੋਧੀ ਨੂੰ ਦੇਸ਼ ਧ੍ਰੋਹੀ ਆਖਣ ਤੱਕ ਚਲੀਆਂ ਗਈਆਂ ਹਨ ਅਤੇ ਇਸ ਦੇ ਨਾਲ ਹੀ ਇਨ੍ਹਾਂ ਨੇ 'ਆਪਣੇ' ਰਾਸ਼ਟਰਵਾਦ ਦਾ ਹੁਣ ਪੂਰਾ ਠੁੱਕ ਬੰਨ੍ਹ ਲਿਆ ਹੈ, 'ਭਾਰਤ ਮਾਤਾ ਕੀ ਜੈ' ਦਾ ਨਾਅਰਾ ਖਾਸ ਬਣਾ ਲਿਆ ਹੈ। ਇਹ ਹਮਲਾ ਹੁਣ ਸਿਆਸੀ ਖੇਤਰ ਵਿਚੋਂ ਨਿਕਲ ਕੇ ਸਮਾਜਕ ਅਤੇ ਸਭਿਆਚਾਰਕ ਖੇਤਰ ਤੱਕ ਅੱਪੜ ਰਿਹਾ ਹੈ। ਵਕਤ ਨੇ ਦਰਸਾ ਦਿੱਤਾ ਹੈ ਕਿ ਇਸ ਹਿੰਦੂਤਵੀ ਹਮਲੇ ਨੂੰ ਅਸਲ 'ਚ ਲਲਕਾਰਨ ਵਾਲਾ ਜੁਝਾਰੂਪਣ, ਕਾਂਗਰਸ ਅਤੇ ਰਵਾਇਤੀ ਖੱਬੇ ਪੱਖੀ ਪਾਰਟੀਆਂ ਵਿਚ ਨਹੀਂ। ਆਰ.ਐਸ.ਐਸ. ਦੇ ਰਾਸ਼ਟਰਵਾਦ ਅਤੇ ਰਾਜਨੀਤੀ ਦੇ ਐਨ ਬਰਾਬਰ ਠੁੱਕ ਬੰਨ੍ਹਣ ਵਾਲੇ ਹੀ ਭਾਰਤੀ ਸਿਆਸਤ ਅੰਦਰ ਕੋਈ ਨਵਾਂ ਆਗਾਜ਼ ਕਰ ਸਕਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਾਣੀ ਵਿਚ ਮਧਾਣੀ?*

ਛਲ-ਕਪਟ ਦੇ ਨਾਲ ਹੀ ਸਫਲ ਹੁੰਦਾ, 'ਸੱਤਾ ਮਿਸ਼ਨ' ਸਿਆਸਤੀ ਹਾਣੀਆਂ ਦਾ।<br>
ਭਾਵੁਕ ਹੁੰਦਿਆਂ ਮਗਰ ਤੁਰ ਪੈਣ ਲੋਕੀਂ, 'ਭਾਣਾ ਵਰਤਦਾ' ਨੀਤੀਆਂ ਕਾਣੀਆਂ ਦਾ।<br>
ਆਇਆ ਚੋਣ ਮਾਹੌਲ ਗਰਮਾਉਣ ਖਾਤਰ, ਕੱਢਦੇ ਹੱਲ ਨਾ ਉਲਝੀਆਂ ਤਾਣੀਆਂ ਦਾ।<br>
ਚੇਤਨ ਧਿਰਾਂ ਨੂੰ ਔਝੜੇ ਰਾਹ ਪਾ ਕੇ, ਵਧਦਾ ਹੌਸਲਾ ਲੁੱਚੀਆਂ ਢਾਣੀਆਂ ਦਾ।<br>
ਪਤਾ ਵਿਰਲਿਆਂ ਤਾਂਈਂ ਹੀ ਲਗਦਾ ਐ, ਪਾਈਆਂ ਪਾਣੀ ਦੇ ਵਿਚ ਮਧਾਣੀਆਂ ਦਾ।<br>
ਕਬਜ਼ਾ ਕੁਰਸੀ 'ਤੇ ਰੱਖਣ ਲਈ ਖੇਡਿਆ ਹੈ, ਪੱਤਾ ਫਿਰ ਮੱਕਾਰਾਂ ਨੇ ਪਾਣੀਆਂ ਦਾ।

# ਪਾਣੀਆਂ ਦਾ ਮਸਲਾ ਬਨਾਮ ਚੰਦ 'ਤੇ ਖਰੀਦੀ ਜ਼ਮੀਨ ਦੀਆਂ ਫਰਦਾਂ

***ਪੰਜਾਬ ਸਰਕਾਰ ਨੇ ਸਤਲੁਜ-ਯਮੁਨਾ ਲਿੰਕ ਨਹਿਰ ਲਈ ਖਰੀਦੀ ਜ਼ਮੀਨ ਕਿਸਾਨਾਂ ਨੂੰ ਮੋੜਨ ਦਾ ਫ਼ੈਸਲਾ ਕਰ ਦਿੱਤਾ। ਨਹਿਰ ਪੂਰਨ ਲਈ ਕਾਂਗਰਸੀਆਂ ਅਤੇ ਅਕਾਲੀਆਂ ਨੇ ਦੌੜ ਲਗਾ ਦਿੱਤੀ। 'ਆਪ' ਨੇ ਬਿਆਨ ਦਾਗ਼ ਦਿੱਤਾ। ਫਿਰ ਸੁਪਰੀਮ ਕੋਰਟ ਨੇ ਨਹਿਰ ਨੂੰ ਜਿਉਂ ਦਾ ਤਿਉਂ ਰੱਖਣ ਦਾ ਹੁਕਮ ਦੇ ਦਿੱਤਾ। ਇਸ ਦੌਰਾਨ ਸੁਆਲ ਬਣ ਗਿਆ ਕਿ ਪਾਣੀ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ ਜਾਂ ਨਹੀਂ?... ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਸਦਾ ਸੁੱਕੀ ਰਹਿਣ ਵਾਲਾ ਖ਼ਿਤਾਬ ਸੁਖਾਲਾ ਹੀ ਮਿਲ ਸਕਦਾ ਹੈ। ਜਿਸ ਨਹਿਰ ਵਿਚ ਕਦੇ ਸੇਮ ਅਤੇ ਹੜ੍ਹ ਤੋਂ ਬਿਨਾਂ ਪਾਣੀ ਨਹੀਂ ਆਇਆ, ਉਸ ਨੂੰ ਪੂਰ ਕੇ ਕੋਈ ਪਾਣੀ ਕਿਵੇਂ ਬਚਾ ਸਕਦਾ ਹੈ?***

ਕੁਝ ਸਾਲ ਪਹਿਲਾਂ ਪੰਜਾਬੀ ਅਖਬਾਰਾਂ ਵਿਚ ਚੰਦ ਉਤੇ ਜ਼ਮੀਨ ਖਰੀਦਣ ਦੀ ਖਬਰ ਛਪੀ। ਬਾਅਦ ਵਿਚ ਇਸੇ ਤਰਜ਼ ਦੀਆਂ ਖਬਰਾਂ ਪਟਿਆਲਾ, ਬਠਿੰਡਾ ਅਤੇ ਮਾਨਸਾ ਇਲਾਕਿਆਂ ਤੋਂ ਛਪੀਆਂ। ਖਬਰਾਂ ਵਿਚ ਸਿਰਫ਼ ਚੰਦ 'ਤੇ ਜ਼ਮੀਨ ਖਰੀਦਣ ਵਾਲੇ ਦਾ ਦਾਅਵਾ ਹੁੰਦਾ ਸੀ ਕਿ ਉਸ ਨੇ ਕਿੰਨੇ ਪੈਸੇ ਵਿਚ ਸੌਦਾ ਕੀਤਾ ਹੈ। ਇਨ੍ਹਾਂ ਖਬਰਾਂ ਵਿਚ ਜ਼ਮੀਨਾਂ ਖਰੀਦਣ ਵਾਲੇ ਅਮੀਰਜ਼ਾਦੇ ਨਹੀਂ ਸਨ ਅਤੇ ਨਾ ਹੀ ਵਪਾਰੀ। ਚੰਦ ਉਤੇ ਜਾਣ ਦੀ ਇੱਛਾ ਰੱਖਣ ਵਾਲੇ ਇਹ ਆਮ ਲੋਕ ਸਨ। ਇਹ ਖਬਰਾਂ ਲਿਖਣ ਵਾਲਿਆਂ ਅਤੇ ਛਾਪਣ ਵਾਲਿਆਂ ਨੇ ਇਹ ਪੁੱਛਣ ਦੀ ਲੋੜ ਨਹੀਂ ਸਮਝੀ ਕਿ ਜ਼ਮੀਨ ਕੌਣ ਵੇਚ ਰਿਹਾ ਹੈ ਤੇ ਕਿਵੇਂ ਖਰੀਦੀ ਜਾ ਰਹੀ ਹੈ। ਇਸ ਜ਼ਮੀਨ ਦੀ ਨਿਸ਼ਾਨਦੇਹੀ ਕੌਣ ਕਰਦਾ ਹੈ ਤੇ ਖਰੀਦਦਾਰ ਸੌਦੇ ਦੀ ਤਸਦੀਕ ਕਿਵੇਂ ਕਰਦੇ ਹਨ।



**ਦਲਜੀਤ ਅਮੀ**
ਫੋਨ: +91-97811-21873

ਫਿਰ ਕੁਝ ਸਮੇਂ ਬਾਅਦ ਹਾਲੈਂਡ ਦੇ ਇੱਕ ਅਦਾਰੇ ਨੇ ਮੰਗਲ ਗ੍ਰਹਿ ਉਤੇ ਜਾਣ ਦੀ ਇੱਛਾ ਰੱਖਣ ਵਾਲਿਆਂ ਤੋਂ ਅਰਜ਼ੀਆਂ ਮੰਗੀਆਂ। ਇਹ ਯਾਤਰਾ ਦਾ ਇਸ਼ਤਿਹਾਰ ਨਹੀਂ ਸੀ, ਸਿਰਫ ਮੰਗਲ ਗ੍ਰਹਿ ਉਤੇ ਜਾਣ ਤੇ ਵਸਣ ਦਾ ਵਾਅਦਾ ਸੀ। ਜਾਣ ਵਾਲੇ ਨੇ ਵਾਪਸ ਕਦੇ ਨਹੀਂ ਸੀ ਆਉਣਾ। ਇਸ਼ਤਿਹਾਰ ਵਿਚ ਦਾਅਵਾ ਸੀ ਕਿ ਮੰਗਲ ਗ੍ਰਹਿ ਉਤੇ ਬਸਤੀਆਂ ਵਸਾਈਆਂ ਜਾਣ ਵਾਲੀਆਂ ਹਨ। ਦੂਜੇ ਗ੍ਰਹਿ ਉਤੇ ਜਾ ਕੇ ਵਸਣ ਵਾਲਿਆਂ ਲਈ ਪੂਰਾ ਸਫਰ ਅਤੇ ਵਸੇਬੇ ਦਾ ਪੂਰਾ ਨਕਸ਼ਾ ਦਿੱਤਾ ਗਿਆ ਸੀ। ਇਹ ਇਸ਼ਤਿਹਾਰ ਵਿਗਿਆਨੀਆਂ, ਇਤਿਹਾਸਕਾਰਾਂ, ਸਮਾਜ ਸ਼ਾਸਤਰੀਆਂ ਅਤੇ ਮਨੁੱਖੀ ਮਨ ਦੀ ਥਾਹ ਪਾਉਣ ਵਿਚ ਲੱਗੇ ਮਨੋਵਿਗਿਆਨ ਦੇ ਮਾਹਰਾਂ ਦੀ ਦਿਲਚਸਪੀ ਦਾ ਸਬੱਬ ਬਣਿਆ। ਇਸੇ ਇਸ਼ਤਿਹਾਰ ਦੇ ਹਵਾਲੇ ਨਾਲ ਕਈ ਲੇਖਕਾਂ ਨੇ ਕਵਿਤਾਵਾਂ, ਕਹਾਣੀਆਂ ਅਤੇ ਲੇਖ ਲਿਖੇ। ਕੁਝ ਫਿਲਮਸਾਜ਼ਾਂ ਨੇ ਫਿਲਮਾਂ ਬਣਾਈਆਂ। ਜੇ ਇਤਿਹਾਸਕਾਰ ਇਸ ਨੂੰ ਮਨੁੱਖ ਦੇ ਸਾਮਰਾਜੀ ਇਤਿਹਾਸ ਨਾਲ ਜੋੜ ਕੇ ਦੇਖਦੇ ਸਨ ਤਾਂ ਲੇਖਕਾਂ ਦੀਆਂ ਕਾਵਿ-ਉਡਾਣਾਂ ਆਪਣੀ ਥਾਂ ਰੱਖਦੀਆਂ ਸਨ। ਅਰਜ਼ੀ ਦੇਣ ਵਾਲਿਆਂ ਨੇ ਆਪਣੀ ਲੋੜੀਂਦੀ ਤਫਸੀਲ ਇਸ਼ਤਿਹਾਰ ਦੇਣ ਵਾਲੇ ਅਦਾਰੇ ਨੂੰ ਦੇਣੀ ਸ਼ੁਰੂ ਕਰ ਦਿੱਤੀ। ਜਿਨ੍ਹਾਂ ਦੇ ਘਰਾਂ ਦੇ ਸਾਕ-ਸਨੇਹੀ ਮੰਗਲ ਗ੍ਰਹਿ ਦੇ ਸਦੀਵੀ ਸਫਰ ਉਤੇ ਜਾਣਾ ਚਾਹੁੰਦੇ ਸਨ, ਉਨ੍ਹਾਂ ਦੀਆਂ ਸੋਚਾਂ ਅਖਬਾਰਾਂ ਦੀਆਂ ਖਬਰਾਂ ਬਣੀਆਂ। ਇੰਟਰਨੈੱਟ ਰਾਹੀਂ ਹੁੰਦੀ ਚੋਣ ਨੇ ਕਈ ਪੜਾਅ ਪਾਰ ਕੀਤੇ, ਫਿਰ ਅਰਜ਼ੀਆਂ ਰੱਦ ਹੋਣੀਆਂ ਸ਼ੁਰੂ ਹੋ ਗਈਆਂ। ਇਹ ਖਬਰ ਕਦੇ ਨਹੀਂ ਆਈ ਕਿ ਹੁਣ ਕਿੰਨੀਆਂ ਅਰਜ਼ੀਆਂ ਬਚੀਆਂ ਹਨ ਅਤੇ ਕਿੰਨੇ ਲੋਕ ਮੰਗਲ ਗ੍ਰਹਿ ਉਤੇ ਜਾ ਰਹੇ ਹਨ। ਇਸ਼ਤਿਹਾਰ ਵਿਚ ਮੰਗਲ ਗ੍ਰਹਿ ਉਤੇ ਜਾਣ ਦਾ ਸਾਲ 2023 ਦੱਸਿਆ ਗਿਆ ਸੀ। ਅਰਜ਼ੀਆਂ ਦੇਣ ਵਾਲੇ ਲੋਕਾਂ ਦੇ ਤੰਦਰੁਸਤ ਹੋਣ ਦੀ ਤਵੱਕੋ ਕੀਤੀ ਜਾਂਦੀ ਸੀ, ਇਸ ਲਈ ਅਰਜ਼ੀਆਂ ਭਾਵੇਂ ਰੱਦ ਹੋ ਗਈਆਂ, ਪਰ ਜ਼ਿਆਦਾਤਰ ਲੋਕਾਂ ਨੇ ਆਪਣੀ ਸਿਹਤ ਠੀਕ ਕਰ ਲਈ।

ਚੰਦ ਉਤੇ ਜ਼ਮੀਨ ਖਰੀਦਣ ਵਾਲਿਆਂ ਕੋਲ ਉਨ੍ਹਾਂ ਦੀ ਜ਼ਮੀਨ ਦੀਆਂ ਫਰਦਾਂ ਪਹੁੰਚੀਆਂ ਸਨ। ਫਰਦਾਂ ਉਤੇ ਰਕਬਾ ਅਤੇ ਮਾਲਕ ਦਾ ਨਾਮ ਦਰਜ ਸੀ। ਸਰਸਰੀ ਖੋਜ ਤੋਂ ਬਾਅਦ ਚੰਦ ਉਤੇ ਜ਼ਮੀਨ ਵੇਚਣ ਵਾਲਿਆਂ ਦੀਆਂ ਵੈੱਬਸਾਈਟਾਂ ਇੰਟਰਨੈੱਟ ਉਤੇ ਲੱਭ ਜਾਂਦੀਆਂ ਹਨ। ਇਨ੍ਹਾਂ ਦਾ ਦਾਅਵਾ ਹੈ ਕਿ ਬਿਲਕੁਲ ਅਸਲ ਜਾਪਦੀ ਫਰਦ ਖਰੀਦਦਾਰ ਦਾ ਨਾਮ ਦਰਜ ਕਰ ਕੇ ਭੇਜੀ ਜਾਵੇਗੀ। ਇਸ ਫਰਦ ਨੂੰ ਆਪਣੇ ਘਰ ਜਾਂ ਦਫਤਰ ਦੀ ਕੰਧ ਉਤੇ ਸਜਾਇਆ ਜਾ ਸਕਦਾ ਹੈ। ਵੈੱਬਸਾਈਟਾਂ ਉਤੇ ਦਰਜ ਸੀ ਕਿ ਖਰੀਦਦਾਰ ਨੂੰ ਜ਼ਮੀਨ ਦਾ ਮਾਲਕ ਹੋਣ ਦਾ ਅਹਿਸਾਸ ਹੁੰਦਾ ਹੈ ਅਤੇ ਕੰਧ ਉਤੇ ਲੱਗੀ ਫਰਦ ਦੇਖ ਕੇ ਆਉਣ-ਜਾਣ ਵਾਲਾ ਪੁੱਛਦਾ ਹੈ। ਪੰਜਾਬੀ ਅਖਬਾਰਾਂ ਵਾਲਿਆਂ ਨੇ ਪਹਿਲੇ ਪੰਨੇ ਉਤੇ ਖਬਰਾਂ ਛਾਪ ਕੇ ਇਹ ਸਾਬਤ ਕਰ ਦਿੱਤਾ ਕਿ ਵੈੱਬਸਾਈਟਾਂ ਵਾਲਿਆਂ ਦਾ ਦਾਅਵਾ ਠੀਕ ਹੈ। ਫਰਦਾਂ ਬਾਰੇ ਪੁੱਛਦੇ ਪੱਤਰਕਾਰਾਂ ਨੇ ਵੈੱਬਸਾਈਟਾਂ ਉਤੇ ਸਰਸਰੀ ਨਜ਼ਰ ਤੱਕ ਨਹੀਂ ਮਾਰੀ।

ਇਹ ਦੋ ਕਹਾਣੀਆਂ ਲਿਖਣ ਦਾ ਮਕਸਦ ਸਿਰਫ ਪਾਠਕ ਨੂੰ ਇੰਟਰਨੈੱਟ ਉਤੇ ਇਨ੍ਹਾਂ ਦੀ ਤਸਦੀਕ ਕਰਨ ਲਈ ਉਕਸਾਉਣਾ ਨਹੀਂ ਹੈ। ਲੇਖ ਦਾ ਮੁੱਖ ਮਕਸਦ ਤਾਂ ਇਹ ਸੁਆਲ ਪੁੱਛਣਾ ਹੈ ਕਿ ਪੰਜਾਬ ਦੇ ਸਿਆਸਤਦਾਨਾਂ ਅਤੇ ਇਨ੍ਹਾਂ ਵੈੱਬਸਾਈਟਾਂ ਵਾਲਿਆਂ ਦਾ ਆਪਸ ਵਿਚ ਕੀ ਰਿਸ਼ਤਾ ਹੈ? ਇਨ੍ਹਾਂ ਵਿਚੋਂ ਗੁਰੂ ਕੌਣ ਅਤੇ ਚੇਲਾ ਕੌਣ ਹੈ? ਪਿਛਲੇ ਦਿਨਾਂ ਦੌਰਾਨ ਪੰਜਾਬ ਸਰਕਾਰ ਨੇ ਸਤਲੁਜ-ਯਮੁਨਾ ਲਿੰਕ ਨਹਿਰ ਲਈ ਖਰੀਦੀ ਜ਼ਮੀਨ ਕਿਸਾਨਾਂ ਨੂੰ ਮੋੜਨ ਦਾ ਫੈਸਲਾ ਕਰ ਦਿੱਤਾ। ਨਹਿਰ ਪੂਰਨ ਲਈ ਕਾਂਗਰਸੀਆਂ ਅਤੇ ਅਕਾਲੀਆਂ ਨੇ ਦੌੜ ਲਗਾ ਦਿੱਤੀ। ਆਮ ਆਦਮੀ ਪਾਰਟੀ ਨੇ ਬਿਆਨ ਦਾਗ ਦਿੱਤਾ। ਅਗਲੇ ਦਿਨ ਸੁਪਰੀਮ ਕੋਰਟ ਨੇ ਇਸ ਨਹਿਰ ਨੂੰ ਜਿਉਂ ਦਾ ਤਿਉਂ ਰੱਖਣ ਦਾ ਹੁਕਮ ਜਾਰੀ ਕਰ ਦਿੱਤਾ। ਇਸ ਦੌਰਾਨ ਟੈਲੀਵਿਜ਼ਨ ਚੈਨਲਾਂ, ਅਖਬਾਰਾਂ, ਵਿਦਵਾਨਾਂ ਅਤੇ ਫੇਸਬੁੱਕੀਆਂ ਨੇ ਇਹ ਸੁਆਲ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਪਾਣੀ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ ਜਾਂ ਨਹੀਂ? ਇਤਿਹਾਸ ਅਤੇ ਅੰਕੜਿਆਂ ਦੇ ਹਵਾਲਿਆਂ ਨਾਲ ਦਲੀਲਾਂ ਸ਼ੁਰੂ ਹੋ ਗਈਆਂ। ਸਰਕਾਰੀ ਸਰਪ੍ਰਸਤੀ ਵਾਲੇ ਪ੍ਰਾਈਵੇਟ ਚੈਨਲ ਨੇ ਕਿਸਾਨਾਂ ਦੀ ਖ਼ੁਸ਼ੀ ਅਤੇ ਅਕਾਲੀ ਦਲ ਦੀ ਪ੍ਰਾਪਤੀ ਉਤੇ ਵਧਾਈ ਦੀਆਂ ਖਬਰਾਂ ਨਸ਼ਰ ਕੀਤੀਆਂ। ਵਿਧਾਨ ਸਭਾ ਵਿਚ ਇੱਕ ਵੀ ਦਲੀਲਮੰਦ ਫਿਕਰੇ ਦਾ ਹਿੱਸਾ ਪਾਉਣ ਤੋਂ ਮੁਨਕਰ ਕਾਂਗਰਸ ਨੇ ਸਿੱਧੇ ਫਿਕਰਿਆਂ ਵਿਚ ਬਿਆਨ ਦਿੱਤਾ। ਬਿਆਨ ਮੁਤਾਬਕ ਇਸ ਮਾਮਲੇ ਵਿਚ, ਪੰਜਾਬ ਦਾ ਸਭ ਤੋਂ ਵੱਡਾ ਹਿਤੈਸ਼ੀ ਅਮਰਿੰਦਰ ਸਿੰਘ ਹੈ ਜਿਸ ਨੇ ਪਾਣੀਆਂ ਵਾਲੇ ਸਾਰੇ ਸਮਝੌਤੇ ਰੱਦ ਕੀਤੇ ਸਨ।

ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਸਦਾ ਸੁੱਕੀ ਰਹਿਣ ਵਾਲਾ ਖਿਤਾਬ ਸੁਖਾਲਾ ਹੀ ਮਿਲ ਸਕਦਾ ਹੈ। ਜਿਸ ਨਹਿਰ ਵਿਚ ਕਦੇ ਸੇਮ ਅਤੇ ਹੜ੍ਹ ਤੋਂ ਬਿਨਾਂ ਪਾਣੀ ਨਹੀਂ ਆਇਆ, ਉਸ ਨੂੰ ਪੂਰ ਕੇ ਕੋਈ ਪਾਣੀ ਕਿਵੇਂ ਬਚਾ ਸਕਦਾ ਹੈ? ਨਹਿਰੀ ਪਾਣੀਆਂ ਦੇ ਹਵਾਲੇ ਨਾਲ, ਪੰਜਾਬ ਨਾਲ ਹੋਈਆਂ ਵਧੀਕੀਆਂ ਅਤੇ ਇਨ੍ਹਾਂ ਵਧੀਕੀਆਂ ਖਿਲਾਫ ਦਿੱਤੀਆਂ ਕੁਰਬਾਨੀਆਂ ਦੀ ਲੰਮੀ ਫਹਿਰਿਸਤ ਮੌਜੂਦ ਹੈ। ਇਸੇ ਤਰ੍ਹਾਂ ਅਦਾਲਤੀ ਕਾਰਵਾਈਆਂ, ਫੈਸਲਿਆਂ ਅਤੇ ਪਾਣੀ ਉਤੇ ਦਾਅਵੇਦਾਰੀ ਦੀਆਂ ਦਲੀਲਾਂ ਹਨ। ਇਨ੍ਹਾਂ ਸਾਰੇ ਤੱਥਾਂ ਦੀ ਆਪਣੀ ਅਹਿਮੀਅਤ ਹੈ, ਪਰ ਵਿਧਾਨ ਸਭਾ ਦਾ ਮੌਜੂਦਾ ਫੈਸਲਾ ਉਸ ਬਹਿਸ ਦੀ ਕੜੀ ਕਿਵੇਂ ਬਣਦਾ ਹੈ?

ਸ਼੍ਰੋਮਣੀ ਅਕਾਲੀ ਦਲ ਦੇ ਇਸੇ ਮੁੱਖ ਮੰਤਰੀ ਨੇ ਇਸ ਨਹਿਰ ਦੀ ਪ੍ਰਵਾਨਗੀ ਉਤੇ ਦਸਤਖ਼ਤ ਕੀਤੇ ਸਨ। ਹਰਿਆਣੇ ਵਿਚੋਂ ਇਨੈਲੋ ਦਲ, ਪੰਜਾਬ ਸਰਕਾਰ ਦੇ ਫੈਸਲੇ ਦਾ ਵਿਰੋਧ ਕਰ ਰਿਹਾ ਹੈ ਅਤੇ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ 'ਕਦੇ ਨਾ ਟੁੱਟਣ ਵਾਲਾ' ਗੱਠਜੋੜ ਹੈ। ਭਾਜਪਾ, ਪੰਜਾਬ ਸਰਕਾਰ ਦੀ ਭਾਈਵਾਲ ਹੈ ਅਤੇ ਹਰਿਆਣਾ ਸਮੇਤ ਕੇਂਦਰ ਵਿਚ ਇਸੇ ਪਾਰਟੀ ਦੀ ਸਰਕਾਰ ਹੈ। ਅਖੰਡ ਭਾਰਤ ਦੀ ਸਭ ਤੋਂ ਵੱਡੀ ਦਾਅਵੇਦਾਰ ਅਤੇ ਸਾਰੀਆਂ ਨਦੀਆਂ ਨੂੰ ਆਪਸ ਵਿਚ ਜੋੜਨ ਦੀ ਵਕਾਲਤ ਕਰਨ ਵਾਲੀ ਭਾਜਪਾ ਆਪਣੀ ਕੇਂਦਰੀ ਸਰਕਾਰ ਅਤੇ ਹਾਈਕਮਾਂਡ ਤੋਂ ਮੁਨਕਰ ਕਿਵੇਂ ਹੋ ਸਕਦੀ ਹੈ? ਭਾਜਪਾ ਤਾਂ ਸ਼੍ਰੋਮਣੀ ਅਕਾਲੀ ਦਲ ਵਾਂਗ ਖੇਤਰੀ ਪਾਰਟੀ ਨਹੀਂ ਹੈ, ਇਹ ਪਾਣੀ ਦੇ ਮਾਮਲੇ ਵਿਚ ਹਰਿਆਣਾ-ਪੰਜਾਬ ਦੇ ਹਵਾਲੇ ਨਾਲ ਆਪਣੀ ਦਲੀਲ ਕਿਵੇਂ ਸਿੱਧੀ ਕਰੇਗੀ?

ਕਾਂਗਰਸ ਜਮਹੂਰੀ ਮੁਲਕ ਦੀ ਸਭ ਤੋਂ ਪੁਰਾਣੀ ਪਾਰਟੀ ਹੈ, ਪਰ ਇਸ ਵਿਚ ਜਮਹੂਰੀਅਤ ਨਾਮ ਦੀ ਕੋਈ ਰਵਾਇਤ ਨਹੀਂ ਹੈ। ਕਾਂਗਰਸੀਆਂ ਨੂੰ ਇਹ ਵੀ ਯਾਦ ਨਹੀਂ ਹੋਣਾ ਕਿ ਕਦੋਂ ਕਿਸੇ ਸੂਬਾ ਜਾਂ ਕੇਂਦਰੀ ਪ੍ਰਧਾਨ ਦੀ ਚੋਣ ਪਾਰਟੀ ਦੇ ਸੰਵਿਧਾਨ ਮੁਤਾਬਕ ਚੋਣ ਰਾਹੀਂ ਹੋਈ ਸੀ। ਜਿਸ ਪਾਰਟੀ ਦਾ ਹਰ ਫੈਸਲਾ ਗਾਂਧੀ ਪਰਿਵਾਰ ਕਰਦਾ ਹੋਵੇ, ਉਹ ਇਸ ਮਾਮਲੇ ਵਿਚ ਗਣਤੰਤਰਵਾਦ ਦੀ ਅਲੰਬਰਦਾਰ ਕਿਵੇਂ ਹੋ ਗਈ? ਕਾਂਗਰਸ ਤਾਂ ਖੇਤਰੀ ਪਾਰਟੀ ਨਹੀਂ ਹੈ ਅਤੇ ਨਾ ਹੀ ਸੂਬਾ ਕਾਂਗਰਸ ਦੀ ਖੁਦਮੁਖਤਾਰੀ ਦੀ ਕੋਈ ਮਿਸਾਲ ਪੇਸ਼ ਕਰਦੀ ਹੈ। ਕਾਂਗਰਸ ਦੀ ਕੇਂਦਰੀ ਹਾਈਕਮਾਂਡ ਇਸ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਦੀ ਸੂਬਾ ਇਕਾਈਆਂ ਨੂੰ ਇੱਕ ਸਮਝ ਉਤੇ ਕਿਵੇਂ ਲਿਆਵੇਗੀ?

ਆਮ ਆਦਮੀ ਪਾਰਟੀ ਨੇ ਇਨਸਾਫ ਦੀ ਮੰਗ ਕੀਤੀ ਹੈ ਅਤੇ ਪਾਣੀ ਉਤੇ ਪੰਜਾਬ ਦੀ ਦਾਅਵੇਦਾਰੀ ਪ੍ਰਵਾਨ ਕੀਤੀ ਹੈ। ਇਹ ਪਾਰਟੀ ਦਿੱਲੀ ਵਿਚ ਹਰਿਆਣੇ ਦਾ ਪਾਣੀ ਕਿਵੇਂ ਲਵੇਗੀ? ਜੇ ਹਰਿਆਣੇ ਦਾ ਪਾਣੀ ਦਿੱਲੀ ਨੂੰ ਮਿਲਣ ਦੀ ਕੋਈ ਦਲੀਲ ਹੈ ਤਾਂ ਇਸ ਨੂੰ ਪੰਜਾਬ-ਹਰਿਆਣਾ-ਰਾਜਸਥਾਨ ਉਤੇ ਕਿਵੇਂ ਲਾਗੂ ਕੀਤਾ ਜਾਵੇਗਾ? ਆਮ ਆਦਮੀ ਪਾਰਟੀ ਦੀ ਅਗਵਾਈ ਤਾਂ ਦਿੱਲੀ ਤੋਂ ਹੀ ਹੁੰਦੀ ਹੈ ਅਤੇ ਅਰਵਿੰਦ ਕੇਜਰੀਵਾਲ ਹੀ ਇੱਕੋ-ਇੱਕ ਆਗੂ ਹੈ। ਇਸ ਪਾਰਟੀ ਦੀ ਪੰਜਾਬ ਇਕਾਈ ਬਾਕੀ ਸਿਆਸੀ ਪਾਰਟੀਆਂ ਬਾਬਤ ਤਾਂ ਕੁਝ ਵੀ ਕਹਿ ਸਕਦੀ ਹੈ, ਪਰ ਇਹ ਮਾਮਲਾ ਤਾਂ ਵੱਖਰਾ ਹੈ।

ਇਉਂ ਸਿਆਸੀ ਪਾਰਟੀਆਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਇਸ ਮਸਲੇ ਵਿਚ ਇੱਕ-ਦੂਜੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੀਆਂ। ਉਹ ਪੰਜਾਬ ਦੇ ਪਾਣੀ ਨੂੰ ਬਚਾਉਣ ਦਾ ਦਾਅਵਾ ਕਰਦੀਆਂ ਹਨ ਅਤੇ ਪਾਣੀ ਲਈ ਹਰ 'ਕੁਰਬਾਨੀ' ਦੇਣ ਨੂੰ ਤਿਆਰ ਹਨ।

ਨਹਿਰ ਪੂਰਨ ਨਾਲ ਤਾਂ ਇਕ ਬੂੰਦ ਪਾਣੀ ਵੀ ਨਹੀਂ ਬਚਣਾ, ਉਂਜ ਸੂਬੇ ਵਿਚ ਪਾਣੀ ਦੀ ਹਾਲਤ ਸਭ ਨੂੰ ਪਤਾ ਹੈ। ਹਰ ਸਾਲ ਹੜ੍ਹ ਆਉਂਦਾ ਹੈ ਤੇ ਸੋਕਾ ਵੀ ਪੈਂਦਾ ਹੈ। ਪੰਜਾਬ ਦੀਆਂ ਸਰਕਾਰਾਂ ਨੇ ਨਾ ਦਰਿਆਵਾਂ ਦਾ ਪਾਣੀ ਸਾਂਭਿਆ ਹੈ, ਨਾ ਮੀਂਹ ਵਾਲਾ ਅਤੇ ਨਾ ਹੀ ਧਰਤੀ ਹੇਠਲਾ। ਇਨ੍ਹਾਂ ਹਾਲਾਤ ਵਿਚ ਮੌਜੂਦਾ ਸਮਝੌਤੇ ਦੇ ਹਵਾਲੇ ਨਾਲ ਪਾਣੀ ਦੀ ਚਰਚਾ ਕਰਨਾ ਮੰਗਲ ਗ੍ਰਹਿ ਦੀਆਂ ਬਸਤੀਆਂ ਨੂੰ ਸਾਮਰਾਜਵਾਦ ਦੀ ਕੜੀ ਵਜੋਂ ਸਮਝਣ ਵਾਲੀ ਗੱਲ ਹੈ। ਕਿਸਾਨ ਨੂੰ ਮੋੜੀਆਂ ਜ਼ਮੀਨਾਂ ਤਾਂ ਚੰਦ ਉਤੇ ਖਰੀਦੀ ਜ਼ਮੀਨ ਜਿੰਨੀਆਂ ਦਰਸ਼ਨੀ ਵੀ ਨਹੀਂ। ਇਨ੍ਹਾਂ ਦੀ ਕਿਹੜੀ ਫਰਦ ਕੋਈ ਕੰਧ 'ਤੇ ਲਾਵੇਗਾ। ਦਰਅਸਲ ਇਨ੍ਹਾਂ ਜ਼ਮੀਨਾਂ ਦੀ ਫਰਦ ਸਿਆਸੀ ਪਾਰਟੀਆਂ ਦੇ ਚੋਣ-ਮਨੋਰਥ ਪੱਤਰਾਂ ਦੀ ਕੰਧ 'ਤੇ ਹੀ ਸਜਦੀ ਹੈ। ਹੁਣ ਤਾਂ ਸਿਆਸੀ ਪਾਰਟੀਆਂ ਦੀ ਸੰਜੀਦਗੀ ਸ਼ਰੇਬਾਜ਼ਾਰ ਬੇਪਰਦ ਹੋਈ ਹੈ। ਸੁਆਲ ਹੈ ਕਿ ਕਦੇ ਕੋਈ ਸਿਆਸੀ ਧਿਰ ਪੰਜਾਬ ਦੇ ਮਸਲਿਆਂ ਵਾਸਤੇ ਸੰਜੀਦਾ ਰਹੀ ਵੀ ਹੈ? ਮੌਕੇ ਦੇ ਗਵਾਹਾਂ ਤੇ ਵਿਦਵਾਨਾਂ ਦੀਆਂ ਲਿਖਤਾਂ ਵਿਚ ਪਾੜਾ ਸਦਾ ਰਿਹਾ ਹੈ। ਇਹ ਸੁਆਲ ਕਦੇ ਨਹੀਂ ਪੁੱਛਿਆ ਜਾਂਦਾ ਕਿ ਕਪੂਰੀ ਵਾਲੇ ਮੋਰਚੇ ਦੀ ਨਾਕਾਮਯਾਬੀ ਧਰਮ ਯੁੱਧ ਮੋਰਚੇ ਵਿਚ ਕਿਵੇਂ ਅਤੇ ਕਿਉਂ ਤਬਦੀਲ ਹੁੰਦੀ ਹੈ? ਹੁਣ ਵੀ ਇਹ ਸੋਚਣਾ ਬਣਦਾ ਹੈ ਕਿ ਪੰਜਾਬ ਦੇ ਪਾਣੀਆਂ ਦੇ ਨਾਮ ਉਤੇ ਕੀਤੀ ਪਹਿਲਕਦਮੀ ਦਾ ਮਸਲਾ ਸਤਲੁਜ-ਯਮੁਨਾ ਲਿੰਕ ਨਹਿਰ ਤੋਂ ਕਿਸ ਪਾਸੇ ਜਾਵੇਗਾ? ਇਹ ਸ਼੍ਰੋਮਣੀ ਅਕਾਲੀ ਦਲ ਦੀ ਆਪਣੇ ਸਿੱਖ ਹਮਾਇਤੀਆਂ ਨੂੰ ਲਾਮਬੰਦ ਦਾ ਮੁੱਢਲਾ ਕਦਮ ਕਿਉਂ ਨਹੀਂ ਹੈ? ਇਹ ਕਾਂਗਰਸ ਦੀ ਵਿਧਾਨ ਸਭਾ ਵਿਚ ਨਾਕਸ ਕਾਰਗੁਜ਼ਾਰੀ ਉਤੇ ਪਰਦਾ ਪਾਉਣ ਦੀ ਮਸ਼ਕ ਕਿਉਂ ਨਹੀਂ ਹੈ? ਇਹ ਆਮ ਆਦਮੀ ਪਾਰਟੀ ਦੀ ਦੋਚਿਤੀ ਦਾ ਪ੍ਰਗਟਾਵਾ ਕਿਉਂ ਨਹੀਂ ਹੈ? ਇਸ ਸਿਆਸੀ ਗੈਰ-ਸੰਜੀਦਗੀ ਵਿਚ ਕਿਸੇ ਮਸਲੇ 'ਤੇ ਸੰਜੀਦਾ ਚਰਚਾ ਕਿਵੇਂ ਹੋ ਸਕਦੀ ਹੈ?

## ਇਤਿਹਾਸਕ ਦਸਤਾਵੇਜ਼: ਭਗਤ ਸਿੰਘ ਦੀ ਸ਼ਹਾਦਤ ਮੌਕੇ ਡਾ. ਅੰਬੇਦਕਰ ਵੱਲੋਂ ਲਿਖੀ ਸੰਪਾਦਕੀ

*ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਚਮਨ ਲਾਲ (ਫੋਨ: +91-96464-94538) ਜਿਨ੍ਹਾਂ ਭਗਤ ਸਿੰਘ ਦੀਆਂ ਲਿਖਤਾਂ ਬਾਰੇ ਚੋਖਾ ਕੰਮ ਕੀਤਾ ਹੈ; ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਤੋਂ ਬਾਅਦ ਡਾ. ਭੀਮ ਰਾਓ ਅੰਬੇਦਕਰ ਵੱਲੋਂ ਆਪਣੇ ਮਰਾਠੀ ਪਰਚੇ 'ਜਨਤਾ' ਦੇ 13 ਅਪਰੈਲ 1931 ਵਾਲੇ ਅੰਕ ਵਿਚ ਲਿਖਿਆ ਸੰਪਾਦਕੀ 'ਤਿੰਨ ਸ਼ਹਾਦਤਾਂ' ਲੱਭਿਆ ਹੈ। ਇਸ ਸੰਪਾਦਕੀ ਵਿਚ ਉਨ੍ਹਾਂ ਗਾਂਧੀ ਅਤੇ ਭਗਤ ਸਿੰਘ ਬਾਰੇ ਨਵਾਂ ਪ੍ਰਸੰਗ ਉਜਾਗਰ ਕੀਤਾ ਹੈ। ਆਨੰਦ ਤੇਲਤੁਮੜੇ ਨੇ ਇਸ ਸੰਪਾਦਕੀ ਦਾ ਅੰਗਰੇਜ਼ੀ ਅਤੇ ਸੁਭਾਸ਼ ਗਤਾੜੇ ਨੇ ਇਸ ਦਾ ਹਿੰਦੀ ਅਨੁਵਾਦ ਕੀਤਾ ਹੈ। ਡਾ. ਅੰਬੇਦਕਰ ਵੱਲੋਂ ਲਿਖਿਆ ਸੰਪਾਦਕੀ ਇਥੇ ਪੇਸ਼ ਕੀਤਾ ਜਾ ਰਿਹਾ ਹੈ। 'ਜਨਤਾ' ਦਾ ਪਹਿਲਾ ਅੰਕ 24 ਨਵੰਬਰ 1930 ਨੂੰ ਨਿਕਲਿਆ ਸੀ। -ਸੰਪਾਦਕ*

# ਭਗਤ ਸਿੰਘ ਅਤੇ ਅੰਬੇਦਕਰ





### ਤਿੰਨ ਸ਼ਹਾਦਤਾਂ

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਆਖ਼ਰ ਫਾਂਸੀ 'ਤੇ ਲਟਕਾ ਹੀ ਦਿੱਤਾ ਗਿਆ। ਇਨ੍ਹਾਂ ਤਿੰਨਾਂ 'ਤੇ ਇਹ ਇਲਜ਼ਾਮ ਲੱਗਿਆ ਸੀ ਕਿ ਇਨ੍ਹਾਂ ਨੇ ਸਾਂਡਰਸ ਨਾਮਕ ਅੰਗਰੇਜ਼ ਪੁਲੀਸ ਅਫ਼ਸਰ ਅਤੇ ਸਿੱਖ ਸਿਪਾਹੀ ਚਮਨ ਸਿੰਘ (ਅਸਲ ਨਾਂ ਚੰਨਣ ਸਿੰਘ- ਡਾ. ਅੰਬੇਦਕਰ ਨੂੰ ਨਾਂ ਬਾਰੇ ਭੁਲੇਖਾ ਲੱਗਿਆ ਹੈ) ਦਾ ਲਾਹੌਰ ਵਿਚ ਕਤਲ ਕੀਤਾ। ਇਸ ਤੋਂ ਇਲਾਵਾ ਬਨਾਰਸ ਵਿਚ ਕਿਸੇ ਪੁਲੀਸ ਅਫ਼ਸਰ ਦੇ ਕਤਲ ਦਾ ਇਲਜ਼ਾਮ, ਅਸੈਂਬਲੀ ਵਿਚ ਬੰਬ ਸੁੱਟਣ ਦਾ ਇਲਜ਼ਾਮ ਅਤੇ ਮੌਲਮਿਆਂ ਪਿੰਡ ਵਿਚ ਕਿਸੇ ਘਰ ਵਿਚ ਡਕੈਤੀ ਕਰ ਕੇ ਲੁੱਟਮਾਰ ਕਰਨ ਤੇ ਮਕਾਨ ਮਾਲਕ ਨੂੰ ਮਾਰਨ ਦੇ ਤਿੰਨ-ਚਾਰ ਹੋਰ ਇਲਜ਼ਾਮ ਵੀ ਉਨ੍ਹਾਂ 'ਤੇ ਲੱਗੇ। ਇਨ੍ਹਾਂ ਵਿਚੋਂ ਬੰਬ ਸੁੱਟਣ ਦਾ ਇਲਜ਼ਾਮ ਤਾਂ ਭਗਤ ਸਿੰਘ ਨੇ ਖ਼ੁਦ ਹੀ ਮੰਨ ਲਿਆ ਸੀ ਅਤੇ ਇਸ ਲਈ ਉਸ ਨੂੰ ਅਤੇ ਉਸ ਦੇ ਸਹਾਇਕ ਬਟੁਕੇਸ਼ਵਰ ਦੱਤ ਨੂੰ ਉਮਰ ਕੈਦ ਦੇ ਤੌਰ 'ਤੇ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਸਾਂਡਰਸ ਦਾ ਕਤਲ ਭਗਤ ਸਿੰਘ ਵਰਗੇ ਇਨਕਲਾਬੀਆਂ ਨੇ ਕੀਤਾ, ਅਜਿਹਾ ਭਗਤ ਸਿੰਘ ਦੇ ਦੂਜੇ ਸਹਿਯੋਗੀ ਜੈ ਗੋਪਾਲ ਨੇ ਵੀ ਕਬੂਲ ਕੀਤਾ ਸੀ, ਇਸੇ ਬਿਨਾਹ 'ਤੇ ਸਰਕਾਰ ਨੇ ਭਗਤ ਸਿੰਘ ਖ਼ਿਲਾਫ਼ ਮੁਕੱਦਮਾ ਤਿਆਰ ਕੀਤਾ ਸੀ। ਇਸ ਮੁਕੱਦਮੇ ਵਿਚ ਤਿੰਨਾਂ ਨੇ ਹੀ ਹਿੱਸਾ ਨਹੀਂ ਲਿਆ ਸੀ। ਹਾਈ ਕੋਰਟ ਨੇ ਤਿੰਨ ਜੱਜਾਂ ਦਾ ਸਪੈਸ਼ਲ ਟ੍ਰਿਬਿਊਨਲ ਬਣਾ ਕੇ ਉਨ੍ਹਾਂ ਸਾਹਮਣੇ ਇਹ ਮੁਕੱਦਮਾ ਚਲਾਇਆ ਅਤੇ ਤਿੰਨਾਂ ਜੱਜਾਂ ਨੇ ਇਨ੍ਹਾਂ ਨੂੰ ਦੋਸ਼ੀ ਮੰਨ ਕੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਇਸ ਸਜ਼ਾ 'ਤੇ ਅਮਲ ਰੋਕਣ ਅਤੇ ਵੱਧ ਤੋਂ ਵੱਧ ਕਾਲੇ ਪਾਣੀ ਦੀ ਸਜ਼ਾ ਲਈ ਭਗਤ ਸਿੰਘ ਦੇ ਪਿਤਾ ਨੇ ਬਾਦਸ਼ਾਹ ਜਾਰਜ ਪੰਚਮ ਅਤੇ ਵਾਇਸਰਾਏ ਕੋਲ ਦਰਖਾਸਤ ਵੀ ਦਿੱਤੀ। ਅਨੇਕ ਵੱਡੇ ਵੱਡੇ ਆਗੂਆਂ ਅਤੇ ਹੋਰ ਲੋਕਾਂ ਨੇ ਭਗਤ ਸਿੰਘ ਨੂੰ ਇਸ ਤਰ੍ਹਾਂ ਦੀ ਸਜ਼ਾ ਨਾ ਦੇਣ ਦੀ ਸਰਕਾਰ ਨੂੰ ਅਪੀਲ ਵੀ ਕੀਤੀ। ਗਾਂਧੀ ਜੀ ਅਤੇ ਲਾਰਡ ਇਰਵਿਨ ਵਿਚਕਾਰ ਆਪਸੀ ਗੱਲਬਾਤ ਵਿਚ ਭਗਤ ਸਿੰਘ ਦੀ ਫਾਂਸੀ ਦਾ ਮਸਲਾ ਜ਼ਰੂਰ ਉਠਿਆ ਹੋਵੇਗਾ ਅਤੇ ਲਾਰਡ ਇਰਵਿਨ ਨੇ 'ਭਗਤ ਸਿੰਘ ਦੀ ਜਾਨ ਮੈਂ ਬਚਾਵਾਂਗਾ' ਜਿਹਾ ਪੱਕਾ ਵਾਅਦਾ ਭਾਵੇਂ ਗਾਂਧੀ ਜੀ ਨਾਲ ਨਾ ਕੀਤਾ ਹੋਵੇ, ਪਰ ਲਾਰਡ ਇਰਵਿਨ ਭਗਤ ਸਿੰਘ ਦੇ ਪ੍ਰਸੰਗ ਵਿਚ ਪੂਰੀ ਕੋਸ਼ਿਸ਼ ਕਰਨਗੇ ਅਤੇ ਆਪਣੇ ਅਧਿਕਾਰਾਂ ਦੇ ਦਾਇਰੇ ਵਿਚ ਰਹਿੰਦੇ ਹੋਏ ਤਿੰਨਾਂ ਦੀ ਜਾਨ ਬਚਾਉਣਗੇ, ਅਜਿਹੀ ਉਮੀਦ ਗਾਂਧੀ ਜੀ ਦੇ ਭਾਸ਼ਣਾਂ ਤੋਂ ਜ਼ਰੂਰ ਪੈਦਾ ਹੋਈ ਸੀ, ਪਰ ਇਹ ਸਾਰੀਆਂ ਉਮੀਦਾਂ, ਅੰਦਾਜ਼ੇ ਤੇ ਗੁਜ਼ਾਰਿਸ਼ਾਂ ਗਲਤ ਸਾਬਿਤ ਹੋਈਆਂ ਅਤੇ ਪਿਛਲੇ 23 ਮਾਰਚ ਨੂੰ ਸ਼ਾਮ 7 ਵਜੇ ਇਨ੍ਹਾਂ ਤਿੰਨਾਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। 'ਸਾਡੀ ਜਾਨ ਬਖ਼ਸ਼ ਦਿਓ', ਅਜਿਹੀ ਰਹਿਮ ਦੀ ਅਪੀਲ ਤਿੰਨਾਂ ਵਿਚੋਂ ਕਿਸੇ ਨੇ ਵੀ ਨਹੀਂ ਕੀਤੀ। ਹਾਂ, 'ਸਾਨੂੰ ਫਾਂਸੀ ਚੜ੍ਹਾਉਣ ਦੀ ਬਜਾਏ ਗੋਲੀਆਂ ਨਾਲ ਉਡਾ ਦਿਓ', ਇਹ ਇੱਛਾ ਭਗਤ ਸਿੰਘ ਨੇ ਜ਼ਰੂਰ ਜ਼ਾਹਰ ਕੀਤੀ ਸੀ ਕਿਉਂਕਿ ਅਜਿਹੀਆਂ ਖ਼ਬਰਾਂ ਜ਼ਰੂਰ ਆਈਆਂ ਹਨ (ਭਗਤ ਸਿੰਘ ਦਾ ਬਰਤਾਨਵੀ ਸਰਕਾਰ ਨੂੰ 20 ਮਾਰਚ 1931 ਦਾ ਖ਼ਤ), ਪਰ ਉਨ੍ਹਾਂ ਦੀ ਆਖ਼ਰੀ ਇੱਛਾ ਦਾ ਸਨਮਾਨ ਵੀ ਨਹੀਂ ਕੀਤਾ ਗਿਆ। ਜੱਜਾਂ ਦੇ ਹੁਕਮ 'ਤੇ ਹੂਬਹੂ ਅਮਲ ਕੀਤਾ ਗਿਆ! 'ਆਖ਼ਰੀ ਸਾਹ ਤਕ ਫਾਂਸੀ 'ਤੇ ਲਟਕਾਈ ਰੱਖਿਆ ਜਾਵੇ' ਇਹੋ ਫ਼ੈਸਲਾ ਜੱਜ ਨੇ ਸੁਣਾਇਆ ਸੀ। ਜੇ ਗੋਲੀ ਨਾਲ ਉਡਾ ਦਿੱਤਾ ਜਾਂਦਾ ਤਾਂ ਇਸ ਫ਼ੈਸਲੇ 'ਤੇ ਸ਼ਾਬਦਿਕ ਅਮਲ ਨਹੀਂ ਸੀ ਮੰਨਿਆ ਜਾਣਾ। ਇਨਸਾਫ਼ ਦੇ ਦੇਵਤੇ ਦੇ ਫ਼ੈਸਲੇ 'ਤੇ ਸ਼ਬਦੀ ਅਰਥਾਂ 'ਤੇ ਹੂਬਹੂ ਅਮਲ ਕੀਤਾ ਗਿਆ ਅਤੇ ਉਸ ਦੇ ਕਹਿਣ ਅਨੁਸਾਰ ਹੀ ਤਿੰਨਾਂ ਦੀ ਬਲੀ ਦਿੱਤੀ ਗਈ।

**ਇਹ ਬਲੀ ਕਿਸ ਲਈ?**

ਇਸ ਘਟਨਾ ਨਾਲ ਜੇ ਅੰਗਰੇਜ਼ ਸਰਕਾਰ ਨੂੰ ਇਹ ਉਮੀਦ ਹੋਵੇ ਕਿ ਇਸ ਨਾਲ ਲੋਕਾਂ ਵਿਚ ਇਹ ਸਮਝ ਮਜ਼ਬੂਤ ਹੋਵੇਗੀ ਕਿ ਅੰਗਰੇਜ਼ ਸਰਕਾਰ ਪੂਰੀ ਤਰ੍ਹਾਂ ਇਨਸਾਫ਼ਪਸੰਦ ਹੈ ਅਤੇ ਨਿਆਂਪਾਲਿਕਾ ਦੇ ਫ਼ੈਸਲੇ 'ਤੇ ਹੂਬਹੂ ਅਮਲ ਕਰਦੀ ਹੈ ਅਤੇ ਇਸ ਨਾਲ ਸਰਕਾਰ ਦੀ ਇਨਸਾਫ਼ ਪਸੰਦਗੀ ਕਰ ਕੇ ਲੋਕ ਉਸ ਦੀ ਹਮਾਇਤ ਕਰਨਗੇ ਤਾਂ ਇਹ ਉਸ ਦੀ ਨਾਦਾਨੀ ਹੈ। ਕਿਉਂਕਿ ਇਹ ਬਲੀ ਬਰਤਾਨਵੀ ਇਨਸਾਫ਼ ਦੇਵਤਾ ਦੀ ਸ਼ੋਹਰਤ ਨੂੰ ਵਧਾਉਣ ਅਤੇ ਪਾਰਦਰਸ਼ੀ ਬਣਾਉਣ ਦੇ ਇਰਾਦੇ ਨਾਲ ਦਿੱਤੀ ਗਈ ਹੈ, ਇਸ ਗੱਲ ਵਿਚ ਕਿਸੇ ਦਾ ਯਕੀਨ ਨਹੀਂ। ਖ਼ੁਦ ਸਰਕਾਰ ਵੀ ਇਸ ਆਧਾਰ 'ਤੇ ਆਪਣੇ ਆਪ ਨੂੰ ਸੰਤੁਸ਼ਟ ਨਹੀਂ ਕਰ ਸਕਦੀ। ਫਿਰ ਬਾਕੀਆਂ ਨੂੰ ਇਸ ਇਨਸਾਫ਼ਪਸੰਦਗੀ ਦੇ ਪਰਦੇ ਪਾ ਕੇ ਕਿਸ ਤਰ੍ਹਾਂ ਸੰਤੁਸ਼ਟ ਕਰ ਸਕਦੀ ਹੈ? ਇਨਸਾਫ਼ ਦੇਵਤਾ ਦੀ ਭਗਤੀ ਖ਼ਾਤਰ ਨਹੀਂ ਸਗੋਂ ਇੰਗਲੈਂਡ ਦੇ ਕੰਜ਼ਰਵੇਟਿਵ/ ਸਿਆਸੀ ਪਿਛਾਂਹ-ਖਿੱਚੂ/ਪਾਰਟੀ ਅਤੇ ਲੋਕਮਤ ਦੇ ਡਰੋਂ ਇਹ ਬਲੀ ਦਿੱਤੀ ਗਈ ਹੈ, ਇਹ ਗੱਲ ਸਰਕਾਰ ਦੇ ਨਾਲ ਨਾਲ ਸਾਰੀ ਦੁਨੀਆਂ ਵੀ ਜਾਣਦੀ ਹੈ। ਗਾਂਧੀ ਵਰਗੇ ਸਿਆਸੀ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਅਤੇ ਗਾਂਧੀ ਕੈਂਪ ਨਾਲ ਸਮਝੌਤਾ ਕਰਨ ਨਾਲ ਬਰਤਾਨਵੀ ਸਰਕਾਰ ਦੀ ਬਦਨਾਮੀ ਹੋਈ ਹੈ ਅਤੇ ਜਿਸ ਲਈ ਲੇਬਰ ਪਾਰਟੀ ਦੀ ਮੌਜੂਦਾ ਸਰਕਾਰ ਤੇ ਉਸ ਦੇ ਇਸ਼ਾਰੇ 'ਤੇ ਚੱਲਣ ਵਾਲਾ ਵਾਇਸਰਾਏ ਜ਼ਿੰਮੇਵਾਰ ਹੈ, ਅਜਿਹਾ ਰੌਲਾ ਇੰਗਲੈਂਡ ਦੀ ਸਿਆਸੀ ਕੰਜ਼ਰਵੇਟਿਵ ਪਾਰਟੀ ਦੇ ਕੁਝ ਕੱਟੜਪੰਥੀ ਆਗੂਆਂ ਨੇ ਪਾ ਰੱਖਿਆ ਹੈ। ਅਜਿਹੇ ਸਮੇਂ ਅੰਗਰੇਜ਼ ਅਫ਼ਸਰ ਦੇ ਕਤਲ ਦਾ ਇਲਜ਼ਾਮ ਜਿਸ 'ਤੇ ਲੱਗਿਆ ਹੋਵੇ ਅਤੇ ਉਹ ਸਾਬਿਤ ਵੀ ਹੋ ਚੁੱਕਿਆ ਹੋਵੇ; ਅਜਿਹੇ ਸਿਆਸੀ ਇਨਕਲਾਬੀ ਮੁਲਜ਼ਮ ਨੂੰ ਲਾਰਡ ਇਰਵਿਨ ਨੇ ਮੁਆਫ਼ੀ ਦੇ ਦਿੱਤੀ ਹੁੰਦੀ ਤਾਂ ਇਨ੍ਹਾਂ ਸਿਆਸੀ ਖਿਡਾਰੀਆਂ ਨੂੰ ਬਣਿਆ ਬਣਾਇਆ ਮੁੱਦਾ ਮਿਲ ਜਾਂਦਾ। ਪਹਿਲਾਂ ਤੋਂ ਹੀ ਇੰਗਲੈਂਡ ਵਿਚ ਲੇਬਰ ਸਰਕਾਰ ਡਾਵਾਂਡੋਲ ਚੱਲ ਰਹੀ ਹੈ ਅਤੇ ਉਹ ਅੰਗਰੇਜ਼ ਅਫ਼ਸਰ ਦੇ ਹਿੰਦੋਸਤਾਨੀ ਕਾਤਿਲ ਨੂੰ ਵੀ ਮੁਆਫ਼ ਕਰਦੀ ਤਾਂ ਇਹ ਚੰਗਾ ਬਹਾਨਾ ਉਥੋਂ ਦੇ ਸਿਆਸੀ ਰੂੜੀਵਾਦੀਆਂ ਨੂੰ ਮਿਲਦਾ ਅਤੇ ਇੰਗਲੈਂਡ ਦਾ ਲੋਕਮਤ ਲੇਬਰ ਪਾਰਟੀ ਖ਼ਿਲਾਫ਼ ਬਣਾਉਣ ਵਿਚ ਉਸ ਨੂੰ ਸਹੂਲਤ ਹੁੰਦੀ। ਇਸ ਸੰਕਟ ਤੋਂ ਬਚਣ ਲਈ ਅਤੇ ਇਹ ਸੋਚ ਕੇ ਕਿ ਰੂੜੀਵਾਦੀਆਂ ਦੇ ਗੁੱਸੇ ਦੀ ਅੱਗ ਨਾ ਭੜਕੇ, ਇਸ ਲਈ ਫਾਂਸੀ ਦੀ ਇਸ ਸਜ਼ਾ ਨੂੰ ਅੰਜਾਮ ਦਿੱਤਾ ਗਿਆ ਹੈ। ਇਹ ਕਦਮ ਬ੍ਰਿਟਿਸ਼ ਨਿਆਂਪਾਲਿਕਾ ਨੂੰ ਖ਼ੁਸ਼ ਕਰਨ ਲਈ ਨਹੀਂ, ਸਗੋਂ ਬ੍ਰਿਟਿਸ਼ ਲੋਕਮਤ ਨੂੰ ਖ਼ੁਸ਼ ਕਰਨ ਲਈ ਚੁੱਕਿਆ ਗਿਆ ਹੈ। ਜੇ ਮਾਮਲਾ ਲਾਰਡ ਇਰਵਿਨ ਦੀ ਨਿੱਜੀ ਪਸੰਦਗੀ-ਨਾਪਸੰਦਗੀ ਨਾਲ ਜੁੜਿਆ ਹੁੰਦਾ ਤਾਂ ਉਸ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਕੇ ਫਾਂਸੀ ਦੀ ਸਜ਼ਾ ਰੱਦ ਕਰ ਕੇ ਉਸ ਦੀ ਜਗ੍ਹਾ ਉਮਰ ਕੈਦ ਦੀ ਸਜ਼ਾ ਸੁਣਾਈ ਹੁੰਦੀ। ਵਲਾਇਤ ਦੀ ਲੇਬਰ ਪਾਰਟੀ ਦੇ ਮੰਤਰੀ ਮੰਡਲ ਨੇ ਵੀ ਲਾਰਡ ਇਰਵਿਨ ਦੀ ਇਸ ਲਈ ਹਮਾਇਤ ਕੀਤੀ ਹੁੰਦੀ, ਗਾਂਧੀ ਇਰਵਿਨ ਪੈਕਟ ਦੇ ਬਹਾਨੇ ਨਾਲ ਇਸ ਨੂੰ ਅੰਜਾਮ ਦੇ ਕੇ ਭਾਰਤ ਦੇ ਲੋਕਮਤ ਨੂੰ ਰਾਜ਼ੀ ਕਰਨਾ ਜ਼ਰੂਰੀ ਸੀ। ਜਾਂਦੇ ਜਾਂਦੇ ਲਾਰਡ ਇਰਵਿਨ ਵੀ ਜਨਤਾ ਦਾ ਦਿਲ ਜਿੱਤ ਲੈਂਦੇ, ਪਰ ਇੰਗਲੈਂਡ ਦੀ ਆਪਣੀ ਰੂੜੀਵਾਦੀ ਬਰਾਦਰੀ ਅਤੇ ਉਸੇ ਮਨੋਬਿਰਤੀ ਦੀ ਨੌਕਰਸ਼ਾਹੀ ਦੇ ਗੁੱਸੇ ਦਾ ਉਹ ਸ਼ਿਕਾਰ ਹੁੰਦੇ। ਇਸ ਲਈ (ਭਾਰਤੀ) ਲੋਕਮਤ ਦੀ ਪਰਵਾਹ ਕੀਤੇ ਬਗੈਰ ਲਾਰਡ ਇਰਵਿਨ ਦੀ ਸਰਕਾਰ ਨੇ ਭਗਤ ਸਿੰਘ ਹੋਰਾਂ ਨੂੰ ਫਾਂਸੀ ਚੜ੍ਹਾ ਦਿੱਤਾ ਅਤੇ ਉਹ ਵੀ ਕਰਾਚੀ ਕਾਂਗਰਸ ਤੋਂ ਤਿੰਨ-ਚਾਰ ਦਿਨ ਪਹਿਲਾਂ। ਗਾਂਧੀ-ਇਰਵਿਨ ਪੈਕਟ ਨੂੰ ਮਲੀਆਮੇਟ ਕਰਨ ਅਤੇ ਸਮਝੌਤੇ ਦੀਆਂ ਗਾਂਧੀ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਕਰਨ ਲਈ ਭਗਤ ਸਿੰਘ ਦੀ ਫਾਂਸੀ ਅਤੇ ਫਾਂਸੀ ਲਈ ਨਿਯਤ ਸਮਾਂ। ਇਹ ਦੋਵੇਂ ਗੱਲਾਂ ਕਾਫ਼ੀ ਸਨ- ਜੇ ਇਸ ਸਮਝੌਤੇ ਨੂੰ ਖ਼ਤਮ ਕਰਨ ਦਾ ਹੀ ਇਰਾਦਾ ਲਾਰਡ ਇਰਵਿਨ ਸਰਕਾਰ ਦਾ ਸੀ ਤਾਂ ਇਸ ਕਾਰਵਾਈ ਤੋਂ ਇਲਾਵਾ ਹੋਰ ਕੋਈ ਮਜ਼ਬੂਤ ਮਸਲਾ ਉਸ ਨੂੰ ਲੱਭਿਆਂ ਵੀ ਨਹੀਂ ਸੀ ਲੱਭਣਾ। ਇਸ ਨਜ਼ਰੀਏ ਤੋਂ ਦੇਖੀਏ ਤਾਂ ਗਾਂਧੀ ਜੀ ਦੇ ਕਹਿਣ ਅਨੁਸਾਰ ਸਰਕਾਰ ਨੇ ਇਹ ਬੜੀ ਵੱਡੀ ਭੁੱਲ ਕੀਤੀ ਹੈ, ਕਹਿਣਾ ਅਨੁਚਿਤ ਨਹੀਂ ਹੈ। ਸਾਰ ਤੱਤ ਇਹ ਹੈ ਕਿ ਲੋਕਮਤ ਦੀ ਪਰਵਾਹ ਕੀਤੇ ਬਗੈਰ, ਗਾਂਧੀ-ਇਰਵਿਨ ਸਮਝੌਤੇ ਦਾ ਕੀ ਬਣੇਗਾ, ਇਸ ਦੀ ਪਰਵਾਹ ਕੀਤੇ ਬਗੈਰ, ਵਲਾਇਤ ਦੇ ਰੂੜੀਵਾਦੀਆਂ ਤੋਂ ਖ਼ੁਦ ਨੂੰ ਬਚਾਉਣ ਲਈ ਭਗਤ ਸਿੰਘ ਹੋਰਾਂ ਨੂੰ ਬਲੀ ਚਾੜ੍ਹਿਆ ਗਿਆ। ਇਹ ਗੱਲ ਹੁਣ ਲੁਕ ਨਹੀਂ ਸਕੇਗੀ। ਇਹ ਗੱਲ ਸਰਕਾਰ ਨੂੰ ਹੁਣ ਪੱਕੇ ਤੌਰ 'ਤੇ ਮੰਨ ਲੈਣੀ ਚਾਹੀਦੀ ਹੈ।

# ਹਿੰਦੂਤਵਵਾਦੀ ਅਤੇ ਭਗਤ ਸਿੰਘ

***ਸ਼ਹੀਦ ਭਗਤ ਸਿੰਘ ਅਤੇ ਗ਼ਦਰੀ ਇਨਕਲਾਬੀਆਂ ਦੀ ਸੋਚ ਅਤੇ ਉਨ੍ਹਾਂ ਦੇ ਆਜ਼ਾਦੀ ਦੇ ਸੁਪਨੇ ਸੰਘ ਦੇ ਫਿਰਕੂ ਏਜੰਡੇ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਹਨ। ਇਨਕਲਾਬੀਆਂ ਦੇ ਆਜ਼ਾਦੀ ਦੇ ਮਾਡਲ ਦੀ ਤਾਂ ਗੱਲ ਛੱਡੋ, ਸੰਘੀਆਂ ਨੂੰ ਤਾਂ ਡਾ. ਅੰਬੇਦਕਰ ਦੇ ਸੁਪਨਿਆਂ ਦਾ ਉਦਾਰਵਾਦੀ ਜਮਹੂਰੀ ਸਮਾਜੀ-ਸਿਆਸੀ ਮਾਡਲ ਵੀ ਪ੍ਰਵਾਨ ਨਹੀਂ। ਇਸੇ ਲਈ ਉਨ੍ਹਾਂ ਨੇ ਦਲਿਤ ਅਤੇ ਇਨਕਲਾਬੀ ਸੋਚ ਵਾਲਿਆਂ ਦੇ ਖ਼ਿਲਾਫ਼ ਵੱਡੀ ਹਮਲਾਵਰ ਮੁਹਿੰਮ ਵਿੱਢੀ ਹੋਈ ਹੈ।***

ਭਾਜਪਾ ਦੀ ਕੌਮੀ ਕਾਰਜਕਾਰਨੀ ਨੇ ਮੀਟਿੰਗ ਵਿਚ ਫ਼ਰਮਾਨ ਜਾਰੀ ਕੀਤਾ- 'ਭਾਰਤ ਮਾਤਾ ਦੀ ਜੈ' ਨਾ ਕਹਿਣਾ ਸੰਵਿਧਾਨ ਦਾ ਅਪਮਾਨ ਹੈ। ਸੰਘ ਬਾਰੇ ਲੋਕ ਭਲੀਭਾਂਤ ਜਾਣਦੇ ਹਨ ਕਿ ਇਸ ਨੂੰ ਮੁਲਕ ਨਾਲ ਕਿਹੋ ਜਿਹਾ ਪ੍ਰੇਮ ਹੈ! ਸੰਘ ਪਰਿਵਾਰ ਜੋ ਆਜ਼ਾਦੀ ਦੀ ਲੜਾਈ ਨੂੰ ਤਾਕਤ ਜ਼ਾਇਆ ਕਰਨਾ ਕਰਾਰ ਦੇ ਕੇ ਆਜ਼ਾਦੀ ਸੰਗਰਾਮ ਦਾ ਵਿਰੋਧ ਕਰਦਾ ਰਿਹਾ ਤੇ 'ਹਿੰਦੂ ਗੌਰਵ ਦੀ ਸੁਰਜੀਤੀ' ਲਈ ਆਪਣੀ ਤਾਕਤ ਬਚਾ ਕੇ ਰੱਖਣਾ ਜਿਸ ਦੀ ਨੀਤੀ ਰਹੀ ਹੈ, ਜੋ ਤਿਰੰਗੇ ਨੂੰ ਕੌਮੀ ਝੰਡਾ ਬਣਾਉਣ ਤੇ ਮੌਜੂਦਾ ਸੰਵਿਧਾਨ ਨੂੰ ਅਪਨਾਉਣ ਦਾ ਵਿਰੋਧੀ ਰਿਹਾ, ਉਹ ਹੁਣ ਆਪਣਾ ਏਜੰਡਾ ਥੋਪਣ ਲਈ ਕੌਮੀ ਝੰਡੇ ਅਤੇ ਸੰਵਿਧਾਨ ਦੇ ਸਨਮਾਨ ਨੂੰ ਮੁੱਦੇ ਬਣਾ ਕੇ ਹਰ ਕਿਸੇ ਨੂੰ ਦੇਸ਼

**ਬੂਟਾ ਸਿੰਘ**
ਫੋਨ: +91-94634-74342

ਧ੍ਰੋਹੀ ਕਰਾਰ ਦੇ ਰਿਹਾ ਹੈ। ਬਰਤਾਨਵੀ ਲੇਖਕ ਸੈਮੂਅਲ ਜੌਹਨਸਨ ਦੇ 1775 ਵਿਚ ਕਹੇ ਲਫ਼ਜ਼ ਭਗਵੇਂ ਬਰਗੇਡ ਉਪਰ ਕਿੰਨਾ ਢੁਕਦੇ ਹਨ- 'ਦੇਸ਼ ਭਗਤੀ ਬਦਮਾਸ਼ਾਂ ਦੀ ਆਖ਼ਰੀ ਪਨਾਹ ਹੁੰਦੀ ਹੈ'। ਮੁਲਕ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਇਨਕਲਾਬੀ ਦੇਸ਼ ਭਗਤਾਂ ਦਾ ਸਤਿਕਾਰ ਸੰਘ ਲਾਣਾ ਕਿਹੋ ਜਿਹਾ ਕਰਦਾ ਹੈ, ਇਹ ਹਾਲੀਆ ਘਟਨਾ ਤੋਂ ਸਾਹਮਣੇ ਆ ਗਿਆ ਹੈ।

ਸੱਤਾਧਾਰੀ ਹੋਣ ਦੇ ਸਮੇਂ ਤੋਂ ਹੀ ਸੰਘ ਪਰਿਵਾਰ ਨੇ ਅਕਲ ਦੇ ਖ਼ਿਲਾਫ਼ ਜੋ ਜੰਗ ਛੇੜੀ , ਉਸ ਵਿਚ ਤੇਜ਼ੀ ਲਿਆਉਂਦਿਆਂ ਹੁਣ ਇਨ੍ਹਾਂ ਦੇ ਵਿਦਿਆਰਥੀ ਵਿੰਗ ਏ.ਬੀ.ਵੀ.ਪੀ. ਨੇ ਦਿੱਲੀ ਯੂਨੀਵਰਸਿਟੀ ਅੰਦਰ ਭਗਤ ਸਿੰਘ ਬਾਰੇ ਪ੍ਰੋਗਰਾਮ ਵਿਚ ਬੁਰਛਾਗਰਦੀ ਕਰ ਕੇ, ਤੇ ਉਥੇ ਲੋਕਾਂ ਉਪਰ ਹਮਲਾ ਕਰ ਕੇ 'ਦੇਸ਼ ਭਗਤੀ' ਦਾ ਸਬੂਤ ਪੇਸ਼ ਕੀਤਾ ਹੈ। ਇਹ ਕਾਰਾ 23 ਮਾਰਚ ਦੇ ਸ਼ਹੀਦਾਂ ਦੇ ਸ਼ਹਾਦਤ ਦਿਹਾੜੇ ਮੌਕੇ ਕੀਤਾ ਗਿਆ।

ਦਿੱਲੀ ਯੂਨੀਵਰਸਿਟੀ ਵਿਚ ਵਿਦਿਆਰਥੀ ਜਥੇਬੰਦੀ 'ਭਗਤ ਸਿੰਘ ਛਾਤਰ ਏਕਤਾ ਮੰਚ' ਤੇ ਸਭਿਆਚਾਰਕ ਜਥੇਬੰਦੀ 'ਆਹਵਾਨ' ਵਲੋਂ 'ਭਗਤ ਸਿੰਘ ਦੀ ਜ਼ਿੰਦਗੀ ਤੇ ਲਿਖਤਾਂ' ਉਪਰ ਵਿਚਾਰ ਗੋਸ਼ਟੀ ਰੱਖੀ ਹੋਈ ਸੀ ਜਿਸ ਵਿਚ ਜੇ.ਐਨ.ਯੂ. ਦੇ ਸਾਬਕਾ ਅਧਿਆਪਕ ਪ੍ਰੋਫੈਸਰ ਚਮਨ ਲਾਲ ਨੇ ਮੁੱਖ ਬੁਲਾਰੇ ਵਜੋਂ ਆਪਣੇ ਵਿਚਾਰ ਪੇਸ਼ ਕਰਨੇ ਸਨ। ਆਰਟਸ ਫੈਕਲਟੀ ਅੰਦਰ ਜਗ੍ਹਾ ਹਾਸਲ ਨਾ ਹੋਣ ਕਾਰਨ ਫੈਕਲਟੀ ਦੇ ਮੁੱਖ ਦੁਆਰ ਉਪਰ ਪ੍ਰੋਗਰਾਮ ਰੱਖ ਲਿਆ ਗਿਆ ਜਿਸ ਦੀ ਮਨਜ਼ੂਰੀ ਪੁਲਿਸ ਵਲੋਂ ਦਿੱਤੀ ਗਈ। ਵਿਚਾਰ ਚਰਚਾ 12 ਵਜੇ ਸ਼ੁਰੂ ਹੋ ਗਈ ਸੀ। ਇਸ ਦੌਰਾਨ, ਸਾਂਗਵਾਰੀ ਨਾਂ ਦੀ ਇਕ ਹੋਰ ਸਭਿਆਚਾਰਕ ਜਥੇਬੰਦੀ ਜੇ.ਐਨ.ਯੂ. ਦੇ ਮੁੱਦੇ ਬਾਰੇ ਆਪਣਾ ਨੁੱਕੜ ਨਾਟਕ ਖੇਡਣ ਲਈ ਉਥੇ ਆ ਗਈ। ਉਨ੍ਹਾਂ ਨੂੰ ਲਾਅ ਫੈਕਲਟੀ ਵਿਚ ਪੇਸ਼ਕਾਰੀ ਦੀ ਆਗਿਆ ਨਹੀਂ ਸੀ ਦਿੱਤੀ ਗਈ। ਇਸ ਦੇ ਮੱਦੇਨਜ਼ਰ ਪ੍ਰਬੰਧਕਾਂ ਨੇ ਉਨ੍ਹਾਂ ਦੀ ਪੇਸ਼ਕਾਰੀ ਖ਼ਤਮ ਹੋਣ ਤਕ ਆਪਣੀ ਵਿਚਾਰ ਚਰਚਾ ਰੋਕ ਲਈ। ਪੇਸ਼ਕਾਰੀ ਸ਼ੁਰੂ ਹੁੰਦੇ ਸਾਰ, ਏ.ਬੀ.ਵੀ.ਪੀ. ਦੇ ਪੰਦਰਾਂ ਕੁ ਕਾਰਕੁਨਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਉਥੇ ਮੌਜੂਦ 60-70 ਪੁਲਿਸ ਵਾਲੇ ਤਮਾਸ਼ਬੀਨ ਬਣੇ ਰਹੇ। ਨਾਟਕ ਵਾਲਿਆਂ ਨੂੰ ਲੱਗਿਆ ਕਿ ਉਹ ਪੇਸ਼ਕਾਰੀ ਨਹੀਂ ਕਰ ਸਕਣਗੇ, ਉਨ੍ਹਾਂ ਪ੍ਰੋਗਰਾਮ ਬੰਦ ਕਰ ਦਿੱਤਾ।

ਇਸ ਤੋਂ ਬਾਅਦ ਜਦੋਂ ਵਿਚਾਰ ਚਰਚਾ ਦੇ ਪ੍ਰਬੰਧਕਾਂ ਨੇ ਗੋਸ਼ਟੀ ਸ਼ੁਰੂ ਕਰਨ ਦਾ ਯਤਨ ਕੀਤਾ ਤਾਂ ਸੰਘੀਆਂ ਨੇ ਮੰਚ ਉਪਰ ਹਮਲਾ ਕਰ ਕੇ ਮੇਜ਼ ਉਲਟਾ ਦਿੱਤਾ ਅਤੇ ਭਗਤ ਸਿੰਘ ਦੇ ਪੋਸਟਰ ਪਾੜ ਦਿੱਤੇ। ਪ੍ਰਬੰਧਕਾਂ ਨੇ ਇਸ ਖ਼ਲਲ ਨੂੰ ਰੋਕਣ ਦਾ ਯਤਨ ਕੀਤਾ, ਪਰ ਪੁਲਿਸ ਦੀ ਮਿਲੀਭੁਗਤ ਨਾਲ ਸੰਘੀਆਂ ਦੀ ਨਾਅਰੇਬਾਜ਼ੀ, ਗਾਲੀਗਲੋਚ ਅਤੇ ਦਰਸ਼ਕਾਂ ਨੂੰ ਧੱਕੇ ਮਾਰਨ ਦਾ ਸਿਲਸਿਲਾ ਜਾਰੀ ਰਿਹਾ। ਪੁਲਿਸ ਨੇ ਗੁੰਡਾਗਰਦੀ ਰੋਕਣ ਦੀ ਥਾਂ ਪ੍ਰਬੰਧਕਾਂ ਨੂੰ ਘੇਰਾ ਪਾ ਕੇ ਗੁੰਡਿਆਂ ਨੂੰ ਸੁਰੱਖਿਆ ਦਿੱਤੀ। ਜਦੋਂ ਪ੍ਰਬੰਧਕਾਂ ਨੇ ਉਥੇ ਮੌਜੂਦ ਪੁਲਿਸ ਦੇ ਐਸ.ਐਚ.ਓ. ਨੂੰ ਚੇਤੇ ਕਰਾਇਆ ਕਿ ਉਸ ਵਲੋਂ ਪ੍ਰੋਗਰਾਮ ਕਰਨ ਦੀ ਬਾਕਾਇਦਾ ਮਨਜ਼ੂਰੀ ਦਿੱਤੀ ਗਈ ਸੀ, ਤਾਂ ਪੁਲਿਸ ਅਧਿਕਾਰੀ ਨੇ ਜਵਾਬ ਦਿੱਤਾ ਕਿ ਏ.ਬੀ.ਵੀ.ਪੀ. ਨੂੰ ਉਥੇ ਰਹਿਣ ਤੇ ਪ੍ਰੋਗਰਾਮ ਵਿਚ ਨਾਅਰੇਬਾਜ਼ੀ ਕਰ ਕੇ ਆਪਣਾ ਰੋਸ ਪ੍ਰਗਟਾਉਣ ਦਾ ਹੱਕ ਹੈ, ਤੇ ਪੁਲਿਸ ਉਸ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦੀ। ਇਸ ਤੋਂ ਪੁਲਿਸ ਦੀ ਉਥੇ ਮੌਜੂਦਗੀ ਦੀ ਮਨਸ਼ਾ ਜ਼ਾਹਿਰ ਹੋ ਗਈ।


ਪੁਲਿਸ ਦੀ ਮਿਲੀਭੁਗਤ ਦੇਖ ਕੇ ਪ੍ਰਬੰਧਕ ਇਕਜੁੱਟ ਹੋ ਗਏ, ਗੁੰਡਿਆਂ ਨੂੰ ਪਿੱਛੇ ਧੱਕ ਦਿੱਤਾ। ਡਾ. ਵਿਕਾਸ ਗਰਗ ਵਲੋਂ ਵਿਸ਼ੇ ਦਾ ਤੁਆਰਫ਼ ਕਰਾਏ ਜਾਣ ਪਿੱਛੋਂ ਪ੍ਰੋਫੈਸਰ ਚਮਨ ਲਾਲ ਨੇ ਤਕਰੀਰ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਯੂਨੀਵਰਸਿਟੀ ਵਿਚ ਜਮਹੂਰੀ ਸਪੇਸ ਦੀ ਅਣਹੋਂਦ ਦੇ ਬਾਰੇ ਆਪਣੀ ਗੱਲ ਸ਼ੁਰੂ ਕੀਤੀ ਅਤੇ ਕਿਹਾ ਕਿ ਭਗਤ ਸਿੰਘ ਨੇ ਅਜਿਹੇ ਪ੍ਰੋਗਰਾਮਾਂ ਵਿਚ ਖ਼ਲਲ ਪਾਉਣ ਵਾਲੇ ਬਸਤੀਵਾਦੀ ਤੇ ਸਾਮਰਾਜਵਾਦੀ ਤਾਕਤਾਂ ਦੇ ਪਿੱਠੂਆਂ ਨੂੰ ਕਿਵੇਂ ਲੈਣਾ ਸੀ। ਮੁਲਕ ਲਈ ਲੜਨ ਦੇ ਮਾਇਨੇ ਕੀ ਸਨ, ਇਸ 'ਤੇ ਜ਼ੋਰ ਦੇਣ ਲਈ ਪ੍ਰੋਫੈਸਰ ਚਮਨ ਲਾਲ ਨੇ ਭਗਤ ਸਿੰਘ ਦੇ ਸ਼ਬਦ ਦੁਹਰਾਏ। ਇਸ 'ਤੇ ਨਾਅਰੇਬਾਜ਼ੀ ਕਰਨ ਵਾਲੇ ਗੁੰਡੇ ਪ੍ਰੋਫੈਸਰ ਚਮਨ ਲਾਲ ਅਤੇ ਹਾਜ਼ਰੀਨ ਨੂੰ ਸਿੱਧੇ ਤੌਰ 'ਤੇ ਧਮਕੀਆਂ ਦੇਣ 'ਤੇ ਉਤਰ ਆਏ। ਹੁਣ ਉਹ ਨਾਅਰੇ ਲਾ ਰਹੇ ਸਨ - 'ਜੋ ਭਗਤ ਸਿੰਘ ਕੀ ਰਾਹ ਚਲੇਗਾ, ਉਹ ਅਫ਼ਜ਼ਲ ਕੀ ਮੌਤ ਮਰੇਗਾ', 'ਦੇਸ਼ ਕੇ ਗ਼ੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ'। ਪ੍ਰੋਫੈਸਰ ਚਮਨ ਲਾਲ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾ ਕੇ ਜਵਾਬ ਦਿੱਤਾ। ਇਸ 'ਤੇ ਪੁਲਿਸ ਦੀ ਐਸ.ਐਚ.ਓ. ਸਿੱਧੇ ਤੌਰ 'ਤੇ ਪ੍ਰੋਫੈਸਰ ਚਮਨ ਲਾਲ ਨਾਲ ਤਕਰਾਰ ਕਰਨ ਲੱਗੀ। ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ ਕਿ ਪੁਲਿਸ ਸਿਆਸੀ ਇਸ਼ਾਰੇ 'ਤੇ ਭਗਵੇਂ ਗੁੰਡਿਆਂ ਨੂੰ ਸ਼ਹਿ ਦੇਣ ਲਈ ਉਥੇ ਤਾਇਨਾਤ ਸੀ। ਪ੍ਰਬੰਧਕਾਂ ਨੇ ਪ੍ਰੋਫੈਸਰ ਚਮਨ ਲਾਲ ਨੂੰ ਆਪਣੇ ਘੇਰੇ ਵਿਚ ਲੈ ਕੇ ਉਸ ਉਪਰ ਹਮਲਾ ਕਰਨ ਦੇ ਯਤਨ ਨਾਕਾਮ ਬਣਾ ਦਿੱਤੇ।

ਇਸ ਮੌਕੇ ਏ.ਬੀ.ਵੀ.ਪੀ. ਦਾ ਇਕ ਆਗੂ ਦੋ ਕੁੜੀਆਂ ਨੂੰ ਕਹਿ ਰਿਹਾ ਸੀ- 'ਤੁਸੀਂ ਕਿਥੇ ਪੜ੍ਹਦੀਆਂ ਹੋ, ਮੈਂ ਜਾਣਦਾ ਹਾਂ, ਤੁਹਾਨੂੰ ਦੇਖ ਲਵਾਂਗੇ।' ਜਦੋਂ ਉਥੇ ਮੌਜੂਦ ਬਾਕੀਆਂ ਨੇ ਇਸ ਧਮਕੀ ਦਾ ਨੋਟਿਸ ਲਿਆ ਤਾਂ ਉਹ ਐਸ.ਐਚ.ਓ. ਨੂੰ ਮੁਖ਼ਾਤਬ ਹੋ ਕੇ ਕਹਿਣ ਲੱਗਾ- 'ਹਮੇਂ ਛੋੜ ਦੀਜੀਏ ਇਨ ਪੇ, ਠੀਕ ਕਰ ਦੇਂਗੇ।'

ਭਗਤ ਸਿੰਘ ਦੇ ਰਾਹ 'ਤੇ ਚੱਲਣ ਵਾਲਿਆਂ ਨੂੰ ਅਫ਼ਜ਼ਲ ਗੁਰੂ ਦੀ ਮੌਤ ਮਾਰਨ ਦੇ ਭਗਵੇਂ ਕਾਰਕੁਨਾਂ ਦੇ ਐਲਾਨ ਕੋਈ ਅਚਾਨਕ ਭੜਕਾਹਟ ਦਾ ਸਿੱਟਾ ਨਹੀਂ; ਸਗੋਂ ਇਸ ਦਾ ਬਾਕਾਇਦਾ ਵਿਚਾਰਧਾਰਕ ਆਧਾਰ ਹੈ। ਸੰਘ ਦਾ ਅਖੌਤੀ ਰਾਸ਼ਟਰਵਾਦ ਹਿੰਦੂਤਵ ਦੀ ਸੌੜੀ ਪ੍ਰੀਭਾਸ਼ਾ 'ਤੇ ਆਧਾਰਿਤ ਹੈ ਜਿਸ ਵਿਚ ਸਮਾਜੀ-ਸਭਿਆਚਾਰਕ ਵੰਨ-ਸੁਵੰਨਤਾ ਲਈ ਕੋਈ ਥਾਂ ਨਹੀਂ। ਇਸ ਦੇ ਉਲਟ ਸ਼ਹੀਦ ਭਗਤ ਸਿੰਘ ਤੇ ਗ਼ਦਰੀ ਇਨਕਲਾਬੀਆਂ ਦਾ ਰਾਸ਼ਟਰਵਾਦ ਵੱਖ-ਵੱਖ ਧਰਮਾਂ, ਅਕੀਦਿਆਂ ਅਤੇ ਸਭਿਆਚਾਰ ਵਾਲੇ ਸਮਾਜੀ ਸਮੂਹਾਂ ਲਈ ਸਹਿ-ਹੋਂਦ ਵਿਚ ਵਿਚਰਨ ਦੀ ਸੱਚੀ ਜਮਹੂਰੀ ਸਪੇਸ ਮੁਹੱਈਆ ਕਰਦਾ ਹੈ। ਸ਼ਹੀਦ ਭਗਤ ਸਿੰਘ ਤੇ ਗ਼ਦਰੀ ਇਨਕਲਾਬੀਆਂ ਦੀ ਸੋਚ ਅਤੇ ਉਨ੍ਹਾਂ ਦੇ ਆਜ਼ਾਦੀ ਦੇ ਸੁਪਨੇ ਸੰਘ ਦੇ ਫਿਰਕੂ ਏਜੰਡੇ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਹਨ। ਇਨਕਲਾਬੀਆਂ ਦੇ ਆਜ਼ਾਦੀ ਦੇ ਮਾਡਲ ਦੀ ਤਾਂ ਗੱਲ ਛੱਡੋ, ਸੰਘੀਆਂ ਨੂੰ ਤਾਂ ਡਾ. ਅੰਬੇਦਕਰ ਦੇ ਸੁਪਨਿਆਂ ਦਾ ਉਦਾਰਵਾਦੀ ਜਮਹੂਰੀ ਸਮਾਜੀ-ਸਿਆਸੀ ਮਾਡਲ ਵੀ ਪ੍ਰਵਾਨ ਨਹੀਂ। ਇਸੇ ਲਈ ਉਨ੍ਹਾਂ ਨੇ ਦਲਿਤ ਅਤੇ ਇਨਕਲਾਬੀ ਸੋਚ ਵਾਲਿਆਂ ਦੇ ਖ਼ਿਲਾਫ਼ ਵੱਡੀ ਹਮਲਾਵਰ ਮੁਹਿੰਮ ਵਿੱਢੀ ਹੋਈ ਹੈ।

# ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ

ਜਦੋਂ ਦੀ ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਵਿਚ ਰਾਜ ਸੱਤਾ ਪ੍ਰਾਪਤ ਹੋਈ ਹੈ, ਉਦੋਂ ਤੋਂ ਹੀ ਪਾਰਟੀ ਦੇ ਇੱਕ ਹਿੱਸੇ ਨੇ ਰੱਟ ਲਾਈ ਹੋਈ ਹੈ ਕਿ ਹਿੰਦੁਸਤਾਨ ਵਿਚ ਵੱਸਣ ਵਾਲੇ ਸਾਰੇ ਹਿੰਦੂ ਹਨ। ਇੱਕ ਸੰਘ ਨੇਤਾ ਨੇ ਤਾਂ ਇਥੋਂ ਤੱਕ ਕਿਹਾ ਕਿ ਸਿੱਖ, ਜੈਨ ਜਾਂ ਬੋਧੀ ਵੀ ਹਿੰਦੂ ਹਨ। ਸਿੱਖ ਵਾਰ ਵਾਰ ਕਹਿ ਚੁਕੇ ਹਨ ਤੇ ਆਖ ਰਹੇ ਹਨ ਕਿ ਅਸੀਂ ਹਿੰਦੂ ਨਹੀਂ ਹਾਂ। ਸਿੱਖ ਇੱਕ ਵਖਰੀ ਕੌਮ ਹੈ। ਇਸ ਦੇ ਸਿਧਾਂਤ ਵੱਖਰੇ ਹਨ, ਬੁਤ ਪੂਜਾ ਨਹੀਂ ਕਰਦੇ। ਜਦੋਂ ਕਿ ਸਾਰੇ ਹਿੰਦੂ ਮੰਦਿਰ ਦੇ ਅੰਦਰ ਬਣੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ। ਮੂਰਤੀ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਪੂਜਾ ਬਾਰੇ ਭਗਤ ਕਬੀਰ ਜੀ ਦਾ ਫੁਰਮਾਨ ਹੈ:

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ
ਸੋ ਪਾਹਨ ਨਿਰਜੀਉ॥੧॥
ਭੂਲੀ ਮਾਲਨੀ ਹੈ ਏਉ॥
ਸਤਿਗੁਰੁ ਜਾਗਤਾ ਹੈ ਦੇਉ॥੧॥ਰਹਾਉ॥
ਬ੍ਰਹਮੁ ਪਾਤੀ ਬਿਸਨੁ ਡਾਰੀ
ਫੂਲ ਸੰਕਰਦੇਉ॥
ਤੀਨਿ ਦੇਵ ਪ੍ਰਤਖਿ ਤੋਰਹਿ
ਕਰਹਿ ਕਿਸ ਕੀ ਸੇਉ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ
ਦੇ ਕੈ ਛਾਤੀ ਪਾਉ॥
ਜੇ ਏਹ ਮੂਰਤਿ ਸਾਚੀ ਹੈ
ਤਉ ਗੜ੍ਹਣਹਾਰੇ ਖਾਉ॥੩॥
ਭਾਤੁ ਪਹਿਤਿ ਅਰੁ ਲਾਪਸੀ
ਕਰਕਰਾ ਕਾਸਾਰੁ॥
ਭੋਗਨਹਾਰੇ ਭੋਗਿਆ
ਇਸੁ ਮੂਰਤਿ ਕੇ ਮੁਖ ਛਾਰੁ॥੪॥
ਮਾਲਿਨਿ ਭੂਲੀ ਜਗੁ ਭੁਲਾਨਾ
ਹਮ ਭੁਲਾਨੇ ਨਾਹਿ॥
ਕਹੁ ਕਬੀਰ ਹਮ ਰਾਮ ਰਾਖੇ
ਕ੍ਰਿਪਾ ਕਰਿ ਹਰਿ ਰਾਇ॥੫॥੧॥੧੪॥
(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 479)

ਮਾਲਣ ਜਦੋਂ ਪੂਜਾ ਲਈ ਫੁੱਲ ਤੋੜ ਰਹੀ ਸੀ, ਉਸ ਨੂੰ ਦੇਖ ਕੇ ਆਖਦੇ ਹਨ ਕਿ ਜਿਹੜੇ ਪੱਤੇ ਤੂੰ ਤੋੜ ਰਹੀਂ ਹੈਂ, ਉਸ ਪੱਤੀ ਪੱਤੀ ਵਿਚ ਜਾਨ ਹੈ। ਪੱਤੇ, ਫੁਲ, ਡਾਲੀ ਜੋ ਤੋੜ ਰਹੀਂ ਹੈਂ, ਸਭ ਵਿਚ ਜਾਨ ਹੈ। ਜਿਸ ਮੂਰਤੀ ਦੀ ਪੂਜਾ ਲਈ ਤੂੰ ਇਹ ਤੋੜੇ ਹਨ, ਉਸ ਵਿਚ ਜਾਨ ਨਹੀਂ ਹੈ ਅਤੇ ਜੇ ਉਸ ਵਿਚ ਜਾਨ ਹੁੰਦੀ ਤਾਂ ਜਦੋਂ ਬੁਤ ਘਾੜੇ ਨੇ ਇਸ ਮੂਰਤੀ ਨੂੰ ਘੜਨ ਲਈ ਇਸ ਉਪਰ ਪੈਰ ਰਖਿਆ ਸੀ ਤਾਂ ਉਹ ਬੁਤ ਘਾੜੇ ਨੂੰ ਹੀ ਖਾ ਲੈਂਦੀ। ਜਿਹੜੇ ਚਾਵਲ ਅਤੇ ਦਾਲ ਤੂੰ ਚੜ੍ਹਾਵੇ ਲਈ ਵਰਤ ਰਹੀਂ ਹੈਂ, ਉਹ ਤਾਂ ਪੁਜਾਰੀ ਜਾਂ ਉਸ ਦੇ ਬੱਚੇ ਖਾ ਜਾਣਗੇ। ਮੂਰਤੀ ਦੇ ਮੂੰਹ 'ਤੇ ਸਵਾਹ ਮਲ ਦਿੱਤੀ ਜਾਵੇਗੀ। ਮਾਲਣ ਨੂੰ ਸਮਝਾਇਆ ਹੈ ਕਿ ਮਾਲਣ ਤੂੰ ਭੁੱਲ ਚੁਕੀ ਹੈ ਤੇ ਲੋਕ ਵੀ ਭੁੱਲੇ ਹੋਏ ਹਨ ਪਰ ਮੈਂ ਨਹੀਂ ਭੁੱਲਿਆ। ਮੇਰਾ ਪਰਮਾਤਮਾ ਤਾਂ ਹਮੇਸ਼ਾ ਜਾਗਦਾ ਹੈ।

ਗੁਰੂ ਗਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਸਪਸ਼ਟ ਦਰਜ ਹੈ ਕਿ ਜਿਸ ਢੰਗ ਨਾਲ ਹਿੰਦੂ ਲੋਕ ਪੂਜਾ ਅਰਚਨਾ ਕਰਦੇ ਹਨ, ਉਸ ਤਰ੍ਹਾਂ ਪਰਮਾਤਮਾ ਨੂੰ ਪਾਇਆ ਨਹੀਂ ਜਾ ਸਕਦਾ। ਜੇ ਅਸੀਂ ਮੋਨ ਰਹਿ ਕੇ ਪਰਮਾਤਮਾ ਨੂੰ ਮਿਲਣਾ ਲੋਚਦੇ ਹਾਂ ਤਾਂ ਇਹ ਵਿਅਰਥ ਹੈ। ਇਸ ਤਰ੍ਹਾਂ ਹੀ ਦਰਜ ਹੇਠਲੇ ਸਲੋਕ ਵਿਚ ਦਸਿਆ ਗਿਆ ਹੈ,

ਸੋਰਠਿ ਮਹਲਾ ੫
ਘਰੁ ੨ ਅਸਟਪਦੀਆ
ੴ ਸਤਿਗੁਰ ਪ੍ਰਸਾਦਿ॥
ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ॥੨॥
ਮਨ ਕਾਮਨਾ ਤੀਰਥ ਜਾਇ
ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ
ਇਹ ਬਿਧਿ ਜੇ ਲਖ ਜਤਨ ਕਰਾਏ॥੩॥
(ਅੰਗ 641-642)

ਇਸ ਸਲੋਕ ਵਿਚ ਸਪਸ਼ਟ ਆਦੇਸ਼ ਹੈ, ਹੇ ਭਾਈ! ਕੋਈ ਮਨੁੱਖ ਵੇਦ ਆਦਿਕ ਧਰਮ-ਪੁਸਤਕ ਨੂੰ ਪੜ੍ਹਦਾ ਹੈ ਅਤੇ ਵਿਚਾਰਦਾ ਹੈ। ਕੋਈ ਮਨੁੱਖ ਨਿਉਲੀਕਰਮ ਕਰਦਾ ਹੈ, ਕੋਈ ਕੁੰਡਲਨੀ ਨਾੜੀ ਰਸਤੇ ਪ੍ਰਾਣ ਚਾੜ੍ਹਦਾ ਹੈ। ਪਰ ਇਨ੍ਹਾਂ ਸਾਧਨਾਂ ਨਾਲ ਕਾਮਾਦਿਕ ਪੰਜਾਂ ਤੋਂ ਛੁਟਕਾਰਾ ਨਹੀਂ ਮਿਲਦਾ ਸਗੋਂ ਹੋਰ ਅਹੰਕਾਰ ਵਿਚ ਮਨੁੱਖ ਬੱਝ ਜਾਂਦੇ ਹਨ। ਹੇ ਭਾਈ! ਮੇਰੇ ਵੇਖਦਿਆਂ ਲੋਕ ਅਨੇਕਾਂ ਹੀ ਮਿਥੇ ਹੋਏ ਧਾਰਮਿਕ ਕਰਮ ਕਰਦੇ ਹਨ, ਪਰ ਇਨ੍ਹਾਂ ਤਰੀਕਿਆਂ ਨਾਲ ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਨਹੀਂ ਜਾ ਸਕਦਾ। ਮੈਂ ਤਾਂ ਇਨ੍ਹਾਂ ਕਰਮਾਂ ਦਾ ਆਸਰਾ ਛੱਡ ਕੇ ਮਾਲਕ ਪ੍ਰਭੂ ਦੇ ਦਰ 'ਤੇ ਆ ਡਿੱਗਾ ਹਾਂ ਤੇ ਅਰਜੋਈ ਕਰਦਾ ਰਹਿੰਦਾ ਹਾਂ, ਹੇ ਪ੍ਰਭੂ! ਮੈਨੂੰ ਭਲਾਈ ਬੁਰਾਈ ਦੀ ਪਰਖ ਕਰ ਸਕਣ ਵਾਲੀ ਅਕਲ ਦੇਹ। ਹੇ ਭਾਈ! ਕੋਈ ਮਨੁੱਖ ਚੁੱਪ ਸਾਧੀ ਬੈਠਾ ਹੈ, ਕੋਈ ਕਰ-ਪਾਤੀ ਬਣ ਗਿਆ ਹੈ ਭਾਂਡਿਆਂ ਦੇ ਥਾਂ ਆਪਣੇ ਹੱਥ ਹੀ ਵਰਤਦਾ ਹੈ, ਕੋਈ ਜੰਗਲ ਵਿਚ ਨੰਗਾ ਤੁਰਿਆ ਫਿਰਦਾ ਹੈ। ਕੋਈ ਮਨੁੱਖ ਸਾਰੇ ਤੀਰਥਾਂ ਦਾ ਰਟਨ ਕਰ ਰਿਹਾ ਹੈ, ਕੋਈ ਸਾਰੀ ਧਰਤੀ ਦਾ ਭ੍ਰਮਣ ਕਰ ਰਿਹਾ ਹੈ ਪਰ ਇਸ ਤਰ੍ਹਾਂ ਭੀ ਮਨ ਦੀ ਡਾਂਵਾਂ-ਡੋਲ ਹਾਲਤ ਮੁੱਕਦੀ ਨਹੀਂ। ਕੋਈ ਮਨੁੱਖ ਆਪਣੀ ਮਨੋ ਕਾਮਨਾ ਅਨੁਸਾਰ ਤੀਰਥਾਂ ਉਤੇ ਜਾ ਵੱਸਿਆ ਹੈ, ਮੁਕਤੀ ਦਾ ਚਾਹਵਾਨ ਆਪਣੇ ਸਿਰ ਉਤੇ ਸ਼ਿਵ ਜੀ ਵਾਲਾ ਆਰਾ ਰਖਾਂਦਾ ਹੈ ਤੇ ਆਪਣੇ ਆਪ ਨੂੰ ਚਿਰਾ ਲੈਂਦਾ ਹੈ। ਪਰ ਜੇ ਕੋਈ ਮਨੁੱਖ ਇਹੋ ਜਿਹੇ ਲੱਖਾਂ ਹੀ ਜਤਨ ਕਰੇ, ਇਸ ਤਰ੍ਹਾਂ ਭੀ ਮਨ ਦੀ ਵਿਕਾਰਾਂ ਦੀ ਮੈਲ ਨਹੀਂ ਲਹਿੰਦੀ। ਜਦੋਂ ਕਿ ਇਹ ਸਾਰੇ ਹਿੰਦੂ ਧਰਮ ਵਿਚ ਕਰਨ ਲਈ ਸਮਝਾਇਆ ਜਾਂਦਾ ਹੈ ਸਿੱਖ ਧਰਮ ਵਿਚ ਇਹ ਕ੍ਰਮ ਨਾ ਕਰਨ ਲਈ ਕਿਹਾ ਗਿਆ ਹੈ। ਪ੍ਰੋਫੈਸਰ ਸਾਹਿਬ ਸਿੰਘ ਨੇ ਸਰਲ ਅਰਥ ਕਰ ਕੇ ਦੱਸ ਦਿੱਤਾ ਹੈ, ਕੇਹੜੇ ਕ੍ਰਮ ਵਾਧੂ ਹਨ ਅਤੇ ਜੇ ਕਰ ਤੁਸੀਂ ਉਸ ਅਕਾਲ ਪੁਰਖ ਤੋਂ ਸਹੀ ਸੇਧ ਲੈਣੀ ਹੈ ਤਾਂ ਇਹ ਕ੍ਰਮ ਛਡ ਕੇ ਪ੍ਰਮਾਤਮਾ ਦੇ ਲੜ ਲੱਗ ਜਾ।

ਗੁਰੂ ਜੀ ਨੇ ਅੱਗੇ ਦੱਸਿਆ ਹੈ,

ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ॥੫॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥
ਰਾਜ ਲੀਲਾ ਰਾਜਨ ਕੀ ਰਚਨਾ
ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ
ਨਰਕ ਘੋਰ ਕਾ ਦੁਆਰਾ॥੭॥
ਹਰਿ ਕੀਰਤਿ ਸਾਧਸੰਗਤਿ ਹੈ
ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ॥੮॥
ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ
ਇਹੁ ਮਨੁ ਰਾਤਾ॥ਰਹਾਉ ਦੂਜਾ॥
(ਪੰਨਾ 642)

ਹੇ ਭਾਈ! ਕੋਈ ਮਨੁੱਖ ਦੇਵ-ਪੂਜਾ ਵਿਚ, ਦੇਵਤਿਆਂ ਨੂੰ ਨਮਸਕਾਰ ਡੰਡਉਤ ਤੇ ਛੇ ਕਰਮ ਕਰਨ ਵਿਚ ਮਸਤ ਰਹਿੰਦਾ ਹੈ। ਪਰ ਉਹ ਭੀ ਇਨ੍ਹਾਂ ਮਿਥੇ ਹੋਏ ਧਾਰਮਿਕ ਕਰਮਾਂ ਕਰ ਕੇ ਆਪਣੇ ਆਪ ਨੂੰ ਧਰਮੀ ਜਾਣ ਕੇ ਅਹੰਕਾਰ ਨਾਲ ਕਰਦਾ ਮੋਹ ਮਾਇਆ ਦੇ ਬੰਧਨਾਂ ਵਿਚ ਜਕੜਿਆ ਰਹਿੰਦਾ ਹੈ। ਇਸ ਤਰੀਕੇ ਭੀ ਪਰਮਾਤਮਾ ਨੂੰ ਨਹੀਂ ਮਿਲ ਸਕੀਦਾ। ਜੋਗ-ਮਤ ਵਿਚ ਸਿੱਧਾਂ ਦੇ ਪ੍ਰਸਿੱਧ ਚੌਰਾਸੀ ਆਸਣ ਹਨ। ਇਹ ਆਸਣ ਕਰ ਕਰ ਕੇ ਭੀ ਮਨੁੱਖ ਥੱਕ ਜਾਂਦਾ ਹੈ। ਉਮਰ ਤਾਂ ਲੰਮੀ ਕਰ ਲੈਂਦਾ ਹੈ, ਪਰ ਇਸ ਤਰ੍ਹਾਂ ਪਰਮਾਤਮਾ ਨਾਲ ਮਿਲਾਪ ਨਾਲ ਨਹੀਂ ਬਣਦਾ, ਮੁੜ ਮੁੜ ਜਨਮਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ। ਹੇ ਭਾਈ! ਕਈ ਐਸੇ ਹਨ ਜੋ ਰਾਜ-ਹਕੂਮਤ ਦੇ ਰੰਗ-ਤਮਾਸ਼ੇ ਮਾਣਦੇ ਹਨ, ਰਾਜਿਆਂ ਵਾਲੇ ਠਾਠ-ਬਾਠ ਬਣਾਉਂਦੇ ਹਨ, ਲੋਕਾਂ ਉਤੇ ਹੁਕਮ ਚਲਾਉਂਦੇ ਹਨ, ਕੋਈ ਉਨ੍ਹਾਂ ਦਾ ਹੁਕਮ ਮੋੜ ਨਹੀਂ ਸਕਦਾ। ਸੁੰਦਰ ਇਸਤਰੀ ਦੀ ਸੇਜ ਮਾਣਦੇ ਹਨ, ਆਪਣੇ ਸਰੀਰ ਉਤੇ ਚੰਦਨ ਤੇ ਅਤਰ ਵਰਤਦੇ ਹਨ। ਪਰ ਇਹ ਸਭ ਕੁਝ ਤਾਂ ਭਿਆਨਕ ਨਰਕ ਵਲ ਲੈ ਜਾਣ ਵਾਲਾ ਹੈ।

ਹੇ ਭਾਈ! ਸਾਧ ਸੰਗਤਿ ਵਿਚ ਬੈਠ ਕੇ ਪਰਮਾਤਮਾ ਦੀ ਸਿਫਤਿ-ਸਾਲਾਹ ਕਰਨੀ, ਇਹ ਕੰਮ ਹੋਰ ਸਾਰੇ ਕਰਮਾਂ ਨਾਲੋਂ ਸ੍ਰੇਸ਼ਟ ਹੈ। ਪਰ, ਹੇ ਨਾਨਕ! ਇਹ ਅਵਸਰ ਉਸ ਮਨੁੱਖ ਨੂੰ ਹੀ ਮਿਲਦਾ ਹੈ ਜਿਸ ਦੇ ਮੱਥੇ ਉਤੇ ਪੂਰਬਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਲੇਖ ਲਿਖਿਆ ਹੁੰਦਾ ਹੈ। ਹੇ ਭਾਈ! ਤੇਰਾ ਸੇਵਕ ਤੇਰੀ ਸਿਫਤਿ-ਸਾਲਾਹ ਵਿਚ ਮਸਤ ਰਹਿੰਦਾ ਹੈ। ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਉਤੇ ਦਇਆਵਾਨ ਹੁੰਦਾ ਹੈ, ਉਸ ਦਾ ਇਹ ਮਨ ਪਰਮਾਤਮਾ ਦੀ ਸਿਫਤਿ-ਸਾਲਾਹ ਵਿਚ ਰੰਗਿਆ ਰਹਿੰਦਾ ਹੈ।

ਸਿਆਸੀ ਪਾਰਟੀਆਂ ਜੋ ਆਪਣੇ ਆਪ ਨੂੰ ਸਿੱਖ ਜਨਤਾ ਦੇ ਪ੍ਰਤੀਨਿਧ ਆਖਦੀਆਂ ਹਨ, ਇਸ ਬਿਆਨ ਪ੍ਰਤੀ ਲੰਬੀ ਚੁਪ ਧਾਰੀ ਬੈਠੀਆਂ ਹਨ। ਅਸਲ ਵਿਚ ਬਾਕੀ ਪਾਰਟੀਆਂ ਠੀਕ ਗਲਤ ਦਾ ਵਿਚਾਰ ਕੀਤੇ ਬਿਨਾ ਆਪੋ ਆਪਣੇ ਹਿਤ ਦੇਖ ਕੇ ਬਿਆਨ ਕਰਦੀਆਂ ਹਨ। ਕਈ ਵਾਰ ਤਾਂ ਇਹ ਬਿਆਨ ਦਿਵਾ ਕੇ ਜਨਤਾ ਨੂੰ ਹੋਰ ਮਸਲਿਆਂ ਵਿਚ ਉਲਝਾਈ ਰੱਖਣਾ ਚਾਹੁੰਦੀਆਂ ਹਨ ਤਾਂ ਜੋ ਸਰਕਾਰ ਦੇ ਗਲਤ ਕੰਮਾਂ ਵਲ ਜਨਤਾ ਦੀ ਨਜ਼ਰ ਨਾ ਪਵੇ। ਪਰ ਜਨਤਾ ਜੋ ਹੈ ਸਭ ਜਾਨਤੀ ਹੈ। ਹੁਣ ਤੁਸੀਂ ਜਨਤਾ ਨੂੰ ਫਜ਼ੂਲ ਕੰਮਾਂ ਵਿਚ ਨਹੀ ਉਲਝਾ ਸਕਦੇ।

ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੈ ਮੀਰੀ-ਪੀਰੀ, ਭਗਤੀ ਅਤੇ ਸ਼ਕਤੀ ਦਾ ਸੁਮੇਲ। ਇਹ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦੀ ਵਿਆਖਿਆ ਹੈ ਕਿ ਮਨੁੱਖ ਦਾ ਸਰੀਰ ਅਤੇ ਆਤਮਾ ਵੱਖ ਨਹੀਂ ਕੀਤੀ ਜਾ ਸਕਦੀ। ਸਰੀਰ ਗ੍ਰਹਿਸਥੀ ਵਿਚ ਰਹਿ ਰਿਹਾ ਹੋਵੇ ਤਾਂ ਆਪਣੇ ਕਰਮਾਂ ਲਈ ਆਤਮਾ ਦੀ ਸੇਧ ਲਵੇ। ਪ੍ਰਭੂ ਪ੍ਰਾਪਤੀ ਲਈ ਪਰਿਵਾਰ ਤਿਆਗ ਕੇ ਜੰਗਲ ਦੇ ਰਾਹ ਜਾਣ ਦੀ ਲੋੜ ਨਹੀਂ ਕਿਉਂਕਿ ਪ੍ਰਭੂ ਹਰ ਥਾਂ ਵਸਦਾ ਹੈ। ਹਿੰਦੂ ਧਰਮ ਦਾ ਘਰ ਬਾਰ ਛਡ ਜੰਗਲ ਬੇਲੇ ਘੁਮ ਪਰਮਾਤਮਾ ਨੂੰ ਪ੍ਰਾਪਤ ਕਰਨ ਵਿਚ ਯਕੀਨ ਹੈ। ਗ੍ਰਹਿਸਥੀ ਜੀਵਨ ਨੂੰ ਪਰਮਾਤਮਾ ਨੂੰ ਮਿਲਣ ਵਿਚ ਅੜਿਕਾ ਸਮਝਿਆ ਜਾਂਦਾ ਹੈ। ਸ਼ਕਤੀ ਦਾ ਮਕਸਦ ਸਮਾਜ ਵਿਚ ਇਨਸਾਫ਼ ਅਤੇ ਬਰਾਬਰੀ ਬਰਕਰਾਰ ਰੱਖਣਾ ਹੈ ਪਰ ਅਸਲੀਅਤ ਵਿਚ ਸ਼ਕਤੀ ਦੂਜਿਆਂ 'ਤੇ ਕੰਟਰੋਲ ਰੱਖਣ ਦਾ ਅਜਿਹਾ ਹਥਿਆਰ ਬਣ ਜਾਂਦਾ ਹੈ ਕਿ ਜੇ ਇਸ ਉਪਰ ਧਰਮ ਦਾ ਕੁੰਡਾ ਨਾ ਹੋਵੇ ਤਾਂ ਇਸ ਦੇ ਤਾਨਾਸ਼ਾਹ ਅਤੇ ਮਾਰੂ ਹੋ ਜਾਣ ਦਾ ਖਦਸ਼ਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਿਰਜਣਾ ਤੋਂ ਬਾਅਦ ਪੰਜ ਪਿਆਰਿਆਂ ਅੱਗੇ ਝੁਕ ਕੇ ਅੰਮ੍ਰਿਤ ਦੀ ਦਾਤ ਲੈਣਾ ਸਪਸ਼ਟ ਸੰਕੇਤ ਹੈ ਕਿ ਕੋਈ ਵੀ ਮਨੁੱਖ ਉਚਾ ਨਹੀਂ ਹੈ ਅਤੇ ਸਰਵਉਚ ਤਾਂ ਬਿਲਕੁਲ ਵੀ ਨਹੀਂ। ਕੇਵਲ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਹੀ ਸਰਵਉਚ ਹਨ। ਸੰਗਤ ਨੂੰ ਪੰਥ ਦਾ ਦਰਜਾ ਦਿੱਤਾ ਅਤੇ ਗ੍ਰੰਥ ਦੀ ਹਾਜ਼ਰੀ ਵਿਚ ਪੰਥ ਨੂੰ ਸ਼ਕਤੀ ਦਿੱਤੀ ਕਿ ਕੌਮ ਨਾਲ ਸਬੰਧਤ ਮਸਲਿਆਂ ਦਾ ਹੱਲ ਲੱਭਿਆ ਜਾਵੇ। ਹਿੰਦੂ ਧਰਮ ਇਸ ਸਿਧਾਂਤ ਨੂੰ ਨਹੀਂ ਮੰਨਦਾ ਅਤੇ ਹਿੰਦੂ ਸ਼ਬਦ ਗੁਰੂ ਨੂੰ ਗੁਰੂ ਨਹੀਂ ਮੰਨਦੇ। ਉਹ ਮਨੁਖੀ ਪੂਜਾ ਜਾਂ ਮੂਰਤੀ ਵਿਚ ਵਿਸ਼ਵਾਸ ਰਖਦੇ ਹਨ। ਸੰਗਤ ਵਿਚ ਸ਼ਕਤੀ ਦਾ ਯਕੀਨ ਨਹੀਂ ਹੈ।

ਔਰੰਗਜ਼ੇਬ ਨੇ ਹਿੰਦੂ ਧਰਮ ਨੂੰ ਖਤਮ ਕਰ ਦੇਣ ਦੇ ਯਤਨ ਕੀਤੇ। ਉਹ ਲਗਭਗ ਸਵਾ ਮਣ ਜਨੇਊ ਹਰ ਰੋਜ਼ ਦਾ ਇੱਕਠਾ ਕਰਦਾ ਸੀ। ਉਸ ਨੇ ਧਾਰ ਲਿਆ ਸੀ ਕਿ ਸਭ ਨੂੰ ਮੁਸਲਮਾਨ ਬਣਾ ਦੇਵਾਂਗਾ। ਜੇ ਕਰ ਮੁਸਲਮਾਨ ਬਣਨਾ ਕਬੂਲ ਨਹੀਂ ਕਰਨਗੇ ਤਾਂ ਮੌਤ ਦੇ ਘਾਟ ਉਤਰ ਦਿਤਾ ਜਾਵੇਗਾ। ਉਸ ਸਮੇਂ ਦੇ ਘਟਨਾਕ੍ਰਮ ਦੇ ਨਤੀਜਿਆਂ ਬਾਰੇ ਇਕ ਕਵੀ ਨੇ ਕਿਹਾ ਹੈ:

ਬਾਤ ਕਰੂੰ ਅਬ ਕੀ ਨਾ ਤਬ ਕੀ,
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ
ਸੁੰਨਤ ਹੋਤੀ ਸਬ ਕੀ।

ਜਨੇਊ ਧਾਰਨ ਕਰਨਾ ਹਰ ਹਿੰਦੂ ਲਈ ਜਰੂਰੀ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਜਨੇਊ ਪਾਣ ਲਈ ਕਿਹਾ ਗਿਆ ਤਾਂ ਉਨ੍ਹਾਂ ਜਨੇਊ ਪਾਉਣ ਤੋਂ ਇਨਕਾਰ ਕਰ ਦਿਤਾ ਸੀ ਅਰਥਾਤ ਉਨ੍ਹਾਂ ਨੇ ਇਸ ਨੂੰ ਗਲਤ ਕਿਹਾ ਸੀ ਜਿਸ ਦਾ ਵਰਣਨ ਆਸਾ ਦੀ ਵਾਰ ਵਿਚ ਬਾਖੂਬੀ ਕੀਤਾ ਗਿਆ ਹੈ:

ਸਲੋਕੁ ਮ: ੧॥
ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ
ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ
ਗੁਰੁ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ
ਵੇਤਗਾ ਗਇਆ॥੧॥ (ਅੰਗ 471)

ਅਰਥਾਤ ਮੈਨੂੰ ਕਿਸੇ ਜਨੇਊ ਦੀ ਲੋੜ ਨਹੀਂ। ਜੋ ਜਨੇਊ ਤੇਰੇ ਪਾਸ ਹੈ, ਉਸ ਨੇ ਤਾਂ ਟੁਟ ਜਾਣਾ ਹੈ, ਮੈਲ ਵੀ ਲਗਣੀ ਹੈ ਤੇ ਅੱਗ ਇਸ ਨੂੰ ਜਲਾ ਸਕਦੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਰਸਮਾਂ ਝੂਠੀਆਂ ਹਨ। ਇਨ੍ਹਾਂ ਨੂੰ ਤਿਆਗ ਦਿਓ ਅਤੇ ਅਕਾਲ ਪੁਰਖ ਨੂੰ ਮੰਨੋ। ਹਿੰਦੂ ਧਰਮ ਨੂੰ ਬਚਾਉਣ ਦੀ ਖਾਤਿਰ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਦਿਤੀ। ਇਸ ਬਾਰੇ ਦਸਮ ਪਿਤਾ ਦਾ ਬਚਿਤਰ ਨਾਟਕ ਵਿਚ ਕਥਨ ਹੈ:

ਧਰਮ ਹੇਤਿ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥
ਦੋਹਰਾ॥
ਠੀਕਰਿ ਫੋਰਿ ਦਿਲੀਸਿ
ਸਿਰਿ ਪ੍ਰਭ ਪੁਰਿ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ
ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ
ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕਿ॥੧੬॥

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਔਰੰਗਜ਼ੇਬ ਦੇ ਦੋ ਧਰਮਾਂ ਤੋਂ ਇੱਕ ਕਰਨ ਦੇ ਇਰਾਦੇ ਨੂੰ ਠੱਲ੍ਹ ਪਾ ਕੇ ਤੀਸਰੇ ਧਰਮ ਸਿੱਖ ਧਰਮ ਨੂੰ ਪੂਰਨ ਬਲ ਬਖਸ਼ਿਆ ਸੀ। ਇਤਿਹਾਸ ਦਸਦਾ ਹੈ ਕਿ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਹਰ ਹਿੰਦੂ ਪਰਿਵਾਰ ਵਿਚ ਇੱਕ ਮੈਂਬਰ ਨੂੰ ਸਿੱਖ ਸਜਾਇਆ ਜਾਂਦਾ ਸੀ। ਜੇ ਸਿੱਖ ਹਿੰਦੂ ਹੀ ਹਨ ਤਾਂ ਪਰਿਵਾਰ ਦੇ ਇੱਕ ਮੈਂਬਰ ਨੂੰ ਸਿੱਖ ਸਜਾਉਣ ਦੀ ਲੋੜ ਕਿਉਂ ਪਈ? ਸਿੱਖ ਇੱਕ ਵਖਰੀ ਕੌਮ ਹਨ ਅਤੇ ਹਿੰਦੂ ਨਹੀਂ ਹਨ। ਸੰਘ ਦੇ ਨੇਤਾਵਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿੱਖ ਹਿੰਦੂ ਨਹੀਂ ਹਨ। ਸਿੱਖ ਧਰਮ ਤਾਂ ਹਿੰਦੂ ਧਰਮ ਦਾ ਰਾਖਾ ਹੈ। ਜੇ ਹਿੰਦੂ ਧਰਮ ਦੀ ਰੱਖਿਆ ਨਾ ਕੀਤੀ ਜਾਂਦੀ ਤਾਂ ਹਿੰਦੁਸਤਾਨ ਜਿਸ ਨੂੰ ਹਿੰਦੂਆਂ ਦਾ ਦੇਸ਼ ਕਹਿਣ ਦਾ ਯਤਨ ਕੀਤਾ ਜਾ ਰਿਹਾ ਹੈ, ਵੀ ਇੱਕ ਮੁਸਲਮਾਨ ਦੇਸ਼ ਹੁੰਦਾ। ਅਜਿਹੇ ਲੋਕਾਂ ਲਈ ਬਾਵਾ ਬਲਵੰਤ ਲਿਖਦਾ ਹੈ:

ਹਜ਼ਾਰਾਂ ਹੀ ਸਾਲਾਂ ਤੋਂ ਇਹ ਕਹਿਣ ਵਾਲੇ,
ਖੁਦ ਤੁਰ ਗਏ ਪਰ ਬਾਕੀ ਹੈ ਦੁਨੀਆ।
ਓਹ ਤੱਤਾਂ ਦੀ ਅਸਲੀਅਤ ਨਾ ਸਮਝ ਸਕੇ,
ਜੋ ਕਹਿੰਦੇ ਰਹੇ ਫਾਨੀ ਖਾਕੀ ਹੈ ਦੁਨੀਆ।
ਹਕੀਕਤ ਹੈ ਦੁਨੀਆ, ਸੱਚਾਈ ਹੈ ਦੁਨੀਆ
ਮਨੁੱਖਾਂ ਦੀ ਮਿਹਨਤ ਤੇ ਜੀਵਨ ਦੀ ਚਾਹ ਨੇ
ਸਗੋਂ ਹੋਰ ਸੋਹਣੀ ਬਣਾਈ ਹੈ ਦੁਨੀਆ।

ਅਰਥਾਤ ਬਹੁਤ ਲੋਕ ਆਏ ਤੇ ਤੁਰ ਗਏ ਜਿਨ੍ਹਾਂ ਨੇ ਸਿੱਖਾਂ ਦੀ ਹਸਤੀ ਮਿਟਾਉਣ ਦੇ ਯਤਨ ਕੀਤੇ। ਉਹ ਇਸ ਦੁਨੀਆ ਤੋਂ ਚਲੇ ਗਏ ਪ੍ਰੰਤੂ ਸਿੱਖ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ ਹਨ ਤੇ ਰਹਿਣਗੇ।

## ਸਚਾ ਅਮਰੁ ਸਚਾ ਪਾਤਿਸਾਹੁ

**ਗੁਰਬਾਣੀ ਗਿਆਨ**

**ਗਉੜੀ ਮਹਲਾ ੩ ਗੁਆਰੇਰੀ**
ਸਚਾ ਅਮਰੁ ਸਚਾ ਪਾਤਿਸਾਹੁ॥
ਮਨਿ ਸਾਚੈ ਰਾਤੇ ਹਰਿ ਵੇਪਰਵਾਹੁ॥
ਸਚੈ ਮਹਲਿ ਸਚਿ ਨਾਮਿ ਸਮਾਹੁ॥੧॥
ਸੁਣਿ ਮਨ ਮੇਰੇ ਸਬਦੁ ਵੀਚਾਰਿ॥
ਰਾਮ ਜਪਹੁ
ਭਵਜਲੁ ਉਤਰਹੁ ਪਾਰਿ॥੧॥ ਰਹਾਉ॥
ਭਰਮੇ ਆਵੈ ਭਰਮੇ ਜਾਇ॥
ਇਹੁ ਜਗੁ ਜਨਮਿਆ ਦੂਜੈ ਭਾਇ॥
ਮਨਮੁਖਿ ਨ ਚੇਤੈ ਆਵੈ ਜਾਇ॥੨॥
ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ॥
ਇਹੁ ਜੀਉ ਵਿਡਾਣੀ ਚਾਕਰੀ ਲਾਇਆ॥
ਮਹਾ ਦੁਖੁ ਖਟੇ
ਬਿਰਥਾ ਜਨਮੁ ਗਵਾਇਆ॥੩॥
ਕਿਰਪਾ ਕਰਿ ਸਤਿਗੁਰੂ ਮਿਲਾਏ॥
ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ॥
ਨਾਨਕ ਨਾਮੁ ਜਪੇ
ਨਾਉ ਨਉ ਨਿਧਿ ਪਾਏ॥੪॥

ਉਹ ਪਰਮ ਆਤਮਾ ਪ੍ਰਭੂ ਇਸ ਸੰਸਾਰ ਦਾ ਸਦਾ ਹੀ ਅਟੱਲ ਰਹਿਣ ਵਾਲਾ ਪਾਤਸ਼ਾਹ ਹੈ ਅਤੇ ਉਸ ਦਾ ਹੁਕਮ ਵੀ ਸਦਾ ਅਟੱਲ ਹੈ; ਮਨਿ ਸਾਚੈ ਰਾਤੇ ਹਰਿ ਵੇਪਰਵਾਹੁ, ਜਿਹੜੇ ਵਡਭਾਗੇ ਮਨੁੱਖ ਆਪਣੇ ਮਨ ਰਾਹੀਂ ਸਦਾ ਕਾਇਮ ਰਹਿਣ ਵਾਲੇ ਮਿਹਰਬਾਨ ਪ੍ਰਭੂ ਦੇ ਨਾਮ ਦੇ ਰੰਗ ਵਿਚ ਰੰਗੇ ਜਾਂਦੇ ਹਨ, ਉਹ ਉਸ ਬੇਪਰਵਾਹ ਹਰੀ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ; ਸਚੈ ਮਹਲਿ ਸਚਿ ਨਾਮਿ ਸਮਾਹੁ, ਉਸ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ ਰਹਿ ਕੇ ਸੱਚੇ ਨਾਮ ਵਿਚ ਲੀਨ ਹੋ ਜਾਂਦੇ ਹਨ।

ਸੁਣਿ ਮਨ ਮੇਰੇ ਸਬਦੁ ਵੀਚਾਰਿ॥
ਰਾਮ ਜਪਹੁ
ਭਵਜਲੁ ਉਤਰਹੁ ਪਾਰਿ॥੧॥ ਰਹਾਉ॥

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਉਸ ਸੱਚੇ ਪਰਮਾਤਮਾ ਜਿਸ ਦਾ ਨਾਮ ਵੀ ਸੱਚਾ ਹੈ, ਦੀ ਸਿਫਤਿ ਸਾਲਾਹ ਕਰਦੇ ਆਖਦੇ ਹਨ- ਹੇ ਮੇਰੇ ਮਨ! ਤੂੰ ਗੁਰੂ ਦੇ ਸ਼ਬਦ ਦੀ ਵਿਚਾਰ ਸੁਣ, ਸਿੱਖਿਆ ਵੀ ਸੁਣ ਤੇ ਗੁਰੂ ਦੇ ਸ਼ਬਦ ਨੂੰ ਆਪਣੇ ਸੋਚ ਮੰਡਲ ਵਿਚ ਵਸਾ ਕੇ ਰੱਖ, ਗੁਰੂ ਦੀ ਮੱਤ ਭਾਵ ਸਿੱਖਿਆ ਹੀ ਤੇਰੇ ਨਾਲ ਜਾਵੇਗੀ। ਹੇ ਮੇਰੇ ਮਨ! ਜੇ ਤੂੰ ਜਗਤ ਦੇ ਉਸ ਮਾਲਕ ਪ੍ਰਭੂ ਦਾ ਨਾਮ ਜਪੇਂਗਾ, ਤਾਂ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੇਂਗਾ।

ਭਰਮੇ ਆਵੈ ਭਰਮੇ ਜਾਇ॥
ਇਹੁ ਜਗੁ ਜਨਮਿਆ ਦੂਜੈ ਭਾਇ॥
ਮਨਮੁਖਿ ਨ ਚੇਤੈ ਆਵੈ ਜਾਇ॥੨॥

ਸਤਿਗੁਰੂ ਜੀ ਆਖਦੇ ਹਨ- ਹੇ ਭਾਈ! ਇਹ ਸਾਰਾ ਹੀ ਜਗਤ ਆਪਣੇ ਮਨ ਦੇ ਪਿੱਛੇ ਲੱਗ ਕੇ ਮਾਇਆ ਦੇ ਮੋਹ ਵਿਚ ਫਸ ਕੇ ਜਨਮ-ਮਰਨ ਦੇ ਗੇੜ ਵਿਚ ਹੀ ਪਿਆ ਰਹਿੰਦਾ ਹੈ; ਇਹੁ ਜਗੁ ਜਨਮਿਆ ਦੂਜੈ ਭਾਇ, ਮਾਇਆ ਤੇ ਵਿਕਾਰਾਂ ਦੀ ਭਟਕਣਾ ਵਿਚ ਹੀ ਇਹ ਜੰਮਦਾ ਹੈ ਅਤੇ ਮਾਇਆ ਦੀ ਭਟਕਣ ਵਿਚ ਹੀ ਮਰ ਜਾਂਦਾ ਹੈ; ਮਨ ਦੇ ਪਿੱਛੇ ਤੁਰਨ ਵਾਲਾ ਸੰਸਾਰ ਪ੍ਰਭੂ ਨੂੰ ਯਾਦ ਨਹੀਂ ਕਰਦਾ ਤੇ ਜੰਮਦਾ ਮਰਦਾ ਰਹਿੰਦਾ ਹੈ।

ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ॥
ਇਹੁ ਜੀਉ ਵਿਡਾਣੀ ਚਾਕਰੀ ਲਾਇਆ॥
ਮਹਾ ਦੁਖੁ ਖਟੇ
ਬਿਰਥਾ ਜਨਮੁ ਗਵਾਇਆ॥੩॥

ਹੁਣ ਗੁਰਦੇਵ ਜੀ ਆਖਦੇ ਹਨ- ਹੇ ਮਨ! ਭਲਾ ਇਹ ਜੀਵ ਆਪ ਹੀ ਕੁਰਾਹੇ ਪਿਆ ਹੋਇਆ ਹੈ ਜਾਂ ਪਰਮਾਤਮਾ ਨੇ ਆਪ ਹੀ ਇਸ ਨੂੰ ਕੁਰਾਹੇ ਪਾ ਰੱਖਿਆ ਹੈ। ਇਹ ਤਾਂ ਸੱਚਾਈ ਹੈ ਕਿ ਮਨੁੱਖ ਆਪਣਾ ਅਸਲ ਮਾਰਗ ਭੁਲਾ ਕੇ ਮੋਹ ਮਾਇਆ 'ਚ ਫਸਿਆ ਵਿਡਾਣੀ, ਭਾਵ ਬਿਗਾਨੀ ਚਾਕਰੀ ਹੀ ਕਰ ਰਿਹਾ ਹੈ; ਇਸੇ ਲਈ ਇਹ ਜੀਵ ਬਹੁਤੇ ਦੁੱਖ ਖੱਟਦਾ ਹੈ ਅਤੇ ਮਨੁੱਖਾ ਜਨਮ ਵਿਅਰਥ ਗਵਾ ਲੈਂਦਾ ਹੈ।

ਕਿਰਪਾ ਕਰਿ ਸਤਿਗੁਰੂ ਮਿਲਾਏ॥
ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ॥
ਨਾਨਕ ਨਾਮੁ ਜਪੇ
ਨਾਉ ਨਉ ਨਿਧਿ ਪਾਏ॥੪॥

ਸਤਿਗੁਰੂ ਪਿਤਾ ਜੀ ਆਖਦੇ ਹਨ, ਉਹ ਮਿਹਰਬਾਨ ਪ੍ਰਭੂ ਆਪਣੀ ਕ੍ਰਿਪਾ ਕਰ ਕੇ ਜਿਸ ਮਨੁੱਖ ਨੂੰ ਗੁਰੂ ਮਿਲਾ ਦਿੰਦਾ ਹੈ, ਉਹ ਮਨੁੱਖ ਵਿਕਾਰਾਂ ਭਰੀ ਮਾਇਆ ਦਾ ਮੋਹ ਤਿਆਗ ਕੇ ਕੇਵਲ ਉਸ ਅਕਾਲ ਪੁਰਖ ਦਾ ਨਾਮ ਸਿਮਰਨ ਹੀ ਕਰਦਾ ਹੈ, ਤੇ ਆਪਣੇ ਅੰਦਰੋਂ ਮਾਇਆ ਦੇ ਮੋਹ ਦੀ ਭਟਕਣਾ ਹੀ ਮੁਕਾ ਦਿੰਦਾ ਹੈ। ਹੇ ਨਾਨਕ! ਫਿਰ ਉਹ ਮਨੁੱਖ ਸਦਾ ਹੀ ਨਾਮ ਜਪਦਾ ਤੇ ਹਰੀ ਨਾਮ ਦਾ ਖਜ਼ਾਨਾ ਪ੍ਰਾਪਤ ਕਰ ਲੈਂਦਾ ਹੈ। ਹੇ ਭਾਈ! ਉਸ ਮਨੁੱਖ ਲਈ ਹਰੀ ਨਾਮ ਹੀ ਜਗਤ ਦੇ ਨੌਂ ਖਜ਼ਾਨੇ ਹਨ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3435

# ਪਾਣੀਆਂ ਦੇ ਬਹਾਨੇ ਅਗੇਤੀਆਂ ਵਿਧਾਨ ਸਭਾ ਚੋਣਾਂ ਦਾ ਜੂਆ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਇਸ ਵਕਤ ਉਸ ਮੋੜ ਉਤੇ ਖੜਾ ਹੈ, ਜਿੱਥੇ ਕਿਸੇ ਵਕਤ ਵੀ ਵਿਧਾਨ ਸਭਾ ਚੋਣਾਂ ਦੇ ਐਲਾਨ ਦਾ ਕੋਈ ਨੋਟਿਸ ਬੋਰਡ 'ਤੇ ਚਮਕਦਾ ਦਿਖਾਈ ਦੇ ਸਕਦਾ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 18 ਮਾਰਚ 2017 ਨੂੰ ਹੋਣੀਆਂ ਹਨ। ਯਾਨਿ ਚੋਣਾਂ ਵਿਚ ਪੂਰਾ ਇੱਕ ਸਾਲ ਰਹਿੰਦਾ ਹੈ। ਹਾਲਾਤ ਦਾ ਵਹਿਣ ਹੁਣ ਵਾਲੀ ਵਿਧਾਨ ਸਭਾ ਦੀ ਸਾਹ-ਰਗ ਪਹਿਲਾਂ ਵੀ ਕੱਟ ਸਕਦਾ ਹੈ।

ਸਾਨੂੰ ਇਸ ਦਾ ਅੰਦਾਜ਼ਾ ਕੋਈ ਦੋ ਮਹੀਨੇ ਪਹਿਲਾਂ ਉਦੋਂ ਵੀ ਹੋਇਆ ਸੀ, ਜਦੋਂ ਇੱਕ ਅਕਾਲੀ ਆਗੂ ਨੇ ਦੱਸਿਆ ਸੀ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੀਟਿੰਗ ਵਿਚ ਰਾਜਸੀ ਜੂਆ ਖੇਡਣ ਨੂੰ ਤਿਆਰ ਹੋਣ ਜਾਂ ਮਰਜ਼ੀ ਦਾ ਰਾਹ ਚੁਣਨ ਦੀ ਖੁੱਲ੍ਹ ਦੇ ਦਿੱਤੀ ਹੈ। ਉਸ ਦੇ ਦੱਸਣ ਮੁਤਾਬਕ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਆਗੂਆਂ ਦੀ ਇੱਕ ਮੀਟਿੰਗ ਵਿਚ ਇਹ ਸਾਫ ਕਹਿ ਦਿੱਤਾ ਕਿ ਰਾਜਨੀਤੀ ਵਿਚ ਬਹੁਤੀ ਵਾਰੀ ਜੂਏ ਖੇਡਣੇ ਪੈਂਦੇ ਹਨ ਤੇ ਜਿਨ੍ਹਾਂ ਨੂੰ ਜੂਏ ਦੀ ਅਗਲੀ ਚਾਲ ਵਿਚ ਡੁੱਬਣ ਦਾ ਡਰ ਲੱਗਦਾ ਹੈ, ਉਹ ਸਾਥ ਛੱਡਣਾ ਚਾਹੁਣ ਤਾਂ ਬੇਸ਼ਕ ਛਡ ਜਾਣ, ਅਸੀਂ ਕਿਸੇ ਨੂੰ ਰੋਕਾਂਗੇ ਨਹੀਂ। ਫਿਰ ਹਾਲਾਤ ਇਸੇ ਪਾਸੇ ਤੁਰਦੇ ਗਏ ਹਨ।

ਜਿਸ ਗੱਲ ਦਾ ਹੁਣ ਕੋਈ ਜ਼ਿਕਰ ਨਹੀਂ ਕਰਦਾ, ਉਹ ਹੈ ਕਿ ਪੰਜਾਬ ਸਰਕਾਰ ਦਾ ਭੋਗ ਡੇਢ ਕੁ ਸਾਲ ਪਹਿਲਾਂ ਪੈ ਜਾਣਾ ਸੀ, ਇਸ ਨੇ ਹੁਣ ਤੱਕ ਜਿਹੜਾ ਡੇਢ ਸਾਲ ਦਾ ਰਾਜ ਬੋਨਸ ਵਾਂਗ ਮਾਣਿਆ, ਅਕਾਲੀ ਦਲ ਨੂੰ ਉਸ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ। ਅੰਮ੍ਰਿਤਸਰ ਤੋਂ ਚੋਣ ਲੜਨ ਆਏ ਅਤੇ ਬੁਰੀ ਤਰ੍ਹਾਂ ਹਾਰ ਗਏ ਅਰੁਣ ਜੇਤਲੀ ਨੇ ਦਿੱਲੀ ਜਾ ਕੇ ਨਰਿੰਦਰ ਮੋਦੀ ਨੂੰ ਜਦੋਂ ਦੱਸਿਆ ਕਿ ਪੰਜਾਬ ਦੀ ਸਰਕਾਰ ਚਲਾ ਰਹੇ ਪਰਿਵਾਰ ਬਾਰੇ ਲੋਕ ਕੀ ਕਹਿੰਦੇ ਹਨ ਤੇ ਅਕਾਲੀਆਂ ਨੂੰ ਠਿੱਬੀ ਲਾ ਕੇ ਪੰਜਾਬ ਦੀ ਸੱਤਾ ਸਾਂਭਣ ਦਾ ਇਹੀ ਮੌਕਾ ਢੁਕਵਾਂ ਹੈ ਤਾਂ ਹਾਲਾਤ ਨੇ ਇੱਕਦਮ ਰੰਗ ਬਦਲ ਲਿਆ ਸੀ। ਮੋਦੀ ਸਰਕਾਰ ਬਣੀ ਨੂੰ ਹਾਲੇ ਤਿੰਨ ਮਹੀਨੇ ਵੀ ਨਹੀਂ ਸੀ ਹੋਏ ਕਿ ਅਰੁਣ ਜੇਤਲੀ ਨੇ ਪੰਜਾਬ ਸਰਕਾਰ ਨੂੰ ਚਿੱਠੀ ਭੇਜ ਕੇ ਕੇਂਦਰ ਦੀ ਪਿਛਲੀ ਮਨਮੋਹਨ ਸਿੰਘ ਵਾਲੀ ਸਰਕਾਰ ਦੇ ਵਕਤ ਮਿਲੇ ਫੰਡਾਂ ਦਾ ਹਿਸਾਬ ਮੰਗ ਲਿਆ ਸੀ। ਇਹ ਚਿੱਠੀ ਪੰਜਾਬ ਵੱਲੋਂ ਹੋਰ ਪੈਸੇ ਲੈਣ ਲਈ ਕੀਤੀ ਮੰਗ ਦੇ ਜਵਾਬ ਵਿਚ ਆਈ ਸੀ ਤੇ ਇਸ ਦੇ ਅਸਰ ਹੇਠ ਵਿਧਾਨ ਸਭਾ ਵਿਚ ਸੁਖਬੀਰ ਸਿੰਘ ਬਾਦਲ ਦੇ ਮੂੰਹੋਂ ਇਹ ਕੌੜਾ ਸੱਚ ਨਿਕਲ ਗਿਆ ਸੀ ਕਿ ਅੱਜ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਹੁੰਦੇ ਤਾਂ ਇਹ ਵਿਹਾਰ ਸਾਡੇ ਨਾਲ ਕਦੇ ਨਹੀਂ ਸੀ ਹੋਣਾ। ਉਸ ਪਿਛੋਂ ਹਾਲਾਤ ਇਨੀ ਤੇਜ਼ੀ ਨਾਲ ਬਦਲੇ ਕਿ ਅਗਲੇ ਦੋ ਮਹੀਨੇ ਭਾਜਪਾ ਵੱਲੋਂ ਪੰਜਾਬ ਦੀ ਸਰਕਾਰ ਨੂੰ ਉਲਟਾਉਣ ਲਈ ਅਮਿਤ ਸ਼ਾਹ ਦੀ ਸਰਗਰਮੀ ਚੱਲਦੀ ਰਹੀ ਸੀ।

ਫਿਰ ਦਿੱਲੀ ਵਿਧਾਨ ਸਭਾ ਦੀ ਚੋਣ ਆ ਗਈ। ਅਕਾਲੀ ਦਲ ਦਾ ਚੋਣ ਸਮਝੌਤਾ ਭਾਜਪਾ ਨਾਲ ਸੀ, ਪਰ ਬਹੁਤੇ ਅਕਾਲੀ ਆਗੂ ਚਾਹੁੰਦੇ ਸਨ ਕਿ ਭਾਜਪਾ ਹਾਰ ਜਾਵੇ ਤੇ ਸਾਡੇ ਗਲ਼ ਪੈਣ ਤੋਂ ਝਿਜਕਣ ਦੇ ਹਾਲਾਤ ਪੈਦਾ ਹੋ ਜਾਣ ਤਾਂ ਚੰਗਾ ਰਹੇਗਾ। ਉਨ੍ਹਾਂ ਨੇ ਇਹ ਨਹੀਂ ਸੀ ਸੋਚਿਆ ਕਿ ਭਾਜਪਾ ਏਨੀ ਬੁਰੀ ਤਰ੍ਹਾਂ ਹਾਰ ਜਾਵੇਗੀ, ਪਰ ਜਦੋਂ ਭਾਜਪਾ ਦਿੱਲੀ ਵਿਚ ਕਾਸੇ ਜੋਗੀ ਨਾ ਰਹੀ ਤਾਂ ਪੰਜਾਬ ਵਿਚ ਨਵਾਂ ਰੱਫੜ ਪਾਉਣ ਤੋਂ ਵੀ ਝਿਜਕ ਗਈ। ਸਾਫ ਹੈ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਜਿੱਤ ਨੇ ਪੰਜਾਬ ਦੀ ਬਾਦਲ ਸਰਕਾਰ ਦਾ ਧਾਗਾ ਕੱਟਣ ਤੋਂ ਭਾਜਪਾ ਨੂੰ ਰੋਕ ਦਿੱਤਾ ਸੀ। ਅਗਲੀ ਸੱਟ ਭਾਜਪਾ ਨੂੰ ਬਿਹਾਰ ਵਿਚ ਪੈ ਗਈ ਤਾਂ ਉਹ ਚੁੱਪ ਵੱਟ ਗਈ ਸੀ।



ਬਨੂੜ ਨੇੜੇ ਐਸ ਵਾਈ ਐਲ ਨਹਿਰ ਨੂੰ ਪੂਰੇ ਜਾਣ ਦਾ ਦ੍ਰਿਸ਼

ਹੁਣ ਚਾਲ ਭਾਜਪਾ ਵੱਲੋਂ ਨਹੀਂ, ਅਕਾਲੀ ਦਲ ਵੱਲੋਂ ਚੱਲੇ ਜਾਣ ਦੀ ਚਰਚਾ ਹੋ ਰਹੀ ਹੈ। ਇਸ ਦੇ ਪਿੱਛੇ ਕਾਰਨ ਏਨੇ ਠੋਸ ਜਾਪਦੇ ਹਨ ਕਿ ਰਾਜਨੀਤੀ ਦਾ ਕੋਈ ਵਿਸ਼ਲੇਸ਼ਕ ਵੀ ਉਨ੍ਹਾਂ ਨੂੰ ਪਾਸੇ ਕਰਨ ਦੀ ਗਲਤੀ ਨਹੀਂ ਕਰੇਗਾ।

ਭਾਜਪਾ ਨੇ ਪਿਛਲੇ ਸਾਲ ਦੀ ਸ਼ੁਰੂਆਤ ਅਕਾਲੀਆਂ ਨੂੰ ਧੋਬੀ-ਪਟੜਾ ਦੇਣ ਦੀ ਸੋਚ ਨਾਲ ਕੀਤੀ ਅਤੇ ਇਸੇ ਕਾਰਨ ਆਰ ਐਸ ਐਸ ਦੇ ਮੁਖੀ ਨੇ ਮਾਲਵੇ ਵਿਚ ਉਚੇਚਾ ਕੈਂਪ ਲਾ ਕੇ ਡੇਰਿਆਂ ਦੇ ਮੁਖੀਆਂ ਨਾਲ ਬੈਠਕਾਂ ਕੀਤੀਆਂ ਸਨ। ਫਿਰ ਹਾਲਾਤ ਹੋਰ ਪਾਸੇ ਮੁੜ ਗਏ। ਦੌਰ ਏਦਾਂ ਚੱਲ ਪਿਆ ਕਿ ਪੰਜਾਬ ਸਰਕਾਰ ਦੀ ਸਥਿਤੀ ਖਰਾਬ ਕਰਨ ਵਾਲੀਆਂ ਘਟਨਾਵਾਂ ਦੀ ਲੜੀ ਨਹੀਂ ਸੀ ਟੁੱਟਦੀ। ਬਾਦਲ ਪਰਿਵਾਰ ਦੀ ਇੱਕ ਬੱਸ ਦਾ ਮੋਗਾ ਕਾਂਡ ਇਸ ਲੜੀ ਦਾ ਪਹਿਲਾ ਕੁੰਡਾ ਸੀ। ਮਾਲਵੇ ਵਿਚ ਚਿੱਟੇ ਮੱਛਰ ਨਾਲ ਕਿਸਾਨਾਂ ਦੀ ਨਰਮੇ ਦੀ ਫਸਲ ਤਬਾਹ ਹੋ ਜਾਣ ਮਗਰੋਂ ਜਾਅਲੀ ਕੀੜੇ-ਮਾਰ ਦਵਾਈ ਦਾ ਰੌਲਾ ਦੂਸਰਾ ਮੁੱਦਾ ਸੀ। ਇਸ ਸਕੈਂਡਲ ਵਿਚ ਪੰਜਾਬ ਦੇ ਇੱਕ ਪਹਿਲਾਂ ਤੋਂ ਬਦਨਾਮ ਮੰਤਰੀ ਦਾ ਵਾਰ-ਵਾਰ ਜ਼ਿਕਰ ਅਤੇ ਮੋਗੇ ਵੱਲ ਨੋਟਾਂ ਵਾਲੀ ਕਾਰ ਜਾਣ ਦੀ ਚਰਚਾ ਵੀ ਸਰਕਾਰ ਨੂੰ ਕਸੂਤਾ ਫਸਾਈ ਜਾਂਦੀ ਸੀ। ਉਸ ਦੇ ਬਾਅਦ ਡੇਰਾ ਸੱਚਾ ਸੌਦਾ ਵੱਲ ਲਿਹਾਜਦਾਰੀ ਦਾ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਦਿਤਾ ਸੰਦੇਸ਼ ਹਾਲਾਤ ਦੇ ਵਿਗਾੜ ਦਾ ਕਾਰਨ ਬਣਿਆ ਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਉਹ ਚੱਕਰ ਚੱਲ ਪਿਆ, ਜਿਸ ਵਿਚ ਇਸ ਰਾਜ ਦੀ ਸਭ ਤੋਂ ਵੱਡੀ ਧਾਰਮਿਕ ਧਿਰ ਸਿੱਖ ਭਾਈਚਾਰੇ ਦੇ ਲੋਕਾਂ ਦੇ ਭਾਵੁਕ ਹੋਣ ਨਾਲ ਮੰਤਰੀਆਂ ਦਾ ਲੋਕਾਂ ਵਿਚ ਜਾਣਾ ਬੰਦ ਹੋ ਗਿਆ। ਬਠਿੰਡਾ ਹਲਕੇ ਵਿਚ ਇੱਕ ਅਖੰਡ ਪਾਠ ਲਈ ਹਾਜ਼ਰੀ ਭਰਨ ਗਏ ਸੁਖਬੀਰ ਸਿੰਘ ਬਾਦਲ ਦਾ ਹੈਲੀਕਾਪਟਰ ਲੋਕਾਂ ਦੀ ਨਾਰਾਜ਼ਗੀ ਤੋਂ ਬਚਣ ਲਈ ਨਾਲ ਦੇ ਸਕੂਲ ਵਿਚ ਉਤਾਰਿਆ ਗਿਆ ਤੇ ਸਕੂਲ ਅਤੇ ਗੁਰਦੁਆਰੇ ਦੀ ਸਾਂਝੀ ਕੰਧ ਢਾਹ ਕੇ ਓਧਰੋਂ ਦੀ ਮੱਥਾ ਟਿਕਾਉਣ ਦੀ ਚਰਚਾ ਕਈ ਦਿਨ ਹੁੰਦੀ ਰਹੀ ਸੀ। ਇਸੇ ਘਟਨਾ-ਚੱਕਰ ਵਿਚ ਬਹਿਬਲ ਕਲਾਂ ਵਿਚ ਗੋਲੀ ਚੱਲ ਗਈ ਤੇ ਇਸ ਨੇ ਗੱਲ ਹੋਰ ਵਿਗਾੜ ਦਿੱਤੀ, ਜਿਸ ਦਾ ਪ੍ਰਗਟਾਵਾ ਅੰਮ੍ਰਿਤਸਰ ਜ਼ਿਲ੍ਹੇ ਦੇ ਚੱਬਾ ਪਿੰਡ ਦੇ ਸਰਬੱਤ ਖਾਲਸਾ ਮੌਕੇ ਲੋਕਾਂ ਦੇ ਆਪ-ਮੁਹਾਰੇ ਹੜ੍ਹ ਦੇ ਰੂਪ ਵਿਚ ਨਿਕਲਿਆ। ਕੁਝ ਕੁ ਠੰਢ-ਠੰਢੋਲਾ ਹੋਣ ਲੱਗਾ ਤਾਂ ਅਬੋਹਰ ਦਾ ਭੀਮ ਕਤਲ ਕਾਂਡ ਵਾਪਰ ਗਿਆ, ਜਿਸ ਨੇ ਅਕਾਲੀ ਲੀਡਰਸ਼ਿਪ ਨੂੰ ਮੁੜ ਕੇ ਬਚਾਅ ਦੇ ਪੈਂਤੜੇ ਉਤੇ ਲਿਜਾ ਖੜਾ ਕੀਤਾ। ਨਸ਼ੀਲੇ ਪਦਾਰਥਾਂ ਦੇ ਵਗਦੇ ਵਹਿਣ ਦਾ ਮੁੱਦਾ ਇਸ ਸਾਰੇ ਸਮੇਂ ਦੌਰਾਨ ਪੰਜਾਬ ਵਿਚ ਲਗਾਤਾਰ ਚਰਚਿਤ ਰਿਹਾ।

ਹੁਣ ਹਾਲਾਤ ਇੱਕ ਦਮ ਪਲਟੀ ਮਾਰ ਕੇ ਇੱਕ ਹੋਰ ਪਾਸੇ ਵੱਲ ਖਿਸਕ ਗਏ ਹਨ ਤੇ ਇਸ ਨਾਲ ਅਕਾਲੀ ਦਲ ਦੀ ਲੀਡਰਸ਼ਿਪ ਦੇ ਹੱਥ ਢੁਕਵਾਂ ਮੌਕਾ ਆ ਗਿਆ ਹੈ। ਸਤਲੁਜ-ਯਮਨਾ ਲਿੰਕ ਨਹਿਰ ਦਾ ਮੁੱਦਾ ਭੜਕਣ ਨਾਲ ਹੁਣ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਖਾਸ ਤੌਰ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮਨ-ਭਾਉਂਦੀ ਰਾਜਨੀਤੀ ਲਈ ਮੈਦਾਨ ਤਿਆਰ ਹੈ। ਉਹ ਰਾਜਨੀਤੀ ਵਿਚ ਹਰ ਔਖੇ ਵੇਲੇ ਮੋਰਚੇ ਦਾ ਦਾਅ ਖੇਡਣਾ ਜਾਣਦਾ ਹੈ। ਇੰਦਰਾ ਗਾਂਧੀ ਵੱਲੋਂ ਲਾਈ ਗਈ ਐਮਰਜੈਂਸੀ ਮੌਕੇ ਜਦੋਂ ਅਕਾਲੀ ਦਲ ਦੇ ਬਾਦਲ-ਵਿਰੋਧੀ ਧੜੇ ਨੂੰ ਪੰਜਾਬ ਸੌਂਪਣ ਦਾ ਸੌਦਾ ਸਿਰੇ ਚੜ੍ਹ ਚੁੱਕਾ ਸੀ, ਉਸ ਦਾ ਐਲਾਨ ਹੋਣ ਤੋਂ ਪਹਿਲਾਂ ਐਮਰਜੈਂਸੀ ਵਿਰੁੱਧ ਮੋਰਚੇ ਦਾ ਐਲਾਨ ਪ੍ਰਕਾਸ਼ ਸਿੰਘ ਬਾਦਲ ਨੇ ਹੀ ਕਰਵਾਇਆ ਸੀ। ਮੋਰਚੇ ਦੇ ਨਾਂ ਉਤੇ ਪੰਜਾਬ ਦੇ ਲੋਕਾਂ ਨੂੰ ਜਜ਼ਬਾਤੀ ਕਰਨ ਦੀ ਉਸ ਨੂੰ ਜਾਚ ਹੈ। ਇਸ ਹਫਤੇ ਜਦੋਂ ਸਤਲੁਜ-ਯਮਨਾ ਲਿੰਕ ਨਹਿਰ ਬਾਰੇ ਸੁਪਰੀਮ ਕੋਰਟ ਵਿਚ ਸੁਣਵਾਈ ਸ਼ੁਰੂ ਹੋਈ ਤੇ ਕੇਂਦਰ ਦੀ ਮੋਦੀ ਸਰਕਾਰ ਨੇ ਹਰਿਆਣੇ ਵੱਲ ਕੁਝ ਨਰਮੀ ਵਿਖਾਈ ਤਾਂ ਉਸ ਨੇ ਇਹ ਮੁੱਦਾ ਬੋਚ ਲਿਆ।

ਪੰਜਾਬ ਤੇ ਹਰਿਆਣੇ ਵਿਚਕਾਰ ਪਾਣੀ ਦੀ ਵੰਡ ਦਾ ਫੈਸਲਾ ਅਜੇ ਸੁਪਰੀਮ ਕੋਰਟ ਨੇ ਕਰਨਾ ਹੀ ਨਹੀਂ ਸੀ। ਕੇਸ ਇਹ ਸੀ ਕਿ ਅਮਰਿੰਦਰ ਸਿੰਘ ਸਰਕਾਰ ਵੇਲੇ ਦੁਵੱਲੇ ਸਮਝੌਤੇ ਰੱਦ ਕਰਨ ਦਾ ਜਿਹੜਾ ਮਤਾ ਪੰਜਾਬ ਵਿਧਾਨ ਸਭਾ ਨੇ ਪਾਸ ਕੀਤਾ ਸੀ, ਉਸ ਦੀ ਸ਼ਿਕਾਇਤ ਰਾਸ਼ਟਰਪਤੀ ਨੂੰ ਹੋਈ ਸੀ। ਅੱਗੋਂ ਰਾਸ਼ਟਰਪਤੀ ਨੇ ਉਸ ਬਾਰੇ ਸੁਪਰੀਮ ਕੋਰਟ ਤੋਂ ਵਿਧਾਨਕ ਸਥਿਤੀ ਬਾਰੇ ਜਾਨਣ ਲਈ ਸੁਪਰੀਮ ਕੋਰਟ ਤੋਂ ਰਾਏ ਮੰਗ ਲਈ। ਸੁਪਰੀਮ ਕੋਰਟ ਨੇ ਹੁਣ ਉਸ ਮਤੇ ਦੇ ਜਾਇਜ਼ ਜਾਂ ਨਾਜਾਇਜ਼ ਹੋਣ ਦੀ ਰਾਏ ਦੇਣੀ ਸੀ। ਬਾਦਲ ਸਰਕਾਰ ਨੇ ਇਸ ਤਰ੍ਹਾਂ ਦਾ ਮਾਹੌਲ ਬਣਾ ਦਿੱਤਾ, ਜਿਵੇਂ ਅੱਜ-ਭਲਕ ਪੰਜਾਬ ਤੋਂ ਪਾਣੀ ਖੋਹਿਆ ਜਾਣਾ ਹੈ। ਜਵਾਬ ਵਿਚ ਹਰਿਆਣੇ ਵਾਲੇ ਵੀ ਭੜਕ ਪਏ। ਕੇਂਦਰ ਸਰਕਾਰ ਮੂਕ ਦਰਸ਼ਕ ਬਣ ਗਈ। ਦੋਵਾਂ ਰਾਜਾਂ ਦੇ ਲੋਕਾਂ ਵਿਚ ਇਹ ਮੁੱਦਾ ਜਜ਼ਬਾਤ ਦੇ ਵੱਡੇ ਉਬਾਲੇ ਦਾ ਕਾਰਨ ਬਣਦਾ ਗਿਆ। ਹੁਣ ਇਹੋ ਮੁੱਦਾ ਚੋਣਾਂ ਦਾ ਰਾਹ ਖੋਲ੍ਹਣ ਲੱਗਾ ਹੈ।

ਪੰਜਾਬ ਵਿਧਾਨ ਸਭਾ ਵਿਚ ਪਾਣੀਆਂ ਦੇ ਮੁੱਦੇ ਬਾਰੇ ਕਿਸਾਨਾਂ ਨੂੰ ਜ਼ਮੀਨਾਂ ਵਾਪਸ ਦੇਣ ਵਾਸਤੇ ਇੱਕ ਬਿੱਲ ਪਾਸ ਕਰ ਦੇਣਾ ਤੇ ਗਵਰਨਰ ਦੀ ਪ੍ਰਵਾਨਗੀ ਤੋਂ ਪਹਿਲਾਂ ਕਿਸਾਨਾਂ ਨੂੰ ਨਹਿਰ ਢਾਹ ਕੇ ਜ਼ਮੀਨਾਂ ਸਾਂਭ ਲੈਣ ਦਾ ਇਸ਼ਾਰਾ ਕਰ ਦੇਣਾ, ਇਸੇ ਨੀਤੀ ਦਾ ਹਿੱਸਾ ਸੀ। ਕਾਂਗਰਸ ਪਾਰਟੀ ਇਸ ਜਾਲ ਵਿਚ ਫਸ ਗਈ। ਉਸ ਨੇ ਇਸ ਮੁੱਦੇ ਬਾਰੇ ਕੋਈ ਢੁਕਵੀਂ ਬਹਿਸ ਕਰਨ ਵਾਸਤੇ ਜ਼ੋਰ ਨਹੀਂ ਲਾਇਆ, ਸਗੋਂ ਹਰ ਗੱਲ ਵਿਚ ਸਰਕਾਰ ਨਾਲ ਖੜੀ ਹੋਣ ਲੱਗੀ। ਨਹਿਰ ਢਾਹੁਣ ਵੇਲੇ ਵੀ ਕਾਂਗਰਸੀ ਆਗੂ ਬਾਕੀਆਂ ਤੋਂ ਅੱਗੇ ਨਿਕਲ ਤੁਰੇ। ਮਾਹੌਲ ਜਦੋਂ ਜਜ਼ਬਾਤੀ ਹੋ ਗਿਆ ਤਾਂ ਮੁੱਖ ਮੰਤਰੀ ਬਾਦਲ ਨੇ ਵਿਧਾਨ ਸਭਾ ਤੋਂ ਅਗਲਾ ਮਤਾ ਪਾਸ ਕਰਵਾ ਦਿੱਤਾ ਕਿ ਅਸੀਂ ਕਿਸੇ ਦਾ ਕਿਹਾ ਵੀ ਨਹੀਂ ਮੰਨਣਾ, ਜਿਸ ਦਾ ਅਰਥ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦਾ ਕਿਹਾ ਵੀ ਨਹੀਂ ਮੰਨਣਾ। ਇਹੋ ਅਰਥ ਇਸ ਮਤੇ ਦੇ ਕਾਰਨ ਕੇਂਦਰ ਸਰਕਾਰ ਤੇ ਸੁਪਰੀਮ ਕੋਰਟ ਨੂੰ ਇੱਕ ਚੁਣੌਤੀ ਵਜੋਂ ਲਿਆ ਜਾ ਸਕਦਾ ਹੈ ਕਿ ਅਸੀਂ ਫੈਡਰਲ ਢਾਂਚੇ ਨੂੰ ਫਾਲਤੂ ਸਮਝਦੇ ਹਾਂ, ਤੁਹਾਡੀ ਹਿੰਮਤ ਹੈ ਤਾਂ ਸਾਡੀ ਸਰਕਾਰ ਤੋੜ ਕੇ ਵੇਖੋ। ਨਰਿੰਦਰ ਮੋਦੀ ਵਰਗਾ ਬੰਦਾ ਵੀ ਇਸ ਤਰ੍ਹਾਂ ਦਾ ਕਦਮ ਚੁੱਕਣ ਤੋਂ ਪਹਿਲਾਂ ਸੌ ਵਾਰ ਸੋਚੇਗਾ, ਕਿਉਂਕਿ ਇਸ ਪਿਛੋਂ ਪੰਜਾਬ ਵਿਚ ਭਾਜਪਾ ਵੱਲੋਂ ਅਕਾਲੀ ਦਲ ਨਾਲ ਗੱਠਜੋੜ ਰੱਖਣ ਉਤੇ ਕਾਟਾ ਵੀ ਵੱਜ ਜਾਣਾ ਹੈ। ਅਕਾਲੀ ਦਲ ਲਈ ਇਹ ਹੁਣ ਤੱਕ ਦੀ ਸਭ ਤੋਂ ਸੁਖਾਵੀਂ ਸਥਿਤੀ ਹੈ ਕਿ ਆਪਣੇ ਆਪ ਨੂੰ ਪੰਜਾਬੀਆਂ ਦੇ ਹੱਕਾਂ ਦਾ ਰਾਖਾ ਬਣਾ ਕੇ ਪੇਸ਼ ਕਰਨ ਨਾਲ ਬੀਤੇ ਵਕਤ ਦੀਆਂ ਇੱਕ-ਦੂਸਰੀ ਤੋਂ ਵੱਧ ਬਦਨਾਮੀ ਵਾਲੀਆਂ ਸਾਰੀਆਂ ਘਟਨਾਵਾਂ ਉਤੇ ਮਿੱਟੀ ਪਾ ਕੇ ਰਾਜਸੀ ਰੱਥ ਲੰਘਾਉਣ ਲਈ ਜੂਆ ਖੇਡ ਲਵੇ। ਇਸੇ ਲਈ ਇਸ ਵੇਲੇ ਚੰਡੀਗੜ੍ਹ ਤੋਂ ਚੋਣਾਂ ਦੀਆਂ ਕਨਸੋਆਂ ਮਿਲਣ ਲੱਗੀਆਂ ਹਨ। ਹਾਲੇ ਤੱਕ ਇਹ ਕਿਹਾ ਜਾ ਰਿਹਾ ਸੀ ਕਿ ਪੰਜਾਬ ਵਿਚ ਚੋਣਾਂ ਦਾ ਅਗੇਤੇ ਹੋਣਾ ਜਾਂ ਨਾ ਹੋਣਾ ਇਸ ਸਾਲ ਮਈ ਵਿਚ ਪੰਜ ਰਾਜਾਂ ਦੀਆਂ ਚੋਣਾਂ ਦੇ ਨਤੀਜੇ ਉਤੇ ਨਿਰਭਰ ਕਰੇਗਾ, ਪਰ ਹੁਣ ਉਨ੍ਹਾਂ ਪੰਜ ਰਾਜਾਂ ਵੱਲ ਵੇਖਣ ਦੀ ਲੋੜ ਨਹੀਂ ਰਹਿ ਗਈ।

ਫਿਰ ਵੀ ਹਾਲੇ ਕੁਝ ਝਿਜਕ ਮਹਿਸੂਸ ਕੀਤੀ ਜਾ ਰਹੀ ਹੈ ਤੇ ਉਹ ਝਿਜਕ ਭਾਜਪਾ ਜਾਂ ਨਰਿੰਦਰ ਮੋਦੀ ਦੇ ਨਾਲ ਸਾਂਝ ਬਾਰੇ ਨਹੀਂ, ਸਿਰਫ ਇਸ ਗੱਲ ਦੀ ਹੈ ਕਿ ਜੂਆ ਆਖਰ ਜੂਆ ਹੁੰਦਾ ਹੈ, ਕਿਧਰੇ...!

## ਸੰਪਾਦਕ ਦੀ ਡਾਕ

### ਅਸ਼ੋਕ ਭੌਰੇ ਦੀ 'ਤਾਈ ਪਾਰੋ'

'ਪੰਜਾਬ ਟਾਈਮਜ਼' ਦੇ 12 ਮਾਰਚ 2016 ਦੇ ਅੰਕ ਵਿਚ ਐਸ ਅਸ਼ੋਕ ਭੌਰਾ ਨੇ ਪੰਜਾਬੀ ਗਾਇਕਾਂ ਬਾਰੇ ਲਿਖਣ ਦੀ ਬਜਾਏ ਆਪਣੇ ਪਿੰਡ ਦੀ ਭੱਠੀ ਵਾਲੀ ਤਾਈ ਪਾਰੋ ਬਾਰੇ ਬੜਾ ਹੀ ਰੋਚਿਕ ਲੇਖ ਲਿਖਿਆ ਹੈ ਜਿਸ ਵਿਚ ਚਾਲੀ-ਪੰਜਾਹ ਸਾਲ ਪਹਿਲਾਂ ਦੇ ਪੰਜਾਬ ਦੇ ਪਿੰਡਾਂ ਦੀ ਜ਼ਿੰਦਗੀ ਦੀ ਤਸਵੀਰ ਪੇਸ਼ ਕੀਤੀ ਗਈ ਹੈ।

ਪੰਜਾਬੀ ਗਾਇਕਾਂ ਨੇ ਆਪਣੀ ਚੜ੍ਹਤ ਸਮੇਂ, ਜਦੋਂ ਉਨ੍ਹਾਂ 'ਤੇ ਨੋਟਾਂ ਦੀ ਬਰਖਾ ਹੋਇਆ ਕਰਦੀ ਸੀ, ਸਾਰਾ ਧਨ ਸ਼ਰਾਬ ਅਤੇ ਹੋਰ ਐਸ਼ੋ-ਇਸ਼ਰਤ ਉਤੇ ਬਰਬਾਦ ਕਰਨ ਦੇ ਨਾਲ-ਨਾਲ ਆਪਣੀ ਸਿਹਤ ਵੀ ਖਰਾਬ ਕੀਤੀ। ਨਤੀਜੇ ਵਜੋਂ ਜਦੋਂ ਮਾੜੇ ਦਿਨ ਆਏ ਤਾਂ ਕਈਆਂ ਨੂੰ ਇਲਾਜ ਲਈ ਮਦਦ ਦੀ ਅਪੀਲ ਕਰਨੀ ਪਈ। ਉਹੋ ਜਿਹੇ ਗਾਇਕਾਂ ਦੀ ਜੀਵਨੀ ਪੜ੍ਹ ਕੇ ਪਾਠਕਾਂ ਨੂੰ ਕੀ ਸਿੱਖਿਆ ਮਿਲੇਗੀ?

ਤਰਲੋਚਨ ਸਿੰਘ ਦੁਪਾਲਪੁਰ ਦਾ 'ਗਪੌੜ ਸੰਖ' ਚੰਗਾ ਲੱਗਾ। ਉਨ੍ਹਾਂ ਦਾ ਹਰ ਲੇਖ ਹਾਸ ਰਸ ਦੀ ਚਾਸ਼ਣੀ ਵਿਚ ਡੋਬਿਆ ਅਤੇ ਸਮਾਜ ਨੂੰ ਸੇਧ ਦੇਣ ਵਾਲਾ ਹੁੰਦਾ ਹੈ। ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ ਅਤੇ ਪ੍ਰਿੰਸੀਪਲ ਸਰਵਣ ਸਿੰਘ ਦੇ ਲੇਖ ਦਿਲਚਸਪ ਹੁੰਦੇ ਹਨ। ਇਸ ਵਾਰ ਗੁਰਬਚਨ ਸਿੰਘ ਭੁੱਲਰ ਦਾ ਕੁਝ ਵੀ ਪੜ੍ਹਨ ਨੂੰ ਨਹੀਂ ਮਿਲਿਆ। ਬੀਬੀ ਸੁਰਜੀਤ ਕੌਰ ਅਤੇ ਡਾ. ਗੁਰਨਾਮ ਕੌਰ ਦੇ ਲੇਖ ਪੜ੍ਹਦੇ ਸਮੇਂ ਇਉਂ ਲਗਦਾ ਹੈ ਜਿਵੇਂ ਕਿਸੇ ਪੁੱਜੇ ਹੋਏ ਸੰਤ ਮਹਾਤਮਾ ਦੀ ਕਥਾ ਸੁਣ ਰਹੇ ਹੋਈਏ।

ਅਫ਼ਜ਼ਲ ਅਹਿਸਨ ਰੰਧਾਵਾ ਦੀ ਕਹਾਣੀ 'ਬੰਨੇ ਚੰਨੇ ਦੇ ਭਰਾ' ਬੜੀ ਕਮਾਲ ਦੀ ਕਹਾਣੀ ਹੈ। ਅਫ਼ਜ਼ਲ ਰੰਧਾਵਾ ਆਪਣੀਆਂ ਕਹਾਣੀਆਂ ਵਿਚ ਸਿੱਖ ਕਿਰਦਾਰ ਪੇਸ਼ ਕਰਦਾ ਹੈ। ਮੁੱਕਦੀ ਗੱਲ ਇਹ ਹੈ ਕਿ ਕੋਈ ਹੋਰ ਪੰਜਾਬੀ ਅਖਬਾਰ 'ਪੰਜਾਬ ਟਾਈਮਜ਼' ਦੀ ਬਰਾਬਰੀ ਨਹੀਂ ਕਰ ਸਕਦਾ।

*-ਵਾਸਦੇਵ ਸਿੰਘ ਪਰਹਾਰ, ਸਿਆਟਲ*
*ਫੋਨ: 206-434-1155*

### ਬਸਤਰ ਬਾਰੇ ਵਿਸ਼ੇਸ਼

'ਪੰਜਾਬ ਟਾਈਮਜ਼' ਦੇ 19 ਮਾਰਚ ਦੇ ਅੰਕ ਵਿਚ ਬਸਤਰ ਬਾਰੇ ਵਿਸ਼ੇਸ਼ ਬੂਟਾ ਸਿੰਘ ਦਾ ਲੇਖ ਕਈ ਸਵਾਲ ਖੜ੍ਹੇ ਕਰਦਾ ਹੈ। ਉਸ ਇਲਾਕੇ ਵਿਚ ਜਿਸ ਤਰ੍ਹਾਂ ਪੱਤਰਕਾਰਾਂ ਅਤੇ ਵਕੀਲਾਂ ਨੂੰ ਬੇਦਖਲ ਕਰ ਕੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ, ਉਸ ਤੋਂ ਸਰਕਾਰ ਦੀ ਨੀਅਤ ਸਪਸ਼ਟ ਹੋ ਜਾਂਦੀ ਹੈ। ਸੱਚਮੁੱਚ ਇਹ ਲੇਖ ਦੰਗ ਕਰਨ ਵਾਲਾ ਹੈ। ਅਮਰੀਕਾ ਵਿਚ ਬੈਠ ਕੇ ਅਜਿਹੀ ਵਧੀਕੀ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ।

ਵਰਿਆਮ ਸਿੰਘ ਸੰਧੂ ਦੇ ਲੇਖ ਮੈਂ ਬਹੁਤ ਦਿਲਚਸਪੀ ਨਾਲ ਪੜ੍ਹਦੀ ਹਾਂ ਤੇ ਫਿਰ ਇਨ੍ਹਾਂ ਬਾਰੇ ਆਪਣੀਆਂ ਸਹੇਲੀਆਂ ਨਾਲ ਚਰਚਾ ਵੀ ਕਰਦੀ ਹਾਂ। ਦਿਲ ਨੂੰ ਤਸੱਲੀ ਮਿਲਦੀ ਹੈ। ਅਜਿਹੀਆਂ ਲਿਖਤਾਂ ਹੋਰ ਕਿਸੇ ਪੰਜਾਬੀ ਪਰਚੇ ਵਿਚ ਘੱਟ ਹੀ ਪੜ੍ਹਨ ਨੂੰ ਮਿਲਦੀਆਂ ਹਨ। ਰਣਜੀਤ ਸਿੰਘ ਦੀ ਕਹਾਣੀ 'ਦੁਸ਼ਮਣ' ਤਾਂ ਇਉਂ ਲੱਗਿਆ, ਜਿਵੇਂ ਜਾਨ ਕੱਢ ਕੇ ਲੈ ਗਈ ਹੋਵੇ। ਕਹਾਣੀ 'ਚ ਮਨੁੱਖਤਾ ਭਾਵੇਂ ਬਾਰੂਦ ਅਤੇ ਹਥਿਆਰਾਂ ਉਤੇ ਜਿੱਤੇ ਪ੍ਰਾਪਤ ਕਰਦੀ ਦਿਸਦੀ ਹੈ ਪਰ ਆਮ ਹਾਲਾਤ 'ਚ ਅਜਿਹਾ ਨਹੀਂ ਹੁੰਦਾ। ਹਰ ਕੋਈ ਇੰਨਾ ਭਾਗਾਂਵਾਲਾ ਵੀ ਨਹੀਂ ਹੁੰਦਾ ਕਿ ਬੰਦੂਕ ਤਾਣੀ ਬੈਠਾ ਕੋਈ ਫੌਜੀ ਇੰਨਾ ਹੀ ਨਰਮ ਦਿਲ ਹੋ ਜਾਵੇ! ਪਤਾ ਨਹੀਂ ਧਰਤੀ ਦੇ ਕਿੰਨੇ ਪੁੱਤ ਸਿਆਸਤ ਦਾ ਖਾਜਾ ਬਣ ਜਾਂਦੇ ਹਨ। ਸ੍ਰੀ ਸ੍ਰੀ ਰਵੀ ਸ਼ੰਕਰ ਦੇ ਸਮਾਗਮ ਤੇ ਵਿਚਾਰਾਂ ਬਾਰੇ ਦਲਜੀਤ ਅਮੀ ਅਤੇ ਜਤਿੰਦਰ ਪਨੂੰ ਦੇ ਲੇਖ ਅੱਖਾਂ ਖੋਲ੍ਹਣ ਵਾਲੇ ਹਨ।

ਅਖੀਰ 'ਚ ਪੰਜਾਬ ਟਾਈਮਜ਼ ਨੂੰ 16ਵੀਂ ਵਰ੍ਹੇਗੰਢ 'ਤੇ ਬਹੁਤ ਬਹੁਤ ਵਧਾਈ। ਸ਼ਾਲਾ ਇਹ ਪਰਚਾ ਇਸੇ ਤਰ੍ਹਾਂ ਪੰਜਾਬੀਆਂ ਦੀ ਸੇਵਾ ਕਰਦਾ ਰਹੇ।

*-ਕਮਲੇਸ਼ ਬੈਦਵਾਨ, ਸੈਨ ਹੋਜ਼ੇ*

### ਸੋਢੀ ਸੁਲਤਾਨ ਸਿੰਘ ਦਾ ਦੂਜਾ ਪੱਖ

ਸੰਪਾਦਕ ਜੀ,

ਮੈਂ ਅਖਬਾਰ 'ਪੰਜਾਬ ਟਾਈਮਜ਼' ਨਾਲ ਅਮਰੀਕਾ ਪਹੁੰਚਣ ਤੋਂ ਹੀ ਜੁੜਿਆ ਹੋਇਆ ਹਾਂ। ਪਰ ਖਾਸ ਕਰ ਕੇ ਜਦੋਂ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਇਸ ਅਖਬਾਰ ਲਈ ਲਿਖਣਾ ਸ਼ੁਰੂ ਕੀਤਾ ਹੈ ਤਾਂ ਮੈਂ ਤੁਹਾਡਾ ਅਖਬਾਰ ਕਦੇ ਵੀ ਪੜ੍ਹਨੋਂ ਨਹੀਂ ਖੁੰਝਿਆ। ਇਨ੍ਹਾਂ ਦੇ ਲੇਖ ਵਧੀਆ ਸੇਧ ਦੇਣ ਵਾਲੇ ਅਤੇ ਸਲਾਹੁਣਯੋਗ ਹੁੰਦੇ ਹਨ, ਜਿਨ੍ਹਾਂ ਦੀ ਮੈਂ ਦਿਲੋਂ ਤਾਰੀਫ ਕਰਦਾ ਹਾਂ ਪਰ ਪੰਜਾਬ ਟਾਈਮਜ਼ ਦੇ 27 ਫਰਵਰੀ 2016 ਦੇ ਅੰਕ ਵਿਚ ਸ. ਦੁਪਾਲਪੁਰ ਦਾ ਲੇਖ 'ਸਾਈਕਲ ਦੀ ਸਵਾਰੀ 'ਤੇ ਵਿਦੇਸ਼ ਦੀ ਉਡਾਰੀ' ਪੜ੍ਹ ਕੇ ਦੁੱਖ ਮਹਿਸੂਸ ਹੋਇਆ। ਮੈਨੂੰ ਲੱਗਦਾ ਹੈ ਕਿ ਲੇਖ ਵਿਚ ਜ਼ਿਕਰਅਧੀਨ ਸੋਢੀ ਸੁਲਤਾਨ ਸਿੰਘ ਦੀ ਕਿਤਾਬ 'ਮੁਲਕੋ ਮੁਲਕ ਸਾਈਕਲਨਾਮਾ' ਪੜ੍ਹ ਕੇ ਹੀ ਸ. ਦੁਪਾਲਪੁਰ ਨੇ ਲੇਖ ਲਿਖ ਦਿਤਾ ਤੇ ਉਨ੍ਹਾਂ ਨੂੰ ਲੇਖਕ ਦੀ ਨਿਜੀ ਜ਼ਿੰਦਗੀ ਬਾਰੇ ਕੁਝ ਵੀ ਪਤਾ ਨਹੀਂ ਹੈ।

ਮੈਨੂੰ ਸੋਢੀ ਸੁਲਤਾਨ ਸਿੰਘ ਨਾਲ ਲਗਭਗ ਢਾਈ ਸਾਲ ਰਹਿਣ ਦਾ ਮੌਕਾ ਮਿਲਿਆ। ਲੇਖਕ 'ਤੇ ਲਿਖਣ ਦਾ ਭੂਤ ਜ਼ਰੂਰ ਸਵਾਰ ਹੈ ਪਰ ਜੋ ਕੁਝ ਉਹ ਲਿਖਦਾ ਹੈ, ਉਹ ਚਾਹੇ ਗਲਤ ਹੋਵੇ ਜਾਂ ਠੀਕ, ਪਰ ਸੁਣਨ ਵਾਲੇ ਨੂੰ ਮੰਨਣ ਲਈ ਮਜਬੂਰ ਕਰਦਾ ਹੈ। ਸਿੱਖ ਗੁਰੂਆਂ, ਜੱਟ ਭਾਈਚਾਰੇ ਅਤੇ ਪਰਮਾਤਮਾ (ਰੱਬ) ਦੀ ਨਿਖੇਧੀ ਕਰਨੀ, ਇਹ ਆਪਣਾ ਫਰਜ਼ ਸਮਝਦਾ ਹੈ। ਕੋਈ ਵੀ ਬੰਦਾ ਇਕ ਦੋ ਕਿਤਾਬਾਂ ਲਿਖਣ ਨਾਲ ਹੀ ਮਹਾਨ ਨਹੀਂ ਬਣ ਜਾਂਦਾ। ਉਸ ਨੂੰ ਆਪਣੇ ਚਰਿੱਤਰ ਤੇ ਰਹਿਣ ਸਹਿਣ ਦੇ ਸਲੀਕੇ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

ਸੋਢੀ ਸੁਲਤਾਨ ਵਲੋਂ ਕਿਤਾਬ 'ਹਿੰਦੂ ਸਾਮਰਾਜਵਾਦ ਦਾ ਇਤਿਹਾਸ' ਦਾ ਪੰਜਾਬੀ ਤਰਜਮਾ ਕਰਨ ਤੋਂ ਬਾਅਦ ਲਿਖੇ ਸਫ਼ਾ ਨੰਬਰ 432 ਤੋਂ ਸ਼ੁਰੂ ਕਰ ਕੇ ਆਖਰ ਤੱਕ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਲੇਖਕ ਕਿਸ ਕਿਸਮ ਦੇ ਚਰਿਤਰ ਦਾ ਮਾਲਕ ਹੈ। ਸਾਫ ਸਫਾਈ ਜਾਂ ਸਹੀ ਢੰਗ ਅਪਨਾਉਣ ਬਾਰੇ ਕਹਿਣ ਵਾਲੇ ਨਾਲ ਇਹ ਹਮੇਸ਼ਾ ਝਗੜਾ ਪਾਉਣ ਨੂੰ ਤਿਆਰ ਰਹਿੰਦਾ ਹੈ। ਇਸ ਦੀ ਵਜ੍ਹਾ ਕਰ ਕੇ ਹੀ ਇਕ ਵਾਰ ਉਸ ਨੂੰ ਰਾਤ ਦੇ 10 ਵਜੇ ਕਮਰਾ ਛੱਡ ਕੇ ਜਾਣਾ ਪਿਆ।

ਮੇਰੀ ਸ. ਦੁਪਾਲਪੁਰ ਨੂੰ ਬੇਨਤੀ ਹੈ ਕਿ ਅੱਗੇ ਵਾਸਤੇ ਕਿਸੇ ਵੀ ਲੇਖਕ ਦੀ ਕਿਤਾਬ ਪੜ੍ਹ ਕੇ ਉਸ ਦੇ ਹੱਕ ਜਾਂ ਵਿਰੋਧ ਵਿਚ ਲਿਖਣ ਤੋਂ ਪਹਿਲਾਂ ਲੇਖਕ ਦੀ ਨਿਜੀ ਜ਼ਿੰਦਗੀ, ਸਮਾਜ ਵਿਚ ਰਹਿਣ ਦਾ ਢੰਗ-ਤਰੀਕਾ ਅਤੇ ਭਾਈਚਾਰੇ ਨਾਲ ਵਰਤ-ਵਰਤਾਓ ਬਾਰੇ ਜ਼ਰੂਰ ਜਾਣਕਾਰੀ ਹਾਸਲ ਕਰ ਲਿਆ ਕਰਨ ਤਾਂ ਕਿ ਕਿਸੇ ਵੀ ਕਿਸਮ ਦੀ ਟਿੱਪਣੀ ਤੋਂ ਬਚਿਆ ਜਾ ਸਕੇ।

*-ਨਿਰਮਲ ਸਿੰਘ ਗਿੱਲ*
*ਮਨਟੀਕਾ, ਕੈਲੀਫੋਰਨੀਆ।*
*ਫੋਨ: 650-388-2739*

# ਗਾਖਲ ਭਰਾ ਆਪਣੀ ਸੰਗੀਤ ਕੰਪਨੀ ਸ਼ੁਰੂ ਕਰਨਗੇ

## 'ਵਿਸਾਖੀ ਲਿਸਟ' ਦਾ ਟਰੇਲਰ ਜਾਰੀ

**ਸੈਨ ਫਰਾਂਸਿਸਕੋ (ਐਸ. ਅਸ਼ੋਕ ਭੌਰਾ):** ਜੀ ਬੀ ਐਂਟਰਟੇਨਮੈਂਟ ਅਤੇ ਗਾਖਲ ਭਰਾਵਾਂ ਦੀ ਫਿਲਮ 'ਵਿਸਾਖੀ ਲਿਸਟ' 22 ਅਪਰੈਲ ਨੂੰ ਰਿਲੀਜ਼ ਹੋਣ ਨਾਲ ਖਾਸ ਗੱਲ ਇਹ ਹੋਵੇਗੀ ਕਿ ਕੈਲੀਫੋਰਨੀਆ ਵਿਚ ਵਸਦੇ ਪੰਜਾਬੀਆਂ ਦੀ ਫਿਲਮ ਜਗਤ ਵਿਚ ਵੱਡੀ ਹਾਜ਼ਰੀ ਤਾਂ ਹੋਏਗੀ, ਨਾਲ ਹੀ ਇਸ ਗੱਲ ਨੂੰ ਵੀ ਵਜ਼ਨ ਮਿਲੇਗਾ ਕਿ ਪੰਜਾਬੀ ਜਿੱਥੋਂ ਲੰਘਦੇ ਨੇ ਪੈੜਾਂ ਪਾ ਹੀ ਦਿੰਦੇ ਨੇ।

ਮੁੰਬਈ 'ਚ ਫਿਲਮ ਦਾ ਟਰੇਲਰ ਜਾਰੀ ਕਰਨ ਵੇਲੇ ਫਿਲਮ 'ਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਜਿੰਮੀ ਸ਼ੇਰਗਿੱਲ ਅਤੇ ਸੁਨੀਲ ਗਰੋਵਰ ਉਰਫ ਗੁੱਥੀ ਨੇ ਕਿਹਾ ਕਿ ਅਸੀਂ ਫਿਲਮ ਵਿਚ ਕੰਮ ਤਾਂ ਕੀਤਾ ਹੀ ਹੈ ਬਲਕਿ ਫਿਲਮ ਦਾ ਪ੍ਰਿਵਿਊ ਵੇਖਣ ਵੇਲੇ ਸਾਨੂੰ ਵੀ ਲੱਗਾ ਹੈ ਕਿ ਅਸੀਂ ਫਿਲਮ ਵਿਚ ਵਧੀਆ ਕਿਰਦਾਰ ਨਿਭਾਉਣ ਵਿਚ ਸਫਲ ਹੀ ਨਹੀਂ ਹੋਏ ਸਗੋਂ ਫਿਲਮ ਵੇਖ ਕੇ ਸਾਡੇ ਚਿਹਰੇ 'ਤੇ ਰੌਣਕ ਅਤੇ ਹਾਸਾ ਮੱਲੋ ਮੱਲੀ ਆ ਹੀ ਜਾਂਦੇ ਹਨ। ਫਿਲਮ ਵਿਚ ਜਸਵਿੰਦਰ ਭੱਲਾ ਨੇ ਇਕ ਜੇਲ੍ਹਰ ਦੀ ਭੂਮਿਕਾ ਨਿਭਾਈ ਹੈ ਅਤੇ ਉਸ ਨੇ ਆਪਣੇ ਫੇਸਬੁੱਕ ਅਕਾਊਂਟ ਵਿਚ ਕਿਹਾ ਹੈ ਕਿ ਫਿਲਮ ਦੇਖੋਗੇ ਤਾਂ ਇਕ ਨਵਾਂ ਜਸਵਿੰਦਰ ਭੱਲਾ ਵੀ ਦੇਖਣ ਨੂੰ ਮਿਲੇਗਾ। ਦੋ ਕੈਦੀਆਂ ਦੀ ਇਕ ਐਸੀ ਕਹਾਣੀ ਹੈ ਜਿਹੜੀ ਪੰਜਾਬੀ ਫਿਲਮ ਜਗਤ ਨੂੰ ਉਦੇਸ਼ ਨਾਲ ਵੀ ਜੋੜਦੀ ਹੈ, ਮਨੋਰੰਜਨ ਨਾਲ ਵੀ ਅਤੇ ਹਾਸਰਸ ਦੇ ਉਸ ਪੱਖ ਨਾਲ ਜੋ ਅੱਜ ਦੀ ਤਣਾਓਗ੍ਰਸਤ ਜ਼ਿੰਦਗੀ ਨਾਲ ਹਰ ਇਕ ਨੂੰ ਮਿਲਣਾ ਹੀ ਚਾਹੀਦਾ ਹੈ।

ਫਿਲਮ ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਫਿਲਮ ਦਾ ਟਰੇਲਰ ਜਾਰੀ ਕਰਨ ਉਪਰੰਤ ਕਿਹਾ ਕਿ ਦਰਸ਼ਕਾਂ ਦਾ ਹੁੰਗਾਰਾ ਤੇ ਉਨ੍ਹਾਂ ਦਾ ਯਤਨ ਗਾਖਲ ਭਰਾਵਾਂ ਦੀ ਪੰਜਾਬੀ ਫਿਲਮ ਜਗਤ ਨੂੰ ਸੱਚੀ ਸੁੱਚੀ ਦੇਣ ਦਾ ਸੁਪਨਾ ਪੂਰਾ ਹੋਵੇਗਾ।

ਸ. ਗਾਖਲ ਨੇ ਇਸ ਪੰਜਾਬੀ ਫਿਲਮ ਦੇ ਨਾਲ ਹੀ ਆਪਣੀ ਮਿਊਜ਼ਿਕ ਕੰਪਨੀ ਜੀ ਬੀ ਮਿਊਜ਼ਿਕ ਵੀ ਲਾਂਚ ਕਰ ਦਿੱਤੀ ਹੈ। ਇਸ ਪ੍ਰਤੀ ਸ. ਗਾਖਲ ਦੀ ਪ੍ਰਤੀਕ੍ਰਿਆ ਹੈ ਕਿ ਅਜਿਹਾ ਹੋਣ ਨਾਲ ਸਾਡੇ ਕਈ ਰਸਤੇ ਹੀ ਨਹੀਂ ਖੁੱਲ੍ਹਣਗੇ ਸਗੋਂ ਅਸੀਂ ਹੋਰ ਬਹੁਤ ਸਾਰੇ ਨਿਰਮਾਤਾਵਾਂ ਨੂੰ ਸੰਗੀਤ ਜਾਰੀ ਕਰਨ ਲਈ ਇਕ ਸੁਖਾਵਾਂ ਮਾਹੌਲ ਸਿਰਜ ਕੇ ਦੇਵਾਂਗੇ। 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਗਾਇਕ ਰਣਜੀਤ ਬਾਵਾ ਨੇ ਗਾਇਆ ਹੈ ਅਤੇ ਧਨੀ ਰਾਮ ਚਾਤ੍ਰਿਕ ਦੀ ਇਹ ਅਮਰ ਰਚਨਾ ਜੀ ਬੀ ਮਿਊਜ਼ਿਕ ਦੀ ਪਹਿਲੀ ਪ੍ਰਾਪਤੀ ਹੋਵੇਗੀ। ਰਾਹਤ ਫਤਿਹ ਅਲੀ ਖਾਨ ਵੀ ਇਸ ਫਿਲਮ ਕਰਕੇ ਹੀ ਨਹੀਂ ਸਗੋਂ ਇਸ ਸੰਗੀਤ ਕੰਪਨੀ ਕਰਕੇ ਵੀ ਗਾਖਲ ਭਰਾਵਾਂ ਨਾਲ ਜੁੜੇ ਰਹਿਣਗੇ।



*ਅਮੋਲਕ ਸਿੰਘ ਗਾਖਲ ਮੁੰਬਈ ਵਿਖੇ 'ਜੀ ਬੀ ਮਿਊਜ਼ਿਕ' ਸੰਗੀਤ ਕੰਪਨੀ ਲਾਂਚ ਕਰਦੇ ਹੋਏ, ਨਾਲ ਸੰਗੀਤਕਾਰ ਜੈ ਦੇਵ ਕੁਮਾਰ ਤੇ ਹੋਰ ਦਿਖਾਈ ਦੇ ਰਹੇ ਹਨ*

ਸੰਗੀਤਕਾਰ ਜੈ ਦੇਵ ਕੁਮਾਰ ਦੀਆਂ ਸੇਵਾਵਾਂ ਕੰਪਨੀ ਲਈ ਸਥਾਈ ਤੌਰ 'ਤੇ ਰਹਿਣਗੀਆਂ। ਸ. ਗਾਖਲ ਨੇ ਆਪਣੇ ਭਰਾਵਾਂ-ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਅਤੇ ਸਪੁੱਤਰ ਗੁਰਵਿੰਦਰ ਸਿੰਘ ਗਾਖਲ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਰਿਵਾਰ ਦਾ ਹਰ ਪੱਖੋਂ ਸਹਿਯੋਗ ਹੀ ਨਹੀਂ ਮਿਲ ਰਿਹਾ ਸਗੋਂ ਉਹ ਜੋ ਕਰ ਦੇਣ, ਉਹਨੂੰ ਪ੍ਰਵਾਨ ਵੀ ਕਰ ਲਿਆ ਜਾਂਦਾ ਹੈ। ਉਨ੍ਹਾਂ ਸਮੂਹ ਪੰਜਾਬੀਆਂ ਤੋਂ ਫਿਲਮ 'ਵਿਸਾਖੀ ਲਿਸਟ' ਲਈ ਚੰਗੇ ਹੁੰਗਾਰੇ ਦੀ ਆਸ ਕੀਤੀ ਹੈ ਅਤੇ ਐਲਾਨ ਕੀਤਾ ਕਿ ਉਹ ਅਗਲੀ ਫਿਲਮ 15 ਮਈ ਨੂੰ ਸੈਟ 'ਤੇ ਲੈ ਕੇ ਜਾ ਰਹੇ ਹਨ।

ਇਸੇ ਦੌਰਾਨ ਲੰਘੇ ਮੰਗਲਵਾਰ ਫਿਲਮ ਦੇ ਮੁੱਖ ਕਲਾਕਾਰ ਜਿੰਮੀ ਸ਼ੇਰਗਿੱਲ ਵਲੋਂ ਵਾਹਗਾ ਬਾਰਡਰ 'ਤੇ ਬੀ ਐਸ ਐਫ ਦੇ ਜਵਾਨਾਂ ਦੇ ਨਾਲ ਫਿਲਮ ਦਾ ਥਿਏਟ੍ਰੀਕਲ ਰਿਲੀਜ਼ ਕੀਤਾ ਗਿਆ। ਇਸ ਫਿਲਮ ਦਾ ਟ੍ਰੇਲਰ ਤੁਸੀਂ ਯੂ ਟਿਊਬ 'ਤੇ ਦੇਖ ਸਕਦੇ ਹੋ। ਇਹ ਫਿਲਮ 22 ਅਪਰੈਲ, 2016 ਨੂੰ ਹਰ ਪਾਸੇ ਰਿਲੀਜ਼ ਹੋਵੇਗੀ।




*ਜਿਮੀ ਸ਼ੇਰਗਿੱਲ ਵਾਹਗਾ ਬਾਰਡਰ 'ਤੇ ਬੀ ਐਸ ਐਫ ਜਵਾਨਾਂ ਨਾਲ*

# ਸਟਾਕਟਨ 'ਚ ਤਿੰਨ ਰੋਜ਼ਾ ਹਾਕੀ ਟੂਰਨਾਮੈਂਟ ਪਹਿਲੀ ਤੋਂ

**ਸਟਾਕਟਨ (ਬਿਊਰੋ):** ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਵਲੋਂ ਸਾਂਝੇ ਤੌਰ 'ਤੇ ਸਾਲਾਨਾ ਹਾਕੀ ਟੂਰਨਾਮੈਂਟ ਇਸ ਵਾਰ ਪਹਿਲੀ ਤੋਂ ਤਿੰਨ ਅਪਰੈਲ (ਸ਼ੁੱਕਰਵਾਰ ਤੋਂ ਐਤਵਾਰ) ਤੱਕ ਯੂਨੀਵਰਸਿਟੀ ਆਫ ਪੈਸੇਫਿਕ ਸਟਾਕਟਨ ਦੇ ਖੇਡ ਮੈਦਾਨ ਵਿਚ ਹੋਵੇਗਾ। ਇਹ ਛੇਵਾਂ ਹਾਕੀ ਟੂਰਨਾਮੈਂਟ ਹੈ।

ਹਾਕੀ ਦੇ ਆਧੁਨਿਕ ਤਕਨੀਕੀ ਪ੍ਰਬੰਧਾਂ ਦੀ ਤਰਜ਼ 'ਤੇ ਐਸਟੋਰਟਰਫ ਗਰਾਊਂਡ ਵਿਚ ਕਰਵਾਏ ਜਾਣ ਵਾਲੇ ਇਸ ਹਾਕੀ ਟੂਰਨਾਮੈਂਟ ਵਿਚ ਹਾਕੀ ਦੇ ਕੌਮਾਂਤਰੀ ਖਿਡਾਰੀ ਹਿੱਸਾ ਲੈਣਗੇ ਜਿਨ੍ਹਾਂ ਵਿਚੋਂ ਕਈ ਉਲੰਪਿਕਸ ਵਿਚ ਵੀ ਖੇਡ ਚੁੱਕੇ ਹਨ।

ਖੇਡ ਮੇਲੇ ਦੇ ਪ੍ਰਬੰਧਕਾਂ ਸੁਰਜੀਤ ਸਿੰਘ ਨਿੱਝਰ, ਦੇਵ ਅਟਵਾਲ ਅਤੇ ਜੀਤੂ ਧਾਲੀਵਾਲ ਅਨੁਸਾਰ ਪਾਕਿਸਤਾਨ, ਅਰਜਨਟੀਨਾ, ਮੈਕਸੀਕੋ, ਭਾਰਤ, ਕੈਨੇਡਾ ਵਰਗੇ ਮੁਲਕਾਂ ਦੇ ਨਾਮੀ ਹਾਕੀ ਖਿਡਾਰੀਆਂ ਦੀ ਇਸ ਟੂਰਨਾਮੈਂਟ ਵਿਚ ਸ਼ਿਰਕਤ ਗਦਰੀ ਬਾਬਿਆਂ ਦੇ ਸ਼ਹਿਰ ਸਟਾਕਟਨ ਦੀ ਵੱਡੀ ਪ੍ਰਾਪਤੀ ਹੋਵੇਗੀ। ਟੂਰਨਾਮੈਂਟ ਦੀ ਜੇਤੂ ਟੀਮ ਨੂੰ ਦਿੱਤੇ ਜਾਣ ਵਾਲਾ 7100 ਡਾਲਰ ਦਾ ਪਹਿਲਾ ਇਨਾਮ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਸਪਾਂਸਰ ਕਰਨਗੇ ਜਦਕਿ 3100 ਡਾਲਰ ਦਾ ਦੂਜਾ ਇਨਾਮ ਪੰਜਾਬੀ ਭਾਈਚਾਰੇ ਵਿਚ ਆਪਣੇ ਸਾਊ ਸੁਭਾਅ ਕਰਕੇ ਜਾਣੇ ਜਾਂਦੇ ਮਲਕੀਤ ਸਿੰਘ ਬੋਪਾਰਾਏ ਵਲੋਂ ਦਿੱਤਾ ਜਾਵੇਗਾ। ਗੁਲਵਿੰਦਰ ਸਿੰਘ (ਭਿੰਦਾ) ਗਾਖਲ ਅਤੇ ਨੇਕੀ ਅਟਵਾਲ ਨੇ ਸਮੂਹ ਪੰਜਾਬੀਆਂ ਅਤੇ ਭਾਰਤੀਆਂ ਨੂੰ ਇਹ ਹਾਕੀ ਟੂਰਨਾਮੈਂਟ ਦੇਖਣ ਆਉਣ ਦਾ ਸੱਦਾ ਦਿੱਤਾ ਹੈ ਕਿ ਉਹ University of Pacific 3601 Pacific Ave., CA ਵਿਖੇ ਜ਼ਰੂਰ ਪਹੁੰਚਣ। ਖੇਡ ਦਰਸ਼ਕਾਂ ਲਈ ਤਿੰਨੇ ਦਿਨ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਫੋਨ 530-682-9596, 209-456-2554 ਜਾਂ 209-914-3616 ਰਾਹੀਂ ਲਈ ਜਾ ਸਕਦੀ ਹੈ।

# ਦੋ ਰੋਜ਼ਾ ਵਾਲੀਬਾਲ ਮੁਕਾਬਲਾ ਅਤੇ ਸੱਭਿਆਚਾਰਕ ਮੇਲਾ 26 ਤੋਂ

**ਫਰਿਜ਼ਨੋ (ਬਿਊਰੋ):** ਸਥਾਨਕ ਵਾਲੀਬਾਲ ਕਮੇਟੀ ਵੱਲੋਂ ਆਪਣਾ ਤੀਸਰਾ ਸਾਲਾਨਾ ਵਾਲੀਬਾਲ ਟੂਰਨਾਮੈਂਟ ਅਤੇ ਸੱਭਿਆਚਾਰਕ ਮੇਲਾ 26 ਅਤੇ 27 ਮਾਰਚ (ਸਨਿਚਰਵਾਰ ਤੇ ਐਤਵਾਰ) ਨੂੰ ਬੰਬੇ ਬਿਜਨਸ ਪਾਰਕ (ਬਿਲਮੌਂਟ ਪਾਰਕ ਦੇ ਨਜ਼ਦੀਕ) ਵਿਚ ਕਰਵਾਇਆ ਜਾਵੇਗਾ। ਟੂਰਨਾਮੈਂਟ ਦੀਆਂ ਜੇਤੂ ਟੀਮਾਂ ਲਈ ਪਹਿਲਾ ਇਨਾਮ 1500 ਡਾਲਰ, ਦੂਸਰਾ 1000 ਡਾਲਰ, ਤੀਸਰਾ 700 ਡਾਲਰ ਅਤੇ ਚੌਥਾ ਇਨਾਮ 500 ਡਾਲਰ ਹੋਵੇਗਾ।

ਪ੍ਰਬੰਧਕਾਂ ਅਨੁਸਾਰ ਟੂਰਨਾਮੈਂਟ ਵਿਚ ਕੈਨੇਡਾ ਅਤੇ ਅਮਰੀਕਾ ਦੇ ਕਈ ਸ਼ਹਿਰਾਂ ਤੋਂ ਵਾਲੀਬਾਲ ਦੀਆਂ ਕਰੀਬ ਇਕ ਦਰਜਨ ਟੀਮਾਂ ਹਿੱਸਾ ਲੈਣਗੀਆਂ। ਦੋਵੇਂ ਦਿਨ ਲੰਗਰ ਅਤੁਟ ਵਰਤੇਗਾ, ਫਰੀ ਪਾਰਕਿੰਗ ਹੋਵੇਗੀ ਅਤੇ ਟੀਮਾਂ ਦੇ ਠਹਿਰਨ ਲਈ ਵੀ ਯੋਗ ਪ੍ਰਬੰਧ ਹੋਵੇਗਾ।



*ਗਾਇਕ ਜੀਤਾ ਗਿੱਲ, ਅਕਾਸ਼ਦੀਪ, ਧਰਮਵੀਰ ਥਾਂਦੀ ਅਤੇ ਅਵਤਾਰ ਗਿੱਲ*

26 ਮਾਰਚ, ਸਨਿਚਰਵਾਰ ਨੂੰ ਸ਼ਾਮੀਂ ਪੰਜ ਵਜੇ ਲੋਕ ਗਾਇਕ ਧਰਮਵੀਰ ਥਾਂਦੀ, ਅਕਾਸ਼ਦੀਪ, ਜੀਤਾ ਗਿੱਲ ਅਤੇ ਅਵਤਾਰ ਗਿੱਲ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ। ਹੋਰ ਜਾਣਕਾਰੀ ਫੋਨ: 559-708-9335 ਜਾਂ 559-286-6683 ਰਾਹੀਂ ਲਈ ਜਾ ਸਕਦੀ ਹੈ।

# ਪੰਜਾਬੀ ਬੱਚਿਆਂ ਨੇ ਪੇਸ਼ ਕੀਤਾ ਬਹੁ-ਸਭਿਆਚਾਰਕ ਪ੍ਰੋਗਰਾਮ

**ਫਰਿਜ਼ਨੋ (ਬਿਊਰੋ):** ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਇਥੇ ਡੇਵਿਡ ਐਲ ਗਰੀਨਬਰਗ ਐਲੀਮੈਂਟਰੀ ਸਕੂਲ ਵਿਚ ਬਹੁ-ਸਭਿਆਚਾਰਕ ਮੇਲਾ ਕਰਵਾਇਆ ਗਿਆ ਜਿਸ ਵਿਚ ਵਿਦੇਸ਼ੀ ਮੂਲ ਦੇ ਅਫਰੀਕਨ ਕਾਲੇ, ਗੋਰੇ, ਮੈਕਸੀਕੇ, ਚੀਨੇ, ਭਾਰਤੀ ਸਭ ਨੂੰ ਗਿੱਧੇ-ਭੰਗੜੇ ਰਾਹੀਂ ਪੰਜਾਬੀਅਤ ਦੇ ਰੰਗ ਵਿਚ ਰੰਗਿਆ। ਪ੍ਰੋਗਰਾਮ ਸੰਸਥਾ ਦੇ ਕਾਰਕੁਨਾਂ ਮਿੱਕੀ ਸਰ੍ਹਾਂ, ਸੁਖਬੀਰ ਭੰਡਾਲ, ਸਿਮਰ ਸਿੰਘ, ਰੂਬੀ ਸਰਾਂ ਅਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਿੱਧੂ ਦੀ ਮਿਹਨਤ ਨਾਲ ਤਿਆਰ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮਨੋਰਥ ਅਮਰੀਕਾ 'ਚ ਵਸਦੇ ਵੱਖ ਵੱਖ ਸਭਿਆਚਾਰਾਂ ਦੇ ਲੋਕਾਂ ਤੱਕ ਪੰਜਾਬੀ ਅਤੇ ਸਿੱਖ ਸਭਿਆਚਾਰ ਦੀ ਪਛਾਣ ਪਹੁੰਚਾਉਣਾ ਸੀ।



*ਦਸਤਾਰ ਸਜਾਉਂਦਾ ਇਕ ਅਮਰੀਕਨ*

ਕੋਚਿੰਗ ਵਿਚ ਮਨਜੀਤ ਕੌਰ ਅਤੇ ਕਿਰਨ ਸ਼ਰਮਾ ਨੇ ਬੜੀ ਮਿਹਨਤ ਨਾਲ ਟੀਮਾਂ ਤਿਆਰ ਕਰਵਾਈਆਂ।



*ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਪਿਛੋਂ ਬੱਚੇ*

# ਬੈਲਜੀਅਮ 'ਚ ਦਹਿਸ਼ਤੀ ਹਮਲੇ ਦੀ ਸਖਤ ਨਿਖੇਧੀ

**ਨਿਊ ਯਾਰਕ (ਬਿਊਰੋ):** ਬੈਲਜੀਅਮ ਦੀ ਰਾਜਧਾਨੀ ਬ੍ਰਸਲਜ਼ ਦੇ ਏਅਰਪੋਰਟ ਅਤੇ ਮੈਲਬੀਕ ਮੈਟਰੋ ਸਟੇਸ਼ਨ ਉਪਰ ਮੰਗਲਵਾਰ ਨੂੰ ਹੋਏ ਜਾਲਮਾਨਾ ਦਹਿਸ਼ਤੀ ਹਮਲੇ ਦੀ ਅਮੈਰਿਕਨ ਸਿੱਖ ਕੌਂਸਲ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਮਾਨਵਤਾ ਵਿਰੁਧ ਬਹੁਤ ਘਿਨਾਉਣਾ ਜੁਰਮ ਹੈ। ਜ਼ਿਕਰਯੋਗ ਹੈ ਕਿ ਇਸ ਹਮਲੇ ਵਿਚ ਕੁਝ ਬੱਚਿਆਂ ਸਮੇਤ ਘੱਟੋ ਘੱਟ 34 ਵਿਅਕਤੀ ਮਾਰੇ ਗਏ ਹਨ ਅਤੇ 170 ਦੇ ਕਰੀਬ ਜ਼ਖਮੀ ਹੋ ਗਏ ਹਨ।

ਅਮੈਰਿਕਨ ਸਿੱਖ ਕੌਂਸਲ ਨੇ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਅਤੇ ਜ਼ਖਮੀ ਹੋਏ ਵਿਅਕਤੀਆਂ ਨਾਲ ਡੂੰਘੀ ਹਮਦਰਦੀ ਪ੍ਰਗਟਾਉਂਦਿਆਂ ਜ਼ਖਮੀਆਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ।

ਜਥੇਬੰਦੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ਿਕਾਰ ਹੋਏ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਥਾਨਕ ਭਾਈਚਾਰੇ ਨਾਲ ਸਾਨੂੰ ਹਮਦਰਦੀ ਹੈ। ਪਰਮਾਤਮਾ ਉਨ੍ਹਾਂ ਨੂੰ ਇਸ ਸੰਕਟ ਵਿਚੋਂ ਗੁਜਰਨ ਦਾ ਬਲ ਬਖਸ਼ੇ। ਅਜਿਹੇ ਘਿਨਾਉਣੇ ਅਪਰਾਧ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਥੋੜ੍ਹੀ ਹੈ। ਇਹ ਅਪਰਾਧ ਕਰਨ ਵਾਲੇ ਪਾਪੀਆਂ ਨੂੰ ਰੱਬ ਕਦੇ ਮੁਆਫ ਨਹੀਂ ਕਰੇਗਾ। ਕੌਂਸਲ ਨੇ ਕਿਹਾ ਹੈ ਕਿ ਇਹ ਕਿਸੇ ਵੀ ਤਰ੍ਹਾਂ ਦੀ ਦਹਿਸ਼ਤਪਸੰਦੀ ਦੇ ਵਿਰੁਧ ਹੈ।

ਦੱਸਣਯੋਗ ਹੈ ਕਿ ਅਮੈਰਿਕਨ ਸਿੱਖ ਕੌਂਸਲ ਅਮਰੀਕਾ ਵਿਚਲੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਦੀ ਇਕ ਚੁਣੀ ਹੋਈ ਜਥੇਬੰਦੀ ਹੈ। ਇਸ ਵੇਲੇ ਇਸ ਦੇ 71 ਮੈਂਬਰ ਹਨ।

# ਗੁਰਦਿਆਂ ਦੇ ਪੀੜ੍ਹਤ ਸੁਰਿੰਦਰਪਾਲ ਨੂੰ ਆਪ੍ਰੇਸ਼ਨ ਲਈ ਮਦਦ ਦੀ ਲੋੜ

**ਨਵਾਂਸ਼ਹਿਰ (ਬਿਊਰੋ):** ਵਕਤ ਕਦੋਂ ਕਿਸ ਨੂੰ ਕਿਥੇ ਘੇਰ ਲਵੇ ਇਹ ਉਪਰ ਵਾਲਾ ਹੀ ਜਾਣਦਾ ਹੈ। ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਭੌਰਾ 'ਚ ਚਾਰ ਧੀਆਂ ਅਤੇ ਦੋ ਪੁੱਤਰਾਂ ਦੇ ਮੰਜੇ 'ਤੇ ਪਏ ਬਾਪ ਸੁਰਿੰਦਰਪਾਲ, ਜਿਸ ਦੇ ਦੋਵੇਂ ਗੁਰਦੇ ਖਰਾਬ ਹੋ ਚੁੱਕੇ ਹਨ, ਨੂੰ ਦਾਨੀ ਸੱਜਣਾਂ ਪਾਸੋਂ ਆਰਥਿਕ ਮਦਦ ਦੀ ਲੋੜ ਹੈ ਕਿਉਂਕਿ ਉਸ ਨੂੰ ਹਰ ਤੀਸਰੇ ਦਿਨ ਮਹਿੰਗੇ ਮੁੱਲ ਦਾ ਡਾਇਲਾਸਿਸ ਕਰਵਾਉਣਾ ਪੈਂਦਾ ਹੈ।

ਇਕ ਧੀ ਆਪਣੇ ਲਾਚਾਰ ਬਾਪ ਨੂੰ ਗੁਰਦਾ ਦੇਣ ਲਈ ਤਿਆਰ ਹੈ ਪਰ ਟਰਾਂਸਪਲਾਂਟ ਆਪ੍ਰੇਸ਼ਨ ਅਤੇ ਦਵਾਈਆਂ ਲਈ ਕਰੀਬ ਚਾਰ ਲੱਖ ਰੁਪਏ ਦੀ ਜ਼ਰੂਰਤ ਹੈ। ਦਿਨੋਂ ਦਿਨ ਸੁਰਿੰਦਰਪਾਲ ਦੀ ਨਿੱਘਰਦੀ ਜਾ ਰਹੀ ਸਰੀਰਕ ਹਾਲਤ ਅਤੇ ਘਰ ਦੀ ਆਰਥਿਕ ਦਸ਼ਾ ਵੱਲ ਵੇਖਦਿਆਂ ਕੋਈ ਦਾਨੀ ਸੱਜਣ ਮਹਾਂਪੁਰਸ਼ ਇਸ ਦੁਖੀ ਪਰਿਵਾਰ ਦੀ ਮਦਦ ਕਰਨੀ ਚਾਹੇ ਤਾਂ ਉਹ ਫੋਨ ਨੰਬਰ 0091-98154-43155 ਜਾਂ 0091-98034-56353 ਉਤੇ ਕਾਲ ਕਰਕੇ ਸੰਪਰਕ ਕਰ ਸਕਦਾ ਹੈ।



*ਪੀੜ੍ਹਤ ਸੁਰਿੰਦਰਪਾਲ ਆਪਣੀ ਪਤਨੀ, ਧੀ ਅਤੇ ਪੁੱਤਰ ਨਾਲ*

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ

ਵਲੋਂ

## ਦੂਜੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਤ

# 16 ਵਾਂ ਮੇਲਾ ਗਦਰੀ ਬਾਬਿਆਂ ਦਾ



**27 ਮਾਰਚ, 2016 ਦਿਨ ਐਤਵਾਰ ਨੂੰ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਤੱਕ**

**Regency Palace (Praise Event Center)1600 Willow Avenue Clovis, CA**

## ਮੁੱਖ ਮਹਿਮਾਨ



ਡਾ. ਰਘਬੀਰ ਕੌਰ

ਆਉ ਪਰਿਵਾਰਾਂ ਸਮੇਤ
ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ
ਉਨਾਂ ਮਹਾਨ ਸ਼ਹੀਦਾਂ ਦੇ
ਦਿਖਾਏ ਰਾਹਾਂ ਤੇ ਚਲਣ
ਦਾ ਪ੍ਰਣ ਦੁਹਰਾਈਏ।

## ਪ੍ਰੋਗਰਾਮ

ਮੁੱਖ ਬੁਲਾਰੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੈਕਟਰੀ ਡਾ. ਰਘਬੀਰ ਕੌਰ ਜੀ
ਅਤੇ ਗਦਰ ਲਹਿਰ ਨਾਲ ਸਬੰਧਤ ਹੋਰ ਮਾਹਰਾਂ ਦੀਆਂ ਤਕਰੀਰਾਂ

ਬੁਲੰਦ ਆਵਾਜ਼ ਦੇ ਮਾਲਕ ਜੀਤਾ ਗਿੱਲ ਅਤੇ ਧਰਮਵੀਰ ਥਾਂਦੀ ਜੀ, ਮਲਾ ਜੱਟ ਦੀ ਗਾਇਕੀ ਨੂੰ ਪਰਨਾਏ ਹੋਏ ਗਾਇਕ ਰਾਜ ਬਰਾੜ ਜੀ
ਆਪਣੇ ਗੀਤਾਂ ਰਾਹੀਂ ਗਦਰ ਪਾਰਟੀ ਦੇ ਇਤਿਹਾਸ ਨਾਲ ਜੋੜਨਗੇ

ਗਦਰ ਪਾਰਟੀ ਅਤੇ ਹੋਰ ਦੇਸ਼ ਭਗਤ ਲਹਿਰਾਂ ਨਾਲ ਜੁੜੇ ਸੰਗਰਾਮੀਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ।

ਵਿਦਿਆਰਥੀਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ ਤੇ ਹੋਰ ਦਿਲਕਸ਼ ਆਈਟਮਾਂ
ਹੇਅਰ ਮੀਡੀਆ ਵਲੋਂ ਤਿਆਰ, ਕੁੜੀਆਂ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।

ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਦੇ ਗਭਰੂ ਵਿਸ਼ੇਸ਼ ਆਈਟਮ ਪੇਸ਼ ਕਰਨਗੇ

ਗਦਰੀ ਬਾਬਿਆਂ ਦੀਆਂ ਜੀਵਨੀਆਂ ਤੇ ਵੱਖ ਵੱਖ ਮਾਹਰਾਂ ਵਲੋਂ ਲਿਖੇ ਲੇਖਾਂ,
ਕਵਿਤਾਵਾਂ ਅਤੇ ਹੋਰ ਜਾਣਕਾਰੀ ਨਾਲ ਭਰਪੂਰ ਇਕ ਸੋਵੀਨਰ ਰਲੀਜ਼ ਕੀਤਾ ਜਾਵੇਗਾ।

4.0 ਜਾਂ ਬੇਹਤਰ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ

## ਗਾਇਕ ਸਟੇਜ



ਜੀਤਾ ਗਿੱਲ



ਆਸ਼ਾ ਸ਼ਰਮਾ




**ਗੁਰਦੀਪ ਸਿੰਘ ਗਿੱਲ (ਪ੍ਰਧਾਨ) 559-360-4248, ਜਸਵੰਤ ਸਿੰਘ ਮਾਨ (ਖਜ਼ਾਨਚੀ), ਸੁਰਿੰਦਰ ਸਿੰਘ ਮੰਢਾਲੀ (ਸੈਕਰੇਟਰੀ) 559-473-9269**

## ਹੋਰ ਜਾਣਕਾਰੀ ਲਈ ਸਪੰਰਕ ਕਰੋ

ਵਿਸ਼ੇਸ ਧੰਨਵਾਦ
ਸਮੂਹ ਸਪਾਂਸਰਜ਼,
ਲੋਕਲ ਰੇਡੀਓ ਹੋਸਟ
ਅਤੇ ਪ੍ਰਿੰਟ ਮੀਡੀਆ

| | |
|---|---|
| ਨਵਦੀਪ ਸਿੰਘ ਧਾਲੀਵਾਲ (ਵਾਇਸ ਪ੍ਰਧਾਨ) | 559.287.0822 |
| ਹਰਜਿੰਦਰ ਸਿੰਘ ਢੇਸੀ (ਸਹਾਇਕ ਸਕੱਤਰ) | 559.618.0156 |
| ਦਲਜੀਤ ਸਿੰਘ ਰਿਆੜ (ਸਹਾਇਕ ਸਕੱਤਰ) | 559.226.1510 |
| ਕੁਲਵੀਰ ਸਿੰਘ ਹੇਅਰ (ਮੀਡੀਆ ਸਕੱਤਰ) | 559.586.0526 |

Register
Students with 4.0 grade should register at IAHForum@Gmail.com

ਇਸ ਪ੍ਰੋਗਰਾਮ ਵਿਚ 12 ਵਜੇ ਤੋਂ 1 ਵਜੇ ਦਾ ਸਮਾਂ ਬੱਚਿਆਂ ਲਈ ਨਿਰਧਾਰਤ ਹੈ। ਕੋਈ ਸਟੇਜ ਆਈਟਮ ਪੇਸ਼ ਕਰਨ ਦੇ ਚਾਹਵਾਨ ਬੱਚੇ ਸੰਪਰਕ ਕਰਨ, ਸ਼ਰਨਜੀਤ ਧਾਲੀਵਾਲ (559.974.8383), ਹਰਮਨ ਗਿੱਲ (559.283.1721) ਜਾਂ ਹਰਜਿੰਦਰ ਢੇਸੀ (559.618.0156

**ਮੇਲਾ ਕਮੇਟੀ:** ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿਲੋਂ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਲਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਸੁਰਿੰਦਰ ਸਿੰਘ ਚਿੰਦ, ਦੀਵਾਨ ਸਿੰਘ ਸੇਖੋਂ, ਮੇਜਰ ਸਿੰਘ ਢਾਹ, ਹਰਪ੍ਰੀਤ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾੜਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਸੁਖਦੇਵ ਸਿੰਘ ਚੀਮਾ, ਮਨਵੀਰ ਸਿੰਘ ਭੁੱਲਰ, ਸੁਰਜੀਤ ਸਿੰਘ ਸੰਧੂ, ਕਰਮਜੀਤ ਸਿੰਘ ਸਹੋਤਾ, ਮਾਸਟਰ ਗੁਰਦੇਵ ਸਿੰਘ

**ਸਪਾਂਸਰਜ:** ਗੁਲਬਿੰਦਰ ਸਿੰਘ ਢੇਸੀ, ਅਟਵਾਲ ਬਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ-ਵੇ(ਨਿਜਰ ਬਰਦਰਜ), ਏ ਵਨ ਰੀਐਲਟੀ (ਪ੍ਰੀਤਮ ਗਿੱਲ),ਅਮਰੀਕ ਉਪਲ, ਭਜਨ ਸਿੰਘ, ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ,ਜੀ ਬੀ ਟੀ ਆਈ, ਗਿੱਲ ਇਨਸ਼ੋਰੈਂਸ ਏਜੰਸੀ, ਗਿੱਲ ਟਰਾਂਸਪੋਰਟ, ਇੰਟਰੇਡ ਇੰਡਸਟਰੀਜ, ਕੈਲੇ ਬਰੇਕ ਪਲੇਸ,ਐਨ ਕੇ ਆਰ ਐਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਈਟੀ, ਸਮਾਰਟਵੇ ਐਕਸਪਰੈਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਵੈਲੀ ਨੈਸ਼ਨਲ ਐਕਸਪਰੈਸ, ਰੌਇਲ ਸੰਗੂ ਗਰੁੱਪ,ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸ਼ੇਪ ਐਂਡ ਗੈਸ, ਬੋਪਾਰਾਏ ਟਰਾਂਸਪੋਰਟ,ਏ ਐਮ ਪੀ ਟਰੱਕਿੰਗ,ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ (ਕੇਸ਼ ਐਂਡ ਕੈਰੀ)

# ਗੁਰਦੁਆਰਾ ਸੈਨ ਹੋਜ਼ੇ ਵਿਖੇ ਹੋਲੇ ਮਹੱਲੇ ਮੌਕੇ ਖੂਬ ਲੱਗੀਆਂ ਰੌਣਕਾਂ

**ਸੈਨ ਹੋਜ਼ੇ (ਬਿਊਰੋ):** 'ਖਾਲਸਾ ਜੀ ਕੇ ਬੋਲ ਬਾਲੇ' ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਵਲੋਂ 20 ਮਾਰਚ, ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਅਤੇ ਰਵਾਇਤੀ ਜੋਸ਼ ਨਾਲ ਮਨਾਇਆ ਗਿਆ। ਉਸ ਦਿਨ ਇਉਂ ਜਾਪਦਾ ਸੀ ਜਿਵੇਂ ਸੰਗਤਾਂ ਦਾ ਹੜ੍ਹ ਆ ਗਿਆ ਹੋਵੇ। ਇਕ ਅੰਦਾਜ਼ੇ ਮੁਤਾਬਕ ਕੋਈ 15 ਹਜ਼ਾਰ ਸੰਗਤ ਗੁਰੂ ਘਰ ਪਹੁੰਚੀ। ਕਿਧਰੇ ਘੋੜ ਸਵਾਰ ਜੌਹਰ ਵਿਖਾ ਰਹੇ ਸਨ, ਕਿਧਰੇ ਨਿਹੰਗ ਸਿੰਘ ਗਤਕਾ ਖੇਡ ਰਹੇ ਸਨ ਤੇ ਕਿਧਰੇ ਬੱਚੇ ਖੇਡਾਂ ਵਿਚ ਰੁੱਝੇ ਹੋਏ ਸਨ। ਭਾਂਤ ਸੁਭਾਂਤੇ ਪਦਾਰਥਾਂ ਦੇ ਸਟਾਲ ਲੱਗੇ ਹੋਏ ਸਨ ਜਿਥੋਂ ਸੰਗਤਾਂ ਮਨ ਪਸੰਦ ਭੋਜਨ ਛਕ ਰਹੀਆਂ ਸਨ। ਗੁਰਦੁਆਰਾ ਸੈਨ ਹੋਜ਼ੇ ਇਕ ਪਹਾੜੀ ਉਪਰ ਹੋਣ ਕਰਕੇ ਇਹ ਨਜ਼ਾਰਾ ਸੰਗਤਾਂ ਨੂੰ ਅਨੰਦਪੁਰ ਸਾਹਿਬ ਦੀ ਯਾਦ ਦਿਵਾ ਰਿਹਾ ਸੀ।

ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਦੇ ਦੀਵਾਨ ਸਜੇ। ਦੀਵਾਨ ਵਿਚ ਪੰਥ ਪ੍ਰਸਿਧ ਕੀਰਤਨੀ ਜਥਿਆਂ ਅਤੇ ਵਿਆਖਿਆਕਾਰਾਂ ਨੇ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਿਆ।







ਸੰਗਤਾਂ ਗੁਰੂ ਸਾਹਿਬ ਅੱਗੇ ਨਤਮਸਤਕ ਹੋਣ ਅਤੇ ਗੁਰ ਸ਼ਬਦ ਸਰਵਣ ਕਰਨ ਉਪਰੰਤ ਗੁਰੂ ਘਰ ਦੇ ਖੁੱਲ੍ਹੇ ਅਹਾਤੇ ਵਿਚ ਜੁੜਦੀਆਂ ਗਈਆਂ ਜਿਥੇ ਢਾਡੀ ਜਥੇ ਬੀਰ ਰਸੀ ਵਾਰਾਂ ਰਾਹੀਂ ਸ਼ਾਨਾਂਮੱਤਾ ਸਿੱਖ ਇਤਿਹਾਸ ਸੰਗਤ ਨੂੰ ਸਰਵਣ ਕਰਵਾ ਰਹੇ ਸਨ। ਇਹ ਵਾਰਾਂ ਸੁਣਦਿਆਂ ਸੰਗਤਾਂ ਵਿਚ ਇਕ ਅੱਲੋਕਾਰ ਜੋਸ਼ ਪੈਦਾ ਹੋ ਰਿਹਾ ਸੀ ਅਤੇ ਉਨ੍ਹਾਂ ਨੂੰ ਆਪਣਾ ਇਤਿਹਾਸ ਸਾਕਸ਼ਾਤ ਨਜ਼ਰ ਆ ਰਿਹਾ ਸੀ।



ਇਸ ਜੋਸ਼ੀਲੇ ਮਾਹੌਲ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਖੇਤਰਾਂ ਤੋਂ ਪਹੁੰਚੀਆਂ ਗਤਕਾ ਟੀਮਾਂ ਪੂਰੇ ਜੋਸ਼ ਨਾਲ ਗਤਕੇ ਦੇ ਜੌਹਰ ਵਿਖਾ ਰਹੀਆਂ ਸਨ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਘੋੜ ਸਵਾਰਾਂ ਨੇ 'ਕਿੱਲਾ ਪੁੱਟਣ' ਦੀ ਖੇਡ ਦਿਖਾ ਕੇ ਪੂਰੀ ਕਰ ਦਿੱਤੀ। ਜਦੋਂ ਘੋੜ ਸਵਾਰ ਪੂਰੀ ਤੇਜੀ ਨਾਲ ਨੇਜਾ ਮਾਰ ਕੇ ਕਿੱਲਾ ਪੁੱਟਦਾ ਤਾਂ ਇਕ ਵੱਖਰਾ ਹੀ ਨਜ਼ਾਰਾ ਬੱਝਦਾ। ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਵਾਲੀਬਾਲ, ਬਾਸਕਿਟਬਾਲ ਤੋਂ ਇਲਾਵਾ ਦੌੜਾਂ ਦੇ ਮੁਕਾਬਲੇ ਵੀ ਕਰਵਾਏ ਗਏ।

ਆਈਆਂ ਸੰਗਤਾਂ ਦੀ ਸੇਵਾ ਲਈ ਛੋਲੇ ਭਠੂਰੇ, ਗੰਨਿਆਂ ਦਾ ਰਸ, ਛੱਲੀਆਂ, ਨਾਨ ਸਬਜੀ, ਗੋਲ ਗੱਪੇ, ਬਰੈਡ ਪਕੌੜੇ, ਇਡਲੀ ਸਾਂਬਰ, ਜਲੇਬੀਆਂ ਅਤੇ ਹੋਰ ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਦੇ ਸਟਾਲ ਲੱਗੇ ਹੋਏ ਸਨ ਜਿਥੋਂ ਸੰਗਤਾਂ ਆਪਣ ਮਨਪਸੰਦ ਪਕਵਾਨ ਛਕ ਰਹੀਆਂ ਸਨ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੀਆਂ ਸਨ।

ਇਸ ਤੋਂ ਇਲਾਵਾ ਪੁਰਾਤਨ ਸ਼ਸਤਰਾਂ ਅਤੇ ਕੱਪੜਿਆਂ ਦੇ ਸਟਾਲਾਂ ਉਪਰ ਵੀ ਖਰੀਦਦਾਰਾਂ ਦੀ ਭੀੜ ਲੱਗੀ ਹੋਈ ਸੀ। ਇਹ ਸਾਰਾ ਕੁਝ ਅਨੰਦਪੁਰ ਸਾਹਿਬ ਦੇ ਹੋਲੇ ਮਹੱਲਾ ਵਾਲਾ ਦ੍ਰਿਸ਼ ਸਿਰਜ ਰਿਹਾ ਸੀ।

ਪ੍ਰਬੰਧਕ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ

*(ਬਾਕੀ ਅਗਲੇ ਸਫੇ 'ਤੇ)*






















*(ਪਿਛਲੇ ਸਫੇ ਤੋਂ ਜਾਰੀ)*

ਬੈਣੀਵਾਲ ਨੇ ਕਿਹਾ ਕਿ ਹੋਲੇ ਮਹੱਲੇ ਦਾ ਤਿਓਹਾਰ ਗੁਰੂ ਘਰ ਦੇ ਕੈਲੰਡਰ ਵਿਚ ਇਕ ਅਹਿਮ ਸਮਾਗਮ ਹੁੰਦਾ ਹੈ। ਸੰਗਤਾਂ ਇਸ ਬਹਾਨੇ ਗੁਰੂ ਘਰ ਇਕੱਤਰ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਇਹ ਦਿਹਾਰ ਮਾਣਨ ਦਾ ਮੌਕਾ ਮਿਲਦਾ ਹੈ। ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਵੀ ਇਹ ਇਕ ਉਪਰਾਲਾ ਬਣਦਾ ਹੈ। ਇਸ ਤੋਂ ਇਲਾਵਾ ਸਥਾਨਕ ਅਮਰੀਕੀ ਮੂਲ ਦੇ ਲੋਕਾਂ ਨੂੰ ਵੀ ਸਿੱਖ ਸਭਿਆਚਾਰ ਬਾਰੇ ਜਾਣਨ ਦਾ ਮੌਕਾ ਮਿਲਦਾ ਹੈ। ਅਸੀਂ ਚਾਹੁੰਦੇ ਹਾਂ ਕਿ ਹਰ ਭਾਈਚਾਰੇ ਦੇ ਲੋਕ ਅਜਿਹੇ ਮੌਕਿਆਂ 'ਤੇ ਗੁਰੂ ਘਰ ਆਉਣ ਅਤੇ ਸਾਡੇ ਨਾਲ ਇਹ ਤਿਓਹਾਰ ਮਿਲ ਕੇ ਮਨਾਉਣ ਤਾਂ ਜੋ ਉਨ੍ਹਾਂ ਨੂੰ ਸਾਡੇ ਸਭਿਆਚਾਰ ਅਤੇ ਇਤਿਹਾਸ ਬਾਰੇ ਪਤਾ ਲੱਗ ਸਕੇ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਿਹਾੜੇ ਹਾਜ਼ਰੀਆਂ ਭਰਨ ਆਈਆਂ ਸੰਗਤਾਂ ਅਤੇ ਇਸ ਜੋੜ ਮੇਲੇ ਨੂੰ ਸਫਲ ਬਣਾਉਣ ਵਿਚ ਮਦਦ ਕਰਨ ਵਾਲੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਹੈ।






ਸੰਜਨਾ ਪ੍ਰਭਾਕਰ
ਸੀਨੀਅਰ ਮਾਰਟਗੇਜ ਕੰਸਲਟੈਂਟ
ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?
ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
email: sanjana.prabhakar@gmail.com

ਸੰਜਨਾ ਪ੍ਰਭਾਕਰ
ਅਨੁਭਵੀ ਮਾਰਟਗੇਜ ਕੰਸਲਟੈਂਟ
NMLS # 378390
Arcus LENDING
America's Premier Mortgage Experts
Arcus NMLS # 1035734
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰਿਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ
Work with her preferred realtor and save money on real estate closing cost.



HIGH QUALITY PICTURE
HD TVI, SDI, IP

We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista CCTV TECHNOLOGY
SOLUTION PROVIDER COMPANY
661-586-5080
commvision@sbcglobal.net



H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਸੁਰਾਂ ਦੀਆਂ ਸਾਂਝਾਂ

## ਅੰਮ੍ਰਿਤਸਰ-ਲਾਹੌਰ ਮੇਲੇ ਦੀਆਂ ਬਰਕਤਾਂ




ਸੁਰ ਸਰਸ਼ਾਰ: ਦੇਵੇਸ਼ੀ ਸਹਿਗਲ

***ਹਿੰਦੁਸਤਾਨ ਅਤੇ ਪਾਕਿਸਤਾਨ ਦੇ ਸਿਆਸਤਦਾਨਾਂ ਵਿਚਕਾਰ ਭਾਵੇਂ ਕਿੰਨਾ ਵੀ ਤਕਰਾਰ ਹੋ ਜਾਵੇ, ਕਲਾਕਾਰਾਂ ਨੇ ਦਿਲਾਂ ਵਾਲੇ ਦਰਵਾਜ਼ੇ ਸਦਾ ਖੁੱਲ੍ਹੇ ਰੱਖੇ ਹਨ। ਅੰਮ੍ਰਿਤਸਰ-ਲਾਹੌਰ ਮੇਲੇ ਦਾ ਸੁਨੇਹਾ ਵੀ ਇਹੀ ਸੀ। -ਸੰਪਾਦਕ***

### ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**



ਸੂਫੀ ਸੱਦ: ਜ਼ਹੂਰ ਅਹਿਮਦ

1947 ਵਿਚ ਹਿੰਦੁਸਤਾਨ ਦੇ ਦੋ ਟੋਟੇ ਹੋਣ ਤੋਂ ਬਾਅਦ ਦੋਹਾਂ ਮੁਲਕਾਂ- ਹਿੰਦੁਸਤਾਨ ਅਤੇ ਪਾਕਿਸਤਾਨ ਵਿਚਕਾਰ ਰਿਸ਼ਤਿਆਂ ਵਿਚ ਬੜੇ ਉਤਰਾਅ-ਚੜ੍ਹਾਅ ਆਉਂਦੇ ਰਹੇ ਹਨ। ਗੱਲ ਵਧਦੀ-ਵਧਦੀ ਜੰਗਾਂ ਤੱਕ ਵੀ ਗਈ, ਪਰ ਸਿਆਸੀ ਪੱਧਰ ਉਤੇ ਅਤਿਅੰਤ ਦੂਰੀਆਂ ਦੇ ਬਾਵਜੂਦ ਸਮਾਜਿਕ ਅਤੇ ਕਲਾ ਦੇ ਖੇਤਰ ਨਾਲ ਸਬੰਧਤ ਲੋਕ ਇਕ-ਦੂਜੇ ਨੂੰ ਲਗਾਤਾਰ ਹਾਕਾਂ ਮਾਰਦੇ ਰਹੇ ਹਨ ਅਤੇ ਇਕ-ਦੂਜੇ ਦੀ ਗੱਲ ਸੁਣਦੇ ਤੇ ਸੁਣਾਉਂਦੇ ਰਹੇ। ਇਸ ਸਿਲਸਿਲੇ ਵਿਚ ਗਾਹੇ-ਬਗਾਹੇ ਸਾਹਿਤ, ਸਭਿਆਚਾਰ, ਕਲਾ, ਥੀਏਟਰ, ਫਿਲਮਾਂ ਆਦਿ ਦੇ ਮੇਲੇ ਵੀ ਲਗਦੇ ਰਹੇ ਹਨ। ਇਨ੍ਹਾਂ ਮੇਲਿਆਂ ਵਿਚ ਦੋਹਾਂ ਪਾਸਿਆਂ ਦੀਆਂ ਅਹਿਮ ਸ਼ਖਸੀਅਤਾਂ ਅਤੇ ਆਮਾਂ ਨੇ ਲਗਾਤਾਰ ਸ਼ਿਰਕਤ ਕੀਤੀ ਅਤੇ ਇਕ-ਦੂਜੇ ਨੂੰ ਸੁੱਖਾਂ ਦੇ ਸੁਨੇਹੇ ਦਿੱਤੇ।


ਇਸ ਵਾਰ ਖਿੱਤੇ ਦੇ ਦੋ ਅਹਿਮ ਸ਼ਹਿਰਾਂ- ਅੰਮ੍ਰਿਤਸਰ ਤੇ ਲਾਹੌਰ, ਇਕ-ਦੂਜੇ ਦੇ ਨੇੜੇ ਆਏ। ਮੌਕਾ 12ਵੇਂ ਸਾਲਾਨਾ ਸਾਂਝ ਮੇਲੇ ਦਾ ਸੀ। ਇਹ ਮੇਲਾ ਹਰ ਸਾਲ ਪੁਨਰਜੋਤ (ਅੰਮ੍ਰਿਤਸਰ) ਅਤੇ ਰਫੀ ਪੀਰ ਥੀਏਟਰ ਵਰਕਸ਼ਾਪ (ਲਾਹੌਰ) ਵੱਲੋਂ ਲਾਇਆ ਜਾਂਦਾ ਹੈ। ਇਸ ਵਾਰ ਪਾਕਿਸਤਾਨ ਵੱਲੋਂ ਕੱਥਕ ਡਾਂਸਰ ਨਿਗਹਤ ਚੌਧਰੀ ਤੇ ਸੂਫੀ ਗਾਇਕ ਸਾਈਂ ਜ਼ਹੂਰ ਅਹਿਮਦ ਅਤੇ ਭਾਰਤ ਵੱਲੋਂ ਦੇਵੇਸ਼ੀ ਸਹਿਗਲ ਤੇ ਲਖਵਿੰਦਰ ਵਡਾਲੀ ਨੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਇਸ ਪ੍ਰੋਗਰਾਮ ਦਾ ਰੰਗ ਵੇਖਿਆਂ ਹੀ ਬਣਦਾ ਸੀ। ਜਾਪ ਰਿਹਾ ਸੀ, ਜਿਵੇਂ ਪੁਰਾਣੇ ਵੇਲਿਆਂ ਦਾ ਪੰਜਾਬ ਹੱਸ-ਖੇਡ ਰਿਹਾ ਹੋਵੇ।

ਪੁਨਰਜੋਤ ਦੇ ਡਾਇਰੈਕਟਰ ਕੀਰਤ ਮੁਤਾਬਕ, ਇਹ ਮੇਲਾ ਅਸਲ ਵਿਚ ਅਮਨ-ਅਮਾਨ ਦਾ ਹੋਕਾ ਹੈ ਜਿਸ ਦੀ ਅੱਜ ਦੋਹਾਂ ਪਾਸਿਆਂ ਦੇ ਲੋਕਾਂ ਨੂੰ ਬਹੁਤ ਜ਼ਰੂਰਤ ਹੈ। ਇਹ ਜ਼ਰੂਰਤ ਇਸ ਕਰ ਕੇ ਵੀ ਹੈ ਕਿਉਂਕਿ ਚਿਰਾਂ ਦੀ ਸਾਂਝ ਟੁੱਟਣੀ ਨਹੀਂ ਚਾਹੀਦੀ; ਇਹ ਹਰ ਹਾਲ ਅਤੇ ਹਰ ਹੀਲੇ ਬਰਕਰਾਰ ਰਹਿਣੀ ਚਾਹੀਦੀ ਹੈ। ਰਫੀ ਪੀਰ ਥੀਏਟਰ ਵਰਕਸ਼ਾਪ ਦੇ ਮੁਖੀ ਅਤੇ ਪ੍ਰਸਿੱਧ ਅਦਾਕਾਰ ਉਸਮਾਨ ਪੀਰਦਾਤਾ ਮੁਤਾਬਕ, ਅਮਨ ਦੀਆਂ ਪਗਡੰਡੀਆਂ ਜਿੰਨੀਆਂ ਵੀ ਬਣਾਈਆਂ ਜਾਣ, ਥੋੜ੍ਹੀਆਂ ਹਨ। ਇਹ ਅਗਲੀਆਂ ਪੀੜ੍ਹੀਆਂ ਲਈ ਸੌਗਾਤ ਹਨ। ਇਸ ਸੌਗਾਤ ਰਾਹੀਂ ਹੀ ਸਾਂਝ ਨੇ ਅਗਲੀ ਉਡਾਣ ਭਰਨੀ ਹੈ। ਇਸ ਮੇਲੇ ਦਾ ਮਕਸਦ ਦੋਹਾਂ ਪਾਸਿਆਂ ਦੇ ਆਵਾਮ ਨੂੰ ਨੇੜੇ ਲਿਆਉਣਾ ਅਤੇ ਸਾਂਝ ਨੂੰ ਹੋਰ ਮਜ਼ਬੂਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਮੇਲੇ ਨੂੰ ਹੋਰ ਮੋਕਲਾ ਬਣਾਉਣ ਲਈ ਵੱਡੀ ਪੱਧਰ ਉਤੇ ਯਤਨ ਕੀਤੇ ਜਾ ਰਹੇ ਹਨ।



ਸੁਰ-ਤਾਲ: ਲਖਵਿੰਦਰ ਵਡਾਲੀ

ਇਸ ਸਮਾਗਮ ਮੌਕੇ ਦੋਵਾਂ ਮੁਲਕਾਂ ਦੇ ਨਾਮੀ ਫਿਲਮਸਾਜ਼ ਵੀ ਪੁੱਜੇ ਹੋਏ ਸਨ ਜਿਨ੍ਹਾਂ ਵਿਚ ਤਨੂਜਾ ਚੰਦਰਾ, ਬਿਜੌਇ ਨਾਂਬਿਆਰ, ਕੇਤਨ ਮਹਿਤਾ, ਖਾਲਿਦ ਮੁਹੰਮਦ, ਅਪਰਨਾ ਸੇਨ, ਮਹਿਰੀਨ ਜੱਬਾਰ, ਸਿਰਾਜ ਉਲ ਹੱਕ, ਸ਼ਹਿਬਾਜ਼ ਸਮਰ, ਤਿਗਮਾਂਗਸ਼ੂ ਧੂਲੀਆ ਆਦਿ ਮੁੱਖ ਸਨ। ਇਨ੍ਹਾਂ ਫਿਲਮਸਾਜ਼ਾਂ ਦੀਆਂ 12 ਲਘੂ ਫਿਲਮਾਂ ਇਸ ਵਾਰ ਅਗਸਤ ਵਿਚ ਦੋਹਾਂ ਮੁਲਕਾਂ ਦੇ ਆਜ਼ਾਦੀ ਦਿਹਾੜਿਆਂ ਮੌਕੇ ਦਿਖਾਈਆਂ ਜਾਣੀਆਂ ਹਨ। ਫਿਲਮਸਾਜ਼ ਕੇਤਨ ਮਹਿਤਾ ਵੱਲੋਂ ਤਿਆਰ ਫਿਲਮ 'ਟੋਭਾ ਟੇਕ ਸਿੰਘ' ਉਰਦੂ ਲੇਖਕ ਸਾਅਦਤ ਹਸਨ ਮੰਟੋ ਦੀ ਕਹਾਣੀ 'ਤੇ ਆਧਾਰਤ ਹੈ। ਇਸ ਕਹਾਣੀ ਦਾ ਪਿਛੋਕੜ 1947 ਦੀ ਵੰਡ ਹੈ। ਇਸ ਵਿਚ ਮੰਟੋ ਨੇ ਸਿਆਸਤਦਾਨਾਂ ਉਤੇ ਤਿੱਖਾ ਵਿਅੰਗ ਕੀਤਾ ਹੈ ਅਤੇ ਮਨੁੱਖਤਾ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਇਸ ਫਿਲਮ ਦਾ ਸ਼ੋਅ ਪਿਛਲੇ ਦਿਨੀਂ ਨਵੀਂ ਦਿੱਲੀ ਵਿਚ ਕੀਤਾ ਗਿਆ ਸੀ। ਫਿਲਮ ਵਿਚ ਮੁੱਖ ਕਿਰਦਾਰ ਪੰਕਜ ਕਪੂਰ ਨੇ ਨਿਭਾਇਆ ਹੈ ਅਤੇ ਕਿਰਦਾਰ ਵਿਚ ਰੂਹ ਭਰ ਦਿੱਤੀ ਹੈ। ਪਾਕਿਸਤਾਨੀ ਫਿਲਮਸਾਜ਼ਾਂ ਵੱਲੋਂ ਜਿਹੜੀਆਂ ਫਿਲਮਾਂ ਦਿਖਾਈਆਂ ਜਾਣਗੀਆਂ ਉਨ੍ਹਾਂ ਵਿਚ 'ਜੀਵਨ ਹਾਥੀ', 'ਦੋਬਾਰਾ', 'ਛੋਟੇ ਸ਼ਾਹ', ਲਾਲੋਲਾਲ ਡੋਟ ਕੌਮ, ਲਾਲ ਬੇਗਮ, ਸਾਰੀ ਰਾਤ ਆਦਿ ਸ਼ਾਮਲ ਹਨ।



ਪੈਰੀਂ ਜ਼ੁੰਬਿਸ਼: ਨਿਗਹਤ ਚੌਧਰੀ

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਅਪਰੈਲ 2016 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-214




***ਬਾਪੂ ਰਹਿੰਦਾ ਦੱਸਦਾ ਤੇ ਨਿੱਤ ਦੱਸੇ ਅਖਬਾਰ,
ਏਸ ਮੁਲਕ ਵਿਚ ਲੋਕ ਨੇ ਹੋਏ ਕਿੰਜ ਲਾਚਾਰ।
ਹੁਣ ਔਰੰਗੇ ਰਾਜ ਵਿਚ ਹੋਇਆ ਮੰਦੜਾ ਹਾਲ,
ਕੀ ਤੇਰੀ ਕੁਰਬਾਨੀ ਦਾ ਹਾਕਮ ਕਰਦੇ ਹਾਲ।
ਚੁੱਕੀ ਹੱਥ ਮਸ਼ਾਲ ਮੈਂ ਬੰਨ ਉਹੀ ਦਸਤਾਰ,
ਫੇਰ 'ਦਬੂੰਕਾਂ' ਬੀਜ ਦਊ ਕੋਈ ਭਗਤ ਸਿੰਘ ਸਰਦਾਰ।***

## ਕੈਪਸ਼ਨ ਮੁਕਾਬਲਾ-212



ਪਿੰਡ ਵਿਚ ਚੁੰਘਦੇ ਸੀ ਮੱਝਾਂ ਬੂਰੀਆਂ
ਲੈ ਆਈਆਂ ਪਰਦੇਸੀਂ ਖਿੱਚ ਮਜਬੂਰੀਆਂ।
ਬਾਲਟੀ ਨੂੰ ਛੱਡ ਵੱਸ ਗੈਲਨਾਂ ਦੇ ਪੈ ਗਏ
ਹੱਥੀਂ ਬਸ ਲਾਲ ਨੀਲੇ ਢੱਕਣ ਰਹਿ ਗਏ।
ਲੱਭੇ ਨਾ ਲੱਸੀ ਅੱਧ ਰਿੜਕੇ ਵੀ ਰਹਿ ਗਏ
ਬੋਹਲੀ ਤੇ ਛੇਲੜੇ ਯਾਦਾਂ ਵਿਚ ਪੈ ਗਏ।
ਗਾਂਵਾਂ ਦੁੱਧੀ ਦੌਲਤਪੁਰੀ ਭਾਲਦੇ ਮਲਾਈਆਂ
ਮੱਝਾਂ ਤਾਂ ਰਹਿ ਗਈਆਂ ਆਪਣੇ ਗਰਾਂਈਆਂ।
***-ਸਤਵਿੰਦਰ ਥਾਂਦੀ ਦੌਲਤਪੁਰੀਆ***

---

ਲਵੇਰੀਆਂ ਪਾਲੀਏ ਨਾਲ ਸ਼ੌਕ ਦੇ
ਨੁਹਾ ਕੇ ਤੇਲ ਲਗਾਈਏ।
ਪਿੰਡੇ ਉਤੋਂ ਤਿਲਕੇ ਮੱਖੀ
ਸ਼ੀਸ਼ੇ ਵਾਂਗ ਚਮਕਾਈਏ।
ਆਉਂਦਾ-ਜਾਂਦਾ ਸਿਫਤਾਂ ਕਰਦਾ
ਦੁੱਧਾਂ ਵਿਚ ਨਹਾਈਏ।
***-ਜਗਮੀਤ ਸਿੰਘ ਪੰਧੇਰ***

---

ਇਹ ਡੰਗਰਾਂ ਦਾ ਵਾੜਾ
ਸਾਰਾ ਟੱਬਰ ਲੱਗਾ ਆਹਰ 'ਤੇ।
ਕੋਈ ਗੋਹਾ ਹਟਾਵੇ
ਕੂੰਡ ਕਰੇ, ਕੋਈ ਦੇਵੇ ਕਾੜ੍ਹਾ।
ਕੋਈ ਸੁਆਣੀ ਚੋਵੇ ਧਾਰਾਂ
ਕੱਢ ਦਰੇੜਕਾ, ਪਾ ਮਧਾਣੀ
ਰਿੜਕਦੀ ਲੋਕ ਗੀਤ ਗਾਵੇ।
ਖਾਊ ਜਦ ਮੱਖਣ ਦਾ ਪੇੜਾ
ਉਸੇ ਵਿਹੜੇ ਦਾ ਗੁਣ ਗਾਊ।
ਨਫਰਤ ਨਹੀਂ ਸਾਨੂੰ
ਜੰਮੇ ਹਾਂ ਇਸੇ ਮਾਹੌਲ 'ਚ।
ਇਕ ਪਾਸੇ ਗਾਂ ਦੀ ਖੁਰਲੀ
ਦੂਜੇ ਪਾਸੇ ਚੁੱਲ੍ਹਾ।
ਨਾਲ ਹੀ ਦਲਾਨ, ਲਾਗੇ ਸੀ ਸੌਂਦੇ
ਲੁਤਫ ਸੀ ਇਸੇ ਜ਼ਿੰਦਗੀ 'ਚ
ਪਿੰਡ ਦੀਆਂ ਮੌਜ ਬਹਾਰਾਂ।

---

***-ਦਰਸ਼ਨਪਾਲ ਦੋਸਾਂਝ***

ਮੱਝਾਂ ਗਾਈਆਂ ਰੱਜਤ ਘਰ ਦੀ
ਘਰ ਦੀਆਂ ਲੋੜਾਂ ਪੂਰੀਆਂ ਕਰਦੀ
ਦੁਧ ਦਹੀਂ ਤੇ ਦਾਲ ਸਬਜ਼ੀਆਂ
ਨਹੀਂ ਰੌਣਕਾਂ ਪਿੰਡਾਂ ਵਰਗੀਆਂ
ਸ਼ਹਿਰਾਂ ਦੇ ਵਿਚ ਕੋਈ ਨਹੀਂ
ਮੰਗਿਆਂ ਆਟਾ ਦਿੰਦਾ ਉਧਾਰਾ
ਇਕ ਦੂਜੇ ਲਈ ਜਿੰਦ ਦੇ ਦਿੰਦੇ
ਨੂਰਪੁਰੀ ਪਿੰਡਾਂ ਵਰਗਾ ਨਹੀਂ ਭਾਈਚਾਰਾ
***-ਗੁਰਦਿਆਲ ਸਿੰਘ ਨੂਰਪੁਰੀ***

---

ਦੇਖ ਕੇ ਫੋਟੋ ਵਿਚ ਅਖਬਾਰ ਦੇ
ਯਾਦ ਜਾਜੇ ਦੀ ਆਈ।
ਮੱਝਾਂ, ਗਾਂਵਾਂ ਪਾਲ ਕੇ ਜਿਥੇ
ਕੀਤੀ ਸਖਤ ਕਮਾਈ।
ਜੀ ਕਰਦਾ ਪਲ ਛਿਣ ਵਿਚ
ਮੈਂ ਜਾਜੇ ਨੂੰ ਉਡ ਜਾਵਾਂ।
ਚੁੰਮ ਲਵਾਂ ਉਹ ਪਵਿੱਤਰ ਧਰਤੀ
ਮਿੱਟੀ ਚੁੱਕ ਮੱਥੇ ਨੂੰ ਲਾਵਾਂ।
***-ਰਾਮ ਕੁਮਾਰ ਐਸ਼ ਜਾਜਾ***

## ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹੇ ਜਾਂਦੇ ਅਖਬਾਰ

# 'ਪੰਜਾਬ ਟਾਈਮਜ਼' ਦੀ 16ਵੀਂ ਵਰ੍ਹੇਗੰਢ ਮੌਕੇ ਅਦਾਰਾ ਪੰਜਾਬ ਟਾਈਮਜ਼ ਅਤੇ ਪਾਠਕਾਂ ਨੂੰ ਦਿਲੀ ਵਧਾਈ



# OKKJI Transfer LLC.

15203 Stony Creek Way, Noblesville, IN, 46060

*We deliver quality*

OKKJI TRANSFER LLC.

**Ph: 317-776-8818 (Office)**
**Fax: 317-774-9665**
**Cell: 317-800-2976**
**dispatch.okkji@yahoo.com**

# ਲਾਵਾਰਸ ਹੋਈਆਂ ਪੰਜਾਬ ਦੀਆਂ ਪੇਂਡੂ ਸਿਹਤ ਸਹੂਲਤਾਂ

**ਚੰਡੀਗੜ੍ਹ:** ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸਿਹਤ ਸਹੂਲਤਾਂ ਲਾਵਾਰਸ ਹਨ। ਸਰਕਾਰ ਵੱਲੋਂ ਇਨ੍ਹਾਂ ਹਸਪਤਾਲਾਂ ਵਿਚ 24 ਘੰਟੇ ਸਿਹਤ ਸੇਵਾਵਾਂ ਦੇਣ ਦੇ ਦਾਅਵੇ ਕੀਤੇ ਸਨ, ਪਰ ਜ਼ਿਆਦਾਤਰ ਹਸਪਤਾਲ ਡਾਕਟਰਾਂ ਖੁਣੋਂ ਸੱਖਣੇ ਹਨ। ਸਿਹਤ ਵਿਭਾਗ ਦੇ 132 ਪ੍ਰਾਇਮਰੀ ਹੈਲਥ ਸੈਂਟਰਾਂ ਵਿਚੋਂ 35 ਵਿਚ ਡਾਕਟਰ ਨਹੀਂ ਹਨ ਅਤੇ ਨਰਸਾਂ ਹੀ ਮਰੀਜ਼ਾਂ ਦੀ ਮੈਡੀਕਲ ਜਾਂਚ ਕਰ ਰਹੀਆਂ ਹਨ, ਜਦੋਂਕਿ 14 ਹਸਪਤਾਲਾਂ ਵਿਚ ਡਾਕਟਰ ਤੇ ਨਰਸਾਂ ਵਿਚੋਂ ਕੋਈ ਵੀ ਤਾਇਨਾਤ ਨਹੀਂ ਕੀਤਾ ਗਿਆ ਹੈ।

ਹਸਪਤਾਲਾਂ 'ਚ 24 ਘੰਟੇ ਸੇਵਾਵਾਂ ਦੇ ਦਾਅਵੇ ਖੋਖਲੇ




ਸਿਹਤ ਵਿਭਾਗ ਦੇ ਨਿਯਮਾਂ ਮੁਤਾਬਕ 132 ਸੈਂਟਰਾਂ ਵਿਚ 24 ਘੰਟੇ ਸਿਹਤ ਸੇਵਾਵਾਂ ਦੇਣ ਲਈ 264 ਡਾਕਟਰਾਂ ਦੀ ਲੋੜ ਹੈ, ਪਰ ਸਿਰਫ 53 ਡਾਕਟਰਾਂ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ। ਇਨ੍ਹਾਂ ਸੈਂਟਰਾਂ ਵਿਚ ਤਾਇਨਾਤ 53 ਡਾਕਟਰਾਂ ਵਿਚੋਂ 36 ਮਹਿਲਾ ਅਤੇ 17 ਪੁਰਸ਼ ਮੈਡੀਕਲ ਅਫਸਰ ਹਨ। ਕੁੱਲ 132 ਸੈਂਟਰਾਂ ਵਿਚ 660 ਨਰਸਾਂ ਦੀਆਂ ਅਸਾਮੀਆਂ ਹਨ, ਪਰ 78 ਨਰਸਾਂ ਹੀ ਤਾਇਨਾਤ ਕੀਤੀਆਂ ਗਈਆਂ ਹਨ।

ਸਿਹਤ ਵਿਭਾਗ ਦੀ ਰਿਪੋਰਟ ਮੁਤਾਬਕ ਜ਼ਿਲ੍ਹਾ ਅੰਮ੍ਰਿਤਸਰ ਦੇ ਮੱਤੇਵਾਲ ਤੇ ਭਰੀਏਵਾਲ ਦੇ ਸੈਂਟਰ ਵਿਚ ਕੋਈ ਡਾਕਟਰ ਨਹੀਂ ਹੈ ਅਤੇ ਨਰਸਾਂ ਹੀ ਮਰੀਜ਼ ਦੇਖ ਰਹੀਆਂ ਹਨ। ਬਰਨਾਲਾ ਦੇ ਠੀਕਰੀਵਾਲ ਵਿਚ ਨਾ ਕੋਈ ਡਾਕਟਰ ਹੈ ਅਤੇ ਨਾ ਹੀ ਨਰਸਾਂ ਹਨ।

ਬਠਿੰਡਾ ਦੇ ਮਾਈਸਰਖਾਨੇ, ਜੋਧਪੁਰ ਪਾਖਰ ਅਤੇ ਲਹਿਰਾ ਮੁਹੱਬਤ ਦੇ ਸੈਂਟਰਾਂ ਵਿਚ ਸਿਰਫ ਨਰਸਾਂ ਹੀ ਹਨ ਜਦੋਂਕਿ ਬਾਂਦੀ ਅਤੇ ਬਦਿਆਲ ਸੁੰਨਾ ਪਿਆ ਹੈ। ਫਤਹਿਗੜ੍ਹ ਸਾਹਿਬ ਦੇ ਪਿੰਡ ਲਾਡਪੁਰ ਅਤੇ ਆਲੋਵਾਲ ਵਿਚ ਇਕ-ਇਕ ਨਰਸ ਤੇ ਡਾਕਟਰ ਕੰਮ ਚਲਾ ਰਹੇ ਹਨ। ਸਿਹਤ ਮੰਤਰੀ ਦੇ ਜ਼ਿਲ੍ਹਾ ਫਾਜ਼ਿਲਕਾ ਦੇ ਪਿੰਡ ਖੀਵੇਵਾਲੀ ਢਾਬ ਤੇ ਜੀਵਨ ਅਰਾਈਆਂ ਦੇ ਸੈਂਟਰ ਨਰਸਾਂ ਹਵਾਲੇ ਕੀਤੇ ਗਏ ਹਨ। ਫਿਰੋਜ਼ਪੁਰ ਦੇ ਕਸਬਾ ਸ੍ਰੀ ਹਰਗੋਬਿੰਦਪੁਰ ਦੇ ਸੈਂਟਰ ਵਿਚ ਇਕ ਨਰਸ ਹੈ ਜਦੋਂਕਿ ਪਿੰਡ ਧਰਮਕੋਟ ਦਾ ਸੈਂਟਰ ਖਾਲੀ ਪਿਆ ਹੈ।

ਹੁਸ਼ਿਆਰਪੁਰ ਦੇ ਪਿੰਡ ਬਾਦਲਾ, ਬੁਲ੍ਹੋਵਾਲ, ਜੱਲੋਵਾਲ, ਮਿਆਣੀ, ਜੇਜੋਂ ਤੇ ਮਹਿਲਾਂਵਾਲੀ ਦੇ ਸੈਂਟਰਾਂ ਵਿਚ ਵੀ ਨਰਸਾਂ ਹੀ ਲਾਈਆਂ ਗਈਆਂ ਹਨ। ਜਲੰਧਰ ਦੇ ਪਿੰਡ ਰੂਪੇਵਾਲੀ, ਦੁਸਾਂਝ ਕਲਾਂ, ਡਰੋਲੀ ਕਲਾਂ, ਤਲਵਣ, ਰਾਏਪੁਰ ਕਲਾਂ, ਫਰਾਲਾ, ਰੁੜਕਾ ਕਲਾਂ, ਮੌ ਸਾਹਿਬ, ਅਰਜਨਵਾਲਾ ਅਤੇ ਸੁਮੇਰ ਵਿਚੋਂ ਚਾਰ ਵਿਚ ਇਕ ਡਾਕਟਰ ਅਤੇ ਛੇ ਵਿਚ ਨਰਸਾਂ ਤਾਇਨਾਤ ਹਨ। ਕਪੂਰਥਲਾ ਦੇ ਪਿੰਡ ਮਕਸੂਦਾਂ, ਕਬੀਰਪੁਰ ਦੇ ਸੈਂਟਰ ਬਗੈਰ ਡਾਕਟਰ ਤੋਂ ਚੱਲ ਰਹੇ ਹਨ।

ਮਾਨਸਾ ਦਾ ਪਿੰਡ ਉਭਾ, ਦੌੜਕੀਆਂ, ਪਾਪੜੇ ਭਾਈਕੇ ਅਤੇ ਕਲਰੀਆ ਵਿਚ ਵੀ ਡਾਕਟਰਾਂ ਦੀ ਤੋਟ ਹੈ ਅਤੇ ਸਟਾਫ ਨਰਸਾਂ ਕੰਮ ਚਲਾ ਰਹੀਆਂ ਹਨ। ਮੋਗਾ ਦੇ ਪਿੰਡ ਬਿਲਾਸਪੁਰ, ਲੋਪੋ, ਸੁੱਖਾਨੰਦ ਅਤੇ ਮਲੀਆਂਵਾਲਾ ਵਿਚ ਵੀ ਨਰਸਾਂ ਹੀ ਤਾਇਨਾਤ ਹਨ। ਮੁਹਾਲੀ ਦੇ ਪਿੰਡ ਬਸੌਲੀ ਅਤੇ ਅਲਪਵਾਲਾ ਵਿਚ ਵੀ ਦੋ-ਦੋ ਨਰਸਾਂ ਲਗਾ ਰੱਖੀਆਂ ਹਨ। ਨਵਾਂ ਸ਼ਹਿਰ ਦੇ ਮਸ਼ਹੂਰ ਪਿੰਡ ਖਟਕੜਕਲਾਂ ਵਿਚ ਇਕ ਡਾਕਟਰ ਅਤੇ ਦੋ ਨਰਸਾਂ ਹਨ ਜਦੋਂਕਿ ਕਮਾਮ, ਸਾਹਿਬਾ ਅਤੇ ਮੁਜ਼ੱਫਰਪਰ ਨੂੰ ਡਾਕਟਰ ਅਤੇ ਨਰਸ ਦੋਹਾਂ ਦੀ ਉਡੀਕ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹਾ ਮੁਕਤਸਰ ਦੇ ਪਿੰਡ ਕਾਲੀਆਂਆਲ, ਸਿੰਘਵਾਲਾ ਅਤੇ ਭਾਈਕਾਖੇੜਾ ਦੇ ਸੈਂਟਰਾਂ ਦੀ ਚਾਬੀ ਵੀ ਸਟਾਫ ਨਰਸਾਂ ਦੇ ਹੱਥ ਹੈ। ਪਟਿਆਲਾ ਦੇ ਪਿੰਡ ਜੋਗਪੁਰ, ਖੇੜਾ ਗੱਜੂ ਅਤੇ ਟੌਹੜਾ ਵਿਚ ਇਕ ਡਾਕਟਰ ਅਤੇ ਇਕ-ਇਕ ਨਰਸ ਕੰਮ ਕਰ ਰਹੀ ਹੈ। ਪਿੰਡ ਕਤਰਾਲਾ ਦੀ ਵਾਂਗਡੋਰ ਸਿਰਫ ਦੋ ਨਰਸਾਂ ਦੇ ਹੱਥ ਹੈ। ਗੱਜੂਮਾਜਰਾ ਦੇ ਸੈਂਟਰ ਨੂੰ ਇਕ ਨਰਸ ਚਲਾ ਰਹੀ ਹੈ। ਪਠਾਨਕੋਟ ਦੇ ਪਿੰਡ ਤਾਰਾਗੜ੍ਹ, ਬਨਿਆਲ ਅਤੇ ਦਨੇਰਾ ਵਿਚ ਵੀ ਦੋ-ਦੋ ਨਰਸਾਂ ਹੀ ਕੰਮ ਚਲਾ ਰਹੀਆਂ ਹਨ। ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਵਿਭਾਗ ਦਾ ਚਾਰਜ ਲੈਣ ਤੋਂ ਬਾਅਦ ਕਾਫੀ ਸੁਧਾਰ ਕੀਤਾ ਹੈ ਅਤੇ ਡਾਕਟਰਾਂ ਦੀ ਘਾਟ ਪੂਰੀ ਕਰਨ ਲਈ ਪੰਜ ਸੌ ਹੋਰ ਅਸਾਮੀਆਂ ਕੱਢੀਆਂ ਜਾ ਰਹੀਆਂ ਹਨ।

# ਸਾਬਕਾ ਆਈ.ਏ.ਐਸ. ਅਫਸਰ ਗੁਰਤੇਜ ਸਿੰਘ ਵਿਵਾਦਾਂ ਵਿਚ ਘਿਰੇ

**ਸਿਡਨੀ (ਬਿਊਰੋ):** ਸਾਬਕਾ ਆਈ. ਏ. ਐਸ. ਅਫਸਰ ਗੁਰਤੇਜ ਸਿੰਘ ਜੋ ਆਸਟਰੇਲੀਆ ਵਿਚ ਵਰਲਡ ਸਿੱਖ ਕਾਨਫਰੰਸ ਵਿਚ ਹਿੱਸਾ ਲੈਣ ਆਏ ਹੋਏ ਹਨ, ਵਿਵਾਦਾਂ ਵਿਚ ਘਿਰ ਗਏ ਹਨ। ਇਹ ਵਿਵਾਦ ਉਨ੍ਹਾਂ ਵੱਲੋਂ ਦਸਮ ਗ੍ਰੰਥ ਬਾਰੇ ਕੀਤੀਆਂ ਟਿੱਪਣੀ ਤੋਂ ਬਾਅਦ ਸ਼ੁਰੂ ਹੋਇਆ।

ਜਾਣਕਾਰੀ ਅਨੁਸਾਰ ਇਹ ਘਟਨਾ ਸਿਡਨੀ ਦੇ ਗੁਰਦੁਆਰਾ ਗਲੈਨਵੁੱਡ ਵਿਚ 20 ਮਾਰਚ ਨੂੰ ਕਰਵਾਏ ਗਏ ਇਕ ਸਮਾਗਮ ਮੌਕੇ ਹੋਈ। ਸ. ਗੁਰਤੇਜ ਸਿੰਘ ਜਦੋਂ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ ਤਾਂ ਉਨ੍ਹਾਂ ਚੌਪਈ ਸਾਹਿਬ ਅਤੇ ਦਸਮ ਗ੍ਰੰਥ ਬਾਰੇ ਕੁਝ ਟਿੱਪਣੀਆਂ ਕੀਤੀਆਂ। ਉਨ੍ਹਾਂ ਅੰਮ੍ਰਿਤ ਸੰਚਾਰ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਪੜ੍ਹੀਆਂ ਬਾਣੀਆਂ ਬਾਰੇ ਵੀ ਕੁਝ ਟਿੱਪਣੀਆਂ ਕੀਤੀਆਂ। ਚਸ਼ਮਦੀਦ ਗਵਾਹਾਂ ਅਨੁਸਾਰ ਸੰਗਤ ਵੱਲੋਂ ਉਨ੍ਹਾਂ ਨੂੰ ਅਜਿਹੀਆਂ ਵਿਵਾਦਪੂਰਨ ਟਿੱਪਣੀਆਂ ਬਾਰੇ ਪਹਿਲਾਂ ਵੀ ਕਈ ਵਾਰ ਚਿਤਾਵਨੀ ਦਿੱਤੀ ਜਾ ਚੁੱਕੀ ਹੈ।

ਕਮੇਟੀ ਮੈਂਬਰ ਕਿਰਤ ਕੌਰ ਅਨੁਸਾਰ, ਮੌਕੇ 'ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੂੰ ਦਖਲ ਦੇ ਕੇ ਸ. ਗੁਰਤੇਜ ਸਿੰਘ ਨੂੰ ਰੋਕਣ ਲਈ ਬੇਨਤੀ ਕੀਤੀ ਗਈ, ਪਰ ਪ੍ਰਬੰਧਕਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਬਾਅਦ ਸੰਗਤ ਵਿਚੋਂ ਕੋਈ ਇਕ ਜਣਾ ਉਠ ਕੇ ਸ. ਗੁਰਤੇਜ ਸਿੰਘ ਵੱਲ ਵਧਿਆ ਅਤੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਸ. ਗੁਰਤੇਜ ਸਿੰਘ ਦੇ ਹਮਾਇਤੀ ਵੀ ਉਠ ਖੜ੍ਹੇ ਹੋਏ। ਸਿੱਟੇ ਵਜੋਂ ਤਕਰਾਰ ਵਧਦਾ-ਵਧਦਾ ਲੜਾਈ ਤੱਕ ਪਹੁੰਚ ਗਿਆ। ਇਸ ਦੌਰਾਨ ਕਈ ਸਿੱਖਾਂ ਦੀਆਂ ਦਸਤਾਰਾਂ ਵੀ ਲਹਿ ਗਈਆਂ।

ਇਸ ਸਮਾਗਮ ਵਿਚ ਡਾ. ਗੁਰਦਰਸ਼ਨ ਸਿੰਘ ਢਿੱਲੋਂ ਵੀ ਪੁੱਜੇ ਹੋਏ ਸਨ। ਉਂਜ ਉਨ੍ਹਾਂ ਸਮਾਗਮ ਨੂੰ ਸੰਬੋਧਨ ਨਹੀਂ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਸਿਡਨੀ ਵਿਚ ਹੋਏ ਇਕ ਹੋਰ ਸਮਾਗਮ ਵਿਚ ਹਿੱਸਾ ਲਿਆ ਸੀ ਅਤੇ ਉਸ ਸਮਾਗਮ ਵਿਚ ਸ. ਗੁਰਤੇਜ ਸਿੰਘ ਵਾਂਗ ਹੀ ਉਨ੍ਹਾਂ (ਡਾ. ਗੁਰਦਰਸ਼ਨ ਸਿੰਘ ਢਿੱਲੋਂ) ਨਾਲ ਵੀ ਤਕਰਾਰ ਹੋ ਗਿਆ ਸੀ।




ਗੁਰਤੇਜ ਸਿੰਘ

ਇਸੇ ਦੌਰਾਨ ਸਿਡਨੀ ਦੀ ਸੰਗਤ ਨੇ ਸ. ਗੁਰਤੇਜ ਸਿੰਘ ਅਤੇ ਸਾਥੀਆਂ ਵੱਲੋਂ ਗੁਰੂ ਘਰ ਵਿਚ ਕੀਤੀ ਹੱਥੋਪਾਈ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਜੇ ਉਹ ਵਿਵਾਦ ਵਾਲਾ ਮਸਲਾ ਛੂੰਹਦੇ ਹੀ ਨਾ, ਤਾਂ ਕੋਈ ਰੱਫੜ ਨਹੀਂ ਸੀ ਪੈਣਾ।

# ਵਲਾਇਤੀਆਂ 'ਤੇ ਲਟਕੀ ਤਲਵਾਰ

**ਲੰਡਨ:** ਇੰਗਲੈਂਡ ਵਿਚ ਰਹਿੰਦੇ ਹਜ਼ਾਰਾਂ ਭਾਰਤੀਆਂ ਉਤੇ ਸਰਕਾਰ ਦਾ ਇਕ ਫੈਸਲਾ ਭਾਰੂ ਪੈ ਸਕਦਾ ਹੈ। ਸਰਕਾਰ ਦੇ ਨਵੇਂ ਕਾਨੂੰਨ ਮੁਤਾਬਕ ਟਾਈਰ-2 ਵੀਜ਼ੇ ਵਾਲੇ ਉਹ ਲੋਕ ਵਾਪਸ ਭੇਜੇ ਜਾਣਗੇ ਜਿਨ੍ਹਾਂ ਦੀ ਤਨਖਾਹ 35,000 ਪੌਂਡ ਤੋਂ ਘੱਟ ਹੋਵੇਗੀ। ਇੰਗਲੈਂਡ ਸਰਕਾਰ ਨੇ 2012 ਦੇ ਕਾਨੂੰਨ ਵਿਚ ਬਦਲਾਅ ਕਰਦਿਆਂ ਇਹ ਫੈਸਲਾ ਲਿਆ ਹੈ। ਨਵੇਂ ਕਾਨੂੰਨ



ਤਹਿਤ ਕੰਮ ਵਾਲੇ ਵੀਜ਼ੇ ਤੇ ਪੱਕੀ ਰਿਹਾਇਸ਼ ਵਿਚ ਫਰਕ ਰੱਖਿਆ ਗਿਆ ਹੈ। ਨਵੇਂ ਕਾਨੂੰਨ ਸਾਲ 2011 ਤੋਂ ਆਏ ਪਰਵਾਸੀਆਂ 'ਤੇ ਲਾਗੂ ਹੋਣਗੇ। ਉਨ੍ਹਾਂ ਕਿਹਾ ਕਿ ਇਸ ਬਾਰੇ ਸਾਰੇ ਲੋਕਾਂ ਨੂੰ ਸੂਚਿਤ ਕਰ ਦਿੱਤਾ ਹੈ।

ਇਸ ਕੈਟਾਗਿਰੀ ਵਿਚ ਸਭ ਤੋਂ ਵੱਧ ਭਾਰਤੀ ਕਿੱਤਕਾਰੀ ਹੀ ਆਉਂਦੇ ਹਨ ਤੇ ਭਾਰਤੀ ਦਾ ਹੀ ਇਸ ਨਵੇਂ ਕਾਨੂੰਨ ਨਾਲ ਸਭ ਤੋਂ ਵੱਧ ਨੁਕਸਾਨ ਹੋਵੇਗਾ। ਇੰਗਲੈਂਡ ਦੇ ਅੰਕੜਾ ਵਿਭਾਗ ਮੁਤਾਬਕ ਸਰਕਾਰ ਨੇ 2014-15 ਵਿਚ 55,589 ਟਾਇਰ-2 ਵੀਜ਼ੇ ਦਿੱਤੇ ਗਏ ਹਨ, ਇਨ੍ਹਾਂ ਵਿਚੋਂ 78 ਫੀਸਦੀ ਭਾਰਤੀ ਹਨ। ਇਸ ਨਵੇਂ ਕਾਨੂੰਨ 'ਤੇ ਭਾਰਤ ਦੇ ਇਕ ਮਾਰਕਟਿੰਗ ਸਹਾਇਕ ਨੇ ਕਿਹਾ ਹੈ ਕਿ ਲੰਡਨ ਉਸ ਦਾ ਘਰ ਹੈ। ਉਹ ਸਖਤ ਮਿਹਨਤ ਕਰ ਰਿਹਾ ਹੈ ਤਾਂ ਕਿ ਉਸ ਦੇ ਪਰਿਵਾਰ ਦਾ ਜੀਵਨ ਸੁਧਰੇ। ਉਨ੍ਹਾਂ ਕਿਹਾ ਕਿ ਉਹ ਕਰਦਾਤਾ ਹਨ, ਪਰ ਇਸ ਨਵੇਂ ਇਮੀਗਰੇਸ਼ਨ ਕਾਨੂੰਨ ਨੇ ਉਨ੍ਹਾਂ ਸਾਹਮਣੇ ਸੰਕਟ ਖੜ੍ਹਾ ਕਰ ਦਿੱਤਾ ਹੈ।

# ਆਕਸਫੋਰਡ ਦੇ ਪ੍ਰੋਫੈਸਰ ਨੇ ਗਣਿਤ ਦੀ 300 ਸਾਲ ਦੀ ਸੁਲਝਾਈ ਗੁੱਥੀ

**ਲੰਡਨ :** ਆਕਸਫੋਰਡ ਦੇ ਇਕ ਪ੍ਰੋਫੈਸਰ ਨੇ 300 ਸਾਲ ਤੋਂ ਅਣਸੁਲਝੀ ਗਣਿਤ ਦੀ ਥਿਊਰਮ ਨੂੰ ਹੱਲ ਕਰ ਦਿੱਤਾ ਹੈ। ਅਕਾਦਮਿਕ ਨੇ ਇਸ ਨੂੰ ਇਕ ਅਭੁੱਲ ਪਲ ਦੱਸਿਆ ਹੈ। ਪ੍ਰੋਫੈਸਰ ਐਂਡਰਿਊ ਵਾਈਲਸ ਨੇ ਇਸ ਨੂੰ ਹੱਲ ਕਰਕੇ ਪੰਜ ਲੱਖ ਪੌਂਡ (ਤਕਰੀਬਨ 4.74 ਕਰੋੜ ਰੁਪਏ) ਦਾ ਪੁਰਸਕਾਰ ਜਿੱਤਿਆ ਹੈ।

ਫਗਮਾ ਦੀ ਲਾਸਟ ਥਿਊਰਮ ਨੂੰ ਪਰੂਫ ਕਰਕੇ ਉਨ੍ਹਾਂ ਨੇ ਨਾਰਵੇਜੀਅਨ ਅਕੈਡਮੀ ਆਫ ਸਾਇੰਸ ਐਂਡ ਲੈਟਰਸ ਦਾ ਅਬੇਲ ਪੁਰਸਕਾਰ ਜਿੱਤਿਆ ਹੈ। 62 ਸਾਲਾ ਵਾਈਲਸ ਨੂੰ ਮਈ ਵਿਚ ਨਾਰਵੇ ਦੇ ਰਾਜ ਕੁਮਾਰ ਹਾਕੋਨ 60 ਲੱਖ ਯੇਨ (ਤਕਰੀਬਨ ਪੰਜ ਲੱਖ ਪੌਂਡ) ਦਾ ਚੈੱਕ ਪ੍ਰਦਾਨ ਕਰਨਗੇ। ਕੈਂਬਰਿਜ ਵਿਚ ਜੰਮੇ ਵਾਈਲਸ ਨੇ ਪ੍ਰਿੰਸਟਨ ਵਿਚ ਕੰਮ ਕਰਨ ਦੌਰਾਨ ਇਸ ਗੁੱਥੀ ਨੂੰ ਸੁਲਝਾਇਆ ਸੀ। ਫਰਾਂਸਿਸ ਗਣਿਤ ਪੀਅਰੇ ਦਿ ਫਗਮਾ ਨੇ 1637 ਵਿਚ ਇਹ ਥਿਊਰਮ ਤਿਆਰ ਕੀਤੀ ਸੀ।

ਇਸ ਥਿਊਰਮ ਮੁਤਾਬਕ ਐਕਸਐਨ ਪਲਸ ਵਾਈਐਨ ਇਜ਼ ਇਕਵਲ ਟੂ ਜੈਡਐਨ। ਇਸ ਸਮੀਕਰਨ ਦਾ ਹੱਲ ਘੱਟ ਗਿਣਤੀ ਵਿਚ ਨਹੀਂ ਹੈ। ਅਕੈਡਮੀ ਮੁਤਾਬਕ ਵਾਈਲਸ ਨੇ ਇਸ ਨੂੰ ਪਰੂਫ ਕਰਕੇ ਨੰਬਰ ਥਿਊਰੀ ਵਿਚ ਇਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ। ਵਾਈਲਸ ਨੇ ਕਿਹਾ ਕਿ ਫਗਮਾ ਦੇ ਸਮੀਕਰਨ ਨੂੰ ਲੈ ਕੇ ਘੱਟ ਉਮਰ ਤੋਂ ਹੀ ਉਨ੍ਹਾਂ ਵਿਚ ਇਕ ਜਾਨੂੰਨ ਸੀ ਤੇ ਇਸ ਨੂੰ ਹੱਲ ਕਰਨ 'ਤੇ ਵਧੇਰੇ ਸੰਤੁਸ਼ਟੀ ਮਿਲੀ ਹੈ। ਅਬੇਲ ਪੁਰਸਕਾਰ 2002 ਵਿਚ ਨਾਰਵੇ ਦੇ ਗਣਿਤ ਨੀਲਸ ਹੇਨਰਿਕ ਅਬੇਲ ਦੇ ਨਾਂ ਉਤੇ ਸ਼ੁਰੂ ਕੀਤੀ ਗਈ।

# ਮਾਮੂਲੀ ਤਕਰਾਰ ਪਿੱਛੋਂ ਫੌਜੀ ਹੱਥੋਂ ਪਿਓ-ਪੁੱਤ ਦੀ ਹੱਤਿਆ

**ਬਟਾਲਾ:** ਨੇੜਲੇ ਪਿੰਡ ਬਸੰਤ ਕੋਟ ਵਿਚ ਪਸ਼ੂਆਂ ਲਈ ਬਣਾਏ ਜਾ ਰਹੇ ਸ਼ੈੱਡ ਦੇ ਲੈਂਟਰ ਦਾ ਵਧਾਅ ਰੱਖਣ ਕਰ ਕੇ ਹੋਏ ਤਕਰਾਰ ਦੌਰਾਨ ਗੁਆਂਢੀ ਸਾਬਕਾ ਫੌਜੀ ਵੱਲੋਂ ਪਿਉ-ਪੁੱਤਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਪੁਲਿਸ ਮੁਤਾਬਕ ਦੋਧੀ ਹੀਰਾ ਸਿੰਘ (50) ਪੁੱਤਰ ਬਿਸ਼ਨ ਸਿੰਘ ਆਪਣੇ ਇਕਲੌਤੇ ਪੁੱਤਰ ਦਿਲਬਾਗ ਸਿੰਘ ਸਮੇਤ ਸ਼ੈੱਡ ਬਣਾ ਰਿਹਾ ਸੀ। ਇਸ ਸ਼ੈੱਡ ਦੇ ਪਿਛੋਂ ਦੀ ਲੰਘਦੇ ਗੰਦੇ ਪਾਣੀ ਦੇ ਨਾਲੇ ਦੇ ਨਾਲ ਸਾਬਕਾ ਫੌਜੀ ਨਿਰਮਲ ਸਿੰਘ ਦਾ ਘਰ ਤੇ ਪਸ਼ੂਆਂ ਵਾਲੀ ਹਵੇਲੀ ਸੀ। ਲੈਂਟਰ ਦੇ ਵਾਧੇ ਨੂੰ ਲੈ ਕੇ ਨਿਰਮਲ ਸਿੰਘ ਦਾ ਦੋਧੀ ਹੀਰਾ ਸਿੰਘ ਨਾਲ ਤਕਰਾਰ ਹੋ ਗਿਆ ਤੇ ਦੇਖਦਿਆਂ-ਦੇਖਦਿਆਂ ਹੀ ਸਾਬਕਾ ਫੌਜੀ ਨੇ ਹੀਰਾ ਸਿੰਘ ਦੇ ਗੋਲੀਆਂ ਮਾਰ ਦਿੱਤੀਆਂ। ਆਪਣੇ ਪਿਤਾ ਨੂੰ ਗੋਲੀ ਨਾਲ ਵਿੰਨ੍ਹਿਆ ਦੇਖ ਕੇ ਜਦੋਂ ਉਸ ਦਾ ਇਕਲੌਤਾ ਪੁੱਤਰ ਦਿਲਬਾਗ ਸਿੰਘ (30) ਵੀ ਭੱਜ ਕੇ ਅੱਗੇ ਆਇਆ ਤਾਂ ਉਕਤ ਵਿਅਕਤੀ ਨੇ ਉਸ ਦੇ ਵੀ ਗੋਲੀਆਂ ਮਾਰ ਦਿੱਤੀਆਂ। ਪਿਉ-ਪੁੱਤ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਸਰਦਾਰਾਂ ਬਾਰੇ ਚੁਟਕਲਿਆਂ ਉਤੇ ਸੁਪਰੀਮ ਕੋਰਟ ਹੋਈ ਸਖਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਹਿਮ ਆਦੇਸ਼ ਦਿੰਦਿਆਂ ਆਖਿਆ ਹੈ ਕਿ ਹੁਣ ਚੁਟਕਲਿਆਂ ਰਾਹੀਂ ਸਰਦਾਰਾਂ ਦਾ ਮਜ਼ਾਕ ਨਹੀਂ ਉਡਾਇਆ ਜਾਵੇਗਾ। ਇਸ ਬਾਰੇ ਸੁਪਰੀਮ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਟੀਸ਼ਨ ਉੱਤੇ ਗੌਰ ਕਰਦਿਆਂ ਭਰੋਸਾ ਦਿੱਤਾ ਹੈ ਕਿ ਸਰਦਾਰਾਂ ਉਤੇ ਬਣਨ ਵਾਲੇ ਚੁਟਕਲਿਆਂ ਦਾ ਵਪਾਰੀਕਰਨ ਨਹੀਂ ਹੋਵੇਗਾ।



ਅਦਾਲਤ ਨੇ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਇਹ ਭਰੋਸਾ ਦਿੱਤਾ ਹੈ। ਇਸ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਕ ਹੋਰ ਜਨਹਿੱਤ ਪਟੀਸ਼ਨ ਇਸ ਮੁੱਦੇ ਉਤੇ ਸੁਪਰੀਮ ਕੋਰਟ ਵਿਚ ਦਾਖਲ ਕੀਤੀ ਜਾ ਚੁੱਕੀ ਹੈ। ਪਟੀਸ਼ਨ ਵਿਚ ਵੱਖ-ਵੱਖ ਵੈੱਬਸਾਈਟਾਂ ਤੇ ਫਿਲਮਾਂ ਰਾਹੀਂ ਸਿੱਖਾਂ ਦੇ ਉਡਾਏ ਜਾਂਦੇ ਮਜ਼ਾਕ 'ਤੇ ਤੁਰਤ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਸੀ। ਸੁਪਰੀਮ ਕੋਰਟ ਪਹਿਲਾਂ ਹੀ ਸਿੱਖ ਸੰਸਥਾਵਾਂ ਨੂੰ ਚੁਟਕਲਿਆਂ ਉਤੇ ਪਾਬੰਦੀ ਕਿਸ ਤਰ੍ਹਾਂ ਲਾਈ ਜਾ ਸਕਦੀ ਹੈ, ਬਾਰੇ ਸੁਝਾਅ ਦੇਣ ਲਈ ਆਖ ਚੁੱਕਾ ਹੈ। ਸ਼੍ਰੋਮਣੀ ਕਮੇਟੀ ਦੇ ਵਕੀਲ ਕਮਲਦੀਪ ਸਿੰਘ ਗੁਲਾਟੀ ਨੇ ਆਖਿਆ ਕਿ ਚੁਟਕਲਿਆਂ ਰਾਹੀਂ ਸਿੱਖਾਂ ਦਾ ਗਲਤ ਕਿਰਦਾਰ ਲੋਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਇਸ ਮੁੱਦੇ ਉਤੇ ਹੁਣ ਅਗਲੀ ਸੁਣਵਾਈ 14 ਅਪਰੈਲ ਨੂੰ ਹੋਵੇਗੀ।

# ਇਰਾਕ ਬੰਦੀਆਂ ਬਾਰੇ ਸੁਸ਼ਮਾ ਦੇ ਭਰੋਸਿਆਂ 'ਤੇ ਸਵਾਲ

**ਚੰਡੀਗੜ੍ਹ:** ਇਰਾਕ ਵਿਚ ਆਈ.ਐਸ. ਅਤਿਵਾਦੀਆਂ ਵੱਲੋਂ ਬੰਦੀ ਬਣਾਏ ਗਏ 39 ਪੰਜਾਬੀਆਂ ਦੇ ਜ਼ਿੰਦਾ ਹੋਣ ਬਾਰੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਵਾਰ-ਵਾਰ ਦਿੱਤੇ ਜਾ ਰਹੇ ਭਰੋਸਿਆਂ ਉਤੇ ਸਵਾਲ ਉੱਠੇ ਹਨ। ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਇਹ ਕਹਿ ਕਿ ਸੂਚਨਾ ਜਨਤਕ ਕਰਨ ਦੀ ਚੁਣੌਤੀ ਦਿੱਤੀ ਹੈ।



ਇਸ ਮੌਕੇ ਉਨ੍ਹਾਂ ਨਾਲ ਇਰਾਕ ਵਿਚੋਂ ਜ਼ਿੰਦਾ ਵਾਪਸ ਪਰਤੇ ਹਰਜੀਤ ਮਸੀਹ ਵੀ ਸਨ। ਉਨ੍ਹਾਂ ਕਿਹਾ ਕਿ ਨਰੇਂਦਰ ਮੋਦੀ ਸਰਕਾਰ ਤੇ ਸੁਸ਼ਮਾ ਸਵਰਾਜ ਲਗਾਤਾਰ ਉਨ੍ਹਾਂ ਪਰਿਵਾਰਾਂ ਨੂੰ ਗੁੰਮਰਾਹ ਕਰ ਰਹੇ ਹਨ ਜਿਨ੍ਹਾਂ ਬਾਰੇ ਹਰਜੀਤ ਮਸੀਹ ਮਰਨ ਦੀ ਗੱਲ ਕਹਿ ਰਿਹਾ ਹੈ।

ਉਨ੍ਹਾਂ ਕਿਹਾ ਕਿ ਹਰਜੀਤ ਮਸੀਹ ਸਰਕਾਰ ਨੂੰ ਸਭ ਕੁਝ ਦੱਸ ਚੁੱਕਾ ਹੈ, ਪਰ ਸਰਕਾਰ ਉਸ 'ਤੇ ਹਮੇਸ਼ਾਂ ਝੂਠ ਬੋਲਣ ਦਾ ਦਬਾਅ ਬਣਾਉਂਦੀ ਰਹੀ ਹੈ। ਹਰਜੀਤ ਮਸੀਹ ਨੇ ਕਿਹਾ ਕਿ ਉਹ ਆਪਣੇ ਬਿਆਨ 'ਤੇ ਪੂਰੀ ਤਰ੍ਹਾਂ ਖੜ੍ਹਾ ਹੈ ਤੇ ਇਹ ਸੱਚ ਹੈ ਕਿ ਇਰਾਕ ਦੀ ਅਗਵਾ ਦੀ ਘਟਨਾ ਵਿਚ ਸਾਰੇ ਭਾਰਤੀ ਮਾਰ ਦਿੱਤੇ ਹਨ। ਭਾਰਤੀ ਏਜੰਸੀਆਂ ਇਸ ਮਸਲੇ ਪ੍ਰਤੀ ਗੰਭੀਰ ਨਹੀਂ। ਸ਼ਾਇਦ ਇਸੇ ਲਈ ਹੀ ਹੁਣ ਤੱਕ ਕਿਸੇ ਪੁਖਤਾ ਨਤੀਜੇ 'ਤੇ ਪੁੱਜਿਆ ਨਹੀਂ ਗਿਆ ਹੈ।

# ਨੌਜਵਾਨਾਂ ਨੇ ਤਕਨੀਕੀ ਸਿੱਖਿਆ ਤੋਂ ਮੂੰਹ ਮੋੜਿਆ

**ਚੰਡੀਗੜ੍ਹ:** ਪੰਜਾਬ ਵਿਚ ਤਕਨੀਕੀ ਸਿੱਖਿਆ ਲਗਾਤਾਰ ਨਿਘਾਰ ਵੱਲ ਜਾ ਰਹੀ ਹੈ। ਸੂਬੇ ਦੇ 181 ਇੰਜੀਨੀਅਰਿੰਗ ਕਾਲਜਾਂ ਤੇ 192 ਤਕਨੀਕੀ ਸਿੱਖਿਆ ਸੰਸਥਾਵਾਂ ਵਿੱਚ ਵੱਖ-ਵੱਖ ਕਿੱਤਾ ਮੁਖੀ ਕੋਰਸਾਂ ਦੀਆਂ ਅੱਧ ਤੋਂ ਵੱਧ ਸੀਟਾਂ ਖਾਲੀ ਰਹਿ ਗਈਆਂ।

ਮਿਲੇ ਅੰਕੜਿਆਂ ਅਨੁਸਾਰ ਸੂਬੇ ਦੀਆਂ ਸਰਕਾਰੀ ਖੇਤਰ ਦੀਆਂ ਦੋਵੇਂ ਤਕਨੀਕੀ ਯੂਨੀਵਰਸਿਟੀਆਂ, ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਬੋਰਡ ਨਾਲ ਸਬੰਧਤ ਇਨ੍ਹਾਂ ਸੰਸਥਾਵਾਂ ਵਿਚ ਵੱਖ-ਵੱਖ ਤਕਨੀਕੀ ਕੋਰਸਾਂ ਦੀਆਂ ਤਕਰੀਬਨ ਇਕ ਲੱਖ ਸੀਟਾਂ ਵਿਚੋਂ 66 ਹਜ਼ਾਰ ਸੀਟਾਂ ਵਿਦਿਆਰਥੀਆਂ ਵੱਲੋਂ ਦਾਖਲੇ ਲਈ ਰੁਚੀ ਨਾ ਦਿਖਾਉਣ ਕਾਰਨ ਖਾਲੀ ਰਹਿ ਗਈਆਂ ਹਨ ਜਦੋਂਕਿ ਨਿੱਜੀ ਯੂਨੀਵਰਸਿਟੀਆਂ ਵਿਚ ਖਾਲੀ ਸੀਟਾਂ ਦੀ ਗਿਣਤੀ ਇਸ ਤੋਂ ਵੱਖਰੀ ਹੈ।

ਕੋਈ ਸਮਾਂ ਸੀ ਜਦੋਂ ਤਕਨੀਕੀ ਸਿੱਖਿਆ ਸੰਸਥਾਵਾਂ ਵਿਚ ਦਾਖਲਾ ਲੈਣ ਲਈ ਮਾਰੋ-ਮਾਰੀ ਹੁੰਦੀ ਸੀ, ਪਰ ਹੁਣ ਸਥਿਤੀ ਇਹ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਅਧਿਆਪਕ ਤੇ ਹੋਰ ਅਮਲਾ-ਫੈਲਾ ਦਸਵੀਂ ਅਤੇ ਬਾਰ੍ਹਵੀਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਨਾ ਸਿਰਫ ਟੈਲੀਫੋਨਾਂ ਰਾਹੀਂ ਹੀ ਕਈ ਕਿਸਮ ਦੀਆਂ ਰਿਆਇਤਾਂ ਤੇ ਲਾਲਚ ਦਿੰਦੇ ਹਨ ਬਲਕਿ ਦਾਖਲੇ ਲਈ ਉਨ੍ਹਾਂ ਦੇ ਘਰੀਂ ਵੀ ਜਾਂਦੇ ਹਨ। ਇੰਨਾ ਹੀ ਨਹੀਂ, ਨਿੱਜੀ ਸੰਸਥਾਵਾਂ ਆਪੋ ਆਪਣੇ ਕਾਲਜਾਂ ਦੀ ਮਸ਼ਹੂਰੀ ਲਈ ਕਾਫੀ ਪੈਸਾ ਵੀ ਖਰਚਦੀਆਂ ਹਨ, ਪਰ ਫਿਰ ਵੀ ਅੱਧੀਆਂ ਸੀਟਾਂ ਖਾਲੀ ਹੀ ਰਹਿੰਦੀਆਂ ਹਨ।

### ਇਕ ਲੱਖ ਸੀਟਾਂ ਵਿਚੋਂ 66 ਹਜ਼ਾਰ ਖਾਲੀ




ਇਸ ਦਾ ਕਾਰਨ ਹੈ ਕਿ ਇਹ ਨੌਜਵਾਨਾਂ ਨੂੰ ਰੁਜ਼ਗਾਰ ਜਾਂ ਸਵੈ ਰੁਜ਼ਗਾਰ ਦੇ ਯੋਗ ਬਣਾਉਣ ਦੀ ਥਾਂ ਸਿਰਫ ਡਿਗਰੀਆਂ ਦੇਣ ਤੱਕ ਸੀਮਤ ਹੋ ਗਈਆਂ ਹਨ। ਅਜਿਹਾ ਤਾਂ ਹੋ ਰਿਹਾ ਹੈ ਕਿਉਂਕਿ ਸੂਬੇ ਦੀਆਂ ਵੱਡੀ ਗਿਣਤੀ ਵਿਚ ਤਕਨੀਕੀ ਸਿੱਖਿਆ ਸੰਸਥਾਵਾਂ ਕੋਲ ਨਾ ਲੋੜੀਂਦਾ ਬੁਨਿਆਦੀ ਢਾਂਚਾ ਹੈ ਅਤੇ ਨਾ ਹੀ ਅਧਿਆਪਕ। ਕਈ ਸੰਸਥਾਵਾਂ ਤਾਂ ਇੱਕਾ-ਦੁੱਕਾ ਕਮਰਿਆਂ ਅਤੇ ਮੁੱਠੀ ਭਰ ਅਧਿਆਪਕਾਂ ਨਾਲ ਹੀ ਕੰਮ ਚਲਾ ਰਹੀਆਂ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਰਕਾਰਾਂ ਅੱਖਾਂ ਮੀਚ ਕੇ ਅਜਿਹੀਆਂ ਸੰਸਥਾਵਾਂ ਨੂੰ ਵਿਦਿਆਰਥੀਆਂ ਤੇ ਮਾਪਿਆਂ ਦੀ ਲੁੱਟ ਕਰਨ ਦੀ ਪ੍ਰਵਾਨਗੀ ਦੇ ਰਹੀਆਂ ਹਨ। ਹੋਰ ਤਾਂ ਹੋਰ, ਸਰਕਾਰਾਂ ਵੱਲੋਂ ਨਵੀਆਂ ਤਕਨੀਕੀ ਸਿੱਖਿਆ ਸੰਸਥਾਵਾਂ ਨੂੰ ਪ੍ਰਵਾਨਗੀ ਦੇਣ ਵੇਲੇ ਕੋਰਸਾਂ ਅਤੇ ਕਿੱਤਿਆਂ ਦੀ ਮੰਗ ਅਤੇ ਖਪਤ ਨੂੰ ਵੀ ਧਿਆਨ ਵਿਚ ਨਹੀਂ ਰੱਖਿਆ ਜਾ ਰਿਹਾ। ਸਿੱਟੇ ਵਜੋਂ ਨਿੱਜੀ ਤਕਨੀਕੀ ਸਿੱਖਿਆ ਸੰਸਥਾਵਾਂ ਭੋਲੇ-ਭਾਲੇ ਵਿਦਿਆਰਥੀਆਂ ਦੀ ਨਾ ਸਿਰਫ ਆਰਥਿਕ ਲੁੱਟ ਹੀ ਕਰ ਰਹੀਆਂ ਹਨ, ਬਲਕਿ ਉਨ੍ਹਾਂ ਦੇ ਜੀਵਨ ਦਾ ਕੀਮਤੀ ਸਮਾਂ ਅਤੇ ਪ੍ਰਤਿਭਾ ਨੂੰ ਵੀ ਨਸ਼ਟ ਕਰ ਰਹੀਆਂ ਹਨ।

ਇਨ੍ਹਾਂ ਸੰਸਥਾਵਾਂ ਦੇ ਵਿਦਿਆਰਥੀ ਡਿਗਰੀਆਂ ਤੇ ਡਿਪਲੋਮੇ ਲੈ ਕੇ ਵੀ ਕਿਸੇ ਪਾਸੇ ਦੇ ਨਹੀਂ ਰਹਿੰਦੇ। ਲੋੜੀਂਦੀ ਮੁਹਾਰਤ ਤੋਂ ਵਿਹੂਣੇ ਇਹ ਵਿਦਿਆਰਥੀ ਨਾ ਤਾਂ ਆਪ ਕੋਈ ਕੰਮ ਕਰਨ ਦੇ ਯੋਗ ਹੁੰਦੇ ਹਨ ਅਤੇ ਨਾ ਹੀ ਇਨ੍ਹਾਂ ਨੂੰ ਕੋਈ ਆਦਾਰਾ ਰੁਜ਼ਗਾਰ ਹੀ ਦਿੰਦਾ ਹੈ। ਡਿਗਰੀਆਂ ਅਤੇ ਡਿਪਲੋਮੇ ਹੱਥਾਂ ਵਿਚ ਲੈ ਕੇ ਘੁੰਮਣ ਵਾਲੇ ਇਨ੍ਹਾਂ ਬੇਰੁਜ਼ਗਾਰਾਂ ਦੀ ਲਾਈਨ ਹਰ ਸਾਲ ਲੰਬੀ ਹੁੰਦੀ ਜਾ ਰਹੀ ਹੈ।

## ਦੋ ਭਾਰਤੀਆਂ ਉਤੇ ਮਨੁੱਖ ਤਸਕਰੀ ਦੇ ਦੋਸ਼

**ਵਾਸ਼ਿੰਗਟਨ:** ਦੋ ਭਾਰਤੀਆਂ ਉਤੇ ਇਕ ਅਮਰੀਕੀ ਫੈਡਰਲ ਅਦਾਲਤ ਵਿਚ ਮੁਲਕ ਵਿਚ ਮਨੁੱਖ ਤਸਕਰੀ ਕਰਨ ਦੇ ਦੋਸ਼ ਲਾਏ ਗਏ ਹਨ। ਉਨ੍ਹਾਂ ਨੂੰ ਦੋਸ਼ ਸਾਬਤ ਹੋ ਜਾਣ ਉਤੇ 20 ਸਾਲ ਤੱਕ ਕੈਦ ਦੀ ਸਜ਼ਾ ਹੋ ਸਕਦੀ ਹੈ। ਮੁਲਜ਼ਮਾਂ ਦੀ ਪਛਾਣ ਨੀਲੇਸ਼ ਕੁਮਾਰ ਪਟੇਲ (41) ਅਤੇ ਹਰਸ਼ਦ ਮਹਿਤਾ (66) ਵਜੋਂ ਹੋਈ ਹੈ, ਜਿਨ੍ਹਾਂ ਨੂੰ ਬੀਤੇ ਦਿਨੀਂ ਇਕ ਫੈਡਰਲ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਨ੍ਹਾਂ ਉਤੇ ਮੁਲਕ ਵਿਚ ਵਿਦੇਸ਼ੀਆਂ ਨੂੰ ਗਲਤ ਢੰਗ ਨਾਲ ਲਿਆਉਣ ਅਤੇ ਕਾਲੇ ਪੈਸੇ ਨੂੰ ਕਾਨੂੰਨੀ ਬਣਾਉਣ ਦੀਆਂ ਸਾਜ਼ਿਸ਼ਾਂ ਦੇ ਦੋਸ਼ ਹਨ। ਮੁਲਜ਼ਮਾਂ ਨੂੰ ਬੀਤੇ ਸਾਲ 21 ਅਕਤੂਬਰ ਨੂੰ ਨਿਊਜਰਸੀ ਹਵਾਈ ਅੱਡੇ ਉਤੇ ਉਤਰਨ ਮੌਕੇ ਗ੍ਰਿਫਤਾਰ ਕੀਤਾ ਗਿਆ ਸੀ। ਉਦੋਂ ਤੋਂ ਉਨ੍ਹਾਂ ਉਤੇ ਦੋਸ਼ ਲਾਏ ਜਾਣ ਦੀ ਕਾਰਵਾਈ ਲਟਕ ਰਹੀ ਸੀ।

ਫੈਡਰਲ ਵਕੀਲਾਂ ਮੁਤਾਬਕ ਅਪਰੈਲ 2014 ਵਿਚ ਇਕ ਅਮਰੀਕੀ ਜਾਸੂਸ ਨੇ ਥਾਈਲੈਂਡ ਵਿਚ ਬੈਂਕਾਕ ਵਿਖੇ ਇਕ ਸਮਗਲਰ ਦੇ ਰੂਪ ਵਿਚ ਪਟੇਲ ਤੇ ਮਹਿਤਾ ਨੂੰ ਮਿਲਣਾ-ਜੁਲਣਾ ਸ਼ੁਰੂ ਕੀਤਾ ਸੀ। ਦੋਵੇਂ ਮੁਲਜ਼ਮਾਂ ਨੇ ਉਸ ਨੂੰ ਦੱਸਿਆ ਕਿ ਉਹ ਮਨੁੱਖੀ ਸਮਗਲਿੰਗ ਦਾ ਧੰਦਾ ਕਰਦੇ ਹਨ ਤੇ ਉਨ੍ਹਾਂ ਕੋਲ ਕਈ ਅਜਿਹੇ ਭਾਰਤੀ ਹਨ ਜੋ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਜਾਣਾ ਚਾਹੁੰਦੇ ਹਨ। ਉਨ੍ਹਾਂ ਨੇ ਜਾਸੂਸ ਨਾਲ ਛੇ ਭਾਰਤੀਆਂ ਨੂੰ ਨਿਊਜਰਸੀ ਹਵਾਈ ਅੱਡੇ ਰਾਹੀਂ ਅਮਰੀਕਾ ਲਿਜਾਣ ਦਾ ਸੌਦਾ ਕੀਤਾ ਸੀ ਜਿਸ ਤਹਿਤ ਸ਼ੁਰੂਆਤੀ ਤੌਰ 'ਤੇ ਦਸ-ਦਸ ਹਜ਼ਾਰ ਡਾਲਰ ਜਾਸੂਸ ਨੂੰ ਦਿੱਤੇ ਜਾਣੇ ਸਨ।

# ਵਿਧਾਨ ਸਭਾ 'ਚ ਅਕਾਲੀਆਂ ਨੂੰ ਘੇਰਨ ਵਿਚ ਕਾਂਗਰਸੀਆਂ ਤੋਂ ਤਕੜੇ ਨਿਕਲੇ ਬੈਂਸ ਭਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਰਕਾਰ ਨੂੰ ਘੇਰਨ ਦਾ ਜੋ ਕੰਮ ਕਾਂਗਰਸ ਦੇ 42 ਵਿਧਾਇਕ ਨਹੀਂ ਕਰ ਸਕੇ, ਉਹ ਇਕ ਆਜ਼ਾਦ ਵਿਧਾਇਕ ਨੇ ਕਰ ਦਿੱਤਾ। ਅਸਲ ਵਿਚ ਵਿਰੋਧੀ ਧਿਰ ਕਾਂਗਰਸ ਸਰਕਾਰ ਨੂੰ ਬਜਟ ਸੈਸ਼ਨ ਦੌਰਾਨ ਕਿਸੇ ਵੀ ਠੋਸ ਮੁੱਦੇ ਉਤੇ ਘੇਰ ਨਹੀਂ ਸਕੀ, ਪਰ ਆਜ਼ਾਦ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਮਹਿਜ਼ ਛੇ ਮਿੰਟ ਦੇ ਭਾਸ਼ਣ ਵਿਚ ਹੀ ਸਰਕਾਰ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ।

ਸਿਮਰਜੀਤ ਬੈਂਸ ਦਾ ਸਰਕਾਰ ਉਤੇ ਸ਼ਬਦੀ ਹਮਲਾ ਇੰਨਾ ਤਿੱਖਾ ਸੀ ਕਿ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਤੇ ਮਨਪ੍ਰੀਤ ਸਿੰਘ ਇਆਲੀ ਉਨ੍ਹਾਂ ਨੂੰ ਚੁੱਪ ਕਰਾਉਣ ਲਈ ਧਮਕੀਆਂ ਦੇਣ ਲੱਗੇ। ਦੂਜੇ ਪਾਸੇ ਵਿਰੋਧੀ ਧਿਰ ਕਾਂਗਰਸ ਸਰਕਾਰ ਨੂੰ ਘੇਰਨ ਦੀ ਥਾਂ ਉਲਟ ਸਰਕਾਰ ਦੇ ਸਵਾਲਾਂ ਵਿਚ ਹੀ ਘਿਰ ਕੇ ਰਹਿ ਗਏ। ਵਿਰੋਧੀ ਧਿਰ ਦੇ ਆਗੂ ਚਰਨਜੀਤ ਸਿੰਘ ਚੰਨੀ ਨੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਜ਼ਰੂਰ ਕੀਤੀ, ਪਰ ਦਸਤਾਵੇਜ਼ ਪੇਸ਼ ਨਾ ਕਰ ਸਕਨ ਕਾਰਨ ਉਨ੍ਹਾਂ



ਹਾਊਸ ਅੰਦਰ ਸਥਿਤੀ ਹਾਸੋਹੀਣਾ ਬਣਾ ਦਿੱਤੀ। ਇੰਨਾ ਹੀ ਨਹੀਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਵਾਲਾਂ ਵਿਚ ਚੰਨੀ ਬੁਰੀ ਤਰ੍ਹਾਂ ਉਲਝ ਕੇ ਰਹਿ ਗਏ।

ਦੂਜੇ ਪਾਸੇ ਆਜ਼ਾਦ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸੂਬੇ ਵਿਚ ਚੱਲ ਰਹੇ ਮਾਫੀਆ ਰਾਜ ਉਤੇ ਸਰਕਾਰ ਨੂੰ ਬੁਰੀ ਤਰ੍ਹਾਂ ਘੇਰਿਆ। ਤਕਰੀਬਨ ਛੇ ਮਿੰਟ ਦੇ ਭਾਸ਼ਣ ਵਿਚ ਬੈਂਸ ਨੇ ਰੇਤ, ਟਰਾਂਸਪੋਰਟ ਮਾਫੀਆ, ਸੂਬੇ ਦੀ ਕਾਨੂੰਨ ਵਿਵਸਥਾ ਤੇ ਡਰੱਗਜ਼ ਦੇ ਮੁੱਦੇ ਉਤੇ ਸਰਕਾਰ ਉਤੇ ਤਿੱਖੇ ਹਮਲੇ ਕੀਤੇ। ਬੈਂਸ ਅਨੁਸਾਰ ਲੋਕਾਂ ਨੂੰ ਸੀਮਿੰਟ ਦੇ ਭਾਅ ਰੇਤ ਖਰੀਦਣਾ ਪੈ ਰਿਹਾ ਹੈ। ਹਾਊਸ ਵਿਚ ਹਲਾਤ ਉਸ ਸਮੇਂ ਭਖ ਗਏ ਜਦੋਂ ਬੈਂਸ ਨੇ ਸਿੱਧੇ ਤੌਰ ਉਤੇ ਡਰੱਗਜ਼ ਮੁੱਦੇ ਉਤੇ ਸੂਬੇ ਦੇ ਕੈਬਨਿਟ ਮੰਤਰੀ ਦਾ ਨਾਮ ਲੈ ਦਿੱਤਾ।

# ਸੁਖਪਾਲ ਸਿੰਘ ਖਹਿਰਾ 'ਆਪ' ਦਾ ਬੁਲਾਰਾ ਨਿਯੁਕਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਸੁਖਪਾਲ ਸਿੰਘ ਖਹਿਰਾ ਨੂੰ ਪਾਰਟੀ ਦਾ ਬੁਲਾਰਾ ਨਿਯੁਕਤ ਕੀਤਾ ਹੈ। ਖਹਿਰਾ ਨੇ ਇਸ ਫੈਸਲੇ ਲਈ ਪਾਰਟੀ ਦਾ ਧੰਨਵਾਦ ਕੀਤਾ ਹੈ।



ਖਹਿਰਾ ਤੋਂ ਪਹਿਲਾਂ ਪਾਰਟੀ ਦੇ ਕਈ ਬੁਲਾਰੇ ਹਨ, ਪਰ ਇਹ ਸਾਰੇ ਬੁਲਾਰੇ ਆਮ ਆਦਮੀ ਪਾਰਟੀ ਨਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਜੁੜੇ ਹੋਏ ਸਨ। ਨਵੇਂ ਐਲਾਨ 'ਚ ਖਹਿਰਾ ਨੂੰ ਹੀ ਬੁਲਾਰਾ ਨਿਯੁਕਤ ਕੀਤਾ ਗਿਆ ਹੈ। 'ਆਪ' ਨੇ ਕਿਹਾ ਕਿ ਖਹਿਰਾ ਦੀ ਪੰਜਾਬੀ ਭਾਈਚਾਰੇ ਵਿਚ ਵੱਡੀ ਪਛਾਣ ਹੈ ਤੇ ਨੌਜਵਾਨ ਤਬਕੇ 'ਚ ਉਹ ਹਰਮਨ ਪਿਆਰੇ ਹਨ। ਪਾਰਟੀ ਨੇ ਉਨ੍ਹਾਂ ਦੀ ਪ੍ਰਾਪਤੀਆਂ ਨੂੰ ਦੇਖਦਿਆਂ ਹੀ ਬੁਲਾਰਾ ਨਿਯੁਕਤ ਕੀਤਾ ਹੈ। ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵੇਲੇ ਖਹਿਰਾ ਨੇ ਰਾਹੁਲ ਗਾਂਧੀ ਨੂੰ ਫੇਲ੍ਹ ਕਰਾਰ ਦਿੱਤਾ ਸੀ।

ਉਨ੍ਹਾਂ ਕਿਹਾ ਸੀ ਕਿ ਉਹ ਥੱਕੇ ਤੇ ਹਾਰੇ ਹੋਏ ਨੇਤਾ ਹਨ। ਖਹਿਰਾ ਨੇ ਦੱਸਿਆ ਸੀ ਕਿ ਕਾਂਗਰਸ ਨੇ ਉਨ੍ਹਾਂ ਨੂੰ ਰੋਕਣ ਲਈ ਪਾਰਟੀ ਦਾ ਨੈਸ਼ਨਲ ਬੁਲਾਰਾ ਬਣਾਏ ਜਾਣ ਦੀ ਵੀ ਪੇਸ਼ਕਸ਼ ਕੀਤੀ ਸੀ ਜਿਸ ਨੂੰ ਉਨ੍ਹਾਂ ਨੇ ਠੁਕਰਾ ਦਿੱਤਾ।

# ਅੱਧੀ ਸਦੀ ਪਿੱਛੋਂ ਮਿਆਂਮਾਰ ਵਿਚ ਜਮਹੂਰੀਅਤ ਦੀ ਵਾਪਸੀ

**ਨੇਪੀਤਾਵ (ਮਿਆਂਮਾਰ):** ਮਿਆਂਮਾਰ ਦੀ ਸੰਸਦ ਨੇ ਨੋਬੇਲ ਪੁਰਸਕਾਰ ਜੇਤੂ ਆਂਗ ਸਾਂਗ ਸੂ ਕੀ ਦੇ ਨੇੜਲੇ ਹੇਤਿਨ ਕਾਵ ਨੂੰ ਤਕਰੀਬਨ ਅੱਧੀ ਸਦੀ ਬਾਅਦ ਦੇਸ਼ ਦਾ ਪਹਿਲਾ ਗੈਰਫੌਜੀ ਰਾਸ਼ਟਰਪਤੀ ਚੁਣ ਲਿਆ। ਉਹ ਪਹਿਲੀ ਅਪਰੈਲ ਨੂੰ ਅਹੁਦਾ ਸੰਭਾਲਣਗੇ। ਫੌਜ ਦੇ ਸਾਸ਼ਨ ਅਧੀਨ ਰਹੇ ਇਸ ਦੇਸ਼ ਦੇ ਰਾਜਨੀਤਕ ਇਤਿਹਾਸ ਵਿਚ ਇਹ ਨਵਾਂ ਮੋੜ ਹੈ। ਇਸ ਅਹੁਦੇ ਦੀ ਦੌੜ ਵਿਚ ਸ਼ਾਮਲ ਦੋ ਹੋਰ ਉਮੀਦਵਾਰਾਂ ਨੂੰ ਸਾਂਝੇ ਤੌਰ 'ਤੇ ਦੇਸ਼ ਦਾ ਉਪ ਰਾਸ਼ਟਰਪਤੀ ਬਣਾਇਆ ਜਾਵੇਗਾ। 69 ਸਾਲਾ ਹੇਤਿਨ ਕਾਵ ਨੇ ਆਪਣੀ ਇਸ ਜਿੱਤ ਨੂੰ ਸੂ ਕੀ ਦੀ ਜਿੱਤ ਕਰਾਰ ਦਿੱਤਾ। ਵਰਣਨਯੋਗ ਹੈ ਕਿ ਹੇਤਿਨ ਸੂ ਕੀ ਦੀ ਕਮਾਨ ਹੇਠ ਹੀ ਕੰਮ ਕਰਨਗੇ ਕਿਉਂਕਿ ਨੋਬੇਲ ਪੁਰਸਕਾਰ ਜੇਤੂ ਇਸ ਨੇਤਾ ਨੂੰ ਸੰਵਿਧਾਨ ਨੇ ਰਾਸ਼ਟਰਪਤੀ ਬਣਨ ਤੋਂ ਰੋਕ ਦਿੱਤਾ ਹੈ।



ਕਾਵ ਨੂੰ ਮਿਆਂਮਾਰ ਦੀ ਸੰਸਦ ਦੇ ਦੋਵਾਂ ਸਦਨਾਂ ਦੀਆਂ 652 ਵੋਟਾਂ ਵਿਚੋਂ 360 ਵੋਟਾਂ ਮਿਲੀਆਂ। ਇਸ ਦੇ ਨਾਲ ਹੀ ਸੰਵਿਧਾਨਕ ਵਿਵਸਥਾਵਾਂ ਕਾਰਨ ਰਾਸ਼ਟਰਪਤੀ ਨਾ ਬਣ ਸਕੀ ਸੂ ਕੀ ਹੁਣ ਪਰਦੇ ਦੇ ਪਿੱਛੋਂ ਸਰਕਾਰ ਚਲਾਵੇਗੀ। ਰਾਜਧਾਨੀ ਨੇਪੀਤਾਵ ਵਿਚ ਵੋਟਾਂ ਦੀ ਗਿਣਤੀ ਦੀ ਲੰਬੀ ਪ੍ਰਕਿਰਿਆ ਬਾਅਦ ਜਦੋਂ ਨਤੀਜਾ ਐਲਾਨਿਆ ਗਿਆ ਤਾਂ ਸੰਸਦ ਮੈਂਬਰ ਖੁਸ਼ੀ ਵਿਚ ਨੱਚਣ ਲੱਗੇ। ਸੂ ਕੀ ਦੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਨੇ ਪਿਛਲੇ ਸਾਲ ਨਵੰਬਰ ਵਿਚ ਹੋਈਆਂ ਚੋਣਾਂ ਦੌਰਾਨ ਸ਼ਾਨਦਾਰ ਜਿੱਤ ਹਾਸਲ ਕੀਤੀ ਸੀ ਤੇ ਇਸ ਨਾਲ ਦੋ ਸਦਨੀ ਸੰਸਦ ਵਿਚ ਉਨ੍ਹਾਂ ਦੀ ਪਾਰਟੀ ਦੀ ਸਰਦਾਰੀ ਕਾਇਮ ਹੋ ਗਈ। ਇਸ ਦੇ ਬਾਵਜੂਦ ਇਸ ਦੇਸ਼ ਵਿਚ ਫੌਜ ਹਾਲੇ ਵੀ ਸ਼ਕਤੀਸ਼ਾਲੀ ਹੈ ਤੇ ਉਸ ਨੇ ਸੰਵਿਧਾਨ ਦੀ ਉਸ ਧਾਰਾ ਵਿਚ ਤਬਦੀਲੀ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਕਾਰਨ ਸੂ ਕੀ ਰਾਸ਼ਟਰਪਤੀ ਨਹੀਂ ਬਣ ਸਕੀ।

# ਪੰਜਾਬ ਪੁਲਿਸ ਲਈ ਮੁਲਜ਼ਮਾਂ ਦੀ ਪੇਸ਼ੀ ਬਣੀ ਚੁਣੌਤੀ

**ਅੰਮ੍ਰਿਤਸਰ:** ਮੁਲਜ਼ਮਾਂ ਨੂੰ ਪੇਸ਼ੀ ਲਈ ਲਿਜਾਉਣਾ ਪੰਜਾਬ ਪੁਲਿਸ ਲਈ ਵੱਡੀ ਚੁਣੌਤੀ ਬਣ ਗਿਆ ਹੈ। ਪਿਛਲੇ ਕੁਝ ਮਹੀਨਿਆਂ ਵਿਚ ਹੀ ਕਈ ਮੁਲਜ਼ਮ ਪੁਲਿਸ ਨੂੰ ਝਕਾਨੀ ਦੇ ਕੇ ਭੱਜਣ ਵਿਚ ਸਫਲ ਹੋਏ ਹਨ। ਤਾਜ਼ਾ ਮਾਮਲੇ ਵਿਚ ਇਕ ਹਵਾਲਾਤੀ ਚਾਰ ਪੁਲਿਸ ਕਰਮਚਾਰੀਆਂ ਨੂੰ ਬੇਹੋਸ਼ ਕਰਨ ਮਗਰੋਂ ਫਰਾਰ ਹੋ ਗਿਆ। ਪੁਲਿਸ ਲਈ ਇਹ ਘਟਨਾ ਵੱਡੀ ਨਮੋਸ਼ੀ ਦਾ ਕਾਰਨ ਬਣੀ ਹੋਈ ਹੈ। ਕਚਹਿਰੀ ਵਿਚੋਂ ਫਰਾਰ ਹੋਏ ਗੁਰਭੇਜ ਸਿੰਘ ਨਾਂ ਦੇ ਹਵਾਲਾਤੀ ਨੂੰ ਕਪੂਰਥਲਾ ਜੇਲ੍ਹ ਵਿਚੋਂ ਇਥੇ ਲਿਆਂਦਾ ਗਿਆ ਸੀ।



ਮਿਲੇ ਵੇਰਵਿਆਂ ਅਨੁਸਾਰ ਅਦਾਲਤ ਦੇ ਬਾਹਰ ਬਣੇ ਇਕ ਢਾਬੇ ਦੇ ਪਿੱਛੇ ਚਾਰ ਪੁਲਿਸ ਕਰਮਚਾਰੀ ਬੇਹੋਸ਼ ਪਏ ਮਿਲੇ। ਪੁਲਿਸ ਅਧਿਕਾਰੀਆਂ ਮੁਤਾਬਕ ਗੁਰਭੇਜ ਸਿੰਘ ਨੂੰ ਕਤਲ ਦੇ ਇਕ ਮਾਮਲੇ ਬਾਰੇ ਇਥੇ ਲਿਆਂਦਾ ਗਿਆ ਸੀ। ਢਾਬੇ 'ਤੇ ਪੁਲਿਸ ਕਰਮਚਾਰੀਆਂ ਨੂੰ ਪੈਕੇਟ ਵਾਲਾ ਜੂਸ ਪੀਣ ਲਈ ਦਿੱਤਾ ਗਿਆ, ਜਿਸ ਨੂੰ ਪੀਣ ਮਗਰੋਂ ਉਹ ਬੇਸੁੱਧ ਹੋ ਕੇ ਡਿੱਗ ਪਏ। ਪੰਜਾਬ ਪੁਲਿਸ ਲਈ ਇਹ ਮਾਮਲਾ ਕੋਈ ਨਵਾਂ ਨਹੀਂ ਹੈ।

ਇਸ ਤੋਂ ਪਹਿਲਾਂ ਵੀ ਅਨੇਕਾਂ ਹਵਾਲਾਤੀ ਪੇਸ਼ੀ ਦੌਰਾਨ ਫਰਾਰ ਹੋਣ ਵਿਚ ਸਫਲ ਰਹੇ। ਇਸ ਕਾਰਨ ਕਈ ਮੁਲਾਜ਼ਮਾਂ ਨੂੰ ਆਪਣੀ ਨੌਕਰੀ ਤੋਂ ਵੀ ਹੱਥ ਧੋਣੇ ਪਏ। ਪੰਜਾਬ ਦੀਆਂ ਜੇਲ੍ਹਾਂ ਵਿਚ ਸਮਰੱਥਾ ਨਾਲੋਂ 37 ਫ਼ੀਸਦੀ ਵੱਧ ਕੈਦੀ ਡੱਕੇ ਹੋਏ ਹਨ। ਜੇਲ੍ਹਾਂ ਵਿਚ 11608 ਕੈਦੀਆਂ ਨੂੰ ਰੱਖਣ ਦਾ ਬੰਦੋਬਸਤ ਹੈ ਜਦੋਂ ਕਿ 15870 ਕੈਦੀਆਂ ਨੂੰ ਤਾੜਿਆ ਗਿਆ ਹੈ।

ਸੂਬੇ ਵਿਚ ਜੇਲ੍ਹਾਂ ਦੀ ਕੁੱਲ ਗਿਣਤੀ 26 ਦੱਸੀ ਗਈ ਹੈ। ਇਨ੍ਹਾਂ ਵਿਚ ਸੱਤ ਕੇਂਦਰੀ, ਅੱਠ ਜ਼ਿਲ੍ਹੇ, ਨੌਂ ਸਬ ਤੇ ਦੋ ਹੋਰ ਜੇਲ੍ਹਾਂ ਸ਼ਾਮਲ ਹਨ। ਰਾਜ ਦੀਆਂ ਜੇਲ੍ਹਾਂ ਵਿਚ ਬੰਦ ਕੁੱਲ ਕੈਦੀਆਂ ਵਿਚੋਂ 5.2 ਪ੍ਰਤੀਸ਼ਤ ਮਹਿਲਾਵਾਂ ਹਨ। ਕੈਦ ਭੁਗਤ ਰਹੀਆਂ ਮਹਿਲਾਵਾਂ ਵਿਚੋਂ 10.1 ਪ੍ਰਤੀਸ਼ਤ ਨੇ ਆਪਣੇ ਨਿਕੜੇ ਬੱਚੇ ਨਾਲ ਰੱਖੇ ਹੋਏ ਹਨ। ਗੁਆਂਢੀ ਸੂਬਾ ਹਰਿਆਣਾ ਦੀਆਂ ਜੇਲ੍ਹਾਂ ਦੀ ਗਿਣਤੀ 18 ਹੈ ਤੇ ਇਨ੍ਹਾਂ ਵਿਚ 10482 ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੈ ਪਰ 14102 ਨੂੰ ਬੰਦ ਕੀਤਾ ਗਿਆ ਹੈ।

ਹਰਿਆਣਾ ਦੀਆਂ ਜੇਲ੍ਹਾਂ ਵਿਚ ਬੰਦ ਕੁੱਲ ਕੈਦੀਆਂ ਵਿਚੋਂ 4.8 ਮਹਿਲਾਵਾਂ ਹਨ ਤੇ ਇਨ੍ਹਾਂ ਵਿਚੋਂ 9.7 ਆਪਣੇ ਬੱਚਿਆਂ ਨੂੰ ਨਾਲ ਰੱਖੀ ਬੈਠੀਆਂ ਹਨ। ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਹਰਿਆਣਾ ਨਾਲੋਂ ਵਧੇਰੇ ਗਿਣਤੀ ਵਿਚ ਔਰਤਾਂ ਜੇਲ੍ਹਾਂ ਵਿਚ ਬੰਦ ਹਨ ਪਰ ਘੱਟ ਮਹਿਲਾਵਾਂ ਨੇ ਆਪਣੇ ਬੱਚੇ ਨਾਲ ਰੱਖੇ ਹੋਏ ਹਨ।

# ਔਰਤਾਂ ਦੀ ਸੁਰੱਖਿਆ ਪੱਖੋਂ ਬਦਨਾਮ ਹੋਇਆ ਪੰਜਾਬ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਹੁਣ ਸੁਰੱਖਿਅਤ ਨਹੀਂ। ਬਟਾਲਾ ਨੇੜਲੇ ਪਿੰਡ ਹਰਦਾਨ ਵਿਚ ਆਪਣੀ ਧੀ ਦੀ ਇੱਜ਼ਤ ਬਚਾਉਣ ਦਾ ਯਤਨ ਕਰਦੇ ਇਕ ਪਿਉ ਨੂੰ ਦੋ ਨੌਜਵਾਨਾਂ ਵੱਲੋਂ ਗੋਲੀਆਂ ਮਾਰਨ ਤੇ ਡੇਰਾ ਬਾਬਾ ਨਾਨਕ ਨੇੜਲੇ ਪਿੰਡ ਸਿੰਘਪੁਰਾ ਦੇ ਸਰਕਾਰੀ ਸਕੂਲ ਦੀਆਂ ਛੇ ਵਿਦਿਆਰਥਣਾਂ 'ਤੇ ਦੋ ਲੜਕਿਆਂ ਵੱਲੋਂ ਤੇਜ਼ਾਬ ਸੁੱਟਣ ਦੀਆਂ ਦਰਦਨਾਕ ਘਟਨਾਵਾਂ ਨੇ ਪੰਜਾਬ ਵਿਚ ਔਰਤਾਂ ਦੀ ਸੁਰੱਖਿਆ ਉਤੇ ਸਵਾਲ ਖੜ੍ਹੇ ਕੀਤੇ ਹਨ। ਹਾਲੇ ਕੁਝ ਦਿਨ ਪਹਿਲਾਂ ਹੀ ਬਟਾਲੇ ਵਿਖੇ ਹੀ ਇਕ ਔਰਤ ਦੇ ਸਾਹਮਣੇ ਹੀ ਉਸ ਦੀ ਧੀ ਨਾਲ ਛੇੜਖਾਨੀ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪੁਲਿਸ ਨੇ ਬਟਾਲਾ ਵਿਚ ਛੇ ਵਿਦਿਆਰਥਣਾਂ 'ਤੇ ਤੇਜ਼ਾਬ ਸੁੱਟਣ ਦੇ ਮਾਮਲੇ ਵਿਚ ਤਿੰਨ ਨੌਜਵਾਨਾਂ ਨੂੰ ਗ੍ਰਿਫਤਾਰ ਵੀ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਪੁਰਾ ਦੀਆਂ ਅੱਠਵੀਂ ਕਲਾਸ ਦੀਆਂ ਛੇ ਵਿਦਿਆਰਥਣਾਂ ਪੇਪਰ ਦੇ ਕੇ ਆਪਣੇ ਪਿੰਡ ਧਰਮਾਬਾਦ ਜਾ ਰਹੀਆਂ ਸਨ ਕਿ ਰਸਤੇ ਵਿਚ ਦੋ ਨੌਜਵਾਨਾਂ ਨੇ ਉਨ੍ਹਾਂ 'ਤੇ ਤੇਜ਼ਾਬ ਸੁੱਟ ਦਿੱਤਾ। ਇਨ੍ਹਾਂ ਵਿਚੋਂ ਪ੍ਰਭਜੋਤ ਕੌਰ ਲੜਕੀ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਅੰਮ੍ਰਿਤਸਰ ਰੈਫਰ ਕੀਤਾ ਗਿਆ ਸੀ ਜਦੋਂ ਕਿ ਪੰਜ ਲੜਕੀਆਂ ਮਨਪ੍ਰੀਤ ਕੌਰ, ਅਰਸ਼ਦੀਪ ਕੌਰ, ਸੁਖਮਨਦੀਪ ਕੌਰ, ਮਗਨਦੀਪ ਕੌਰ, ਆਸ਼ਾ ਪਿੰਡ ਧਰਮਾਬਾਦ ਸਿਵਲ ਹਸਪਤਾਲ ਵਿਚ ਜ਼ੇਰੇ ਇਲਾਜ ਹਨ।

ਦਰਅਸਲ, ਔਰਤਾਂ ਨਾਲ ਵਧੀਕੀਆਂ ਕਰਨ ਵੇਲੇ ਬਿਗੜੈਲਾਂ ਵਾਂਗ ਪੇਸ਼ ਆਉਣ ਦਾ ਸਿਲਸਿਲਾ 2013 ਵਿਚ ਕੋਟਕਪੂਰੇ ਵਿਖੇ ਇਕ ਰਸੂਖਵਾਨ ਦੇ ਨਜ਼ਦੀਕੀ ਵਿਗੜੇ ਮੁੰਡੇ ਵੱਲੋਂ ਇਕ ਕੁੜੀ ਨੂੰ ਜ਼ਬਰਦਸਤੀ ਅਗਵਾ ਕਰਕੇ ਲੈ ਜਾਣ ਦੀ ਘਟਨਾ ਨਾਲ ਸ਼ੁਰੂ ਹੋਇਆ ਸੀ। ਇਸ ਕੇਸ ਵਿਚ ਪੁਲਿਸ, ਪ੍ਰਸ਼ਾਸਨ, ਸਰਕਾਰ ਅਤੇ ਰਸੂਖਵਾਨਾਂ ਦੀ ਨਾਕਾਰਾਤਮਕ ਭੂਮਿਕਾ ਕਾਰਨ ਅਜਿਹੇ ਅਪਰਾਧੀਆਂ ਦੇ ਹੌਸਲੇ ਬੁਲੰਦ ਹੋ ਗਏ। ਸਿੱਟੇ ਵਜੋਂ ਕੁਝ ਮਹੀਨੇ ਬਾਅਦ ਹੀ ਰਸੂਖਵਾਨਾਂ ਦੀ ਬੱਸ ਦੇ ਅਮਲੇ-ਫੈਲੇ ਨੇ ਚੱਲਦੀ ਬੱਸ ਵਿਚ ਮਾਂ ਦੇ ਸਾਹਮਣੇ ਹੀ ਉਸ ਦੀ ਧੀ ਨਾਲ ਵਧੀਕੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵਿਰੋਧ ਕਰਨ 'ਤੇ ਮਾਵਾਂ-ਧੀਆਂ ਨੂੰ ਚੱਲਦੀ ਬੱਸ ਵਿਚੋਂ ਬਾਹਰ ਸੁੱਟ ਦਿੱਤਾ ਸੀ।

ਅਪਰਾਧੀਆਂ ਦੇ ਸਿਰ 'ਤੇ ਰਸੂਖਵਾਨਾਂ ਦਾ ਹੱਥ ਹੋਣ ਕਾਰਨ ਇਸ ਘਟਨਾ ਵਿਚ ਵੀ ਧੀ ਦੀ ਮੌਤ ਅਤੇ ਮਾਂ ਦੇ ਬੁਰੀ ਤਰ੍ਹਾਂ ਜ਼ਖਮੀ ਹੋਣ 'ਤੇ ਵੀ ਹਾਲੇ ਤੱਕ ਦੋਸ਼ੀਆਂ ਨੂੰ ਬਣਦੀ ਸਜ਼ਾ ਨਹੀਂ ਮਿਲੀ। ਇੰਜ ਹੀ, ਅੰਮ੍ਰਿਤਸਰ ਵਿਚ ਆਪਣੀ ਧੀ ਦੀ ਇੱਜ਼ਤ ਬਚਾਉਣ ਲਈ ਅੱਗੇ ਆਏ ਇਕ ਪੁਲਿਸ ਅਧਿਕਾਰੀ ਨੂੰ ਇਕ ਯੂਥ ਅਕਾਲੀ ਆਗੂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

ਪਿਛਲੇ ਕੁਝ ਸਾਲਾਂ ਦੌਰਾਨ ਰਸੂਖਵਾਨਾਂ ਦੀ ਸ਼ਹਿ 'ਤੇ ਹਿੱਕ ਦੇ ਜ਼ੋਰ ਸ਼ਰ੍ਹੇਆਮ ਵਧੀਕੀਆਂ ਦੀਆਂ ਇਨ੍ਹਾਂ ਘਟਨਾਵਾਂ ਨਾਲ ਸੂਬੇ ਵਿਚ ਔਰਤਾਂ ਨਾਲ ਬਲਾਤਕਾਰ, ਛੇੜਛਾੜ ਅਤੇ ਤੇਜ਼ਾਬ ਸੁੱਟਣ ਦਾ ਵਰਤਾਰਾ ਵਧਦਾ ਜਾ ਰਿਹਾ ਹੈ। ਪ੍ਰਾਪਤ ਤੱਥਾਂ ਮੁਤਾਬਕ ਪੰਜਾਬ ਵਿਚ ਹਰ ਮਹੀਨੇ ਔਸਤ 100 ਔਰਤਾਂ ਵਧੀਕੀਆਂ ਦਾ ਸ਼ਿਕਾਰ ਹੋ ਰਹੀਆਂ ਹਨ ਜਦੋਂਕਿ ਗ਼ੈਰ-ਸਰਕਾਰੀ ਰਿਪੋਰਟਾਂ ਮੁਤਾਬਕ ਇਹ ਗਿਣਤੀ ਕਿਤੇ ਵੱਧ ਹੈ ਕਿਉਂਕਿ ਵੱਖ-ਵੱਖ ਕਾਰਨਾਂ ਕਰਕੇ ਕਾਫੀ ਮਾਮਲੇ ਪੁਲਿਸ ਕੋਲ ਦਰਜ ਹੀ ਨਹੀਂ ਕਰਵਾਏ ਜਾਂਦੇ।

ਇਨ੍ਹਾਂ ਘਟਨਾਵਾਂ ਦਾ ਅਫਸੋਸਨਾਕ ਪਹਿਲੂ ਇਹ ਹੈ ਕਿ ਰਸੂਖਵਾਨਾਂ ਦੀ ਸਰਪ੍ਰਸਤੀ ਕਰਕੇ ਆਮ ਤੌਰ 'ਤੇ ਦੋਸ਼ੀਆਂ ਵਿਰੁੱਧ ਮੌਕੇ ਸਿਰ ਪੁਲਿਸ ਲੋੜੀਂਦੀ ਕਾਰਵਾਈ ਨਹੀਂ ਕਰਦੀ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਥਾਂ ਪੀੜਤਾਂ ਉਤੇ ਦਬਾਅ ਪਾ ਕੇ ਸਮਝੌਤੇ ਦੀਆਂ ਕੋਸ਼ਿਸ਼ਾਂ ਕਰਨ ਲੱਗ ਜਾਂਦੀ ਹੈ ਜਾਂ ਫਿਰ ਕੇਸ ਨੂੰ ਬਿਲਕੁਲ ਖੋਖਲਾ ਬਣਾ ਦਿੰਦੀ ਹੈ। ਇਹੀ ਕਾਰਨ ਹੈ ਕਿ ਔਰਤਾਂ ਵਿਰੁੱਧ ਵਧੀਕੀਆਂ ਦੇ 80 ਫੀਸਦੀ ਤੋਂ ਵੱਧ ਦੋਸ਼ੀਆਂ ਨੂੰ ਕੋਈ ਸਜ਼ਾ ਨਹੀਂ ਹੁੰਦੀ।

ਦਿੱਲੀ ਵਿਚ ਦਸੰਬਰ 2012 ਨੂੰ ਵਾਪਰੇ ਨਿਰਭਯਾ ਕਾਂਡ ਬਾਅਦ ਭਾਵੇਂ ਸੁਪਰੀਮ ਕੋਰਟ ਅਤੇ ਕੇਂਦਰੀ ਤੇ ਸੂਬਾਈ ਸਰਕਾਰਾਂ ਨੇ ਔਰਤਾਂ ਵਿਰੁੱਧ ਵਧੀਕੀਆਂ ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਕਾਨੂੰਨੀ ਤੇ ਇਹਤਿਆਤੀ ਕਾਰਵਾਈਆਂ ਤੇਜ਼ ਕਰਨ ਸਬੰਧੀ ਕਾਫੀ ਦਿਲਚਸਪੀ ਦਿਖਾਈ ਸੀ, ਪਰ ਘਟਨਾਵਾਂ ਦੇ ਵਧ ਰਹੇ ਸਿਲਸਿਲੇ ਤੋਂ ਜਾਪਦਾ ਹੈ ਕਿ ਪਰਨਾਲਾ ਹਾਲੇ ਉਥੇ ਦਾ ਉਥੇ ਹੀ ਹੈ।

ਕੇਂਦਰ ਸਰਕਾਰ ਵੱਲੋਂ ਗਠਿਤ ਕੀਤੀ ਗਈ ਜਸਟਿਸ ਵਰਮਾ ਕਮੇਟੀ ਦੀਆਂ ਸਿਫਾਰਸ਼ਾਂ ਵੀ ਹਾਲੇ ਤੱਕ ਕਈ ਸੂਬਿਆਂ ਨੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀਆਂ। ਤੇਜ਼ਾਬੀ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਸੁਪਰੀਮ ਕੋਰਟ ਦੇ ਤਤਕਾਲੀ ਜਸਟਿਸ ਆਰ ਐਸ ਲੋਢਾ ਦੀ ਅਗਵਾਈ ਵਾਲੇ ਬੈਂਚ ਵੱਲੋਂ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਵੀ ਉਨ੍ਹਾਂ ਦੀ ਭਾਵਨਾ ਅਨੁਸਾਰ ਲਾਗੂ ਨਹੀਂ ਕੀਤਾ ਗਿਆ।

### ਜਬਰ ਜਨਾਹ ਦੀਆਂ ਘਟਨਾਵਾਂ ਵਿਚ ਹੋਇਆ ਵਾਧਾ



### ਛੇੜਖਾਨੀ ਤੋਂ ਰੋਕਣ 'ਤੇ ਪਿਉ ਨੂੰ ਗੋਲੀ ਮਾਰਨ ਵਾਲਾ ਹਲਾਕ

**ਬਟਾਲਾ:** ਇਥੋਂ ਨੇੜਲੇ ਪਿੰਡ ਹਰਦਾਨ ਵਿਚ ਦੋ ਨੌਜਵਾਨਾਂ ਨੇ ਇਕ ਕਿਸਾਨ ਦੇ ਘਰ ਵਿਚ ਦਾਖਲ ਹੋ ਕੇ ਉਸ ਦੀ ਧੀ ਨਾਲ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਇਕ ਨੌਜਵਾਨ ਨੇ ਰੋਕਣ ਉਤੇ ਗੋਲੀਆਂ ਮਾਰ ਕੇ ਕਿਸਾਨ ਨੂੰ ਜ਼ਖ਼ਮੀ ਕਰ ਦਿੱਤਾ। ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਲੋਕ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਦੋਵੇਂ ਨੌਜਵਾਨਾਂ ਦੀ ਕੁੱਟਮਾਰ ਕੀਤੀ, ਜਿਸ ਕਾਰਨ ਇਕ ਨੌਜਵਾਨ ਦੀ ਹਸਪਤਾਲ ਲਿਜਾਂਦੇ ਸਮੇਂ ਰਾਹ ਵਿਚ ਮੌਤ ਹੋ ਗਈ ਅਤੇ ਦੂਜੇ ਨੂੰ ਗੰਭੀਰ ਹਾਲਤ ਵਿਚ ਅੰਮ੍ਰਿਤਸਰ ਦੇ ਸਿਵਲ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਕਿਸਾਨ ਨੂੰ ਵੀ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਪਿੰਡ ਅਰਾਈਆਂਵਾਲ ਦੇ ਬਲਜੀਤ ਸਿੰਘ ਉਰਫ ਬੱਲਾ ਵਜੋਂ ਹੋਈ ਹੈ ਜਦੋਂ ਕਿ ਗੰਭੀਰ ਜ਼ਖ਼ਮੀ ਨੌਜਵਾਨ ਤੇਜਿੰਦਰ ਸਿੰਘ ਵੀ ਇਸੇ ਪਿੰਡ ਦਾ ਹੈ।

## ਭਾਰਤ ਵਿਚ ਸੈਲਾਨੀ ਔਰਤਾਂ ਦੀ ਗਿਣਤੀ ਘਟੀ

**ਲੁਧਿਆਣਾ:** ਪਿਛਲੇ ਪੰਜ ਸਾਲਾਂ ਦੌਰਾਨ ਦੇਸ਼ ਵਿਚ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਭਾਵੇਂ 17 ਲੱਖ ਦੇ ਕਰੀਬ ਵਧੀ ਹੈ, ਪਰ ਦਿੱਲੀ ਅਤੇ ਯੂ. ਪੀ. ਵਿਚ ਪਿਛਲੇ ਸਾਲਾਂ ਦੌਰਾਨ ਸੈਲਾਨੀ ਔਰਤਾਂ ਨਾਲ ਜਬਰ ਜਨਾਹ ਜਾਂ ਲੁੱਟ-ਖੋਹ ਦੀਆਂ ਵਾਪਰੀਆਂ ਘਟਨਾਵਾਂ ਕਾਰਨ ਤਾਜ ਮਹਿਲ ਵੇਖਣ ਆਉਣ ਵਾਲੀਆਂ ਸੈਲਾਨੀ ਔਰਤਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਕੇਂਦਰੀ ਸੈਰ ਸਪਾਟਾ ਮੰਤਰੀ ਡਾ. ਮਹੇਸ਼ ਸ਼ਰਮਾ ਵੱਲੋਂ ਦੱਸੇ ਅੰਕੜਿਆਂ ਮੁਤਾਬਕ 2012 ਵਿਚ ਤਾਜ ਮਹਿਲ ਵੇਖਣ ਆਈਆਂ ਵਿਦੇਸ਼ੀ ਸੈਲਾਨੀ ਔਰਤਾਂ ਦੀ ਗਿਣਤੀ ਸੱਤ ਲੱਖ 43 ਹਜ਼ਾਰ 256 ਸੀ ਜੋ 2013 ਵਿਚ ਘਟ ਕੇ 6 ਲੱਖ 95 ਹਜ਼ਾਰ 702 ਅਤੇ 2014 ਵਿਚ ਹੋਰ ਘਟ ਕੇ ਛੇ ਲੱਖ 48 ਹਜ਼ਾਰ 511 ਰਹਿ ਗਈ ਹੈ।



ਨਵੀਂ ਦਿੱਲੀ ਵਿਚ ਸੈਲਾਨੀਆਂ ਨਾਲ ਵਾਪਰੀਆਂ ਅਜਿਹੀਆਂ ਅਪਰਾਧਕ ਘਟਨਾਵਾਂ ਦੀ ਗਿਣਤੀ ਦੇਸ਼ ਭਰ ਵਿਚ ਸਭ ਤੋਂ ਵੱਧ ਹੈ ਜਿਥੇ ਵਿਦੇਸ਼ੀ ਸੈਲਾਨੀਆਂ ਵੱਲੋਂ 135 ਕੇਸ ਦਰਜ ਕਰਾਏ ਗਏ ਜਦਕਿ ਗੋਆ ਵਿਚ 66 ਅਤੇ ਯੂ. ਪੀ. ਵਿਚ 64 ਕੇਸ ਦਰਜ ਹੋਏ ਸਨ। ਇਸ ਦੌਰਾਨ ਦੇਸ਼ ਦੇ ਦਰਜਨਾਂ ਸੂਬਿਆਂ ਵਿਚ ਅਜੇ ਵੀ ਸੈਲਾਨੀਆਂ ਦੀ ਸਹਾਇਤਾ ਜਾਂ ਉਨ੍ਹਾਂ ਨਾਲ ਵਾਪਰਦੇ ਅਪਰਾਧਾਂ ਦੀ ਰੋਕਥਾਮ ਲਈ ਵਿਸ਼ੇਸ਼ ਸੈਲਾਨੀ ਪੁਲਿਸ ਦਾ ਪ੍ਰਬੰਧ ਨਹੀਂ ਹੈ। ਆਂਧਰਾ ਪ੍ਰਦੇਸ਼, ਗੋਆ, ਪੰਜਾਬ, ਕਰਨਾਟਕਾ, ਕੇਰਲ, ਹਿਮਾਚਲ ਪ੍ਰਦੇਸ਼, ਰਾਜਸਥਾਨ, ਜੰਮੂ ਕਸ਼ਮੀਰ, ਮਹਾਂਰਾਸ਼ਟਰ, ਉਤਰ ਪ੍ਰਦੇਸ਼, ਦਿੱਲੀ, ਮੱਧ ਪ੍ਰਦੇਸ਼ ਤੇ ਉੜੀਸ਼ਾ ਹੀ ਸਿਰਫ ਅਜਿਹੇ ਰਾਜ ਹਨ ਜਿਨ੍ਹਾਂ ਨੇ ਸੈਲਾਨੀ ਪੁਲਿਸ ਦਾ ਪ੍ਰਬੰਧ ਕੀਤਾ ਹੈ।

ਵੱਖ- ਵੱਖ ਮੁਲਕਾਂ ਤੋਂ ਸੈਲਾਨੀ ਵੀਜ਼ੇ 'ਤੇ ਭਾਰਤ ਆਉਣ ਵਾਲੀਆਂ ਔਰਤਾਂ ਵਿਚੋਂ ਸਭ ਤੋਂ ਵੱਡੀ ਗਿਣਤੀ ਅਮਰੀਕੀ ਨਾਗਰਿਕ ਔਰਤਾਂ ਦੀ ਹੈ। ਦੂਜਾ ਨੰਬਰ ਇੰਗਲੈਂਡ ਤੇ ਤੀਜਾ ਨੰਬਰ ਰਸ਼ੀਅਨ ਫੈਡਰੇਸ਼ਨ ਦੇ ਰਾਜਾਂ ਦਾ ਹੈ। ਇਸ ਤੋਂ ਬਾਅਦ ਕੈਨੇਡਾ, ਫਰਾਂਸ, ਆਸਟਰੇਲੀਆ ਮੁਲਕ ਐਸੇ ਹਨ ਜਿਥੋਂ ਹਰ ਵਰ੍ਹੇ ਇਕ ਲੱਖ ਤੋਂ ਵੱਧ ਸੈਲਾਨੀ ਔਰਤਾਂ ਭਾਰਤ ਆਉਂਦੀਆਂ ਹਨ। 2011 ਵਿਚ ਕੁੱਲ 63 ਲੱਖ 9 ਹਜ਼ਾਰ 22 ਸੈਲਾਨੀ ਭਾਰਤ ਆਏ ਸਨ ਜਦਕਿ 2014 ਵਿਚ ਇਹ ਗਿਣਤੀ ਵਧ ਕੇ 80 ਲੱਖ 27 ਹਜ਼ਾਰ 133 ਤੱਕ ਪਹੁੰਚੀ ਹੈ। ਇਨ੍ਹਾਂ ਵਿਚੋਂ ਅਮਰੀਕਾ ਤੋਂ 2014 ਵਿਚ ਆਈਆਂ ਸੈਲਾਨੀ ਔਰਤਾਂ ਦੀ ਗਿਣਤੀ ਚਾਰ ਲੱਖ 93 ਹਜ਼ਾਰ 472 ਸੀ। ਇੰਗਲੈਂਡ ਤੋਂ 3,69,098, ਰਸ਼ੀਅਨ ਫੈਡਰੇਸ਼ਨ ਤੋਂ 1,54,144, ਕੈਨੇਡਾ ਤੋਂ 1,24,109, ਫਰਾਂਸ ਤੋਂ 1,12,960 ਜਦਕਿ ਆਸਟਰੇਲੀਆ ਤੋਂ 1,00,940 ਸੈਲਾਨੀ ਔਰਤਾਂ ਭਾਰਤ ਪਹੁੰਚੀਆਂ ਸਨ। ਗੁਆਂਢੀ ਮੁਲਕਾਂ ਵਿਚੋਂ ਬੰਗਲਾਦੇਸ਼ ਤੇ ਸ੍ਰੀਲੰਕਾ ਇਸ ਮਾਮਲੇ ਵਿਚ ਪਾਕਿਸਤਾਨ ਤੋਂ ਕਈ ਗੁਣਾ ਅੱਗੇ ਹਨ।

## ਬੇਮੌਸਮੇ ਮੀਂਹ ਕਾਰਨ ਵੱਡੇ ਨੁਕਸਾਨ ਦਾ ਖਦਸ਼ਾ

**ਨਵੀਂ ਦਿੱਲੀ:** ਬੇਮੌਸਮੇ ਮੀਂਹ ਤੇ ਗੜੇਮਾਰੀ ਕਾਰਨ ਇਸ ਵਾਰ ਹਾੜ੍ਹੀ ਦੀ ਮੁੱਖ ਫਸਲ ਕਣਕ ਦਾ ਝਾੜ 1.3 ਕਰੋੜ ਟਨ ਘਟ ਸਕਦਾ ਹੈ ਤੇ ਸਰਕਾਰ ਨੂੰ ਕਣਕ ਦਰਾਮਦ ਵੀ ਕਰਨੀ ਪੈ ਸਕਦੀ ਹੈ। ਐਸੋਚੈਮ ਵੱਲੋਂ ਕਰਾਏ ਗਏ ਅਧਿਐਨ ਦੀ ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ। ਇਸ ਰਿਪੋਰਟ ਮੁਤਾਬਕ ਕਣਕ ਦਾ ਝਾੜ ਘਟਣ ਕਾਰਨ ਕਣਕ ਖਾਧ ਪਦਾਰਥਾਂ ਦੀਆਂ ਕੀਮਤਾਂ ਵਿਚ ਤੇਜ਼ੀ ਆ ਸਕਦੀ ਹੈ, ਜਿਸ ਨਾਲ ਬਾਜ਼ਾਰ ਵਿਚ ਮਹਿੰਗਾਈ ਵਧੇਗੀ।

ਐਸੋਚੈਮ ਦੇ ਜਨਰਲ ਸਕੱਤਰ ਡੀ.ਐਸ. ਰਾਵਤ ਨੇ ਕਣਕ ਉਤੇ ਦਰਾਮਦ ਟੈਕਸ 10 ਫੀਸਦੀ ਤੋਂ ਘਟਾ ਕੇ ਪੰਜ ਫੀਸਦੀ ਕਰਨ ਦੀ ਵਕਾਲਤ ਕੀਤੀ ਹੈ ਤਾਂ ਜੋ ਵਪਾਰੀ ਬਰਾਬਰ ਦਰਾਮਦ ਜਾਰੀ ਰੱਖ ਸਕਣ, ਜਿਸ ਨਾਲ ਬਾਜ਼ਾਰ ਵਿਚ ਕਣਕ ਦੀ ਉਪਲਬਧਤਾ ਰਹੇਗੀ ਅਤੇ ਸਰਕਾਰ ਦੇ ਭੰਡਾਰ ਉਤੇ ਦਬਾਅ ਘਟੇਗਾ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚਾਲੂ ਫਸਲ ਵਰ੍ਹੇ ਵਿਚ ਕਣਕ ਦੇ 9.38 ਕਰੋੜ ਟਨ ਝਾੜ ਦੇ ਆਰੰਭਿਕ ਅਨੁਮਾਨ ਦੇ ਮੁਕਾਬਲੇ ਤਕਰੀਬਨ 1.3 ਕਰੋੜ ਟਨ ਝਾੜ ਘਟਣ ਦੀ ਸੰਭਾਵਨਾ ਹੈ। ਇਸ ਕਾਰਨ ਸਰਕਾਰ ਨੂੰ ਕਣਕ ਦਰਾਮਦ ਕਰਨ ਬਾਰੇ ਵੀ ਵਿਚਾਰ ਕਰਨਾ ਪੈ ਸਕਦਾ ਹੈ। ਝਾੜ ਘਟ ਰਹਿਣ ਕਾਰਨ ਤਕਰੀਬਨ ਕੇਂਦਰੀ ਭੰਡਾਰ ਲਈ ਕਣਕ ਦੀ ਖਰੀਦ 10-20 ਫੀਸਦੀ ਘਟਣ ਰਹਿਣ ਦੀ ਸੰਭਾਵਨਾ ਹੈ। ਜਾਣਕਾਰੀ ਮੁਤਾਬਕ ਜਨਤਕ ਵੰਡ ਪ੍ਰਣਾਲੀ ਤਹਿਤ ਹਰ ਮਹੀਨੇ 30 ਲੱਖ ਟਨ ਤੋਂ ਵੱਧ ਕਣਕ ਦੀ ਲੋੜ ਹੁੰਦੀ ਹੈ।

## ਰਾਜੋਆਣਾ ਵੱਲੋਂ ਭਾਰਤੀ ਨਿਆਂ ਪ੍ਰਣਾਲੀ 'ਤੇ ਸਵਾਲ

**ਪਟਿਆਲਾ:** ਬੇਅੰਤ ਸਿੰਘ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਰਾਸ਼ਟਰਪਤੀ ਨੂੰ ਸੁਆਲ ਕੀਤਾ ਹੈ ਕਿ 'ਕੀ ਮੇਰੀ ਫਾਂਸੀ ਦੀ ਸਜ਼ਾ ਰਾਜਨੀਤਕ ਲੋਕਾਂ ਦੇ ਹੱਥਾਂ ਦਾ ਕੋਈ ਖਿਡੌਣਾ ਹੈ, ਕਿ ਜਦੋਂ ਉਨ੍ਹਾਂ ਦੀ ਮਰਜ਼ੀ ਹੋਵੇਗੀ ਉਦੋਂ ਹੀ ਕੋਈ ਫੈਸਲਾ ਕੀਤਾ ਜਾਵੇਗਾ।' ਇਹ ਸੁਆਲ ਭਾਈ ਰਾਜੋਆਣਾ ਨੇ ਸੂਚਨਾ ਅਧਿਕਾਰ ਐਕਟ 2005 ਦੀ ਧਾਰਾ 3 ਤਹਿਤ ਮਿਲੇ ਅਧਿਕਾਰਾਂ ਤਹਿਤ ਸੂਚਨਾ ਪ੍ਰਾਪਤ ਕਰਨ ਲਈ ਰਾਸ਼ਟਰਪਤੀ ਭਵਨ ਦੇ ਮੁੱਖ ਲੋਕ ਸੂਚਨਾ ਅਫਸਰ ਨੂੰ ਲਿਖੇ ਪੱਤਰ ਵਿਚ ਪੁੱਛਿਆ ਹੈ।



ਭਾਈ ਰਾਜੋਆਣਾ ਜੋ ਕੇਂਦਰੀ ਜੇਲ੍ਹ ਪਟਿਆਲਾ ਦੀ ਫਾਂਸੀ ਕੋਠੀ ਨੰਬਰ 16 ਵਿਚ ਬੰਦ ਹੈ, ਨੇ ਕੇਂਦਰੀ ਜੇਲ੍ਹ ਪਟਿਆਲਾ ਦੇ ਸੁਪਰਡੈਂਟ ਰਾਹੀਂ ਮੰਗੀ ਸੂਚਨਾ ਵਿਚ ਕਿਹਾ ਹੈ ਕਿ ਮਾਰਚ 2012 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਪੀਲ 'ਤੇ ਉਨ੍ਹਾਂ ਦੀ ਫਾਂਸੀ ਉਤੇ ਇਸ ਆਧਾਰ 'ਤੇ ਰੋਕ ਲਗਾ ਦਿੱਤੀ ਕਿ ਜਦੋਂ ਤੱਕ ਅਪੀਲਾਂ ਉਤੇ ਸੁਪਰੀਮ ਕੋਰਟ ਵਿਚ ਅੰਤਿਮ ਫੈਸਲਾ ਨਹੀਂ ਹੋ ਜਾਂਦਾ, ਉਦੋਂ ਤੱਕ ਉਸ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਰਹੇਗੀ ਜੋ ਕਿ ਅੱਜ ਤੱਕ ਜਾਰੀ ਹੈ। ਭਾਈ ਰਾਜੋਆਣਾ ਨੇ ਪੱਤਰ ਵਿਚ 5 ਸੁਆਲ ਕੀਤੇ ਹਨ ਕਿ ਉਨ੍ਹਾਂ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਇਸ ਆਧਾਰ ਉਤੇ ਲਾਈ ਹੈ ਗਈ ਹੈ ਕਿ ਜਦੋਂ ਤੱਕ ਫੌਜਦਾਰੀ ਅਪੀਲਾਂ 'ਤੇ ਕੋਈ ਅੰਤਿਮ ਫੈਸਲਾ ਨਹੀਂ ਹੋ ਜਾਂਦਾ। ਇਨ੍ਹਾਂ ਅਪੀਲਾਂ ਦੇ ਨਿਪਟਾਰੇ ਲਈ ਸੀ.ਬੀ.ਆਈ ਅਤੇ ਸੁਪਰੀਮ ਕੋਰਟ ਨੂੰ ਕਹਿਣ ਦੀ ਜ਼ਿੰਮੇਵਾਰੀ ਕਿਸ ਦੀ ਹੈ? ਉਨ੍ਹਾਂ ਨੂੰ ਜੇਲ੍ਹ ਵਿਚ 21ਵਾਂ ਸਾਲ ਚੱਲ ਰਿਹਾ ਹੈ ਅਤੇ ਫਾਂਸੀ ਦੀ ਸਜ਼ਾ ਨੂੰ 9 ਸਾਲ ਹੋ ਗਏ ਹਨ, ਆਖਰੀ ਫੈਸਲੇ ਦਾ ਹੋਰ ਕਿੰਨੇ ਸਾਲ ਇੰਤਜ਼ਾਰ ਕਰਨਾ ਪਵੇਗਾ।

ਇਹ ਵੀ ਕਿਹਾ ਹੈ ਕਿ ਜੇਕਰ ਕੋਈ ਵਿਅਕਤੀ 21 ਸਾਲ ਬਾਅਦ ਵੀ ਆਪਣੇ ਆਖਰੀ ਫੈਸਲੇ ਲਈ ਅਦਾਲਤੀ ਪ੍ਰਕ੍ਰਿਆ ਪੂਰੀ ਹੋਣ ਦਾ ਇੰਤਜ਼ਾਰ ਕਰ ਰਿਹਾ ਹੋਵੇ ਤਾਂ ਕੀ ਇਸ ਦੇਸ਼ ਦੇ ਕਾਨੂੰਨ ਦੇ ਇਨਸਾਫ ਦਾ ਇਹੀ ਸੱਚ ਹੈ। ਇਹ ਵੀ ਪੁੱਛਿਆ ਹੈ ਕਿ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਰਾਜਨੀਤਕਾਂ ਦੇ ਹੱਥਾਂ ਦਾ ਕੋਈ ਖਿਡੌਣਾ ਹੈ, ਕਿ ਜਦੋਂ ਉਨ੍ਹਾਂ ਦੀ ਮਰਜ਼ੀ ਹੋਵੇਗੀ ਉਦੋਂ ਹੀ ਕੋਈ ਫੈਸਲਾ ਕੀਤਾ ਜਾਵੇਗਾ। ਭਾਈ ਰਾਜੋਆਣਾ ਨੇ ਸੁਆਲ ਕੀਤਾ ਹੈ ਕਿ ਉਹ ਦੂਸਰੇ ਵਿਅਕਤੀਆਂ ਵੱਲੋਂ ਕੀਤੀਆਂ ਗਈਆਂ ਅਪੀਲਾਂ ਦੇ ਨਿਪਟਾਰੇ ਦਾ ਇੰਤਜ਼ਾਰ ਕਿਉਂ ਕਰੇ ਜਦੋਂ ਕਿ ਉਨ੍ਹਾਂ ਨੇ ਕੋਈ ਅਪੀਲ ਕੀਤੀ ਹੀ ਨਹੀਂ ਹੈ।

## ਅਣਖ ਖਾਤਰ ਨਵ-ਵਿਆਹੇ ਜੋੜੇ ਦਾ ਕਤਲ

**ਬਟਾਲਾ:** ਅਣਖ ਖਾਤਰ ਨਵ-ਵਿਆਹੇ ਜੋੜੇ ਦਾ ਲੜਕੀ ਦੇ ਭਰਾ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਕਤਲ ਕਰ ਦਿੱਤਾ ਗਿਆ। ਪੁਲਿਸ ਮੁਤਾਬਕ ਪੰਜ ਮਹੀਨੇ ਪਹਿਲਾਂ ਹਰਜਿੰਦਰ ਸਿੰਘ (29) ਪੁੱਤਰ ਮੁਖਤਾਰ ਸਿੰਘ ਦੀ ਕੋਰਟ ਮੈਰਿਜ ਰਜਵੰਤ ਕੌਰ ਵਾਸੀ ਪਿੰਡ ਹਰਤ ਖੁਰਦ ਨਾਲ ਹੋਈ ਸੀ, ਜੋ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਮਨਜ਼ੂਰ ਨਹੀਂ ਸੀ ਤੇ ਲੜਕੀ ਦੇ ਭਰਾ ਵੱਲੋਂ ਦੋਵਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ।

ਹਰਜਿੰਦਰ ਸਿੰਘ ਆਪਣੀ ਪਤਨੀ ਰਜਵੰਤ ਕੌਰ ਨਾਲ ਭੂਆ ਨੂੰ ਮਿਲਣ ਮੋਟਰਸਾਈਕਲ ਜਾ ਰਿਹਾ ਸੀ ਕਿ ਮਹੱਦੀਪੁਰ ਤੋਂ ਥੋੜੀ ਦੂਰ ਰਸਤੇ 'ਚ ਮਾਰੂਤੀ ਕਾਰ ਸਵਾਰ ਲੜਕੀ ਦੇ ਭਰਾ ਨੇ ਆਪਣੇ ਚਾਰ ਸਾਥੀਆਂ ਨਾਲ ਉਨ੍ਹਾਂ ਨੂੰ ਘੇਰ ਲਿਆ ਤੇ ਆਪਣੀ ਭੈਣ ਰਜਵੰਤ ਕੌਰ ਤੇ ਉਸ ਦੇ ਪਤੀ ਹਰਜਿੰਦਰ ਸਿੰਘ ਨੂੰ ਆਪਣੀ ਲਾਇਸੰਸੀ 12 ਬੋਰ ਦੀ ਰਾਈਫਲ ਨਾਲ ਗੋਲੀਆਂ ਮਾਰ ਦਿੱਤੀਆਂ, ਜਿਸ ਨਾਲ ਪਤੀ-ਪਤਨੀ ਦੀ ਮੌਕੇ ਉਤੇ ਹੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਗੁਰਦੀਪ ਸਿੰਘ ਪਹਿਲਾਂ ਵੀ ਕਤਲ ਕੇਸ ਵਿਚ ਭਗੌੜਾ ਹੈ।

# ਨੀਲੀ ਛੱਤ ਵਾਲੇ ਦੀ ਛਤਰੀ ਇਓਂ ਚੋਵੇ...

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਇਕ ਯੂਨੀਵਰਸਿਟੀ ਵਿਚ ਸਿਆਣੇ ਲੋਕ ਵਿਚਾਰ-ਵਟਾਂਦਰਾ ਕਰ ਰਹੇ ਸਨ। ਇਕ ਬੋਲਿਆ, "ਰੰਗ ਮੰਚ ਦਾ ਰੰਗ ਕਿਉਂ ਫਿੱਕਾ ਪੈਣ ਲੱਗ ਪਿਆ ਏ?" ਦੂਜੇ ਦੀ ਦਲੀਲ ਸੀ, "ਇਹ ਥਾਂ ਫਿਲਮਾਂ ਨੇ ਜੂ ਲੈ ਲਈ ਹੈ।" ਇਕ ਦਰਸ਼ਕ ਬਾਂਹ ਖੜ੍ਹੀ ਕਰਕੇ ਬੋਲਿਆ, "ਬੰਦਾ ਸਾਰੇ ਦਾ ਸਾਰਾ ਡਰਾਮੇਬਾਜ਼ ਹੋ ਗਿਆ ਹੈ, ਘਰ ਤੇ ਬਾਹਰ ਵੀ, ਸਾਰਾ ਦਿਨ ਨਾਟਕ ਹੀ ਚੱਲਦੈ। ਪਤਾ ਨਹੀਂ ਤੁਹਾਨੂੰ ਕਿਸ ਰੰਗ ਮੰਚ ਦਾ ਫਿਕਰ ਖਾ ਰਿਹੈ?" ਵਿਦਵਾਨ ਸ਼ਰਮਿੰਦਾ ਹੋ ਗਏ। ਇਸ ਯੁੱਗ ਵਿਚ ਮਨੁੱਖ ਦੀ ਸੋਚ ਤਾਂ ਲੋਭ ਨੇ ਖੁੰਢੀ ਕਰ ਹੀ ਦਿੱਤੀ ਹੈ, ਯਾਦ ਸ਼ਕਤੀ ਵੀ ਜਾਂਦੀ ਲੱਗੀ ਹੈ। ਇਕ ਲੀਡਰ ਦਾ ਇਕ ਦਿਨ 'ਚ ਦੋ ਥਾਂਵਾਂ 'ਤੇ ਕੀਤਾ ਭਾਸ਼ਣ ਸੁਣ ਕੇ ਵੇਖਿਓ, ਸੱਚ ਤਾਂ ਵਿਚੋਂ ਚਲੋ ਨਾ ਲੱਭੇ ਕੋਈ ਗੱਲ ਨੀਂ, ਉਹ ਸਤਲੁਜ ਯਮੁਨਾ ਦੀ ਕਹਾਣੀ ਨਹੀਂ ਸਗੋਂ ਰਾਵੀ-ਝਨਾਅ ਦਾ ਲਿੰਕ ਬਣਾਉਣ ਲੱਗਾ ਹੁੰਦਾ ਹੈ। ਲੀਡਰ ਆਪਣੇ ਭਾਸ਼ਣਾਂ ਦੀ ਪ੍ਰਸ਼ੰਸਾ ਪਰਜਾ ਤੋਂ ਨਹੀਂ, ਆਪਣੇ ਚਮਚਿਆਂ ਤੋਂ ਜਾਂ ਆਪਣੀ ਪਤਨੀ ਤੋਂ ਕਰਵਾਉਣ ਲੱਗੇ ਹੋਏ ਹਨ। ਹੁੱਬ ਕੇ ਪਤਨੀ ਨੂੰ ਪੁੱਛਣਗੇ, "ਕਿਵੇਂ ਰਿਹਾ ਫਿਰ ਅੱਜ?" ਤੇ ਵਿਚਾਰੀ ਬੀਵੀ ਅੱਗੋਂ ਮੁਸਕਰਾ ਕੇ ਕਹੇਗੀ, "ਜਮ੍ਹਾਂ ਸਿਰੇ ਲਾ'ਤੀ।" ਪ੍ਰੇਮੀ ਪ੍ਰੇਮਿਕਾ ਪਿਆਰ ਤਾਂ ਰੱਜ ਕੇ ਕਰਨਾ ਚਾਹੁੰਦੇ ਨੇ ਪਰ ਪਤੀ-ਪਤਨੀ ਬਣਨ ਤੋਂ ਭੱਜ ਰਹੇ ਹਨ, ਬੀਵੀ ਚਰਿੱਤਰਹੀਣ ਪਤੀ ਨੂੰ 'ਹਊ ਪਰੇ' ਕਹੀ ਜਾ ਰਹੀ ਹੈ, ਇਸ ਤਰਕ ਨਾਲ ਕਿ ਇਹਨੂੰ ਵੀ 'ਹਊ ਪਰੇ' ਕਰਨ ਦੀ ਆਦਤ ਹੈ। ਲੀਡਰ ਆਖਦੇ ਨੇ, ਕਿਹੜਾ ਵਿਗਿਆਨ, ਕਿਹੜਾ ਇੰਟਰਨੈਟ? ਦਰਅਸਲ ਅਲਜ਼ਬਰਾ ਪੁਰਾਣਾ ਹੈ, ਫਾਰਮੂਲੇ ਨਵੇਂ ਬਣਦੇ ਜਾ ਰਹੇ ਨੇ। ਜਿਸ ਦੌਰ 'ਚ ਆਪਾਂ ਸਾਹ ਲੈ ਰਹੇ ਹਾਂ, ਨਿਆਣੇ ਹੀ ਲੀਡਰਾਂ ਦੇ ਬੁੱਢੇ ਹੋਣ 'ਤੇ ਕਹੀ ਜਾਂਦੇ ਨੇ, "ਕਿਤੇ ਜੇ ਇਨ੍ਹਾਂ ਨੂੰ ਟਕੇ ਜਿੰਨੀ ਮੱਤ ਵੀ ਹੁੰਦੀ?" ਬੇਸ਼ਰਮਾਂ ਦੀ ਗਿਣਤੀ ਇਸ ਕਰਕੇ ਵਧੀ ਜਾ ਰਹੀ ਹੈ, ਕਿਉਂਕਿ ਜ਼ਮੀਰ ਤਾਂ ਚਲੋ ਮਰ ਹੀ ਰਹੀ ਸੀ, ਆਤਮਾ ਵੀ ਜਿਉਂਦੀ ਨਹੀਂ ਰਹੀ। ਆਹ ਵਾਰਤਾਲਾਪ ਸੁਣ ਕੇ ਅਰਥ ਕੱਢੋਗੇ ਕਿ ਜ਼ਰੂਰੀ ਨਹੀਂ, ਅਨਪੜ੍ਹਾਂ ਨੂੰ ਅਕਲ ਨਾ ਹੋਵੇ...!*

"ਓ ਬੱਲੇ ਓ ਫੁੰਮਣਾ, ਢਿੱਲਾ ਮੱਠਾ ਸਿਗਾ, ਦਿਖਿਆ ਈ ਨ੍ਹੀਂ ਬੜੇ ਦਿਨਾਂ ਦਾ?" ਨਰੈਣੇ ਨੇ ਡੱਬੀ ਖੇਸੀ ਨਾਲ ਠੰਡ ਤੋਂ ਗੋਡੇ 'ਤੇ ਪੈਰ ਢੱਕਦਿਆਂ ਸੱਥ 'ਚ ਵੜਦੇ ਫੁੰਮਣ ਨੂੰ ਸਵਾਲ ਕੀਤਾ।

"ਦਿਖਣਾ ਸੁਆਹ ਹੈ, ਨੀਲੀ ਛੱਤ ਆਲਾ ਈ ਨ੍ਹੀਂ ਪੇਸ਼ ਜਾਣ ਦਿੰਦਾ, ਹਾਲੇ ਦੋ ਕੁ ਦਿਨ ਪਹਿਲਾਂ ਬੇਲੀਆਂ ਦਾ ਬੰਸਾ ਮਰ ਗਿਆ ਕਰਜ਼ੇ ਦੁੱਖੋਂ ਫਾਹਾ ਲੈ ਕੇ ਤੇ ਆਹ ਹੁਣ ਜਿਹੜੀ ਉਪਰ ਆਲੇ ਨੇ ਮੀਂਹ ਦੀ ਪੰਡ ਖੋਲ'ਤੀ, ਨਾਲੇ ਮਾੜੇ ਪੱਖੇ ਵਾਗੂੰ ਹਵਾ ਦੇ ਫੱਰਾਟੇ। ਇਹਨੇ ਕੱਖ ਨ੍ਹੀਂ ਛੱਡਣਾ। ਮੈਨੂੰ ਘਰ ਬੈਠੇ ਨੂੰ ਚਿੰਤਾ ਖਾਈ ਜਾਂਦੀ ਐ, ਤਾਂ ਨ੍ਹੀਂ ਭਰਾਵਾ ਬਾਹਰ ਨਿਕਲਦਾ।"

"ਆਹੋ ਢਾਅ ਲਈ ਸਾਰੀ ਕਣਕ, ਵਿਛ ਗਈ ਦਰੀ ਆਗੂੰ।"

"ਓ ਦਰੀ ਆਗੂੰ ਕਾਹਨੂੰ ਜਿਮੀਂਦਾਰਾਂ ਦਾ ਸੱਥਰ ਵਿਛਾ'ਤਾ। ਹੁਣ ਤਾਂ ਲੱਗਦੈ ਸਾਰਾ ਪਿੰਡ ਹੀ ਫਾਹਾ ਲਊ।"

ਅਮਲੀ ਜਾਗਰ ਨੇ ਵੀ ਵਿਚ ਦੀ ਛੱਡ'ਤੀ, "ਇਹ ਨੀਲੀ ਛੱਤ ਆਲਾ ਵੀ ਨੀਲੀਆਂ ਆਲਿਆਂ ਨਾਲ ਰਲਿਆ ਲੱਗਦੈ, ਇਹ ਵੀ ਉਹ ਨ੍ਹੀਂ ਰਿਹਾ, ਜਦੋਂ ਪੈਣਾ ਹੋਵੇ ਪੈਂਦਾ ਨ੍ਹੀਂ, ਹੁਣ ਊਂ ਈ ਲਾਲਿਆਂ ਦੀ ਬੱਕਰੀ ਆਙੂੰ ਆਫਰਿਆ ਰਹਿੰਦੈ।"

"ਓਏ ਚੁੱਪ ਕਰ ਓਏ, ਤੈਨੂੰ ਕੀ ਪਤਾ ਅਮਲੀਆ?"

"ਲੈ ਜਿੱਦਾਂ ਕਿਤੇ ਇਨ੍ਹਾਂ ਨੂੰ ਬਾਹਲਾ ਪਤੈ, ਵੇਖ ਲਿਓ ਜਿੱਦਣ ਸਰਕਾਰ ਬਦਲੀ ਜੇ ਨੀਲੀਆਂ ਆਲਿਆਂ 'ਤੇ ਚਿੱਟੀਆਂ ਆਲਿਆਂ ਨੇ ਨੀਲੀ ਛੱਤ ਆਲੇ ਨਾਲ ਰਲੇ ਹੋਣ ਦੇ ਪਰਚੇ ਕਰਕੇ ਅੰਦਰ ਨਾ ਕਰ'ਤੇ।" ਅਮਲੀ ਕਾਲਰ ਥਾਣੀ ਹੱਥ ਪਾ ਕੇ ਪਿੱਠ 'ਤੇ ਖਾਜ ਕਰਦਾ ਤੁਰ ਪਿਆ ਤੇ ਬੁੜ ਬੁੜ ਕਰਦਾ ਕਹਿ ਹੀ ਗਿਆ, "ਨਾ ਮੰਨੋ ਸਾਡੀ, ਸਾਡੇ ਲਈ ਤਾਂ ਦੋਏ ਦੁਸ਼ਮਣ ਆ, ਬੀਕਾਨੇਰ ਦੇ ਨਿਆਣਾ ਪਾਉਣ ਨੂੰ ਫਿਰਦੇ ਆ ਪਈ ਕਿਤੇ ਭੋਰਾ ਭੁੱਕੀ ਨਾ ਆ ਜਾਏ ਇੱਧਰ।"

"ਹਾਅ ਭਲਾ ਕੌਣ ਆਉਂਦਾ?"

"ਦੀਹਦਾ ਨ੍ਹੀਂ ਫੁੰਮਣਾ, ਕਾਲਾ ਉਤਰ ਆਇਐ, ਸਾਲਾ ਮੁੱਛਲ ਐ ਬਿਸ਼ਨਾ, ਵਿਗੜੀ ਨਸਲ।"

"ਦੀਹਦਾ ਸੱਚੀਂ ਨ੍ਹੀਂ ਨਰੈਣਿਆਂ, ਐਨਕ ਅੱਖਾਂ ਆਲੇ ਕੈਂਪ 'ਚੋਂ ਲੁਆਈ ਸੀ। ਉਹ ਸਾਲੀ ਪੈਨਸ਼ਨ ਲੈਣ ਗਏ ਦੀ ਲਾਰੀ 'ਚ ਚੜ੍ਹਦੇ ਦੀ ਡਿੱਗ ਕੇ ਟੁੱਟ ਗਈ, ਬੁੱਢਿਆਂ ਨੂੰ ਦੇਣ ਲਈ ਨੀਲੀਆਂ ਆਲਿਆਂ ਕੋਲ ਟਕਾ ਨ੍ਹੀਂ, ਆਪ ਚੱਲੇ ਆ, ਨਵੇਂ ਆਉਣਗੇ, ਕੋਈ ਧੇਲਾ ਦਊ ਤਾਂ ਲੁਆਵਾਂਗੇ ਐਨਕਾਂ।"

"ਤੂੰ ਫੁੰਮਣਾ ਆਪਣੀ ਰਾਮ ਕਹਾਣੀ ਛੱਡ, ਇਹ ਕੰਜਰ ਦੇ ਨਰੈਣੇ ਨੇ ਕੱਲ੍ਹ ਆਪਣੀ ਭਜਨੀ ਕੁੱਟ'ਤੀ।"

"ਆਹੋ ਕਹਿੰਦੇ ਕੁੱਟੀ ਵੀ ਬਹੁਤੀ ਆ!"

"ਡਮਾਕ ਖਰਾਬ ਆ ਸਾਲੇ ਦਾ ਬੁੱਢੇ ਵਾਰੇ, ਕੋਈ ਧੀ-ਪੁੱਤ ਹੁੰਦਾ ਤਾਂ ਵਿਚਾਰੀ ਦਾ ਖਿਆਲ ਰੱਖਦਾ, ਨਰੈਣਾ ਤਾਂ ਆਏਂ ਈ ਕਰਦੈ ਵਿਚਾਰੀ ਨਾਲ।"

"ਓਏ ਵਿੰਗਿਓ ਟੇਡਿਓ ਜਿਹੋ ਕੀ ਘੁਸਰ-ਮੁਸਰ ਲਾਈ ਆ?"

"ਤੇਰੀਆਂ ਚੁਗਲੀਆਂ ਕਰਦੇ ਆਂ, ਸ਼ਰਮ ਨ੍ਹੀਂ ਆਉਂਦੀ ਬੁੱਢ ਬੁਲੇਡ ਨੂੰ, ਓਹ ਵਿਚਾਰੀ ਭਜਨੀ ਊਂ ਵੀ ਢਿੱਲ੍ਹੀ ਮੱਠੀ ਰਹਿੰਦੀ ਐ, ਕੱਲ੍ਹ ਤੈਂ ਫਿਰ ਖੜਕਾ'ਤੀ।"

"ਸਾਲਿਓ ਤੀਵੀਂ ਮੇਰੀ ਆ, ਮੈਂ ਕੁੱਟਾਂ ਜਾਂ ਪਿਆਰ ਕਰਾਂ, ਤੁਹਾਡੇ ਜਲਾਟ ਹੁੰਦੈ। ਉਹਨੇ ਬੜੀ ਸੋਹਣੀ ਸਵੇਰੇ ਮੈਨੂੰ ਅਧਰਕ ਪਾ ਕੇ ਚਾਹ ਪਲਾਈ ਆ, ਡੱਬੀਆਂ ਵਾਲਾ ਸਾਫਾ ਕੱਢ ਕੇ ਫੜਾਇਆ, ਕੰਜਰ ਦੇ ਗੱਲ ਈਂ ਨ੍ਹੀਂ ਭੁੰਜੇ ਪੈਣ ਦਿੰਦੇ।"

"ਨਾ ਨਰੈਣਿਆਂ ਤੈਂ ਉਹ ਸਾਧਣੀ ਕੁੱਟੀ ਕਿਉਂ?"

"ਸਾਧਣੀ ਨਾ ਕਹੋ, ਦੱਸਦਾਂ ਮੈਂ ਸਾਧਾਂ ਨੂੰ ਕੀ ਕਹਿੰਦੀ ਆ? ਮੈਂ ਤਾਂ ਕੁੱਟੀ ਆ, ਉਹ ਸਹੁਰੀ ਸਾਧ ਕੁੱਟਣ ਨੂੰ ਫਿਰਦੀ ਆ।"

"ਨਾ ਗੱਲ ਕੀ ਹੋਈ ਸੀ ਨਰੈਣਿਆ?" ਫੁੰਮਣ ਨੇ ਪਿੱਪਲ ਦੀ ਜੜ੍ਹ 'ਤੇ ਥੱਲਾ ਥੱਲੇ ਲਾਉਂਦੇ ਨੂੰ ਐਂ ਪੁੱਛਿਆ ਜਿਵੇਂ ਪਰ੍ਹਿਆ 'ਚ ਸਰਪੰਚ ਪੁੱਛਦੈ।"

"ਰਹਿਣ ਈ ਦਿਓ, ਲਗਦੈ ਭਜਨੀ ਨੇ ਫਿਰ ਕੁੱਟ ਖਾ ਲੈਣੀ ਆ ਅੱਜ ਭਲਕੇ।"

"ਓਏ ਓਹਨੇ ਤਾਂ ਸ਼ਰੀਫ ਨੇ ਜੁਆਨੀ ਵਾਰੇ ਨ੍ਹੀਂ ਅੱਖ ਚੁੱਕੀ, ਤੈਨੂੰ ਆਂਹਦੀ ਰਹੀ, ਜੁਆਕ-ਜੱਲਾ ਚਾਹੀਦੈ ਤਾਂ ਹੋਰ ਕਰਾ ਲੈ, ਹੁਣ ਕੀ ਸੱਪ ਦੀ ਪੂਛ ਖਿੱਚ ਲਈ ਉਹਨੇ?"

"ਕੰਜਰ ਦਿਓ ਕੁਪੱਤ ਤਾਂ ਥੋਡੇ ਨਾਲ ਵੀ ਘਰ ਬਥੇਰੀ ਹੁੰਦੀ ਆ, ਤਾਂ ਹੀ ਸਵੇਰੇ ਆ ਕੇ ਇੱਥੇ ਬੈਠ ਜਾਨੇ ਓਂ, ਕਰਦੇ ਓਂ ਚੱਬ ਚੱਬ ਕੇ... ਬੰਦਿਆਂ ਵਾਗੂੰ ਸੁਣੋ, ਮੈਂ ਜਾਣਾ ਸੀ ਕੱਲ੍ਹ ਮੱਸਿਆ, ਉਹਨੂੰ ਕਿਹਾ, ਪਈ ਮੇਰਾ ਚਿੱਟਾ ਕਮੀਜ ਪਜਾਮਾ ਧੋ ਕੇ ਸਿਰਹਾਣੇ ਹੇਠਾਂ ਦੇ ਦੀਂ, ਵਲ-ਵੂਲ ਨਿਕਲ ਜਾਣਗੇ...।"

"ਸਾਲਾ ਸ਼ੌਕੀਨ, ਲੱਤਾਂ 'ਚ ਬੁੱਢੇ ਕੁੱਤੇ ਆਂਗੂੰ ਵੀਹ ਵਲ ਆ, ਲੀੜੇ ਸਿੱਧੇ ਕਰਾਉਂਦੈ, ਕੀਤੇ ਨ੍ਹੀਂ ਹੋਣੇ ਭਜਨੀ ਨੇ ਤਾਂ ਢਾਹ ਲਈ?"

"ਗੱਲ ਜਾਂ ਤਾਂ ਮੂੰਹ ਬੰਦ ਕਰਕੇ ਮੇਰੀ ਧਿਆਨ ਨਾਲ ਸੁਣ ਲਓ ਜਾਂ ਫਿਰ...।"

"ਚੱਲ ਦੱਸ?"

"ਭਜਨੀ ਨੂੰ ਪਤੈ ਕਿ ਮੈਂ ਜਦੋਂ ਵੀ ਮੇਲੇ-ਮੁਸਾਬੇ ਜਾਨਾਂ ਚਿੱਟੇ ਲੀੜੇ ਨੀਲ ਦੁਆ ਕੇ ਪਾਉਨਾਂ, ਉਹਨੇ ਨੀਲ ਈ ਨ੍ਹੀਂ ਦਿੱਤਾ! ਮੈਂ ਪੁਛਿਆ ਤਾਂ...?"

"ਫੇਰ?"

"ਅੱਗੋਂ ਆਂਹਦੀ, ਨਹੀਂ ਦਿੰਦੀ। ਤੂੰ ਨੀਲ ਨੂੰ ਰੋਨੈਂ ਮੈਂ ਤਾਂ ਘਰ 'ਚ ਨੀਲਾ ਰੰਗ ਨ੍ਹੀਂ ਵੜ੍ਹਨ ਦੇਣਾ, ਤਾਂ ਕੁੱਟੀ ਫਿਰ। ਆ ਵੀ ਹੱਥ ਨਿੰਮ ਦੀ ਪਰੈਣ ਹੀ ਗਈ।"

"ਬਈ ਫੇਰ ਤਾਂ ਕਮਲੀ ਐ ਭਜਨੀ, ਪਈ ਸ਼ੁਦੈਣੇ ਦੇ ਦੇ ਨੀਲ ਕਾਹਨੂੰ ਹੱਡ ਭਨਾਉਂਦੀ ਆ?"

"ਨਾ ਫੁੰਮਣਾ ਐਵੇਂ ਸਲਾਹ ਦਈ ਜਾਨੈਂ ਬਿੱਲੀ ਜੁਲਾਹੀ ਵਾਗੂੰ, ਪੁੱਛ ਤਾਂ ਲੈ ਪਈ ਨੀਲ ਦਿੱਤਾ ਕਿਉਂ ਨ੍ਹੀਂ।"

"ਕਈ ਵਾਰ ਇਹਦੇ ਨਾਲ ਹੱਥ ਖਰਾਬ ਹੋ ਜਾਂਦੇ ਆ।" ਨਰੈਣੇ ਨੇ ਪੋਲੀ ਜਿਹੀ ਹੋਰ ਦਲੀਲ ਦੇ'ਤੀ।

"ਬਿਸ਼ਨਿਆ, ਦੱਸ ਤਾਂ ਸਹੀ ਨੀਲੇ ਰੰਗ ਦਾ ਰੌਲਾ ਕੀ ਹੈ?"

"ਬਈ ਸੁਣੋ, ਆਖਣ ਲੱਗੀ ਜਿਹੜੇ ਬਾਹਰਲੇ ਬੰਤੂ ਕਿਆਂ ਦੇ ਦੋਵੇਂ ਮੁੰਡੇ ਮਰ ਗਏ, ਇਹ ਨੀਲੀਆਂ ਆਲਿਆਂ ਨੇ ਮਰਾ'ਤੇ। ਵੈਰੀਆਂ ਨੇ ਪਹਿਲਾਂ ਪੀਣ ਲਾਏ, ਫਿਰ ਵੇਚਣ ਲਾਏ, ਪੀਣ ਦੇ ਲਾਲਚ ਨੂੰ।"

"ਪਰ ਨੀਲ ਲੀੜਿਆਂ ਨੂੰ ਨਾ ਦੇਣ ਦਾ ਕੀ ਰੌਲੈ?"

"ਇਹੀ ਤਾਂ ਭਜਨੀ ਨੂੰ ਮੈਂ ਪੁੱਛਦਾ ਸੀ?"

"ਫਿਰ?"

"ਆਂਹਦੀ ਭਾਵੇਂ ਲੱਤਾਂ ਭੰਨ੍ਹ ਦੇ, ਚੂਲਾ ਟੁੱਟ ਜਾਏ, ਨੀਲਾ ਰੰਗ ਨ੍ਹੀਂ ਘਰ ਵਾੜਨਾ। ਇਨ੍ਹਾਂ ਮਰਨ ਵਾਲੇ ਦੋਵੇਂ ਪੁੱਤਾਂ ਲੱਡੂ ਤੇ ਭੋਲੇ ਨੂੰ ਜਦੋਂ ਸਿਵਿਆਂ ਵੱਲ ਲੈ ਕੇ ਤੁਰੇ ਤਾਂ ਮਾਂ ਚਰਨੋ ਦੇ ਵੈਣ ਨਹੀਂ ਸੀ ਸੁਣੇ ਜਾਂਦੇ। ਪਿੱਟਦੀ ਕਹੇ, ਬਚੋ ਨੀਲੀਆਂ ਤੋਂ। ਇਨ੍ਹਾਂ ਨੇ ਨ੍ਹੀਂ ਫੱਕਾ ਛੱਡਣਾ। ਜਿਸ ਘਰ 'ਚ ਨੀਲੇ ਵੜਨ, ਸੰਭਲ ਜਾਇਓ, ਮੇਰੇ ਦੋਵੇਂ ਖਾ ਲਏ। ਨੀਲਾ ਰੰਗ ਈ ਘਰ 'ਚੋਂ ਕੱਢ ਦਿਓ।"

"ਬਾਜੀ ਹੋ ਗਈ ਐ ਭਜਨੀ ਵਿਚਾਰੀ ਚਰਨੋ ਦਾ ਦੁੱਖ ਸੁਣ ਕੇ।"

"ਕਿਤੇ ਫੁੰਮਣਾ ਇਕ, ਆਂਹਦੀ ਮੇਰੇ ਕਿਹੜੇ ਗੋਦ ਖੇਡਦੇ ਆ, ਨੀਲੇ ਨਾ ਪਾ। ਤੂੰ ਮੇਰਾ 'ਕੱਲਾ ਈ ਆ, ਜੇ ਤੈਨੂੰ ਕੁਝ ਹੋ ਗਿਆ, ਮੇਰਾ ਕੀ ਬਣੂੰ?"

"ਅੱਛਾ! ਤਾਂ ਕਹਿੰਦੀ ਆ ਨੀਲ ਨ੍ਹੀਂ ਦੇਣਾ। ਡਰ ਗਈ ਵਿਚਾਰੀ।"

"ਚੱਲ ਤੀਵੀਂ ਮਾਨੀ ਆ। ਤੈਨੂੰ ਮੋਹ ਕਰਦੀ ਆ। ਗੱਲ ਤਾਂ ਉਹਦੀ ਸੱਚੀ ਵੀ ਐ, ਪਿਛਲੇ ਜੁੰਮੇ ਨੂੰ ਮੈਂ ਸਹੁਰੀਂ ਗਿਆ, ਉਥੇ ਲੋਕ ਇਕ ਲੀਡਰ ਨੂੰ ਗਾਲ੍ਹਾਂ ਕੱਢਣ ਪਈ ਬੰਨ੍ਹਦਾ ਨੀਲੀ ਐ, ਵੇਚਦਾ ਚਿੱਟਾ! ਚੱਲ ਹੁਣ ਭਜਨੀ ਨੂੰ ਫੇਰ ਨਾ ਕਹੀਂ ਕੁਛ।"

"ਕਹਾਂ ਕਿਉਂ ਨਾ ਫੁੰਮਣਾ! ਹੁਣ ਕਹਿੰਦੀ ਤੈਨੂੰ ਚਿੱਟੇ ਨ੍ਹੀਂ ਪਾਉਣ ਦੇਣੇ।"

"ਬਈ ਅੰਬਰਸਰ ਲੈ ਜਾ ਫਿਰ ਭਜਨੀ ਨੂੰ, ਸੱਚੀਂ ਡਮਾਕ ਟਿਕਾਣੇ ਨ੍ਹੀਂ ਲੱਗਦਾ। ਹੁਣ ਚਿੱਟਾ ਕਿਉਂ ਆਂਹਦੀ ਆ, ਨਾ ਪਾ!"

"ਤੇਰਾ ਬਹੁਤ ਸਹੀ ਆ ਡਮਾਕ? ਮੇਰੀ ਤੀਵੀਂ ਨੂੰ ਕਮਲੀ ਕਹਿਨੈ!"

"ਨਾ ਹੋਰ ਕੀ ਕਹਾਂ ਫਿਰ?"

"ਆਪ ਹੀ ਦੱਸਦੈਂ ਕਿ ਲੀਡਰ ਜਿਹੜੇ ਚਿੱਟਾ ਵੇਚਦੇ ਆ ਉਹ ਵੀ ਮੌਤ ਦੇ ਵਰੰਟ ਈ ਐ। ਚਿੱਟੇ ਤੋਂ ਤਾਂ ਭਜਨੀ ਨੀਲਿਆਂ ਨਾਲੋਂ ਵੀ ਖਫਾ ਐ।"

"ਦੇਖ ਲੈ ਬਈ, ਊਂ ਦੋ ਜਮਾਤਾਂ ਨ੍ਹੀਂ ਪੜ੍ਹੀ, ਚਿੱਟੇ ਲੀੜੇ ਸਾਰੇ ਮੰਜੇ 'ਤੇ ਰੱਖ ਕੇ ਕਹਿੰਦੀ ਇਹ ਸਾਰੇ ਲੱਕੜੀਆਂ ਪਾੜਨ ਆਉਂਦੇ ਜੰਮੂ ਆਲੇ ਰਾਸ਼ਿਆਂ ਨੂੰ ਦੇ ਦੇ।"

"ਉਹ ਕਾਹਤੋਂ?"

"ਭਰਾਵਾ ਕਰ'ਤਾ ਭਾਸ਼ਣ। ਕਹੇ, ਚਿੱਟੇ ਲੀੜੇ ਪਾ ਕੇ ਮੁਲਕ ਲੁੱਟ ਲਿਆ, ਚਿੱਟੀ ਬੰਨ੍ਹ ਕੇ ਹੇਠਾਂ ਖਰਾਬ ਡਮਾਕ।"

"ਬੱਲੇ! ਏਨੀ ਤਿੱਖੀ ਹੋ ਗਈ ਭਜਨੀ?"

"ਹੋਰ ਸੁਣ! ਕਹੇ ਚਿੱਟਾ ਮੱਛਰ ਨਰਮਾ ਖਾ ਗਿਆ ਸਾਰਾ, ਵਿਗੜੀ ਮੁੰਡੀਰ, ਚਿੱਟੇ ਕੁੜਤੇ-ਪਜਾਮੇ ਪਾ ਕੇ ਚਿੱਟਾ ਪੀਂਦੀ ਆ, ਘਰ ਘਰ ਚੁੰਨੀਆਂ ਦਾ ਰੰਗ ਚਿੱਟਾ ਛੇਤੀਂ ਹੋਣ ਲੱਗ ਪਿਆ। ਭਰਾਵਾ ਉਹ ਤਾਂ ਜਿਵੇਂ ਖਾ ਕੇ ਕੁਛ ਭਾਸ਼ਣ ਕਰਦੀ ਹੋਵੇ... ਜ਼ੋਰ ਲਾ ਲਾ ਕੇ ਕਹੇ, ਚਿੱਟਾ ਵੀ ਨਹੀਂ ਪਾਉਣਾ ਹੁਣ ਕਦੇ, ਇਹ ਚਿੱਟਿਆਂ ਨੇ ਕੱਖ ਨ੍ਹੀਂ ਛੱਡਿਆ ਪਹਿਲਾਂ। ਹੁਣ ਚਿੱਟਾ ਪਾ ਕੇ ਚੱਟ ਗਏ ਮੁਲਖ ਸਾਰਾ।"

"ਗੱਲ ਤਾਂ ਭਜਨੀ ਊਂ ਠੀਕ ਈ ਕਰਦੀ ਆ। ਕਿਤੇ ਚੱਕ ਤਾਂ ਨ੍ਹੀਂ ਕਿਸੇ ਦੀ? ਤੂੰ ਪੁੱਛ ਲੈਣਾ ਸੀ ਕਿ ਭਜਨੀਏ ਭਗਵੇਂ ਪਾ ਕੇ ਸਾਧ ਬਣ ਜਾਵਾਂ ਫਿਰ?"

"ਫਿਰ ਤਾਂ ਖੁਸ਼ ਹੋ ਗਈ ਹੋਣੀ ਆ ਪਈ ਬਿਸ਼ਨਾ ਕਿਸੇ ਚੰਗੇ ਡੇਰੇ 'ਤੇ ਬਹਿ ਜੂ?"

"ਭਰਾਵਾ ਹਾਅ ਈ ਮੈਂ ਕਹਿ ਬੈਠਾ ਪਈ ਹੁਣ ਸਾਧ ਬਣਨੋਂ ਰਹਿੰਦਾ, ਭਗਵੇਂ ਪਾ ਲਵਾਂ"

"ਫਿਰ?"

"ਲੱਗ ਪਈ ਪਿੱਟਣ!"

"ਹੈਂ! ਉਹ ਕਿਉਂ?"

"ਨਰੈਣਿਆ ਹੋ ਗਈ ਬੇ ਕਾਬੂ। ਅੱਖਾਂ ਲਾਲ, ਦਾਰੇ ਭਲਵਾਨ ਜਿੰਨਾ ਜੋਸ਼। ਪਿੱਟਦੀ ਆਖੇ, ਸਾਧ ਬਣਨ ਨਾਲੋਂ ਤਾਂ ਚੰਗਾ ਤੂੰ ਪੂਰਾ ਈ ਹੋ ਜਾਵੇਂ। ਹਾਏ ਮੈਂ ਮਰ ਜਾਂ ਸਾਧ ਲੁੱਚੇ ਸਿਰੇ ਦੇ, ਬਦਨਾਮ, ਭੋਲੀਆਂ ਜਨਾਨੀਆਂ ਦੀਆਂ ਇੱਜਤਾਂ ਲੁੱਟਦੇ ਆ। ਭਗਵੇਂ ਪਾ ਕੇ ਚੋਰਾਂ ਨਾਲ ਰਹਿੰਦੇ ਆ।"

"ਬਿਸ਼ਨਿਆਂ ਚੋਰਾਂ ਨਾਲ! ਉਹ ਕਿੱਦਾਂ?"

"ਹਾਅ ਈ ਮੈਂ ਪੁੱਛ ਬੈਠਾ। ਹੋਰ ਪਾਰਾ ਉਪਰ, ਹੱਥੋਂ ਨਿਕਲਦੀ ਜਾਵੇ। ਕਹਿੰਦੀ, ਇਕ ਡੂਢ ਅੱਖਾ ਜਿਹਾ ਦਿੱਲੀ ਦੀਆਂ ਗੱਲਾਂ ਕਰਦੈ। ਸਾਧਾਂ ਕੋਲ ਭਾਨ ਨ੍ਹੀਂ ਹੁੰਦੀ, ਉਹ ਕਰੋੜਾਂ ਗਿਣਦੈ, ਕਿਤੇ ਜੁੱਤੀਆਂ ਪੈਣ ਲੱਗੀਆਂ ਤਾਂ ਸਾਡੇ ਆਗੂੰ ਲੀੜੇ ਪਾ ਕੇ ਤੀਵੀਂ ਬਣ ਕੇ ਭੱਜ ਗਿਆ ਬੇਸ਼ਰਮ, ਬੰਦਾ ਬਣਨ ਨੂੰ ਪਿਐ! ਸਾਧ ਫਿਲਮਾਂ ਬਣਾਉਣ ਲੱਗ ਪਏ ਆ, ਲੋਕਾਂ ਨੂੰ ਆਂਹਦੇ ਆ ਮੌਤ ਤੋਂ ਨਾ ਡਰੋ, ਆਪ ਕਾਲੇ ਕੱਪੜਿਆਂ ਆਲੇ ਲਈ ਫਿਰਦੇ ਆ। ਬਾਪੂ ਦੀ ਚਿੱਟੀ ਦਾੜ੍ਹੀ 'ਚ ਫੁੱਲ ਪੈ ਰਿਹੈ ਜੇਲ੍ਹਾਂ 'ਚ, ਪੁੱਤ ਵੀ ਨੱਚਦਾ ਸੀ ਨਚਾਰਾਂ ਵਾਗੂੰ, ਉਹ ਵੀ ਤੀਵੀਆਂ ਆਲੇ ਚੱਕਰ 'ਚ ਅੰਦਰ ਈ ਆ। ਇਨ੍ਹਾਂ ਨੂੰ ਤਾਂ ਲੋਕਾਂ ਨੇ ਮਰਿਆ ਨੂੰ ਨ੍ਹੀਂ ਫੂਕਣਾ। ਬਾਈ ਫੁੰਮਣਾ ਪਤਾ ਨ੍ਹੀਂ ਕੀ ਹੋ ਗਿਆ ਭਜਨੀ ਨੂੰ, ਕਿਤੇ ਸਾਧਾਂ ਦੇ ਉਹਨੇ ਭਜਨ ਸੁਣਾਏ! ਪੁੱਛ ਨਾ, ਮਸੀਂ ਠੰਡੀ ਪਈ।"

"ਸਾਲੋ ਦੀ ਪ੍ਰਤਾਪੀ ਆਂਹਦੀ ਹੁੰਦੀ ਸੀ, ਤੂੰ ਏਨੀਆਂ ਚੰਗੀਆਂ ਗੱਲਾਂ ਕਰਦੀ ਕਰਦੀ ਫਿਰ ਭੰਨ'ਤੀ। ਤੂੰ ਸ਼ਰਮ ਕਰਦਾ।"

"ਫਿਰ ਤਾਂ ਚੱਲ ਮੈਂ ਉਹਦੇ ਕੰਨਾਂ 'ਤੇ ਚਾਰ ਨਾ ਲਾਉਂਦਾ ਯਾਰ ਪਰ ਮੈਂ ਇਹਦੇ ਨਾਲ ਸਾਰੀ ਉਮਰ ਕੱਟੀ ਆ, ਚੁੱਭਵੀਂ ਗੱਲ ਨ੍ਹੀਂ ਕਰਨੋਂ ਹਟਦੀ!"

"ਹੋਰ ਕੀ ਕਹਿ'ਤਾ?"

"ਝਾੜੂ ਚੁੱਕ ਕੇ ਆਂਹਦੀ, 'ਆਹ ਫਿਰਨਾ ਹੁਣ।' ਮੈਂ ਕਿਹਾ ਕਿਹਦੇ? ਮੂਹਰਿਓਂ ਬਣਾ ਸੁਆਰ ਕੇ ਆਖਣ ਲੱਗੀ, 'ਪਤਾ ਨ੍ਹੀਂ ਕੱਬੀ ਗਾਂ ਨੇ ਸਿੰਗਾਂ ਨਾਲ ਢਿੱਡ ਪਤਾ ਨ੍ਹੀਂ ਕੀਹਦਾ ਦੋ ਥਾਂ ਕਰ ਦੇਣੈ!' ਮੈਂ ਨ੍ਹੀਂ ਫਿਰ ਅੱਗਾ ਪਿੱਛਾ ਦੇਖਿਆ ਪਟਕਾ ਪਟਕਾ ਕੇ ਮਾਰੀ। ਮੂਹਰੇ ਬੋਲਦੀ ਆ ਵੱਡੀ।"

"ਓ ਜਾ ਓਏ ਚਰਖਿਆ! ਤੂੰ ਸੋਚਦਾ ਹੋਣਾ ਵਿਹੜਾ ਸੁੰਬਰਨ ਵਾਲਾ ਝਾੜੂ।"

"ਨਾ ਹੋਰ ਕਿਹੜਾ ਹੁੰਦੈ?"

"ਸਾਲੇ ਤੀਵੀਂ ਕੁੱਟ ਕੇ ਭੀਮ ਸੈਨ ਦੇ ਸਾਂਢੂ ਬਣ ਜਾਂਦੇ ਆ। ਜਾਹ ਡਿਗ ਪੈ ਉਹਦੇ ਪੈਰੀਂ।"

"ਕਿਉਂ?"

"ਕੰਜਰ ਦਿਆ ਝਾੜੂ ਦੂਜੀ ਵਾਰ ਤਾਂ ਭਾਵੇਂ ਟੁੱਟ ਜਾਏ, ਇਕ ਵਾਰ ਤਾਂ ਫਿਰੂਗਾ ਹੀ ਫਿਰੂਗਾ।"

"ਤੇਰਾ ਨਰੈਣਿਆ ਮਤਬਲ ਐ ਪਈ ਹੁਣ ਭਜਨੀ ਨੂੰ ਨਾ ਹੀ ਕੁੱਟਿਆ ਕਰਾਂ?"

"ਚੰਗਾਂ ਰਹੇਂਗਾ?" ਜਾਗਰ ਨੇ ਗੱਲ ਵਿਚੋਂ ਬੋਚ ਲਈ।

"ਲੈ ਇਹ ਵੀ ਆ ਗਿਆ ਲਮਢੀਂਗਾ ਜਿਹਾ ਫਿਰ ਕਿਤੋਂ ਮਾਵਾ ਛਕ, ਛਲੇਡਾ ਪੂਰਾ।"

"ਆਪ ਜਿੱਦਾਂ ਕਿਤੇ ਸਾਲਾ ਰਾਹੁਲ ਗਾਂਧੀ ਹੁੰਦਾ, ਲਮਢੀਂਗ ਦੱਸਦਾ ਮੈਨੂੰ... ਗੱਲ ਨ੍ਹੀਂ ਥੱਲੇ ਪੈਣ ਦਿੰਦੇ ਰਤਾ।" ਜਾਗਰ ਨੇ ਆਪਣੇ ਚਿੱਤੋਂ ਤਾਂ ਲਾਹ'ਤੀ ਨਰੈਣੇ ਦੀ।

"ਨਾ ਤੂੰ ਟਰੜੇ ਕੁੱਤੇ ਆਗੂੰ ਆਇਆ ਕਿੱਥੋਂ ਆਂ?"

"ਚੁੱਪ ਕਰ ਤੂੰ ਵੀ ਬਿਸ਼ਨਿਆ ਸਾਲਿਆ, ਬੁੱਢੀ ਤੀਵੀਂ ਕੁੱਟ ਕੇ ਜਿਊਣੇ ਮੌੜ ਦਾ ਫੁੱਫੜ ਬਣੀ ਫਿਰਦੈਂ। ਆਇਆ ਮੈਂ... ਦੱਸਦੈਂ ਬਹਿ ਲੈਣ ਦੇ। ਪਹਿਲਾਂ ਤਾਂ ਸਾਂਸੀਆਂ ਦੇ ਨਛੱਤਰ ਤੋਂ ਵੀਹਾਂ ਦਾ ਕੱਪ ਪੀਤਾ ਭੁੱਕੀ ਦਾ। ਸਰੀਰ ਕੰਡੇ 'ਚ ਹੋਇਆ ਤਾਂ ਸਹੁਰੇ ਬੇਲਿਆਂ ਦਾ ਨੱਥਾ ਸਿਹੁੰ ਰੋਵੇ ਪਈ ਗੜ੍ਹਿਆਂ ਨੇ ਕਣਕ ਰੋਲ'ਤੀ, ਅੱਗੇ ਸਰਪੰਚ ਦੇ ਘਰ ਮੂਹਰੇ ਸੱਥ ਬੱਝੀ ਪਈ, ਉਥੇ ਬੰਨੋ ਤੇ ਚੰਨੋ ਦਾ ਰੌਲਾ ਪਵੇ।"

"ਓਏ ਅਮਲੀਆ, ਚੰਨੋ ਤੇ ਬੰਨੋ ਕੀ?"

"ਜਿਹੜਾ ਜੱਟਾਂ ਦਾ ਜਾਟਾਂ ਨਾਲ ਰੌਲਾ ਪੈਂਦਾ ਸਤਲੁਜ ਤੇ ਯਮਨਾ ਵਾਲਾ। ਮੈਥੋਂ ਵੀ ਰਿਹਾ ਨਾ ਗਿਆ, ਸਾਲੇ ਸਾਰੇ ਬਹਿ ਗਏ, ਮੂਤ ਦੀ ਝੱਗ ਵਾਂਗੂ।"

"ਨਾ ਤੈਂ ਕੀ ਕਿਹਾ?"

"ਮੈਂ ਕਿਹਾ ਲੀਡਰ ਕਹੀ ਜਾਂਦੇ ਆ ਪਾਣੀ 'ਚ ਬੱਸਾਂ ਚਲਾਉਣੀਆਂ, ਸਿਰ ਸੁਆਹ ਇਨ੍ਹਾਂ ਦੇ ਛੱਪੜ ਸੁੱਕੇ ਪਏ, ਦਸ ਕੁ ਸਾਲ ਹੋ ਗਏ ਹੋਣੇ ਆ, ਆਪਣੇ ਪਿੰਡ ਆਲੀ ਬੇਈਂ ਦੀ ਕਦੇ ਵਾਰੀ ਨਹੀਂ...ਬੱਸਾਂ ਚਲਾਉਣੀਆਂ ਖੂਹ 'ਚ ਆ? ਉਹ ਵੀ ਉਜੜੇ ਪਏ, ਆ ਜਿਹੜੀਆਂ ਨਹਿਰਾਂ ਦੀ ਖੱਪ ਪੈਂਦੀ ਆ, ਇਹ ਹੈਗੀਆਂ ਵੀ ਆ ਕਿਤੇ। ਮੈਂ ਤਾਂ ਦੇਖੀਆਂ ਨ੍ਹੀਂ ਪਤਾ ਨੀਂ ਚੰਦ 'ਤੇ ਆ! ਜੰਗਲ ਪਾਣੀ ਜਾਣ ਨੂੰ ਪਾਣੀ ਨ੍ਹੀਂ ਮਿਲਦਾ! ਬਈ ਮੇਰੀਆਂ ਸੁਣ ਕੇ ਦੰਦ ਛਿੱਕਲ ਪੈ ਗਈ ਸਾਰਿਆਂ ਨੂੰ।"

"ਗੱਲਾਂ ਤੇਰੀਆਂ ਜਾਗਰਾ ਵਾਕਿਆ ਸਹੀ ਨੇ, ਤੂੰ ਤਾਂ ਮੁੱਖ ਮੰਤਰੀ ਹੁੰਦੋਂ।"

"ਚੱਲਿਆ ਮੈਂ, ਸਾਲਾ ਟੱਟੂ ਜਿਹਾ ਫੁੰਮਣ ਨ੍ਹੀਂ ਗੱਲ ਭੁੰਜੇ ਲੱਗਣ ਦਿੰਦਾ, ਮੁੱਖ ਮੰਤਰੀ ਬਣਾਉਂਦਾ ਮੈਨੂੰ! ਨੀਲੀ ਛੱਤ ਆਲੇ ਨੇ ਘਰ ਵਾਲਾ ਕਿਸੇ ਦਾ ਬਣਾਇਆ ਨ੍ਹੀਂ, ਸਾਰੀ ਉਮਰ ਛੜਾ ਰਿਹਾਂ, ਮੁੱਖ ਮੰਤਰੀ ਬਣਨੈ! ਚਲੋ ਫਿਰ ਵੀ ਊਂ ਚੰਗੇ ਆਂ, ਨਹੀਂ ਤਾਂ ਰੋਜ਼ ਬਿਸ਼ਨੇ ਆਲਾ ਕੁੱਤਖਾਨਾ ਹੋਣਾ ਸੀ।"

"ਲਾ'ਤੀ ਬਈ ਸਿਰੇ ਜਾਗਰ ਨੇ।"

"ਕਿਣ ਮਿਣ ਸਾਲੀ ਫਿਰ ਲੱਗ ਪਈ। ਚਲੋ, ਚੱਲ ਕੇ ਫੁੰਮਣਾ ਆਪਾਂ ਵੀ ਆਪਣੀ 'ਕੌੜੀ' ਕਿਣ ਮਿਣ ਕਰੀਏ।"

...ਤੇ ਸੱਥ ਉਖੜ ਗਈ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਵਕਤ ਬੋਲਦਾ ਹੈ!

ਯੁੱਗ ਬਦਲ ਗਿਆ, ਸਾਜ਼ ਬਦਲ ਗਏ, ਨਹੀਂ ਬਦਲਦੇ ਰਾਗ ਮੀਆਂ।
ਹਾੜ੍ਹ ਮਹੀਨੇ ਸਰਦੀ ਲੱਗੇ, ਤਪਦਾ ਅੱਜ ਕਲ ਮਾਘ ਮੀਆਂ।
ਅੰਦਰੋਂ ਸੜਿਆ ਈਰਖਾ ਵਿਚ ਜੋ, ਉਤੋਂ 'ਹੀਂ ਹੀਂ' ਕਰਦਾ ਏ,
ਏਦੂੰ ਚੰਗਾ ਮਿਲ ਜਾਏ ਮਿੱਤਰੋ, ਕਿਤੇ ਖੜੱਪਾ ਨਾਗ ਮੀਆਂ।
ਕਿਸੇ ਵੀ ਘਰ 'ਚ ਲਗਦਾ ਨਹੀਂ ਹੁਣ, ਉਹ ਪ੍ਰਾਹੁਣੇ ਆਉਂਦੇ ਨੇ,
ਵੇਖ ਜਿਨ੍ਹਾਂ ਨੂੰ ਬੋਲਣ ਲੱਗ ਪਏ, ਬੈਠ ਬਨੇਰੇ ਕਾਗ ਮੀਆਂ।
ਰੋਜ਼ ਸਿਆਲਾਂ ਦੇ ਵਿਚ ਕੈਦੋਂ ਹਲ਼ਕੇ ਵੇਖੇ ਫਿਰਦੇ ਨੇ,
ਤਾਂ ਹੀਰ ਦਾ ਲੁੱਟਿਆ ਜਾਂਦਾ ਦਿਨ ਚੜ੍ਹਦੇ ਨੂੰ ਬਾਗ ਮੀਆਂ।
ਵੇਖ ਕੇ ਬਾਣਾ ਇਉਂ ਜਾਪਦੈ, ਇਸ ਤੋਂ ਵੱਡਾ ਧਰਮੀ ਨਹੀਂ,
ਚੁੱਪ ਕਰਕੇ ਉਂਜ ਲਾ ਜਾਂਦਾ ਏ, ਨਿੱਤ ਨਫਰਤ ਦਾ ਜਾਗ ਮੀਆਂ।
ਗੱਦੀ ਉਤੇ ਬਹਿ ਕੇ ਹਾਕਮ ਮੂਰਖ ਸਮਝਣ ਪਰਜਾ ਨੂੰ,
ਫਿਰ ਵੀ ਲੱਛੀ ਸੋਚ ਰਹੀ ਹੈ, ਜਾਗ ਪੈਣਗੇ ਭਾਗ ਮੀਆਂ।
ਦੁਖਦਾ ਰਹਿੰਦਾ ਸਿਰ ਸੱਸੀ ਦਾ, ਮਾਤਾ ਨਿਕਲੀ ਪੁੰਨੂ ਦੇ,
ਪਈ ਜਾਂਦੇ ਯੂਸਫ ਦੇ ਮੂੰਹ 'ਤੇ, ਕਿਉਂ ਚੇਚਕ ਦੇ ਦਾਗ ਮੀਆਂ।
ਝੂਠ-ਫਰੇਬ ਦੀ ਮਾਰ ਕੇ ਤਾਲੀ, ਲੋਕ ਕੱਵਾਲੀ ਗਾਉਂਦੇ ਨੇ,
ਫਿਰ ਵੀ ਸੋਚਣ ਦਰਗਾਹਾਂ 'ਤੇ ਜਗਦੇ ਰਹਿਣ ਚਿਰਾਗ ਮੀਆਂ।
ਲੀੜੇ ਪਾ ਕੇ ਚਿੱਟੇ ਬੰਦੇ, ਉਂਜ ਬੜੇ ਸੁਨੱਖੇ ਬਣਦੇ ਨੇ,
ਧੀਆਂ-ਪੁੱਤਾਂ ਕੋਲੋਂ ਮਾਪੇ ਮੰਗਦੇ ਨੇ ਹੁਣ ਲਾਗ ਮੀਆਂ।
ਪਹਿਲੀ ਵੰਡ 'ਚ ਅੱਧੇ ਰਹਿ ਗਏ, ਹੁਣ ਬਚਣੇ ਦੀ ਆਸ ਨਹੀਂ,
ਇਕ-ਦੂਜੇ ਦੇ ਗਲ ਲੱਗ ਰੋਂਦੇ, ਪੰਜੇ 'ਭੌਰੇ' 'ਆਬ ਮੀਆਂ।

**ਭਗਤ ਸਿੰਘ ਦੀ ਕਲਮ ਤੋਂ... ਭਾਗ-2**

**23 ਮਾਰਚ ਨੂੰ ਸ਼ਹੀਦੀ ਦਿਨ 'ਤੇ ਵਿਸ਼ੇਸ਼**

# ਮੈਂ ਨਾਸਤਿਕ ਕਿਉਂ ਹਾਂ?

*ਰਿਹਾਈ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਦੀ ਭਗਤ ਸਿੰਘ ਨਾਲ ਮੁਲਾਕਾਤ ਹੋਈ। ਮੁਲਾਕਾਤ ਤੋਂ ਪਹਿਲਾਂ ਦੋਹਾਂ ਵਿਚਕਾਰ ਕੁਝ ਤਰਕ ਤੇ ਤਕਰਾਰ ਹੋਇਆ। ਗਦਰੀ ਬਾਬਿਆਂ ਦੇ ਸੁਝਾਅ ਉਤੇ ਹੀ ਭਗਤ ਸਿੰਘ ਨੇ ਮੁਲਾਕਾਤ ਦੀ ਹਾਮੀ ਭਰੀ ਸੀ, ਪਰ ਭਾਈ ਰਣਧੀਰ ਸਿੰਘ ਨੇ ਇਨਕਾਰ ਕਰ ਦਿੱਤਾ ਕਿ ਭਗਤ ਸਿੰਘ ਨੇ ਕੇਸ ਕਤਲ ਕਰਵਾਏ ਹੋਏ ਹਨ। ਜਵਾਬ ਵਿਚ ਭਗਤ ਸਿੰਘ ਨੇ ਚਿੱਠੀ ਲਿਖੀ, "ਮੈਂ ਸਿੱਖੀ ਲਈ ਬੰਦ-ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ, ਦੇਸ਼ ਲਈ, ਜਲਦੀ ਹੀ ਗਰਦਨ ਵੀ ਕਟਵਾਵਾਂਗਾ। ਇਕ ਸਿੱਖ ਦੀ ਤੰਗਨਜ਼ਰੀ ਤੇ ਤੰਗਦਿਲੀ ਦਾ ਗਿਲਾ ਜ਼ਰੂਰ ਰਹੇਗਾ।" ਪਿੱਛੋਂ ਭਾਈ ਰਣਧੀਰ ਸਿੰਘ ਮੁਲਾਕਾਤ ਲਈ ਆਏ। ਇਕ ਵਾਰ ਇਸੇ ਵਿਸ਼ੇ 'ਤੇ ਬਾਬਾ ਸੋਹਣ ਸਿੰਘ ਭਕਨਾ ਨਾਲ ਗੱਲ ਕਰਦਿਆਂ ਭਗਤ ਸਿੰਘ ਨੇ ਕਿਹਾ ਸੀ, "ਵਿਰਸੇ ਦੇ ਦੋ ਪੱਖ ਹੁੰਦੇ ਹਨ, ਇਕ ਸਭਿਆਚਾਰਕ ਅਤੇ ਦੂਜਾ ਮਿਥਿਹਾਸਕ। ਮੈਂ ਸਭਿਆਚਾਰਕ ਗੁਣਾਂ ਜਿਵੇਂ ਨਿਸ਼ਕਾਮ ਦੇਸ਼ ਸੇਵਾ, ਕੁਰਬਾਨੀ, ਅਕੀਦੇ ਤੇ ਅਟੱਲ ਰਹਿਣ ਨੂੰ ਪੂਰੀ ਸੱਚਾਈ ਨਾਲ ਅਪਨਾ ਕੇ ਅੱਗੇ ਵਧਾਉਣ ਦੀ ਕੋਸ਼ਿਸ਼ ਵਿਚ ਹਾਂ, ਪਰ ਮਿਥਿਹਾਸਕ ਵਿਚਾਰ ਜੋ ਪੁਰਾਣੇ ਸਮੇਂ ਦੀ ਸਮਝ ਮੁਤਾਬਕ ਹਨ, ਨੂੰ ਉਵੇਂ ਦੇ ਉਵੇਂ ਮੰਨਣ ਲਈ ਬਿਲਕੁਲ ਤਿਆਰ ਨਹੀਂ ਹਾਂ; ਕਿਉਂਕਿ ਵਿਗਿਆਨ ਨੇ ਗਿਆਨ ਵਿਚ ਬਹੁਤ ਵਾਧਾ ਕੀਤਾ ਹੈ ਤੇ ਵਿਗਿਆਨਕ ਵਿਚਾਰ ਅਪਨਾਇਆਂ ਹੀ ਭਵਿੱਖ ਦੇ ਮਸਲੇ ਹੱਲ ਕਰ ਸਕਦੇ ਹਾਂ।" ਇਸ ਬਾਰੇ ਵਿਸਥਾਰ ਸਹਿਤ ਖੁਲਾਸਾ ਉਨ੍ਹਾਂ ਆਪਣੇ ਲੰਮੇ ਲੇਖ 'ਮੈਂ ਨਾਸਤਿਕ ਕਿਉਂ ਹਾਂ?' ਵਿਚ ਕੀਤਾ ਹੈ। ਇਹ ਦਸਤਾਵੇਜ਼ ਜਿਥੇ ਭਾਈ ਰਣਧੀਰ ਸਿੰਘ ਦੇ ਸਵਾਲਾਂ ਦੇ ਜਵਾਬ ਦੇ ਰੂਪ ਵਿਚ ਹੈ, ਉਥੇ ਭਗਤ ਸਿੰਘ ਦੀ ਆਪਣੇ ਵਿਚਾਰ ਵਿਕਾਸ ਦੀ ਸਵੈ-ਪੜਚੋਲ ਤੇ ਵਿਚਾਰਾਂ ਦਾ ਅਹਿਮ ਪ੍ਰਮਾਣ ਵੀ ਹੈ। ਇਸ ਲੇਖ ਦਾ ਦੂਜਾ ਤੇ ਆਖਰੀ ਹਿੱਸਾ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਜਿਹੜਾ ਵੀ ਮਨੁੱਖੀ ਪ੍ਰਗਤੀ ਦਾ ਹਾਮੀ ਹੈ, ਉਸ ਨੂੰ ਲਾਜ਼ਮੀ ਤੌਰ 'ਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚੱਲਿਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ। ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫਲਸਫੇ ਵਿਚ ਵਿਸ਼ਵਾਸ ਕਰਨ ਲੱਗਦਾ ਹੈ, ਤਾਂ ਉਹਦਾ ਵਿਸ਼ਵਾਸ ਸਰਾਹੁਣਯੋਗ ਹੈ। ਉਹਦੀ ਦਲੀਲ ਗਲਤ ਜਾਂ ਉਕਾ ਹੀ ਬੇਬੁਨਿਆਦ ਹੋ ਸਕਦੀ ਹੈ, ਪਰ ਉਹਨੂੰ ਦਰੁਸਤ ਰਾਹ ਉਤੇ ਲਿਆਂਦਾ ਜਾ ਸਕਦਾ ਹੈ, ਕਿਉਂਕਿ ਤਰਕਸ਼ੀਲਤਾ ਉਹਦਾ ਜ਼ਿੰਦਗੀ ਦਾ ਧਰੂ ਤਾਰਾ ਜੋ ਹੈ, ਪਰ ਨਿਰਾ ਵਿਸ਼ਵਾਸ ਤੇ ਅੰਨ੍ਹਾ ਵਿਸ਼ਵਾਸ ਖਤਰਨਾਕ ਹੁੰਦਾ ਹੈ: ਇਹ ਦਿਮਾਗ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤੀਗਾਮੀ (ਪਿਛਾਂਹਖਿੱਚੂ)। ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਇਹ ਢਹਿ-ਢੇਰੀ ਹੋ ਜਾਣਗੇ। ਫਿਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰ ਕੇ ਨਵੇਂ ਫਲਸਫੇ ਲਈ ਜ਼ਮੀਨ ਤਿਆਰ ਕਰਨੀ ਹੋਵੇਗੀ। ਇਹ ਨਾਕਾਰਾਤਮਕ ਪੱਖ ਹੈ। ਇਸ ਮਗਰੋਂ ਸਾਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਮੱਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ। ਜਿਥੋਂ ਤੱਕ ਮੇਰਾ ਸਬੰਧ ਹੈ, ਮੈਂ ਤਸਲੀਮ ਕਰਦਾ ਹਾਂ ਕਿ ਮੈਂ ਇਸ ਬਾਰੇ ਬਹੁਤਾ ਅਧਿਐਨ ਨਹੀਂ ਕਰ ਸਕਿਆ। ਏਸ਼ੀਆਈ ਫਲਸਫੇ ਨੂੰ ਪੜ੍ਹਨ ਦੀ ਮੇਰੀ ਵੱਡੀ ਰੀਝ ਸੀ, ਪਰ ਮੈਨੂੰ ਇਸ ਦਾ ਵਕਤ ਜਾਂ ਮੌਕਾ ਨਹੀਂ ਮਿਲ ਸਕਿਆ, ਜਿਥੋਂ ਤੱਕ ਨਾਕਾਰਾਤਮਕ ਪੱਖ ਦਾ ਸਬੰਧ ਹੈ, ਮੈਨੂੰ ਇਸ ਹੱਦ ਤੱਕ ਯਕੀਨ ਹੈ ਕਿ ਮੈਂ ਪੁਰਾਤਨ ਵਿਸ਼ਵਾਸ ਦੀ ਪੁਖਤਗੀ ਉਤੇ ਕਿੰਤੂ ਕਰ ਸਕਦਾ ਹਾਂ। ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲਾ ਕੋਈ ਪਰਮਾਤਮਾ ਜਾਂ ਸੁਚੇਤ ਸੱਤਾ ਨਹੀਂ ਹੈ। ਸਾਡਾ ਕੁਦਰਤ ਵਿਚ ਯਕੀਨ ਹੈ ਤੇ ਸਮੁੱਚੀ ਤਰੱਕੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉਤੇ ਆਪਣੀ ਲੋੜ ਵਾਸਤੇ ਗਲਬਾ ਪਾਉਣਾ ਹੈ। ਇਹਦੇ ਪਿੱਛੇ ਕੋਈ ਸੁਚੇਤ ਚਾਲਕ ਸ਼ਕਤੀ ਨਹੀਂ ਹੈ। ਇਹੋ ਸਾਡਾ ਫਲਸਫਾ ਹੈ।

**ਨਾਕਾਰਾਤਮਕ ਪੱਖ ਤੋਂ ਆਸਤਿਕਾਂ ਤੋਂ ਕੁਝ ਸਵਾਲ ਪੁੱਛਦੇ ਹਾਂ:**

ਤੁਹਾਡੇ ਵਿਸ਼ਵਾਸ ਅਨੁਸਾਰ ਜੇ ਕੋਈ ਸਰਬ-ਸ਼ਕਤੀਮਾਨ, ਸਰਬ-ਵਿਆਪਕ ਤੇ ਸਰਬ-ਗਿਆਤਾ ਰੱਬ ਹੈ, ਤਾਂ ਦੁਨੀਆਂ ਜਾਂ ਧਰਤੀ ਨੂੰ ਜਿਸ ਨੇ ਸਾਜਿਆ ਸੀ, ਮੈਨੂੰ ਇਹ ਦੱਸਣ ਦੀ ਮਿਹਰਬਾਨੀ ਕਰੋ ਕਿ ਉਸ ਨੇ ਧਰਤੀ ਸਾਜੀ ਹੀ ਕਿਉਂ? ਉਹ ਧਰਤੀ ਜੋ ਦੁੱਖਾਂ-ਆਫ਼ਤਾਂ, ਅਣਗਿਣਤ ਅਨੰਤ ਦੁਖਾਂਤਾਂ ਨਾਲ ਭਰੀ ਪਈ ਹੈ, ਜਿਥੇ ਇਕ ਵੀ ਜੀਅ ਪੂਰੀ ਤਰ੍ਹਾਂ ਸੁਖੀ ਨਹੀਂ ਹੈ।

ਮਿਹਰਬਾਨੀ ਕਰ ਕੇ ਇਹ ਨਾ ਆਖੋ ਕਿ ਇਹ ਉਸ ਦਾ ਨੇਮ ਹੈ: ਜੇ ਉਹ ਕਿਸੇ ਨੇਮ ਦੇ ਵੱਸ ਹੈ, ਤਾਂ ਉਹ ਸਰਬ-ਸ਼ਕਤੀਮਾਨ ਨਹੀਂ। ਤਾਂ ਫਿਰ ਉਹ ਵੀ ਸਾਡੇ ਵਰਗਾ ਗੁਲਾਮ ਹੈ। ਮਿਹਰਬਾਨੀ ਕਰ ਕੇ ਇਹ ਵੀ ਨਾ ਆਖੋ ਕਿ ਇਹ ਉਸ ਦਾ ਸ਼ੁਗਲ ਹੈ। ਨੀਰੋ ਨੇ ਤਾਂ ਇਕੋ ਰੋਮ ਸਾੜ ਕੇ ਸਵਾਹ ਕੀਤਾ ਸੀ। ਉਸ ਨੇ ਗਿਣਤੀ ਦੇ ਬੰਦੇ ਜਾਨੋਂ ਮਾਰੇ ਸਨ। ਉਸ ਦੇ ਹੱਥੋਂ ਬਹੁਤ ਘੱਟ ਦੁਖਾਂਤ ਵਾਪਰੇ। ਇਹ ਸਭ ਉਸ ਨੇ ਆਪਣੇ ਮਜ਼ੇ ਲਈ ਕੀਤਾ ਤੇ ਇਤਿਹਾਸ ਵਿਚ ਉਸ ਨੂੰ ਕਿਹੜੀ ਥਾਂ ਹਾਸਲ ਹੈ? ਇਤਿਹਾਸਕਾਰ ਉਸ ਦਾ ਜ਼ਿਕਰ ਕਿਹੜੇ ਨਾਂਵਾਂ ਨਾਲ ਕਰਦੇ ਹਨ? ਸਾਰੇ ਵਿਹੁਲੇ ਵਿਸ਼ੇਸ਼ਣ ਉਸ ਲਈ ਵਰਤੇ ਜਾਂਦੇ ਹਨ। ਜ਼ਾਲਮ, ਬੇਰਹਿਮ, ਸ਼ੈਤਾਨ ਨੀਰੋ ਦੀ ਨਿਖੇਧੀ ਕਰਨ ਲਈ ਲਾਹਣਤਾਂ ਨਾਲ ਸਫਿਆਂ ਦੇ ਸਫੇ ਕਾਲੇ ਕੀਤੇ ਪਏ ਹਨ। ਚੰਗੇਜ਼ ਖਾਨ ਨੇ ਮਜ਼ਾ ਲੈਣ ਲਈ ਕੁਝ ਹਜ਼ਾਰ ਲੋਕਾਂ ਦੀ ਜਾਨ ਲਈ ਸੀ ਤੇ ਅੱਜ ਅਸੀਂ ਉਸ ਦੇ ਨਾਂ ਤੱਕ ਨੂੰ ਨਫਰਤ ਕਰਦੇ ਹਾਂ। ਤਾਂ ਫੇਰ ਤੁਸੀਂ ਆਪਣੇ ਸਰਬ-ਸ਼ਕਤੀਮਾਨ ਅਨੰਤ ਨੀਰੋ ਨੂੰ ਕਿਵੇਂ ਵਾਜਬ ਠਹਿਰਾਓਗੇ ਜੋ ਅਜੇ ਵੀ ਹਰ ਦਿਨ, ਹਰ ਘੜੀ ਤੇ ਹਰ ਪਲ ਅਣਗਿਣਤ ਕਤਲ ਕਰੀ ਜਾ ਰਿਹਾ ਹੈ? ਤੁਸੀਂ ਉਸ ਦੀਆਂ ਉਨ੍ਹਾਂ ਕਰਤੂਤਾਂ ਦੀ ਹਮਾਇਤ ਕਿਵੇਂ ਕਰੋਗੇ ਜੋ ਪਲੋ-ਪਲੀ ਚੰਗੇਜ਼ ਦੀਆਂ ਕਰਤੂਤਾਂ ਨੂੰ ਵੀ ਮਾਤ ਪਾਈ ਜਾਂਦੀਆਂ ਹਨ? ਮੈਂ ਪੁੱਛਦਾ ਹਾਂ ਕਿ ਉਸ ਨੇ ਇਹ ਦੁਨੀਆਂ ਬਣਾਈ ਹੀ ਕਿਉਂ ਸੀ; ਦੁਨੀਆਂ ਜਿਹੜੀ ਸੁੱਚੀ-ਮੁੱਚੀ ਦਾ ਨਰਕ ਹੈ, ਅਨੰਤ ਤੇ ਤਲਖ ਬੇਚੈਨੀ ਦਾ ਘਰ ਹੈ? ਸਰਬ-ਸ਼ਕਤੀਮਾਨ ਨੇ ਮਨੁੱਖ ਕਿਉਂ ਸਾਜਿਆ, ਜਦ ਕਿ ਉਸ ਦੇ ਕੋਲ ਮਨੁੱਖ ਨੂੰ ਸਾਜਣ ਦੀ ਤਾਕਤ ਸੀ? ਇਨ੍ਹਾਂ ਸਾਰੀਆਂ ਗੱਲਾਂ ਦਾ ਤੁਹਾਡੇ ਕੋਲ ਕੀ ਜਵਾਬ ਹੈ? ਤੁਸੀਂ ਆਖੋਗੇ ਕਿ ਅਗਲੇ ਜਨਮ ਵਿਚ ਮਾਸੂਮ ਪੀੜਤਾਂ ਨੂੰ ਨਿਵਾਜਣ ਤੇ ਕੁਕਰਮੀਆਂ ਨੂੰ ਸਜ਼ਾ ਦੇਣ ਲਈ ਉਸ ਨੇ ਇੰਜ ਕੀਤਾ? ਅੱਛਾ ਤਾਂ ਫਿਰ, ਤੁਸੀਂ ਉਸ ਬੰਦੇ ਨੂੰ ਕਿਵੇਂ ਹੱਕੀ ਠਹਿਰਾਉਗੇ ਜੋ ਤੁਹਾਡੇ ਸਰੀਰ ਨੂੰ ਇਸ ਵਾਸਤੇ ਜ਼ਖ਼ਮੀ ਕਰਦਾ ਹੈ ਕਿ ਮਗਰੋਂ ਬੜੇ ਪਿਆਰ ਨਾਲ ਟਕੋਰਾਂ ਕਰੇਗਾ? ਗਲੈਡੀਏਟਰ (ਪੁਰਾਤਨ ਰੋਮ ਵਿਚ ਗੁਲਾਮਾਂ, ਜੰਗੀ ਕੈਦੀਆਂ ਜਾਂ ਸਜ਼ਾ-ਯਾਫ਼ਤਾ ਮੁਜਰਮਾਂ ਨੂੰ ਰਾਜੇ ਦੇ ਦਰਬਾਰ ਵਿਚ ਆਪਸ ਵਿਚ ਜਾਨਲੇਵਾ ਤਲਵਾਰਬਾਜ਼ੀ ਕਰਨ ਦੀ ਬਹੁਤ ਸਖ਼ਤ ਕਿਸਮ ਦੀ ਸਿੱਖਲਾਈ ਦਿੱਤੀ ਜਾਂਦੀ ਸੀ। ਰਾਜਾ ਕਈ ਵਾਰ ਮਜ਼ੇ ਖਾਤਰ ਗੁਲਾਮਾਂ ਨੂੰ ਭੁੱਖੇ ਸ਼ੇਰਾਂ ਅੱਗੇ ਛੱਡ ਦਿੰਦਾ ਸੀ। ਗਲੈਡੀਏਟਰ ਲਾਤੀਨੀ ਬੋਲੀ ਦਾ ਸ਼ਬਦ ਹੈ ਤੇ ਇਸ ਦਾ ਅਰਥ ਹੈ ਤਲਵਾਰਬਾਜ਼) ਸੰਸਥਾ ਦੇ ਹਮਾਇਤੀਆਂ ਤੇ ਪ੍ਰਬੰਧਕਾਂ ਦਾ ਇਹ ਕਾਰਾ ਕਿਥੋਂ ਤਾਈਂ ਸਹੀ ਸੀ, ਦੂਜੇ ਉਹ ਭੁੱਖੇ ਕਰੋਪੀ ਸ਼ੇਰਾਂ ਅੱਗੇ ਬੰਦਿਆਂ ਨੂੰ ਇਸ ਲਈ ਸੁੱਟ ਦਿੰਦੇ ਸੀ ਕਿ, ਜੇ ਉਹ ਸ਼ੇਰਾਂ ਹੱਥੋਂ ਜਿਉਂਦੇ ਬਚ ਗਏ ਤਾਂ ਫਿਰ ਉਨ੍ਹਾਂ ਦੀ ਬਹੁਤ ਖਾਤਰ-ਤਵੱਜੋ ਹੋਏਗੀ? ਇਸੇ ਕਰ ਕੇ ਮੈਂ ਪੁੱਛਦਾ ਹਾਂ: "ਸੁਚੇਤ ਸਰਬ-ਉਚ ਸੱਤਾ ਨੇ ਦੁਨੀਆਂ ਤੇ ਮਨੁੱਖ ਕਿਉਂ ਸਾਜਿਆ? ਮਜ਼ਾ ਲੈਣ ਲਈ। ਫਿਰ ਉਹਦੇ ਵਿਚ ਤੇ ਨੀਰੋ ਵਿਚ ਫਰਕ ਹੀ ਕੀ ਹੈ!

ਮੁਸਲਮਾਨੋ ਤੇ ਈਸਾਈਓ! ਹਿੰਦੂ ਦਰਸ਼ਨ ਕੋਲ ਤਾਂ ਹੋਰ ਵੀ ਦਲੀਲ ਹੋਏਗੀ। ਮੈਂ ਤੁਹਾਡੇ ਕੋਲੋਂ ਉਪਰਲੇ ਸਵਾਲਾਂ ਦੇ ਜਵਾਬ ਪੁੱਛਦਾ ਹਾਂ।



*ਭਗਤ ਸਿੰਘ ਦੀ ਹੈਟ ਵਾਲੀ ਉਹ ਤਸਵੀਰ ਜੋ ਅੱਜ ਵੀ ਲੋਕਾਂ ਦੇ ਦਿਲਾਂ ਅੰਦਰ ਵੱਸੀ ਹੋਈ ਹੈ।*

***ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਇਹ ਢਹਿ-ਢੇਰੀ ਹੋ ਜਾਣਗੇ। ਫਿਰ ਬੰਦੇ ਦਾ ਪਹਿਲਾ ਕੰਮ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰ ਕੇ ਨਵੇਂ ਫਲਸਫੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ।... ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਮੱਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ।... ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲਾ ਕੋਈ ਪਰਮਾਤਮਾ ਜਾਂ ਸੁਚੇਤ ਸੱਤਾ ਨਹੀਂ ਹੈ। ਸਾਡਾ ਕੁਦਰਤ ਵਿਚ ਯਕੀਨ ਹੈ ਤੇ ਸਮੁੱਚੀ ਤਰੱਕੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉਤੇ ਆਪਣੀ ਸੇਵਾ ਵਾਸਤੇ ਗਲਬਾ ਪਾਉਣਾ ਹੈ। ਇਹਦੇ ਪਿੱਛੇ ਕੋਈ ਸੁਚੇਤ ਚਾਲਕ ਸ਼ਕਤੀ ਨਹੀਂ ਹੈ। ਇਹੋ ਸਾਡਾ ਫਲਸਫਾ ਹੈ।***

ਪੂਰਬਲੇ ਜਨਮ ਵਿਚ ਤੁਹਾਡਾ ਯਕੀਨ ਨਹੀਂ ਹੈ। ਤੁਸੀਂ ਹਿੰਦੂਆਂ ਵਾਂਗ ਮਾਸੂਮ ਪੀੜਤਾਂ ਦੇ ਪਹਿਲੇ ਕੀਤੇ ਮੰਦੇ ਕਰਮਾਂ ਵਾਲੀ ਦਲੀਲ ਨਹੀਂ ਵਰਤ ਸਕਦੇ। ਮੈਂ ਤੁਹਾਥੋਂ ਪੁੱਛਦਾ ਹਾਂ ਕਿ ਸਰਬ-ਸ਼ਕਤੀਮਾਨ ਨੇ ਇਹ ਦੁਨੀਆਂ ਸਾਜਣ ਲਈ ਛੇ ਦਿਨ ਕਿਉਂ ਮਿਹਨਤ ਕੀਤੀ? ਉਸ ਨੇ ਕਿਉਂ ਕਿਹਾ ਸੀ ਕਿ ਸਭ ਅੱਛਾ ਹੈ? ਉਸ ਨੂੰ ਅੱਜ ਹੀ ਸੱਦੋ। ਉਸ ਨੂੰ ਪਿਛਲਾ ਇਤਿਹਾਸ ਦਿਖਾਓ। ਉਸ ਨੂੰ ਮੌਜੂਦਾ ਹਾਲਾਤ ਬਾਰੇ ਜਾਣਨ ਦਿਓ। ਫਿਰ ਦੇਖਾਂਗੇ ਕਿ ਉਹ ਇਹ ਕਹਿਣ ਦੀ ਜੁਰਅਤ ਕਰਦਾ ਹੈ: ਸਭ ਅੱਛਾ ਹੈ।

ਜੇਲ੍ਹਖ਼ਾਨਿਆਂ ਦੀਆਂ ਕਾਲ ਕੋਠੜੀਆਂ ਤੋਂ ਗੰਦੀਆਂ ਬਸਤੀਆਂ ਤੇ ਝੌਂਪੜੀਆਂ ਵਿਚ ਭੁੱਖਮਰੀ ਦੇ ਹੱਥੋਂ ਮਰ ਰਹੇ ਲੱਖਾਂ ਲੋਕਾਂ ਨੂੰ ਦੇਖ ਕੇ ਪੂੰਜੀਵਾਦੀ ਲੋਕਾਂ ਕੋਲੋਂ ਚੁੱਪ-ਚਾਪ ਜਾਂ ਕਹਿ ਲਓ ਬੇਵਾਸਤਗੀ ਨਾਲ ਆਪਣਾ ਲਹੂ ਪਿਲਾ ਰਹੇ ਲੁਟੀਂਦੇ ਮਜ਼ਦੂਰਾਂ ਨੂੰ ਦੇਖ ਕੇ, ਇਨਸਾਨੀ ਤਾਕਤ ਦੀ ਬਰਬਾਦੀ ਜਿਸ ਨੂੰ ਦੇਖ ਕੇ ਅਤਿ ਸਾਧਾਰਨ ਬੁੱਧੀ ਵਾਲਾ ਵਿਅਕਤੀ ਵੀ ਡਰ ਨਾਲ ਕੰਬਣ ਲੱਗ ਜਾਏ ਤੇ ਲੋੜਵੰਦਾਂ ਨੂੰ ਵੰਡਣ ਦੀ ਥਾਂ ਵਾਧੂ ਪੈਦਾਵਾਰ ਸਮੁੰਦਰਾਂ ਵਿਚ ਸੁੱਟੀ ਜਾਂਦੀ ਦੇਖ ਕੇ, ਇਨਸਾਨਾਂ ਦੀਆਂ ਹੱਡੀਆਂ ਨਾਲ ਚਿਣੀਆਂ ਨੀਹਾਂ ਉਤੇ ਉਸਰੇ ਬਾਦਸ਼ਾਹਾਂ ਦੇ ਮਹਿਲਾਂ ਨੂੰ ਦੇਖ ਕੇ ਉਹ ਰਤਾ ਆਖੇ ਤਾਂ ਸਹੀ, ਸਭ ਅੱਛਾ ਹੈ ਕਿਉਂ ਤੇ ਕਿਸ ਕਾਰਨ? ਇਹ ਮੇਰਾ ਸਵਾਲ ਹੈ। ਤੁਸੀਂ ਚੁੱਪ ਹੋ, ਠੀਕ ਹੈ, ਮੈਂ ਆਪਣੀ ਗੱਲ ਅੱਗੇ ਤੋਰਦਾ ਹਾਂ।

ਤੁਸੀਂ ਹਿੰਦੂ ਆਖਦੇ ਹੋ ਕਿ ਅੱਜ ਜਿਹੜਾ ਵੀ ਦੁੱਖ ਝੱਲ ਰਿਹਾ ਹੈ, ਉਹ ਪੂਰਬਲੇ ਜਨਮ ਦੇ ਮੰਦੇ ਕਰਮਾਂ ਕਰ ਕੇ ਹੈ। ਠੀਕ, ਤੁਸੀਂ ਇਹ ਵੀ ਕਹਿੰਦੇ ਹੋ ਕਿ ਜਿਹੜੇ ਅੱਜ ਲੋਕਾਂ ਨੂੰ ਦਬਾ ਰਹੇ ਹਨ, ਉਹ ਪੂਰਬਲੇ ਜਨਮਾਂ ਵਿਚ ਧਰਮਾਤਮਾ ਲੋਕ ਸਨ। ਇਸ ਕਰ ਕੇ ਉਨ੍ਹਾਂ ਦੇ ਹੱਥ ਤਾਕਤ ਹੈ। ਮੈਂ ਤਾਂ ਮੰਨਦਾ ਹਾਂ ਕਿ ਤੁਹਾਡੇ ਵੱਡੇ-ਵਡੇਰੇ ਬੜੇ ਸ਼ਾਤਰ ਲੋਕ ਸਨ, ਉਹ ਐਸੇ ਸਿਧਾਂਤ ਲੱਭਣ ਵਿਚ ਲੱਗੇ ਰਹੇ ਜਿਨ੍ਹਾਂ ਨਾਲ ਤਰਕ ਤੇ ਅਵਿਸ਼ਵਾਸ ਨੂੰ ਖਤਮ ਕੀਤਾ ਜਾ ਸਕੇ, ਪਰ ਆਪਾਂ ਦੇਖਦੇ ਹਾਂ ਕਿ ਇਸ ਦਲੀਲ ਵਿਚ ਕਿੰਨਾ ਕੁ ਵਜ਼ਨ ਹੈ।

ਬਹੁਤ ਉਘੇ ਨਿਆਂ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਕਸੂਰਵਾਰ ਨੂੰ ਜੋ ਸਜ਼ਾ ਦਿੱਤੀ ਜਾਂਦੀ ਹੈ, ਉਸ ਦੇ ਤਿੰਨ ਜਾਂ ਚਾਰ ਮਕਸਦ ਹੋ ਸਕਦੇ ਹਨ ਤੇ ਇਸੇ ਆਧਾਰ 'ਤੇ ਸਜ਼ਾ ਨੂੰ ਵਾਜਬ ਕਰਾਰ ਦਿੱਤਾ ਜਾ ਸਕਦਾ ਹੈ। ਇਹ ਮਕਸਦ ਹਨ: ਬਦਲਾ, ਸੁਧਾਰ ਤੇ ਵਰਜਣ ਲਈ ਡਰ। ਹੁਣ ਸਾਰੇ ਚਿੰਤਕ ਬਦਲੇ ਵਾਲੇ ਸਿਧਾਂਤ ਦੀ ਨੁਤਾਚੀਨੀ ਕਰਦੇ ਹਨ। ਵਰਜਣ ਵਾਲੇ ਸਿਧਾਂਤ ਦੀ ਵੀ ਨੁਕਤਾਚੀਨੀ ਹੋ ਰਹੀ ਹੈ। ਸੁਧਾਰਕ ਸਿਧਾਂਤ ਹੀ ਜ਼ਰੂਰੀ ਹੈ ਅਤੇ ਇਨਸਾਨੀ ਤਰੱਕੀ ਦਾ ਅਟੁੱਟ ਅੰਗ ਹੈ। ਇਸ ਸਿਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ-ਪਸੰਦ ਸ਼ਹਿਰੀ ਬਣ ਕੇ ਸਮਾਜ ਵਿਚ ਵਾਪਸ ਜਾਵੇ, ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਬੰਦਿਆਂ ਨੇ (ਪੂਰਬਲੇ ਜਨਮ ਵਿਚ) ਪਾਪ ਕੀਤੇ ਹੋਣਗੇ, ਤਾਂ ਰੱਬ ਜਿਹੜੀ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ, ਉਹ ਕਿਹੋ ਜਿਹੀ ਹੈ? ਤੁਸੀਂ ਆਖਦੇ ਹੋ ਕਿ ਉਹ ਉਨ੍ਹਾਂ ਨੂੰ ਗਾਂ, ਬਿੱਲੀ, ਦਰੱਖ਼ਤ, ਜੜ੍ਹ-ਬੂਟੀ ਜਾਂ ਜਾਨਵਰ ਦੇ ਰੂਪ ਵਿਚ ਜਨਮ ਲੈਣ ਲਈ ਭੇਜਦਾ ਹੈ। ਤੁਸੀਂ ਇਨ੍ਹਾਂ ਸਜ਼ਾਵਾਂ ਦੀ ਗਿਣਤੀ 84 ਲੱਖ ਦੱਸਦੇ ਹੋ। ਮੈਨੂੰ ਇਹ ਦੱਸੋ ਕਿ ਇਸ ਦਾ ਮਨੁੱਖ ਉਤੇ ਕੋਈ ਸੁਧਾਰਕ ਅਸਰ ਪੈਂਦਾ ਹੈ? ਤੁਸੀਂ ਐਸੇ ਕਿੰਨੇ ਕੁ ਜਣਿਆਂ ਨੂੰ ਮਿਲੇ ਹੋ, ਜੋ ਪਾਪ ਕਰਨ ਕਾਰਨ ਪਿਛਲੇ ਜਨਮ ਵਿਚ ਗਧੇ ਦੀ ਜੂਨੇ ਪਏ ਸਨ? ਕੋਈ ਨਹੀਂ ਮਿਲਿਆ ਹੋਣਾ। ਆਪਣੇ ਪੁਰਾਣਾਂ ਦੇ ਬਿਰਤਾਂਤ ਦੀ ਲੋੜ ਨਹੀਂ। ਮੈਂ ਤੁਹਾਡੀਆਂ ਮਿਥਿਹਾਸਕ ਕਹਾਣੀਆਂ ਦਾ ਜ਼ਿਕਰ ਤੱਕ ਨਹੀਂ ਛੂਹਣਾ ਚਾਹੁੰਦਾ। ਇਸ ਤੋਂ ਬਿਨਾਂ ਤੁਹਾਨੂੰ ਇਸ ਗੱਲ ਦਾ ਪਤਾ ਹੈ ਕਿ ਦੁਨੀਆਂ ਵਿਚ ਸਭ ਤੋਂ ਵੱਡਾ ਪਾਪ ਗਰੀਬ ਹੋਣਾ ਹੈ। ਗਰੀਬੀ ਪਾਪ ਹੈ, ਇਹ ਸਜ਼ਾ ਹੈ। ਤੁਸੀਂ ਇਹੋ ਜਿਹੀਆਂ ਸਜ਼ਾਵਾਂ ਤਜਵੀਜ਼ ਕਰਨ ਵਾਲੇ ਕਿਸੇ ਅਪਰਾਧ ਵਿਗਿਆਨੀ, ਕਿਸੇ ਕਾਨੂੰਨਦਾਨ ਜਾਂ ਕਾਨੂੰਨਸਾਜ਼ ਦੀ ਕਿੰਨੀ ਕੁ ਸਿਫ਼ਤ ਸਲਾਹੀ ਕਰੋਗੇ ਜਿਸ ਨਾਲ ਮਨੁੱਖ ਹੋਰ ਵਧੇਰੇ ਗੁਨਾਹ ਕਰਨ ਲਈ ਮਜਬੂਰ ਹੁੰਦਾ ਹੈ? ਕੀ ਤੁਹਾਡੇ ਰੱਬ ਨੇ ਇਸ ਗੱਲ ਬਾਰੇ ਪਹਿਲਾਂ ਨਹੀਂ ਸੋਚਿਆ ਸੀ ਜਾਂ ਉਹ ਵੀ ਇਹ ਗੱਲਾਂ ਮਨੁੱਖਤਾ ਦੀਆਂ ਅਕਹਿ ਦੁੱਖ-ਤਕਲੀਫਾਂ ਦੀ ਕੀਮਤ ਉਤੇ ਤਜਰਬਿਆਂ ਰਾਹੀਂ ਸਿੱਖਦਾ ਹੈ? ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਿਵਾਰ ਵਿਚ ਜੰਮੇ ਬੰਦੇ ਦੀ ਕੀ ਹੋਣੀ ਹੋਏਗੀ? ਉਹ ਗਰੀਬ ਹੈ, ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਸ ਨੂੰ ਨਫ਼ਰਤ ਕਰਦੇ ਹਨ ਤੇ ਧਿਕਾਰਦੇ ਹਨ, ਕਿਉਂਕਿ ਉਹ ਉਚੇਰੀ ਜਾਤ ਵਿਚ ਪੈਦਾ ਹੋਏ ਸਨ। ਉਸ ਦੀ ਅਗਿਆਨਤਾ, ਉਸ ਦੀ ਗਰੀਬੀ ਤੇ ਜਿਹੜਾ ਸਲੂਕ ਉਸ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਨ ਸਮਾਜ ਤਾਈਂ ਉਸ ਦਾ ਦਿਲ ਸਖਤ ਹੋ ਜਾਏਗਾ। ਫਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ, ਤਾਂ ਇਸ ਦਾ ਖਮਿਆਜ਼ਾ ਕੌਣ ਭੁਗਤੇਗਾ? ਰੱਬ, ਪਾਪ ਕਰਨ ਵਾਲਾ ਜਾਂ ਸਮਾਜ ਦੇ ਗੁਣੀ ਗਿਆਨੀ ਬੰਦੇ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨ ਦੀਆਂ ਗਾਰਾਂ ਵਿਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਇਹੋ ਸੀ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀ ਸੁਣ ਲਈਆਂ ਸਨ ਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਸੀ। ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਸ ਦਾ ਜ਼ਿੰਮੇਦਾਰ ਕੌਣ ਸੀ ਤੇ ਬਿਪਤਾ ਕਿਸ ਦੇ ਸਿਰ ਪੈਣੀ ਸੀ? ਮੇਰੇ ਪਿਆਰੇ ਦੋਸਤੋ: ਇਹ ਸਾਰੇ ਸਿਧਾਂਤ ਖਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ। ਇਨ੍ਹਾਂ ਸਿਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ ਤਾਕਤ, ਦੌਲਤ ਤੇ ਉਤਮਤਾ ਨੂੰ ਵਾਜਬ ਠਹਿਰਾਉਂਦੇ ਹਨ।

ਹਾਂ, ਸ਼ਾਇਦ ਅਪਟਨ ਸਿਨਕਲੇਅਰ (ਅਮਰੀਕੀ ਲੇਖਕ ਤੇ ਸੋਸ਼ਲਿਸਟ ਪਾਰਟੀ ਦਾ ਕਾਰਕੁਨ, ਭਗਤ ਸਿੰਘ ਦਾ ਇਸ਼ਾਰਾ ਸ਼ਾਇਦ ਸਿਨਕਲੇਅਰ ਦੇ 1918 ਵਿਚ ਲਿਖੇ ਪੈਂਫਲਿਟ 'ਪਰੌਫਿਟਸ ਆਫ ਰਿਲੀਜਨ (ਧਰਮ ਦੇ ਮੁਨਾਫ਼ੇ) ਵੱਲ ਹੈ, ਨੇ ਕਿਸੇ ਥਾਂ ਲਿਖਿਆ ਸੀ ਕਿ ਬੰਦੇ ਨੂੰ (ਆਤਮਾ ਦੀ) ਅਮਰਤਾ ਵਿਚ ਯਕੀਨ ਕਰਨ ਲਾ ਦਿਓ ਤੇ ਫਿਰ ਉਸ ਕੋਲ ਜੋ ਕੁਝ ਵੀ ਹੈ, ਉਹ ਲੁੱਟ ਲਓ। ਉਹ ਸਗੋਂ ਹੱਸ ਕੇ ਤੁਹਾਡੀ ਮਦਦ ਕਰੇਗਾ। ਧਾਰਮਿਕ ਉਪਦੇਸ਼ਕਾਂ ਤੇ ਹੁਕਮਰਾਨਾਂ ਨੇ ਮਿਲੀਭੁਗਤ ਕਰ ਕੇ ਜੇਲ੍ਹਾਂ, ਫਾਹੀਆਂ, ਕੋਰੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ ਕੱਢੀ ਸੀ।

ਮੈਨੂੰ ਦੱਸੋ ਕਿ ਤੁਹਾਡਾ ਸਰਬ-ਸ਼ਕਤੀਮਾਨ ਰੱਬ ਹਰ ਕਿਸੇ ਬੰਦੇ ਨੂੰ ਕਸੂਰ ਜਾਂ ਪਾਪ ਕਰਨੋਂ ਵਰਜਦਾ ਕਿਉਂ ਨਹੀਂ? ਉਸ ਲਈ ਤਾਂ ਇਹ ਕੰਮ ਬਹੁਤ ਸੌਖਾ ਹੈ। ਉਸ ਨੇ ਜੰਗਬਾਜ਼ਾਂ ਨੂੰ ਕਿਉਂ ਨਾ ਜਾਨੋਂ ਮਾਰਿਆ ਜਾਂ ਉਨ੍ਹਾਂ ਦੇ ਜੰਗੀ ਪਾਗਲਪਨ ਨੂੰ ਮਾਰ ਕੇ ਵੱਡੀ ਜੰਗ ਨਾਲ ਮਨੁੱਖਤਾ ਉਤੇ ਆਈ ਪਰਲੋ ਨੂੰ ਕਿਉਂ ਨਾ ਬਚਾਇਆ? ਉਹ ਅੰਗਰੇਜ਼ ਲੋਕਾਂ ਦੇ ਮਨਾਂ ਵਿਚ ਕੋਈ ਇਹੋ ਜਿਹਾ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਹਿੰਦੋਸਤਾਨ ਛੱਡ ਕੇ ਚਲੇ ਜਾਣ? ਉਹ ਸਾਰੇ ਸਰਮਾਏਦਾਰਾਂ ਦੇ ਦਿਲਾਂ ਵਿਚ ਇਹ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਪੈਦਾਵਾਰੀ ਸਾਧਨਾਂ ਦੀ ਸਾਰੀ ਜਾਇਦਾਦ ਨੂੰ ਛੱਡ ਦੇਣ ਤੇ ਸਾਰੇ ਮਿਹਨਤਕਸ਼ ਤਬਕੇ ਨੂੰ ਹੀ ਨਹੀਂ, ਸਗੋਂ ਸਾਰੇ ਮਨੁੱਖੀ ਸਮਾਜ ਨੂੰ ਪੂੰਜੀਵਾਦ ਦੇ ਬੰਧਨ ਤੋਂ ਛੁਟਕਾਰਾ ਦੇ ਦੇਣ। ਤੁਸੀਂ ਬਹਿਸ

*(ਬਾਕੀ ਅਗਲੇ ਸਫੇ 'ਤੇ)*

***ਨਿਆਂ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਕਸੂਰਵਾਰ ਨੂੰ ਜੋ ਸਜ਼ਾ ਦਿੱਤੀ ਜਾਂਦੀ ਹੈ, ਉਸ ਦੇ ਤਿੰਨ ਜਾਂ ਚਾਰ ਮਕਸਦ ਹੋ ਸਕਦੇ ਹਨ, ਤੇ ਇਸੇ ਆਧਾਰ 'ਤੇ ਸਜ਼ਾ ਨੂੰ ਵਾਜਬ ਕਰਾਰ ਦਿੱਤਾ ਜਾ ਸਕਦਾ ਹੈ। ਇਹ ਮਕਸਦ ਹਨ: ਬਦਲਾ, ਸੁਧਾਰ ਤੇ ਵਰਜਣ ਲਈ ਡਰ। ਹੁਣ ਸਾਰੇ ਚਿੰਤਕ ਬਦਲੇ ਵਾਲੇ ਸਿਧਾਂਤ ਦੀ ਨੁਤਾਚੀਨੀ ਕਰਦੇ ਹਨ। ਵਰਜਣ ਵਾਲੇ ਸਿਧਾਂਤ ਦੀ ਵੀ ਨੁਕਤਾਚੀਨੀ ਹੋ ਰਹੀ ਹੈ। ਸੁਧਾਰਕ ਸਿਧਾਂਤ ਹੀ ਜ਼ਰੂਰੀ ਹੈ ਅਤੇ ਇਨਸਾਨੀ ਤਰੱਕੀ ਦਾ ਅਟੁੱਟ ਅੰਗ ਹੈ। ਇਸ ਸਿਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ-ਪਸੰਦ ਸ਼ਹਿਰੀ ਬਣ ਕੇ ਸਮਾਜ ਵਿਚ ਵਾਪਸ ਜਾਵੇ, ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਬੰਦਿਆਂ ਨੇ (ਪੂਰਬਲੇ ਜਨਮ ਵਿਚ) ਪਾਪ ਕੀਤੇ ਹੋਣਗੇ, ਤਾਂ ਰੱਬ ਜਿਹੜੀ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ, ਉਹ ਕਿਹੋ ਜਿਹੀ ਹੈ? ਤੁਸੀਂ ਆਖਦੇ ਹੋ ਕਿ ਉਹ ਉਨ੍ਹਾਂ ਨੂੰ ਗਾਂ, ਬਿੱਲੀ, ਦਰੱਖ਼ਤ, ਜੜ੍ਹ-ਬੂਟੀ ਜਾਂ ਜਾਨਵਰ ਦੇ ਰੂਪ ਵਿਚ ਜਨਮ ਲੈਣ ਲਈ ਭੇਜਦਾ ਹੈ। ਤੁਸੀਂ ਇਨ੍ਹਾਂ ਸਜ਼ਾਵਾਂ ਦੀ ਗਿਣਤੀ 84 ਲੱਖ ਦੱਸਦੇ ਹੋ। ਮੈਨੂੰ ਇਹ ਦੱਸੋ ਕਿ ਇਸ ਦਾ ਮਨੁੱਖ ਉਤੇ ਕੋਈ ਸੁਧਾਰਕ ਅਸਰ ਪੈਂਦਾ ਹੈ?***

# ਸਿੱਖ ਚਿੰਤਨ ਦਾ ਪ੍ਰੌਢ ਵਿਦਵਾਨ ਡਾ. ਬਲਕਾਰ ਸਿੰਘ

ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਂਦੇ ਇਨਾਮਾਂ ਵਿਚ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਧਰਮ ਬਾਰੇ ਲਿਖ ਰਹੇ ਕਿਸੇ ਵਿਦਵਾਨ ਨੂੰ ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਦਾ ਇਨਾਮ ਮਿਲਿਆ ਹੈ ਜਿਸ ਨਾਲ ਇਨ੍ਹਾਂ ਸਨਮਾਨਾਂ ਦੀ ਨਵੀਂ ਪਿਰਤ ਸਾਹਮਣੇ ਆਈ ਹੈ। ਇਹ ਪਿਰਤ ਡਾ. ਬਲਕਾਰ ਸਿੰਘ ਨਾਲ ਹੀ ਪੈ ਸਕਦੀ ਸੀ ਕਿਉਂਕਿ ਉਹ ਵਿਚਾਰਧਾਰਕ ਪ੍ਰੌੜਤਾ ਅਤੇ ਅਕਾਦਮਿਕ ਸਕਰਮਕਤਾ ਦਾ ਸੁਮੇਲ ਹਨ। ਅਸਲ ਕਾਰਨ ਇਹ ਹੈ ਕਿ ਪੰਜਾਬੀ ਸਾਹਿਤ, ਪੰਜਾਬੀ ਸਾਹਿਤ ਨਾਲ ਸਬੰਧਤ ਸੰਸਥਾਵਾਂ, ਸਾਹਿਤ ਸਭਾਵਾਂ, ਅਕਾਦਮੀਆਂ ਤੇ ਖੱਬੇ-ਪੱਖੀ ਲੇਖਕਾਂ ਦਾ ਹੀ ਗਲਬਾ ਰਿਹਾ ਹੈ ਅਤੇ ਉਨ੍ਹਾਂ ਨੇ ਕਦੀ ਵੀ ਗੁਰਬਾਣੀ ਅਤੇ ਸਿੱਖ ਧਰਮ ਨਾਲ ਸਬੰਧਤ ਸਾਹਿਤ ਨੂੰ ਸਾਹਿਤ ਹੀ ਨਹੀਂ



**ਡਾ. ਪਰਮਜੀਤ ਸਿੰਘ ਕੱਟੂ**
**ਫੋਨ: 91-94631-24131**

ਮੰਨਿਆ ਤੇ ਨਾ ਹੀ ਇਸ ਖੇਤਰ ਨਾਲ ਸਬੰਧਤ ਸਾਹਿਤਕਾਰਾਂ ਨੂੰ ਉਨ੍ਹਾਂ ਦੀ ਬਨਦੀ ਥਾਂ ਦਿੱਤੀ ਹੈ। ਥਾਂ ਦੇਣਾ ਤਾਂ ਇੱਕ ਪਾਸੇ ਉਨ੍ਹਾਂ ਨੂੰ ਕਦੀ ਲੇਖਕ ਮੰਨਣ ਲਈ ਹੀ ਤਿਆਰ ਨਹੀਂ ਸਨ। ਉਨ੍ਹਾਂ ਦਾ ਵੱਸ ਚਲਦਾ ਤਾਂ ਉਹ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਰਗੇ ਪੰਜਾਬੀਅਤ ਅਤੇ ਸਿੱਖੀ ਨੂੰ ਪ੍ਰਣਾਏ ਚੋਟੀ ਦੇ ਸਾਹਿਤਕਾਰਾਂ ਨੂੰ ਵੀ ਪਾਠ-ਕ੍ਰਮਾਂ ਦਾ ਹਿੱਸਾ ਨਾ ਬਣਨ ਦਿੰਦੇ।

ਖੈਰ! ਡਾ. ਬਲਕਾਰ ਸਿੰਘ ਨੂੰ ਇਹ ਸਨਮਾਨ ਮਿਲਣ ਨਾਲ ਇਹ ਪਿਰਤ ਹੁਣ ਪੈ ਗਈ ਹੈ ਅਤੇ ਰੱਬ ਕਰੇ ਇਹ ਪਿਰਤ ਇਸੇ ਤਰ੍ਹਾਂ ਕਾਇਮ ਰਹੇ। ਡਾ. ਬਲਕਾਰ ਸਿੰਘ ਭਗਤ ਕਬੀਰ ਦੇ ਇਸ ਕਥਨ ਅਨੁਸਾਰ, ਜਿਨ੍ਹਾਂ 'ਤੇ ਨਿਸ਼ਾਨ ਲੱਗਿਆ ਹੁੰਦਾ ਹੈ, ਉਹ ਹੀ ਰਣ-ਤੱਤੇ ਵਿਚ ਜੂਝਦੇ ਹਨ, "ਉਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ" ਸਮਕਾਲੀ ਸਮੱਸਿਆਵਾਂ ਨਾਲ ਸਕਰਮਕ ਸਜੱਗਤਾ ਨਾਲ ਸੰਵਾਦ ਰਚਾਉਣ ਵਾਲਾ ਪੰਜਾਬੀ ਸਾਹਿਤ ਦਾ ਵੱਡਾ ਨਾਂ ਹੈ।

ਪੌਣੀ ਸਦੀ ਦੇ ਹੋ ਚੁੱਕੇ ਡਾ. ਬਲਕਾਰ ਸਿੰਘ ਦਾ ਜਨਮ ਉਨ੍ਹਾਂ ਦੇ ਨਾਨਕੇ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਦੇ ਪੱਟੀ ਲਾਗੇ ਪਾਕਿਸਤਾਨੀ ਸਰਹੱਦ 'ਤੇ ਪੈਂਦੇ ਪਿੰਡ ਬੱਚੀਵਿੰਡ ਵਿੱਖੇ ਹੋਇਆ ਪਰ ਅਸਲ ਵਿਚ ਉਨ੍ਹਾਂ ਦੇ ਪੁਰਖੇ ਪਾਕਿਸਤਾਨ ਦੇ ਵਿਰਕ ਟੱਪੇ ਵਿਚ ਨਾਨਕਿਆਂ ਤੋਂ ਵਿਰਸੇ ਵਿਚ ਮਿਲੀ ਢੇਰੀ ਤੇ ਅਬਾਦ ਸਨ ਜੋ ਪਾਕਿਸਤਾਨ ਬਣਨ ਤੋਂ ਬਾਅਦ ਸੰਗਰੂਰ ਜ਼ਿਲੇ ਦੇ ਬੱਡਬਰ ਪਿੰਡ ਵਿਚ ਅਲਾਟੀ ਬਣ ਗਏ। ਡਾ. ਬਲਕਾਰ ਸਿੰਘ ਸਾਹਿਤ, ਭਾਸ਼ਾ ਤੇ ਧਰਮ ਦੇ ਅਨੁਭਵੀ ਚਿੰਤਕ ਹਨ। ਉਹ ਉਨ੍ਹਾਂ ਮੋਢੀ ਵਿਦਿਆਰਥੀਆਂ ਵਿਚੋਂ ਹਨ, ਜਿਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਬੈਚ (1964) ਵਿਚ ਪੰਜਾਬੀ ਸਾਹਿਤ ਵਿਚ ਮਾਸਟਰ ਡਿਗਰੀ ਕੀਤੀ। ਅਗਲੇ ਦੋ ਸਾਲ ਉਨ੍ਹਾਂ ਨੇ ਸਿੱਖ ਧਰਮ ਸ਼ਾਸਤਰ ਵਿਚ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਪੋਸਟ ਗ੍ਰੈਜੂਏਸ਼ਨ ਕੀਤੀ, ਜਿੱਥੇ ਉਹ ਸਿੱਖ ਧਰਮ ਦੇ ਸਥਾਪਤ ਖੋਜਕਾਰਾਂ ਪ੍ਰੋ. ਸਾਹਿਬ ਸਿੰਘ, ਡਾ. ਤਾਰਨ ਸਿੰਘ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਵਰਗੇ ਅਧਿਆਪਕਾਂ ਦੇ ਵਿਦਿਆਰਥੀ ਰਹੇ। ਉਨ੍ਹਾਂ ਨੇ ਗੁਰੂ ਅਰਜਨ ਦੇਵ ਕਾਲਜ ਤਰਨ ਤਾਰਨ ਵਿਖੇ ਪੰਜਾਬੀ ਦੇ ਲੈਕਚਰਰ ਵੱਜੋਂ ਆਪਣੇ ਅਧਿਆਪਨ ਕਿੱਤੇ ਦੀ ਸ਼ੁਰੂਆਤ ਕੀਤੀ, ਖਾਲਸਾ ਕਾਲਜ ਪਟਿਆਲਾ ਵਿੱਖੇ ਪੰਜਾਬੀ ਭਾਸ਼ਾ ਅਤੇ ਡਿਵਿਨਿਟੀ ਦੇ ਅਧਿਆਪਕ ਵਜੋਂ ਸੇਵਾ ਨਿਭਾਈ ਅਤੇ ਫਿਰ 1970 ਵਿਚ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ ਸੀਨੀਅਰ ਰਿਸਰਚ ਫੈਲੋ ਦੇ ਤੌਰ 'ਤੇ ਆ ਗਏ।

ਡਾ. ਬਲਕਾਰ ਸਿੰਘ ਨੇ 1973 ਵਿਚ ਪੰਜਾਬੀ ਯੂਨੀਵਰਸਿਟੀ ਤੋਂ ਪ੍ਰੋ. ਗੁਲਵੰਤ ਸਿੰਘ ਵਰਗੇ ਬਹੁ-ਪਰਤੀ ਵਿਦਵਾਨ ਦੀ ਅਗਵਾਈ ਹੇਠ ਫਾਰਸੀ ਭਾਸ਼ਾ ਵਿਚ ਐਮ.ਏ ਦੀ ਡਿਗਰੀ ਲਈ। 1983 ਵਿਚ ਉਨ੍ਹਾਂ ਮਰਹੂਮ ਡਾ. ਅਵਤਾਰ ਸਿੰਘ ਦੀ ਦੇਖ-ਰੇਖ ਹੇਠ 'ਸਿੱਖ ਰਹੱਸਵਾਦ' ਵਿਸ਼ੇ 'ਤੇ ਪੀ.ਐਚ.ਡੀ ਕੀਤੀ। ਅਸਲ ਵਿਚ ਡਾ. ਅਵਤਾਰ ਸਿੰਘ ਦਾ ਸੁਪਨਾ ਪੰਜਾਬੀ ਯੂਨੀਵਰਸਿਟੀ ਦਾ 'ਸਕੂਲ ਆਫ ਸਿੱਖ ਫਿਲਾਸਫੀ' ਸਥਾਪਤ ਕਰਨਾ ਸੀ। ਇਸੇ ਲਈ ਉਨ੍ਹਾਂ ਨੇ ਆਪਣੇ ਪਹਿਲੇ ਹੀ ਚਾਰ ਖੋਜ-ਵਿਦਿਆਰਥੀਆਂ ਡਾ. ਬਲਕਾਰ ਸਿੰਘ, ਡਾ. ਨਿਰਭੈ ਸਿੰਘ, ਡਾ. ਗੁਰਨਾਮ ਕੌਰ ਅਤੇ ਰਾਜਕੁਮਾਰੀ ਬਾਲਿੰਦਰਜੀਤ ਕੌਰ ਨੂੰ ਇਸੇ ਆਸ਼ੇ ਨਾਲ ਟਾਪਿਕ ਅਲਾਟ ਕੀਤੇ। ਭਾਵੇਂ ਰਾਜਕੁਮਾਰੀ ਬਾਲਿੰਦਰਜੀਤ ਕੌਰ ਨੇ ਆਪਣਾ ਥੀਸਿਸ ਪੂਰਾ ਨਹੀਂ ਕੀਤਾ ਪਰ ਬਾਕੀ ਤਿੰਨਾਂ ਵਿਦਿਆਰਥੀਆਂ ਨੇ ਸਿੱਖ ਅਕਾਦਮਿਕਤਾ ਦੀ ਵੱਖਰੀ ਪਛਾਣ ਬਣਾਉਣ ਵਿਚ ਆਪਣੇ ਅਕਾਦਮਿਕ ਕਾਰਜਾਂ ਨਾਲ ਭਰਵਾਂ ਯੋਗਦਾਨ ਪਾਇਆ। ਪ੍ਰੋ. ਤਾਰਨ ਸਿੰਘ ਦੇ ਅਚਾਨਕ ਅਕਾਲ ਚਲਾਣੇ ਤੋਂ ਬਾਅਦ ਤਿੰਨ ਸਾਲ ਵਿਭਾਗ ਲਾਵਾਰਸ ਰਿਹਾ ਪਰ 1983 ਵਿਚ ਡਾ. ਬਲਕਾਰ ਸਿੰਘ ਦੇ ਮੁਖੀ ਬਣ ਜਾਣ ਨਾਲ ਨਾ ਕੇਵਲ ਵਿਭਾਗ ਮੁੜ ਲੀਹ 'ਤੇ ਆ ਗਿਆ, ਸਗੋਂ ਡਾ. ਬਲਕਾਰ ਸਿੰਘ ਨੇ ਵਿਭਾਗ ਦੀ ਅਕਾਦਮਿਕ ਸਥਾਪਤੀ ਅਤੇ ਸ਼ਾਨ ਵਧਾਉਣ ਲਈ ਬਹੁਤ ਮਿਹਨਤ ਕੀਤੀ। ਡਾ. ਅਵਤਾਰ ਸਿੰਘ ਦੀ ਸੋਚਣੀ ਨੂੰ ਅੱਗੇ ਲੈ ਜਾਂਦਿਆਂ ਆਪਣੇ ਪੀ.ਐਚ.ਡੀ ਦੇ ਵਿਦਿਆਰਥੀਆਂ ਡਾ. ਗੁਲਜ਼ਾਰ ਸਿੰਘ ਕੰਗ, ਡਾ. ਗੁਰਦੇਵ ਕੌਰ, ਡਾ. ਸਰਬਜਿੰਦਰ ਸਿੰਘ (ਵਿਭਾਗ ਦੇ ਸਾਬਕਾ ਮੁਖੀ ਤੇ ਅੱਜ ਕਲ ਵਿਭਾਗ ਵਿਚ ਭਾਈ ਗੁਰਦਾਸ ਚੇਅਰ ਦੇ ਚੇਅਰਪਰਸਨ) ਅਤੇ ਡਾ. ਓਅੰਕਾਰ ਸਿੰਘ ਨੂੰ ਸਿੱਖ ਧਰਮ ਸ਼ਾਤਰ ਦੇ ਚੋਣਵੇਂ ਵਿਸ਼ਿਆਂ ਵਿਚ ਡਾਕਟਰੇਟ ਕਰਵਾਈ।

ਇਸ ਸਾਰੇ ਸਮੇਂ ਦੌਰਾਨ ਡਾ. ਬਲਕਾਰ ਸਿੰਘ ਯੂਨੀਵਰਸਿਟੀ ਵਿਚ ਅਹਿਮ ਅਹੁਦਿਆਂ-ਜਿਵੇਂ ਡੀਨ ਫੈਕਲਟੀ, ਡੀਨ ਕਾਲਜ, ਮੈਂਬਰ ਸਿੰਡੀਕੇਟ, ਸੈਨੇਟ ਅਤੇ ਹੋਰ ਅਹਿਮ ਅਕਾਦਮਿਕ ਤੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਇਸ ਦੇ ਨਾਲ ਹੀ ਜਾਗੇ ਹੋਏ ਸਿੱਖ ਦੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਰਹੇ। ਸ਼੍ਰੋਮਣੀ ਕਮੇਟੀ ਵੱਲੋਂ ਹੀ ਅਕਾਲ ਤਖਤ ਸਾਹਿਬ ਦੀ ਛੱਤਰ-ਛਾਇਆ ਹੇਠ 1995 ਵਿਚ ਹੋਏ ਵਿਸ਼ਵ ਸਿੱਖ ਸੰਮੇਲਨ ਨੂੰ ਸਫਲ ਬਣਾਉਣ ਲਈ ਸ. ਮਨਜੀਤ ਸਿੰਘ ਕਲਕੱਤਾ ਨਾਲ ਮਿਲ ਕੇ ਅੱਡੀ-ਚੋਟੀ ਦਾ ਜ਼ੋਰ ਲਾ ਦਿੱਤਾ। ਉਸ ਕਿਸਮ ਦਾ ਸੰਮੇਲਨ, ਜਿਸ ਵਿਚ ਦੇਸ਼-ਵਿਦੇਸ਼ ਤੋਂ ਹਰ ਵਰਗ ਦੇ ਸਿੱਖਾਂ ਨੇ



ਡਾ. ਬਲਕਾਰ ਸਿੰਘ

ਸ਼ਮੂਲੀਅਤ ਕੀਤੀ, ਨਾ ਕਦੀ ਪਹਿਲਾਂ ਹੋ ਸਕਿਆ ਹੈ ਅਤੇ ਨਾ ਹੀ ਨੇੜ-ਭਵਿੱਖ ਵਿਚ ਹੋਣ ਦੀ ਕੋਈ ਸੰਭਾਵਨਾ ਨਜ਼ਰ ਆਉਂਦੀ ਹੈ। ਡਾ. ਬਲਕਾਰ ਸਿੰਘ ਵਿਚ ਪੰਥ ਅਤੇ ਆਮ ਮਨੁੱਖ ਲਈ ਤੜਪ ਅਤੇ ਦਰਦ ਹੈ, ਜਿਸ ਕਰਕੇ ਉਹ ਆਪਣਾ ਚਿੰਤਨ ਸਾਂਝਾ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦੀ ਬਾ-ਖੂਬੀ ਜਾਚ ਵੀ ਹੈ। ਇਸੇ ਜਾਚ ਅਤੇ ਤੜਪ ਵਿਚੋਂ ਉਹ ਅੱਜ ਵੀ ਨਿਰੰਤਰ ਕਾਰਜਸ਼ੀਲ ਹਨ।

ਡਾ. ਬਲਕਾਰ ਸਿੰਘ ਦੀ ਅਕਾਲ ਤਖਤ ਸਾਹਿਬ ਬਾਰੇ ਛਪੀ ਪੁਸਤਕ ਦੀ ਪੁਨਰ-ਪ੍ਰਕਾਸ਼ਨਾ ਹੋ ਰਹੀ ਹੈ। ਪੰਜਾਬੀ ਯੂਨੀਵਰਸਿਟੀ ਵਲੋਂ 'ਗੁਰੂ ਨਾਨਕ ਚਿੰਤਨ' ਅਤੇ ਦਿੱਲੀ ਤੋਂ 'ਸਿੱਖ ਥਾਟ' ਪੁਸਤਕਾਂ ਛਪ ਰਹੀਆਂ ਹਨ। ਇਸ ਤੋਂ ਇਲਾਵਾ ਉਹ ਅਨੇਕਾਂ ਕੌਮੀ ਅਤੇ ਕੌਮਾਂਤਰੀ ਸੈਮੀਨਾਰਾਂ, ਕਾਨਫਰੰਸਾਂ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਅੱਜ ਵੀ ਨਿਭਾ ਰਹੇ ਹਨ। ਉਨ੍ਹਾਂ ਦੀ ਕਾਰਜਸ਼ੀਲਤਾ ਨੂੰ ਵੇਖਦਿਆਂ ਹੀ ਉਨ੍ਹਾਂ ਨੂੰ ਵਿਭਾਗ ਵਿਚ ਪ੍ਰੋਫੈਸਰ ਆਫ ਐਮੀਨੈਂਸ ਦੇ ਅਹੁਦੇ ਨਾਲ ਨਿਵਾਜਿਆ ਗਿਆ ਹੈ।

ਉਹ ਯੂਨੀਵਰਸਿਟੀ ਨਾਲ ਹੋਏ ਸਮਝੌਤੇ ਤਹਿਤ ਸੇਵਾ-ਮੁਕਤ ਹੋਣ ਉਪਰੰਤ ਛੇ ਵਰ੍ਹੇ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਲੈਂਗੁਏਜ ਐਂਡ ਕਲਚਰ, ਨਿਊ ਮੈਕਸੀਕੋ, ਐਸਪੈਨੋਲਾ ਵਿਖੇ ਡਾਇਰੈਕਟਰ ਰਹੇ। ਇਥੇ ਉਨ੍ਹਾਂ ਨੇ ਅਮਰੀਕਨ ਸਿੱਖਾਂ ਨੂੰ ਸਿੱਖ ਸਭਿਆਚਾਰ, ਸਿੱਖ ਧਰਮ ਅਤੇ ਪੰਜਾਬੀ ਬੋਲੀ ਦੀ ਸਿੱਖਿਆ ਦਿੱਤੀ। ਅਹਿਮ ਗੱਲ ਇਹ ਹੈ ਕਿ ਆਪਣੀ ਮਿੱਟੀ ਨਾਲ ਮੋਹ ਹੋਣ ਕਰਕੇ ਉਨ੍ਹਾਂ ਨਾ ਹੀ ਡਾਲਰਾਂ ਦਾ ਲਾਲਚ ਕੀਤਾ ਅਤੇ ਨਾ ਹੀ ਉਥੋਂ ਦੀ ਨਾਗਰਿਕਤਾ ਦਾ।

ਡਾ. ਬਲਕਾਰ ਸਿੰਘ ਸਦਾ ਹੀ ਗੁਰੂ ਦੇ ਭਾਣੇ ਵਿਚ ਵਿਚਰਨ ਵਾਲੇ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਇਨਸਾਨ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਸਮਕਾਲ ਵਿਚ ਜਿੰਨੀ ਸਿੱਖ ਅਕਾਦਮਿਕਤਾ ਦੀ ਸਥਾਪਨਾ ਹੋਵੇਗੀ, ਓਨਾ ਹੀ ਸਿੱਖੀ ਨੇ ਸਥਾਪਤ ਹੋਣਾ ਹੈ। ਹੁਣ ਸਿੱਖੀ ਦੀ ਪ੍ਰਫੁੱਲਤਾ ਵਿਚ ਭਾਈਚਾਰੇ ਦੇ ਉਦਮਾਂ ਦੇ ਨਾਲ ਨਾਲ ਸਿੱਖ ਅਕਾਦਮਿਕਤਾ ਦੀ ਮੋਹਰੀ ਭੂਮਿਕਾ ਰਹੇਗੀ।

ਡਾ. ਬਲਕਾਰ ਸਿੰਘ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਅਧਿਐਨ ਦੇ ਖੇਤਰ ਵਿਚ ਸਰਗਰਮ ਉਨ੍ਹਾਂ ਚੋਣਵੇਂ ਵਿਦਵਾਨਾਂ ਵਿਚੋਂ ਹਨ, ਜਿਹੜੇ ਆਪਣੀ ਮੁਹਾਰਤ ਦੇ ਖੇਤਰ ਤੋਂ ਬਾਹਰ ਵੀ ਸੰਵਾਦ ਰਚਾਉਂਦੇ ਹਨ। ਕਹਿਣ ਤੋਂ ਭਾਵ ਹੈ ਕਿ ਉਹ ਕਿਸੇ ਕਿਸਮ ਦੀ ਕੱਟੜਤਾ ਦੀ ਥਾਂ, ਗੁਰੂ ਨਾਨਕ ਸਾਹਿਬ ਦੇ ਅਦੇਸ਼ ਅਨੁਸਾਰ 'ਜਬ ਲਗਿ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਸੰਵਾਦੀ ਪਹੁੰਚ ਦ੍ਰਿਸ਼ਟੀ ਦੇ ਮਾਲਕ ਹਨ। ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਅਲੋਚਕ/ਖੋਜ ਸਾਹਿਤਕਾਰ ਸਨਮਾਨ ਮਿਲਣ ਨਾਲ ਸਨਮਾਨ ਦਾ ਵਕਾਰ ਹੋਰ ਵਧਿਆ ਹੈ।

# ਮੈਂ ਨਾਸਤਿਕ ਕਿਉਂ ਹਾਂ?

**(ਪਿਛਲੇ ਸਫੇ ਦੀ ਬਾਕੀ)**

ਕਰਨਾ ਚਾਹੋਗੇ ਕਿ ਸਮਾਜਵਾਦੀ ਸਿਧਾਂਤ ਲਾਗੂ ਹੋ ਸਕਦਾ ਹੈ ਜਾਂ ਨਹੀਂ, ਮੈਂ ਇਸ ਨੂੰ ਲਾਗੂ ਕਰਨ ਦਾ ਜ਼ਿੰਮਾ ਤੁਹਾਡੇ ਪਰਵਰਦਿਗਾਰ ਉਤੇ ਸੁੱਟਦਾ ਹਾਂ। ਜਿਥੋਂ ਤੱਕ ਆਮ ਲੋਕ ਭਲਾਈ ਦਾ ਸਬੰਧ ਹੈ, ਲੋਕਾਂ ਨੂੰ ਸਮਾਜਵਾਦ ਦੇ ਗੁਣਾਂ ਦਾ ਪਤਾ ਹੈ। ਉਹ ਇਸ ਦਾ ਵਿਰੋਧ ਇਸ ਨੁਕਤੇ ਤੋਂ ਕਰਦੇ ਹਨ ਕਿ ਇਹ ਲਾਗੂ ਨਹੀਂ ਹੋ ਸਕਦਾ। ਚਲੋ, ਤੁਹਾਡਾ ਰੱਬ ਚਾਹਵੇ ਤੇ ਸਭ ਕੁਝ ਬਾਕਾਇਦਾ ਤਰੀਕੇ ਨਾਲ ਕਰ ਦੇਵੇ। ਹੁਣ ਤੁਸੀਂ ਦਲੀਲ ਵਿਚੋਂ ਦਲੀਲ ਕੱਢਣ ਦੀ ਕੋਸ਼ਿਸ਼ ਨਾ ਕਰਨੀ। ਮੈਂ ਤੁਹਾਨੂੰ ਦੱਸਦਾ ਹਾਂ: ਹਿੰਦੋਸਤਾਨ ਉਤੇ ਜੇ ਬਰਤਾਨਵੀ ਹਕੂਮਤ ਹੈ ਤਾਂ ਇਹ ਰੱਬ ਦੀ ਮਰਜ਼ੀ ਕਾਰਨ ਨਹੀਂ ਹੈ, ਸਗੋਂ ਇਸ ਕਾਰਨ ਹੈ ਕਿ ਸਾਡੇ ਵਿਚ ਇਸ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹ ਰੱਬ ਦੀ ਮਦਦ ਨਾਲ ਸਾਨੂੰ ਗੁਲਾਮ ਨਹੀਂ ਰੱਖ ਰਹੇ, ਸਗੋਂ ਉਨ੍ਹਾਂ ਨੇ ਬੰਦੂਕਾਂ, ਤੋਪਾਂ, ਬੰਬਾਂ, ਗੋਲੀਆਂ, ਪੁਲਿਸ ਤੇ ਫੌਜ ਦੀ ਮਦਦ ਨਾਲ ਸਾਨੂੰ ਗੁਲਾਮ ਬਣਾਇਆ ਹੋਇਆ ਹੈ ਅਤੇ ਸਾਡਾ ਕੀ ਕਸੂਰ ਹੈ ਕਿ ਉਹ (ਮਨੁੱਖੀ) ਸਮਾਜ ਵਿਰੁਧ ਸਭ ਤੋਂ ਵੱਧ ਘਿਨਾਉਣਾ ਗੁਨਾਹ ਇਹ ਕਰ ਰਹੇ ਹਨ ਕਿ ਇਕ ਕੌਮ ਹੱਥੋਂ ਦੂਜੀ ਕੌਮ ਲੁੱਟੀ ਜਾ ਰਹੀ ਹੈ। ਕਿਥੇ ਹੈ ਰੱਬ? ਉਹ ਕਰ ਕੀ ਰਿਹਾ ਹੈ? ਕੀ ਉਹ ਮਨੁੱਖਤਾ ਦੀਆਂ ਇਨ੍ਹਾਂ ਸਾਰੀਆਂ ਦੁੱਖ ਤਕਲੀਫਾਂ ਦਾ ਮਜ਼ਾ ਲੈ ਰਿਹਾ ਹੈ? ਉਹ ਨੀਰੋ ਹੈ, ਉਹ ਚੰਗੇਜ਼ ਖਾਂ ਹੈ। ਰੱਬ ਮੁਰਦਾਬਾਦ!

ਤੁਸੀਂ ਮੈਨੂੰ ਇਹ ਪੁੱਛੋਗੇ ਕਿ ਇਸ ਦੁਨੀਆਂ ਦਾ, ਤੇ ਮਨੁੱਖ ਦਾ ਅਰੰਭ ਕਿਵੇਂ ਹੋਇਆ ਸੀ। ਚਾਰਲਸ ਡਾਰਵਿਨ (1809-1882, ਅੰਗਰੇਜ਼ ਪ੍ਰਕ੍ਰਿਤੀਵਾਦੀ, 19ਵੀਂ ਸਦੀ ਦੀ ਸਭ ਤੋਂ ਵੱਡੀ ਜਿੱਤ, ਉਸ ਦੀ 1859 ਵਿਚ ਛਪੀ 'ਓਰਿਜਨ ਆਫ਼ ਸਪੀਸੀਜ਼' ਸੀ ਜਿਸ ਵਿਚ ਪ੍ਰਕ੍ਰਿਤੀ ਦੇ ਵਿਕਾਸ ਦਾ ਸਿਧਾਂਤ ਸੀ। ਇਸ ਸਿਧਾਂਤ ਨੇ ਕੁਦਰਤ ਸਬੰਧੀ ਧਾਰਮਿਕ ਤੇ ਵਿਚਾਰਵਾਦੀ ਸੰਕਲਪਾਂ ਨੂੰ ਤੋੜ ਦਿੱਤਾ) ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਦਾ ਮੁਤਾਲਿਆ ਕਰੋ। ਸੋਹੰਮ ਸਵਾਮੀ ਦੀ ਕਿਤਾਬ 'ਕਾਮਨਸੈਂਸ' (ਸਾਧਾਰਨ ਗਿਆਨ) ਪੜ੍ਹੋ। ਤੁਹਾਨੂੰ ਇਸ ਸਵਾਲ ਦਾ ਕੁਝ ਹੱਦ ਤੱਕ ਜਵਾਬ ਮਿਲ ਜਾਏਗਾ। ਇਹ ਕੁਦਰਤ ਦਾ ਵਿਸ਼ਾ ਹੈ। ਵੱਖ-ਵੱਖ ਪਦਾਰਥਾਂ ਦੇ ਇਤਫਾਕੀਆ ਮੇਲ ਨਾਲ ਧਰਤੀ ਤੇ ਬੂਲੇ ਦੇ ਰੂਪ ਵਿਚ ਪੈਦਾ ਹੋਈ ਸੀ। ਕਦੋਂ? ਇਹ ਜਾਣਨ ਲਈ ਇਤਿਹਾਸ ਪੜ੍ਹੋ। ਇਸ ਅਮਲ ਵਿਚ ਜਾਨਵਰ ਤੇ ਫਿਰ ਅਖੀਰ ਵਿਚ ਮਨੁੱਖ ਪੈਦਾ ਹੋਇਆ ਸੀ। ਤੁਸੀਂ ਡਾਰਵਿਨ ਦੀ ਕਿਤਾਬ 'ਓਰਿਜਨ ਆਫ਼ ਸਪੀਸੀਜ਼' ਪੜ੍ਹੋ ਤੇ ਉਸ ਤੋਂ ਮਗਰੋਂ ਜੋ ਵੀ ਉਨਤੀ ਹੋਈ, ਉਹ ਮਨੁੱਖ ਦੀ ਕੁਦਰਤ ਨਾਲ ਲਗਾਤਾਰ ਟੱਕਰ ਤੇ ਮਨੁੱਖ ਵੱਲੋਂ ਕੁਦਰਤ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਵਜੋਂ ਹੋਈ ਸੀ। ਧਰਤੀ ਦੇ ਆਦਿ ਬਾਰੇ ਇਹ ਸਭ ਸੰਖੇਪ ਜਿਹਾ ਵੇਰਵਾ ਹੈ।

ਤੁਹਾਡਾ ਅਗਲਾ ਸਵਾਲ ਹੋ ਸਕਦਾ ਹੈ ਕਿ ਪਿਛਲੇ ਜਨਮ ਵਿਚ ਮਾੜੇ ਕਰਮ ਨਾ ਕੀਤੇ ਹੋਣ ਤਾਂ ਕੋਈ ਬੱਚਾ ਅੰਨ੍ਹਾ ਜਾਂ ਲੰਗੜਾ ਕਿਉਂ ਜੰਮਦਾ ਹੈ? ਜੀਵ ਵਿਗਿਆਨੀਆਂ ਨੇ ਇਸ ਸਮੱਸਿਆ ਦਾ ਜ਼ਿਕਰ ਕੀਤਾ ਹੈ ਕਿ ਇਹ ਜੀਵ ਵਿਗਿਆਨਿਕ ਵਿਸ਼ਾ ਹੈ। ਇਸ ਦੇ ਕਾਰਨ ਬੱਚੇ ਦੇ ਮਾਂ-ਪਿਓ ਦੇ ਜੀਵ-ਇਤਿਹਾਸ ਵਿਚ ਹੀ ਹੁੰਦੇ ਹਨ।

ਕੁਦਰਤਨ ਤੁਸੀਂ ਇਕ ਹੋਰ ਸਵਾਲ ਪੁੱਛ ਸਕਦੇ ਹੋ: ਭਾਵੇਂ ਇਹ ਨਿਰਾ ਬਚਗਾਨਾ ਸਵਾਲ ਹੀ ਹੈ। ਉਹ ਸਵਾਲ ਇਹ ਹੈ ਕਿ ਜੇ ਰੱਬ ਨਹੀਂ ਸੀ ਤਾਂ ਫਿਰ ਲੋਕ ਉਸ ਨੂੰ ਮੰਨਣ ਕਿਵੇਂ ਲੱਗੇ? ਮੇਰਾ ਜਵਾਬ ਸਪਸ਼ਟ ਤੇ ਸੰਖੇਪ ਹੋਵੇਗਾ। ਜਿਵੇਂ ਲੋਕ ਭੂਤ-ਪ੍ਰੇਤਾਂ ਨੂੰ ਮੰਨਣ ਲੱਗ ਪਏ ਸੀ, ਓਵੇਂ ਹੀ ਉਹ ਰੱਬ ਨੂੰ ਮੰਨਣ ਲੱਗ ਪਏ। ਫਰਕ ਸਿਰਫ ਇੰਨਾ ਹੈ ਕਿ ਰੱਬ ਵਿਚ ਵਿਸ਼ਵਾਸ ਤਕਰੀਬਨ ਸਰਬ-ਵਿਆਪਕ ਹੈ ਤੇ ਇਸ ਦਾ ਦਰਸ਼ਨ ਕਾਫ਼ੀ ਵਿਕਸਿਤ ਹੈ। ਕੁਝ ਪਰਿਵਰਤਨਕਾਰੀਆਂ (ਰੈਡੀਕਲਜ਼) ਵਾਂਗ ਮੇਰਾ ਇਹ ਵਿਚਾਰ ਨਹੀਂ ਹੈ ਕਿ ਰੱਬ ਆਦਿ ਲੁੱਟ-ਖਸੁੱਟ ਕਰਨ ਵਾਲਿਆਂ ਦੀ ਕਰਤੂਤ ਸੀ, ਤਾਂ ਕਿ ਉਹ ਸਰਬ-ਉਚ ਸੱਤਾ ਦੀ ਹੋਂਦ ਦਾ ਪ੍ਰਚਾਰ ਕਰ ਕੇ ਆਪਣੀਆਂ ਗੱਦੀਆਂ ਕਾਇਮ ਰੱਖਣ ਲਈ ਲੋਕਾਂ ਨੂੰ ਗੁਲਾਮ ਰੱਖ ਸਕਣ। ਭਾਵੇਂ ਉਨ੍ਹਾਂ ਨਾਲ ਮੇਰਾ ਇਸ ਜ਼ਰੂਰੀ ਨੁਕਤੇ ਨਾਲ ਕੋਈ ਮਤਭੇਦ ਨਹੀਂ ਹੈ ਕਿ ਸਾਰੇ ਧਾਰਮਿਕ ਮੱਤ, ਧਰਮ, ਸਿਧਾਂਤ ਤੇ ਹੋਰ ਇਹੋ ਜਿਹੀਆਂ ਸੰਸਥਾਵਾਂ ਆਖਰਕਾਰ ਜਾਬਰ, ਦਮਨਕਾਰੀ ਸੰਸਥਾਵਾਂ, ਵਿਅਕਤੀਆਂ ਤੇ ਜਮਾਤਾਂ ਦੀਆਂ ਹਮਾਇਤੀ ਹੀ ਹੋ ਨਿਬੜੀਆਂ ਹਨ। ਹਰ ਧਰਮ ਇਹ ਕਹਿੰਦਾ ਹੈ ਕਿ ਬਾਦਸ਼ਾਹ ਵਿਰੁਧ ਬਗਾਵਤ ਕਰਨਾ ਹਮੇਸ਼ਾ ਹੀ ਪਾਪ ਹੁੰਦਾ ਹੈ।

ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ ਤਾਂ ਉਸ ਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ, ਤਾਂ ਕਿ ਇਮਤਿਹਾਨੀ ਹਾਲਤ ਦਾ ਦ੍ਰਿੜਤਾ ਨਾਲ ਸਾਹਮਣਾ ਕਰਨ ਲਈ ਮਨੁੱਖ ਨੂੰ ਹੌਸਲਾ ਮਿਲੇ, ਤਾਂ ਕਿ ਸਾਰੇ ਖਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿਚ ਆਪਣੀਆਂ ਇੱਛਾਵਾਂ 'ਤੇ ਕਾਬੂ ਪਾ ਸਕੇ। ਮਨੁੱਖ ਨੇ ਰੱਬ ਨੂੰ ਇਹਦੇ ਨਿੱਜ ਰੂਪਕ ਨੇਮਾਂ ਤੇ ਪਾਲਨਹਾਰ ਗੁਣਾਂ ਦੇ ਰੂਪ ਵਿਚ ਚਿਤਵਿਆ ਤੇ ਚਿਤਰਿਆ ਸੀ। ਉਹਦੀ ਕਰੋਪੀ ਤੇ ਨਿੱਜ ਰੂਪਕ ਨੇਮਾਂ ਨੂੰ ਵਿਚਾਰਨ ਵੇਲੇ ਉਹ ਤਾੜਨਾ ਦਾ ਕੰਮ ਦਿੰਦਾ ਸੀ ਤਾਂ ਜੋ ਮਨੁੱਖ ਸਮਾਜ ਵਾਸਤੇ ਖਤਰਾ ਨਾ ਬਣ ਜਾਵੇ। ਉਹਦੇ ਪਾਲਨਹਾਰ ਗੁਣਾਂ ਵਿਚ ਉਹ ਮਾਂ-ਪਿਤਾ, ਭੈਣ, ਭਾਈ, ਦੋਸਤ ਤੇ ਮਦਦਗਾਰ ਸੀ ਤਾਂ ਕਿ ਉਸ ਹਾਲਤ ਵਿਚ ਜਦ ਬੰਦੇ ਨੂੰ ਔਖੇ ਵੇਲੇ ਹਰ ਕੋਈ ਛੱਡ ਜਾਵੇ ਤਾਂ ਉਸ ਘੜੀ ਵੀ ਬੰਦੇ ਨੂੰ ਇਹ ਧਰਵਾਸ ਰਹੇ ਕਿ ਉਹਦੀ ਮਦਦ ਕਰਨ ਲਈ, ਉਹਨੂੰ ਢਾਰਸ ਦੇਣ ਲਈ ਸਦਾ ਸਲਾਮਤ ਰਹਿਣ ਵਾਲਾ ਸੱਚਾ ਮਿੱਤਰ ਰੱਬ ਹੈ। ਆਦਿ ਕਾਲ ਵਿਚ ਰੱਬ ਸੱਚੇ ਅਰਥਾਂ ਵਿਚ ਸਮਾਜ ਲਈ ਲਾਹੇਬੰਦ ਸੀ। ਔਖੀ ਘੜੀ ਵੇਲੇ ਰੱਬ ਦਾ ਵਿਚਾਰ ਬੰਦੇ ਲਈ ਮਦਦਗਾਰ ਹੁੰਦਾ ਹੈ।




**ਤੁਸੀਂ ਪੁੱਛੋਗੇ ਕਿ ਇਸ ਦੁਨੀਆਂ ਦਾ, ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ। ਚਾਰਲਸ ਡਾਰਵਿਨ ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਦਾ ਮੁਤਾਲਿਆ ਕਰੋ। ਸੋਹੰਮ ਸਵਾਮੀ ਦੀ ਕਿਤਾਬ 'ਕਾਮਨਸੈਂਸ' ਪੜ੍ਹੋ। ਤੁਹਾਨੂੰ ਇਸ ਸਵਾਲ ਦਾ ਕੁਝ ਹੱਦ ਤੱਕ ਜਵਾਬ ਮਿਲ ਜਾਏਗਾ। ਇਹ ਕੁਦਰਤ ਦਾ ਵਿਸ਼ਾ ਹੈ। ਵੱਖ-ਵੱਖ ਪਦਾਰਥਾਂ ਦੇ ਇਤਫਾਕੀਆ ਮੇਲ ਨਾਲ ਧਰਤੀ ਤੇ ਬੂਲੇ ਦੇ ਰੂਪ ਵਿਚ ਪੈਦਾ ਹੋਈ ਸੀ।**


ਸਮਾਜ ਨੇ ਜਿਵੇਂ ਬੁੱਤ ਪੂਜਾ ਤੇ ਧਰਮ ਦੇ ਤੰਗ ਨਜ਼ਰ ਸੰਕਲਪ ਵਿਰੁਧ ਲੜਾਈ ਲੜੀ ਸੀ, ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤੇ ਯਥਾਰਥਵਾਦੀ ਹੋਣ ਲੱਗਾ ਹੈ ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਏਗਾ ਤੇ ਹਰ ਮੁਸ਼ਕਿਲ, ਹਰ ਆਫ਼ਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ, ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚਣ ਵਿਧੀ ਨਾਲ ਹੀ ਨਾਸਤਿਕ ਬਣਿਆ ਹਾਂ। ਮੇਰਾ ਖਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਮੈਂ ਮਨੁੱਖ ਦਾ ਸਭ ਤੋਂ ਵੱਧ ਖੁਦਗਰਜ਼ੀ ਕਰਨ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਵੇਗੀ। ਮੈਂ ਉਨ੍ਹਾਂ ਨਾਸਤਿਕਾਂ ਬਾਰੇ ਪੜ੍ਹਿਆ ਹੈ ਜਿਨ੍ਹਾਂ ਨੇ ਬਹੁਤ ਡਟ ਕੇ ਸਾਰੀਆਂ ਮੁਸ਼ਕਿਲਾਂ ਦਾ ਮੁਕਾਬਲਾ ਕੀਤਾ ਸੀ। ਇਸੇ ਲਈ ਮੈਂ ਅਖੀਰ ਤੱਕ ਫਾਂਸੀ ਦੇ ਤਖ਼ਤੇ 'ਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤ ਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਦੇਖੀਏ, ਮੈਂ ਇਸ 'ਤੇ ਕਿੰਨਾ ਕੁ ਪੂਰਾ ਉਤਰਦਾ ਹਾਂ। ਮੇਰੇ ਕਿਸੇ ਦੋਸਤ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ। ਜਦ ਮੈਂ ਉਹਨੂੰ ਦੱਸਿਆ ਕਿ ਮੈਂ ਤਾਂ ਨਾਸਤਿਕ ਹਾਂ, ਤਾਂ ਉਹ ਕਹਿਣ ਲੱਗਾ, "ਦੇਖੀਂ ਆਪਣੇ ਅਖੀਰੀ ਦਿਨਾਂ ਵਿਚ ਤੂੰ ਰੱਬ ਨੂੰ ਮੰਨਣ ਲੱਗ ਜਾਏਂਗਾ।" ਮੈਂ ਅੱਗਿਓਂ ਕਿਹਾ, ਨਹੀਂ ਪਿਆਰੇ ਜਨਾਬ ਜੀ, ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ। ਇੰਜ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗੱਲ ਹੋਵੇਗੀ। ਖੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ। ਪਾਠਕੋ ਤੇ ਦੋਸਤੋ, ਕੀ ਇਹ ਹਉਮੈ ਹੈ। ਜੇ ਇਹ ਹੈ ਤਾਂ ਮੈਂ ਇਸ ਲਈ ਦ੍ਰਿੜ ਹਾਂ।

**(ਸਮਾਪਤ)**

## ਨੋਬਲ ਪੁਰਸਕਾਰ ਲੈਣ ਵਕਤ ਟੈਗੋਰ ਦਾ ਭਾਸ਼ਣ

# ਪੂਰਬ ਤੇ ਪੱਛਮ ਦੀ ਗਲਵੱਕੜੀ



*1913 ਵਿਚ ਜਦੋਂ ਰਬਿੰਦਰਨਾਥ ਟੈਗੋਰ ਨੂੰ ਨੋਬਲ ਪੁਰਸਕਾਰ ਮਿਲਿਆ, ਉਨ੍ਹਾਂ ਦੀ ਉਮਰ 52 ਵਰ੍ਹਿਆਂ ਦੀ ਸੀ। ਉਦੋਂ ਤੱਕ ਉਨ੍ਹਾਂ ਦਾ ਪੱਛਮ ਨਾਲ ਸੰਵਾਦ ਭਾਵੇਂ ਸ਼ੁਰੂ ਹੋ ਗਿਆ ਸੀ, ਪਰ ਇਸ ਪੁਰਸਕਾਰ ਤੋਂ ਬਾਅਦ ਇਹ ਰਸਤਾ ਮੋਕਲਾ ਹੋ ਗਿਆ। ਆਪਣੇ ਨੋਬਲ ਪੁਰਸਕਾਰ ਵਾਲੇ ਭਾਸ਼ਣ, ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਪ੍ਰੋ. ਹਰਪਾਲ ਸਿੰਘ ਪੰਨੂ ਨੇ 'ਪੰਜਾਬ ਟਾਈਮਜ਼' ਲਈ ਉਚੇਚਾ ਘੱਲਿਆ ਹੈ, ਵਿਚ ਵੀ ਪੂਰਬ ਅਤੇ ਪੱਛਮ ਦੇ ਇਸੇ ਸੰਵਾਦ ਦੀਆਂ ਗੱਲਾਂ ਹਨ। ਉਹ ਪੱਛਮ ਨੂੰ ਪੂਰਬੀ ਵਿਹੜੇ ਵਿਚ ਪੈਰ ਪਾਉਣ ਲਈ ਹਾਕਾਂ ਮਾਰ ਰਹੇ ਹਨ। ਬੇਸ਼ਕ, ਨੋਬਲ ਪੁਰਸਕਾਰ ਦੀ ਚੋਣ ਵੇਲੇ ਸੰਸਾਰ ਦੇ ਬਹੁਤ ਸਾਰੇ ਸਰੋਕਾਰ, ਚੋਣ ਅਮਲ ਵਿਚ ਅਕਸਰ ਆਣ ਜੁੜਦੇ ਰਹੇ ਹਨ, ਪਰ ਪੱਛਮ ਅਤੇ ਪੂਰਬ ਦੇ ਸੰਵਾਦ ਦੇ ਨੁਕਤੇ ਤੋਂ ਟੈਗੋਰ ਨੂੰ ਇਹ ਪੁਰਸਕਾਰ ਮਿਲਣਾ ਮਹੱਤਵ ਰੱਖਦਾ ਹੈ। ਇਸ ਲਿਖਤ ਵਿਚ ਉਨ੍ਹਾਂ ਇਸ ਸੰਵਾਦ ਨੂੰ ਜਰਬ ਦੇਣ ਦਾ ਯਤਨ ਕੀਤਾ ਹੈ ਅਤੇ ਨਾਲ ਹੀ 'ਗੀਤਾਂਜਲੀ' ਜਿਸ ਕਿਤਾਬ ਲਈ ਉਨ੍ਹਾਂ ਨੂੰ ਇਹ ਪੁਰਸਕਾਰ ਮਿਲਿਆ, ਦੀ ਸਾਰਥਕਤਾ ਦੀ ਗੱਲ ਵੀ ਉਨ੍ਹਾਂ ਉਭਾਰੀ। ਇਹ ਲਿਖਤ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

ਮੇਰੇ ਕੰਮ ਦੀ ਕਦਰ ਪਾ ਕੇ ਤੁਸੀਂ ਮੈਨੂੰ ਨੋਬਲ ਪ੍ਰਾਈਜ਼ ਦੇਣ ਦਾ ਫੈਸਲਾ ਕੀਤਾ ਹੈ, ਮੈਂ ਖੁਸ਼ ਹਾਂ ਕਿ ਤੁਹਾਡੇ ਦੇਸ਼ ਸਵੀਡਨ ਵਿਚ ਆ ਕੇ ਸ਼ੁਕਰਾਨਾ ਕਰਨ ਦਾ ਮੌਕਾ ਮਿਲਿਆ।

ਮੈਨੂੰ ਉਹ ਸ਼ਾਮ ਯਾਦ ਹੈ, ਜਦੋਂ ਮੇਰੇ ਇੰਗਲੈਂਡ ਦੇ ਪ੍ਰਕਾਸ਼ਕ ਨੇ ਤਾਰ ਭੇਜ ਕੇ ਮੈਨੂੰ ਇਸ ਖਬਰ ਦੀ ਸੂਚਨਾ ਦਿਤੀ ਸੀ। ਮੈਂ ਸ਼ਾਂਤੀ ਨਿਕੇਤਨ ਵਿਚ ਰਹਿ ਰਿਹਾ ਸਾਂ। ਅਸੀਂ ਜੰਗਲ ਵਿਚ ਕੁਝ ਖਾਣ-ਪੀਣ ਦਾ ਪ੍ਰੋਗਰਾਮ ਤੈਅ ਕੀਤਾ ਸੀ, ਉਹ ਨਿਬੇੜ ਕੇ ਵਾਪਸ ਜਾ ਰਿਹਾ ਸਾਂ ਕਿ ਡਾਕਖਾਨੇ ਵਿਚੋਂ ਭੱਜਾ ਭੱਜਾ ਡਾਕੀਆ ਮੈਨੂੰ ਤਾਰ ਫੜਾ ਗਿਆ। ਤਾਂਗੇ ਵਿਚ ਮੇਰੇ ਨਾਲ ਇਕ ਅੰਗਰੇਜ਼ ਬੈਠਾ ਸੀ। ਮੈਨੂੰ ਤਾਰ ਸੰਦੇਸ਼ ਕੋਈ ਖਾਸ ਨਾ ਲੱਗਾ ਤੇ ਮੈਂ ਕਾਗਜ਼ ਦੂਹਰਾ ਕਰ ਕੇ ਜੇਬ ਵਿਚ ਪਾ ਲਿਆ ਕਿ ਘਰ ਜਾ ਕੇ ਪੜ੍ਹਾਂਗੇ। ਗੋਰੇ ਨੂੰ ਇਸ ਵਿਚ ਖਾਸ ਗੱਲ ਲਿਖੀ ਮਹਿਸੂਸ ਹੋਈ, ਉਸ ਨੇ ਮੈਨੂੰ ਕਿਹਾ ਕਿ ਇਸ ਨੂੰ ਪੜ੍ਹੋ। ਕਾਗਜ਼ ਖੋਲ੍ਹ ਕੇ ਪੜ੍ਹਿਆ ਤਾਂ ਮੈਨੂੰ ਯਕੀਨ ਨਾ ਆਇਆ। ਪਹਿਲਾਂ ਤਾਂ ਮੈਨੂੰ ਲੱਗਾ ਜਿਵੇਂ ਤਾਰ ਦੀ ਭਾਸ਼ਾ ਸਹੀ ਨਹੀਂ, ਮੈਂ ਇਹਦੇ ਅਰਥ ਸਹੀ ਨਹੀਂ ਕੀਤੇ ਸ਼ਾਇਦ, ਫਿਰ ਮੈਨੂੰ ਵਿਸ਼ਵਾਸ ਹੋ ਗਿਆ। ਤੁਸੀਂ ਕੇਵਲ ਅੰਦਾਜ਼ੇ ਲਾ ਸਕਦੇ ਹੋ ਕਿ ਮੇਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਿੰਨੀ ਖੁਸ਼ੀ ਹੋਈ ਸੀ। ਮੇਰੇ ਵਿਦਿਆਰਥੀ ਮੈਨੂੰ ਪਿਆਰ ਕਰਦੇ ਹਨ ਤੇ ਉਨ੍ਹਾਂ ਨੂੰ ਇਉਂ ਲੱਗਾ, ਜਿਵੇਂ ਇਹ ਇਨਾਮ ਉਨ੍ਹਾਂ ਨੂੰ ਮਿਲਿਆ ਹੈ। ਮੈਨੂੰ ਲਗਦੈ, ਮੇਰੇ ਸਾਰੇ ਦੇਸ਼ਵਾਸੀਆਂ ਨੂੰ ਇਵੇਂ ਹੀ ਲੱਗਾ।



**ਹਰਪਾਲ ਸਿੰਘ ਪੰਨੂ**
ਫੋਨ: +91-094642-51454

ਇਸ ਤਰੀਕੇ ਸ਼ਾਮ ਬੀਤ ਗਈ, ਰਾਤ ਪੈਣ 'ਤੇ ਛੱਤ ਉਪਰ ਮੈਂ ਇਕੱਲਾ ਬੈਠ ਗਿਆ, ਆਪਣੇ ਆਪ ਨੂੰ ਪੁੱਛਿਆ, ਪੱਛਮ ਵਲੋਂ ਮੇਰੀਆਂ ਕਵਿਤਾਵਾਂ ਸਵੀਕਾਰਨ ਸਤਿਕਾਰਨ ਪਿਛੇ ਕੀ ਕਾਰਨ ਹੋ ਸਕਦਾ ਹੈ? ਵੱਖਰੀ ਨਸਲ ਦਾ ਬੰਦਾ, ਪੱਛਮ ਦੀ ਵਸੋਂ ਤੋਂ ਬੇਅੰਤ ਦੂਰ, ਮੈਂ ਪਹਾੜਾਂ ਸਮੁੰਦਰਾਂ ਤੋਂ ਪਾਰ ਬੈਠਾ ਹਾਂ, ਫਿਰ ਇਹ ਸਭ ਕਿਵੇਂ ਹੋਇਆ? ਬਿਨਾ ਕਿਸੇ ਉਤੇਜਨਾ ਦੇ ਮੈਂ ਆਪਣੇ ਆਪ ਤੋਂ ਜਦੋਂ ਕੁਝ ਸਵਾਲ ਪੁੱਛੇ ਤਾਂ ਖੁਦ ਨੂੰ ਨਿਮਾਣਾ ਤੇ ਨਿਗੁਣਾ ਸਮਝਿਆ।

ਮੈਨੂੰ ਯਾਦ ਆਇਆ, ਬਚਪਨ ਦਾ ਉਹ ਸਮਾਂ ਜਦੋਂ ਮੇਰਾ ਕੰਮ ਵਿਕਸਿਤ ਹੋਣਾ ਸ਼ੁਰੂ ਹੋਇਆ। ਪੱਚੀ ਸਾਲ ਦੀ ਉਮਰ, ਬੰਗਾਲ ਦੇ ਗੰਗਾ ਕਿਨਾਰੇ ਦੂਰ ਦੁਰਾਡੇ ਇਕ ਪਿੰਡ, ਮੈਂ ਸ਼ਿਕਾਰੇ ਵਿਚ ਇਕੱਲਾ ਰਹਿ ਰਿਹਾ ਸਾਂ, ਸਰਦੀਆਂ ਦੇ ਦਿਨੀਂ ਹਿਮਾਲਿਆ ਵਲੋਂ ਜੰਗਲੀ ਬੱਤਕਾਂ ਦਰਿਆ ਵਿਚ ਆਣ ਉਤਰਦੀਆਂ ਸਨ, ਇਹੀ ਮੇਰੀਆਂ ਸਾਥਣਾਂ ਹੁੰਦੀਆਂ। ਧੁੱਪ ਮੈਨੂੰ ਸ਼ਰਾਬ ਵਾਂਗ ਆਪਣੇ ਉਪਰ ਡੁੱਲ੍ਹਦੀ ਲਗਦੀ, ਦਰਿਆ ਦੀ ਕਲ ਕਲ ਮੈਨੂੰ ਕੁਦਰਤ ਦੇ ਭੇਤ ਦੱਸਦੀ। ਇਕਾਂਤ ਵਿਚ ਆਪਣੇ ਸੁਫਨਿਆਂ ਨੂੰ ਕਵਿਤਾਵਾਂ ਵਿਚ ਉਤਾਰ ਉਤਾਰ ਮੈਂ ਅਖਬਾਰਾਂ ਰਿਸਾਲਿਆਂ ਰਾਹੀਂ ਕਲਕੱਤੇ ਦੇ ਪਾਠਕਾਂ ਤੱਕ ਪੁਚਾਉਂਦਾ। ਤੁਸੀਂ ਸਮਝ ਸਕਦੇ ਹੋ ਕਿ ਪੱਛਮ ਦੇ ਜੀਵਨ ਨਾਲੋਂ ਇਹ ਜ਼ਿੰਦਗੀ ਬਿਲਕੁਲ ਵੱਖ ਕਿਸਮ ਦੀ ਸੀ। ਮੈਨੂੰ ਨਹੀਂ ਪਤਾ ਪੱਛਮੀ ਸ਼ਾਇਰ ਤੇ ਲੇਖਕ ਅਪਣੀ ਜੁਆਨੀ ਦੇ ਦਿਨ ਇਸ ਤਰ੍ਹਾਂ ਅਗਿਆਤਵਾਸ ਵਿਚ ਬਿਤਾਉਂਦੇ ਹੋਣਗੇ। ਮੈਨੂੰ ਪਤਾ ਹੈ, ਪੱਛਮੀ ਦੁਨੀਆਂ ਵਿਚ ਇਸ ਤਰ੍ਹਾਂ ਦੇ ਬਣਵਾਸ ਦੀ ਭੋਰਾ ਸੰਭਾਵਨਾ ਨਹੀਂ।

ਜੀਵਨ ਤੁਰਦਾ ਰਿਹਾ। ਆਪਣੇ ਦੇਸ਼ਵਾਸੀਆਂ ਵਾਸਤੇ ਵੀ ਮੈਂ ਪੂਰਾ ਅਜਨਬੀ ਸਾਂ। ਮੇਰੇ ਆਲੇ ਦੁਆਲੇ ਦੇ ਮੇਰੇ ਪੇਂਡੂ ਵਸਨੀਕਾਂ ਤੋਂ ਇਲਾਵਾ ਕੋਈ ਨਹੀਂ ਸੀ ਮੈਨੂੰ ਜਾਣਦਾ। ਮੈਂ ਇਸ ਹਾਲਤ ਵਿਚ ਸੰਤੁਸ਼ਟ ਸਾਂ, ਭੀੜਾਂ ਦੀ ਉਤਸੁਕਤਾ ਤੋਂ ਮੁਕਤ।

ਫਿਰ ਉਹ ਸਮਾਂ ਆਇਆ ਜਦੋਂ ਮੈਂ ਸੋਚਿਆ, ਹੁਣ ਇਸ ਬਣਵਾਸ ਵਿਚੋਂ ਨਿਕਲ ਕੇ ਆਪਣੇ ਭਰਾਵਾਂ ਭੈਣਾਂ ਲਈ ਕੁਝ ਕਰਾਂ। ਕੇਵਲ ਜੀਵਨ ਦੀਆਂ ਸਮੱਸਿਆਵਾਂ 'ਤੇ ਧਿਆਨ ਕੇਂਦਰਤ ਨਾ ਕਰਾਂ ਜਾਂ ਆਪਣੇ ਸੁਫਨਿਆਂ ਨੂੰ ਕਾਗਜ਼ 'ਤੇ ਉਤਾਰਦਾ ਨਾ ਫਿਰਾਂ, ਸਗੋਂ ਕੁਝ ਠੋਸ ਕਰਾਂ, ਆਪਣੇ ਖਿਆਲਾਂ ਨੂੰ ਅਮਲ ਵਿਚ ਲਿਆਵਾਂ।

ਮੇਰੇ ਦਿਮਾਗ ਵਿਚ ਕੇਵਲ ਇਹੀ ਗੱਲ ਬੈਠੀ ਕਿ ਮੈਂ ਬੱਚਿਆਂ ਨੂੰ ਪੜ੍ਹਾਵਾਂ। ਇਹ ਗੱਲ ਨਹੀਂ ਕਿ ਮੈਂ ਯੋਗ ਅਧਿਆਪਕ ਸਾਂ, ਮੈਂ ਤਾਂ ਖੁਦ ਠੀਕ ਢੰਗ ਨਾਲ ਵਿਦਿਆ ਹਾਸਲ ਨਹੀਂ ਕਰ ਸਕਿਆ। ਕਾਫੀ ਸਮਾਂ ਝਿਜਕਦਾ ਰਿਹਾ। ਫਿਰ ਸੋਚਿਆ, ਮੈਂ ਕੁਦਰਤ ਨੂੰ ਪਿਆਰ ਕਰਨ ਵਾਲਾ ਬੰਦਾ ਹਾਂ, ਇਸ ਕਰ ਕੇ ਬੱਚਿਆਂ ਨੂੰ ਯਕੀਨਨ ਪਿਆਰ ਕਰਦਾ ਹਾਂ। ਮੇਰਾ ਨਿਸ਼ਾਨਾ ਅਜਿਹੀ ਸੰਸਥਾ ਖੜ੍ਹੀ ਕਰਨ ਦਾ ਸੀ ਜਿਥੇ ਬੱਚੇ ਜੀਵਨ ਦੀ ਖੁਸ਼ੀ ਅਤੇ ਸੁਤੰਤਰਤਾ ਮਾਣਨ, ਕੁਦਰਤ ਨਾਲ ਇਕ ਰਸ ਹੋਣ। ਮੈਂ ਉਸ ਦੌਰ ਵਿਚ ਅਪਣਾ ਬਚਪਨ ਲੰਘਾਇਆ ਸੀ ਜਦੋਂ ਵਿਦਿਆ ਸਾਹ ਘੁਟਣ ਵਾਲੇ ਮਾਹੌਲ ਵਿਚ ਮਸ਼ੀਨੀ ਤਰੀਕੇ ਨਾਲ ਦਿਤੀ ਜਾਂਦੀ ਸੀ ਜੋ ਬੱਚਿਆਂ ਦਾ ਉਤਸ਼ਾਹ ਮਾਰ ਦਿੰਦੀ। ਬੱਚੇ ਵਿਚ ਤਾਂ ਜਾਣਨ ਦੀ ਅਨੰਤ ਪਿਆਸ ਹੁੰਦੀ ਹੈ, ਪਰ ਉਹ ਮਰ ਜਾਂਦੀ ਹੈ, ਕਿਉਂਕਿ ਸਿਖਾਉਣ ਦਾ ਤਰੀਕਾ ਠੀਕ ਨਹੀਂ।

ਮੇਰੇ ਆਲੇ ਦੁਆਲੇ ਕੁਝ ਮੁੰਡੇ ਸਨ, ਮੈਂ ਉਨ੍ਹਾਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦਾ। ਮੈਂ ਉਨ੍ਹਾਂ ਦਾ ਸਾਥੀ ਸਾਂ, ਉਨ੍ਹਾਂ ਨਾਲ ਖੇਡਦਾ ਵੀ, ਹੱਸਦਾ ਵੀ। ਛੋਟਿਆਂ ਛੋਟਿਆਂ ਵਿਚ ਮੈਂ ਥੋੜ੍ਹਾ ਵੱਡਾ ਬੱਚਾ ਸਾਂ। ਇਸ ਆਜ਼ਾਦ ਫਿਜ਼ਾ ਵਿਚ ਅਸੀਂ ਸਾਰੇ ਵਿਕਸਿਤ ਹੋਣ ਲੱਗੇ। ਬੱਚਿਆਂ ਦੀ ਖੁਸ਼ੀ, ਜੋਸ਼, ਗੱਲਾਂ ਅਤੇ ਗੀਤ, ਹਵਾਵਾਂ ਵਿਚ ਖੁਸ਼ੀਆਂ ਦੀ ਮਹਿਕ ਘੋਲ ਦਿੰਦੇ, ਇਹ ਸ਼ਰਬਤ ਮੈਂ ਹਰ ਰੋਜ਼ ਪੀਂਦਾ। ਸੂਰਜ ਛਿਪਣ ਵੇਲੇ ਇਕਾਂਤ ਵਿਚ ਮੈਂ ਇਕੱਲਾ ਬੈਠ ਕੇ ਦਰਖਤ ਤੇ ਦਰਖਤਾਂ ਦੀਆਂ ਦੂਰ ਤੱਕ ਲੰਮੀਆਂ ਛਾਂਵਾਂ ਦੇਖਦਾ। ਮੈਨੂੰ ਇਨ੍ਹਾਂ ਵਿਚੋਂ ਵੀ ਉਹੋ ਆਵਾਜ਼ਾਂ ਸੁਣਾਈ ਦਿੰਦੀਆਂ ਜੋ ਦਿਨੇ ਸੁਣੀਆਂ ਸਨ। ਦਰਖਤ ਧਰਤੀ ਦੀ ਹਿੱਕ ਵਿਚੋਂ ਨਿਕਲੇ ਅਨੰਤ ਅਕਾਸ਼ ਵੱਲ ਉਠਦੇ ਜੀਵਨ ਦੇ ਫੁਹਾਰੇ ਲਗਦੇ। ਮਨੁੱਖਤਾ ਦੇ ਦਿਲ ਵਿਚਲੀਆਂ ਸਾਰੀਆਂ ਖੁਸ਼ੀਆਂ ਤੇ ਸਾਰੇ ਹਉਕੇ ਧਰਤੀ ਤੋਂ ਉਠ ਕੇ ਅਸਮਾਨ ਵੱਲ ਜਾਂਦੇ ਸਾਫ਼ ਦਿਖਾਈ ਦਿੰਦੇ। ਮੈਂ ਸੋਚਦਾ, ਮੇਰੇ ਵਰਗੇ ਵੱਡੀ ਉਮਰ ਦੇ ਬੱਚੇ ਵੀ ਆਪਣੀ ਵੇਦਨਾ ਆਕਾਸ਼ ਤੱਕ ਪੁਚਾ ਸਕਦੇ ਹਨ। ਇਹੋ ਗੱਲ ਵਾਰ ਵਾਰ ਮਹਿਸੂਸ ਹੁੰਦੀ।

ਅਜਿਹੇ ਮਾਹੌਲ ਵਿਚ 'ਗੀਤਾਂਜਲੀ' ਵਿਚਲੇ ਗੀਤ ਲਿਖੇ। ਭਾਰਤੀ ਅਸਮਾਨ ਦੇ ਤਾਰਿਆਂ ਦੀ ਛਾਂ ਹੇਠ ਅੱਧੀ ਅੱਧੀ ਰਾਤ ਤੱਕ ਮੈਂ ਆਪਣੇ ਗੀਤ ਗਾਉਂਦਾ। ਫਿਰ ਅੰਮ੍ਰਿਤ ਵੇਲਾ ਹੁੰਦਾ, ਸ਼ਾਮ ਦੀਆਂ ਸੁਨਹਿਰੀ ਧੁੱਪਾਂ ਹੁੰਦੀਆਂ, ਮੈਂ ਲਿਖੀ ਜਾਂਦਾ। ਇਉਂ ਕਰਦਿਆਂ ਮੈਨੂੰ ਲਗਾ ਕਿ ਇਕ ਵਾਰ ਫਿਰ ਮੈਂ ਬਾਹਰ ਨਿਕਲਾਂ ਤੇ ਵੱਡੀ ਦੁਨੀਆਂ ਦੇ ਦਿਲ ਨੂੰ ਮਿਲਾਂ।

ਮੈਂ ਦੇਖ ਰਿਹਾ ਸਾਂ ਕਿ ਆਪਣੇ ਵਿਦਿਆਰਥੀਆਂ ਨੂੰ ਮਿਲਦਿਆਂ ਅਸਲ ਵਿਚ ਮੈਂ ਵੱਡੇ ਸੰਸਾਰ ਨੂੰ ਮਿਲਣ ਦੀ ਤਿਆਰੀ ਕਰ ਰਿਹਾਂ। ਇਸੇ ਸਮੇਂ ਮੈਨੂੰ ਖਿਆਲ ਆਇਆ ਕਿ ਮੈਂ ਪੱਛਮ ਦੇ ਜਹਾਨ ਨੂੰ ਵੀ ਮਿਲਾਂ। ਮੈਂ ਇਸ ਗੱਲੋਂ ਚੇਤੰਨ ਸਾਂ ਕਿ ਵਰਤਮਾਨ ਸਦੀ ਪੱਛਮੀ ਮਨੁੱਖ ਦੀ ਹੈ ਜਿਸ ਵਿਚ ਬੇਅੰਤ ਸ਼ਕਤੀ ਹੈ। ਉਸ ਕੋਲ ਦੁਨੀਆਂ ਦੀ ਤਾਕਤ ਹੈ, ਉਸ ਦਾ ਜੀਵਨ ਸਾਰੀਆਂ ਹੱਦਾਂ ਤੋੜ ਕੇ ਬਾਹਰ ਫੈਲ ਰਿਹਾ ਹੈ ਤੇ ਭਵਿੱਖ ਵਾਸਤੇ ਸੰਦੇਸ਼ ਸਿਰਜ ਰਿਹਾ ਹੈ। ਮੈਂ ਸੋਚਿਆ, ਮਰਨ ਤੋਂ ਪਹਿਲਾਂ ਪੱਛਮ ਵਿਚ ਉਸ ਗੁਪਤ ਇਬਾਦਤਗਾਹ ਜਾਵਾਂ ਜਿਥੇ ਰੂਹਾਨੀਅਤ ਦਾ ਵਾਸਾ ਹੈ। ਮੈਂ ਸੋਚਿਆ, ਆਪਣੀ ਸਾਰੀ ਸ਼ਕਤੀ ਅਤੇ ਜੀਵਨ ਦੀਆਂ ਪ੍ਰਤਿਭਾਵਾਂ ਵਾਲਾ ਰੂਹਾਨੀ ਆਦਮੀ ਪੱਛਮ ਵਿਚ ਮੌਜੂਦ ਹੈ।

ਇਸ ਤਰ੍ਹਾਂ ਮੈਂ ਬਾਹਰ ਆਇਆ। 'ਗੀਤਾਂਜਲੀ' ਦੀਆਂ ਬੰਗਲਾ ਕਵਿਤਾਵਾਂ ਨੂੰ ਮੈਂ ਅੰਗਰੇਜ਼ੀ ਵਿਚ ਅਨੁਵਾਦਣਾ ਸ਼ੁਰੂ ਕਰ ਦਿੱਤਾ। ਇਸ ਜ਼ਬਾਨ ਦਾ ਮਾਹਿਰ ਨਾ ਹੋਣ ਕਾਰਨ ਮੈਂ ਅਜੇ ਇਸ ਅਨੁਵਾਦ ਨੂੰ ਛਪਵਾਉਣ ਬਾਰੇ ਨਹੀਂ ਸੀ ਸੋਚਿਆ। ਬੱਸ ਖਰੜਾ ਲੈ ਕੇ ਪੱਛਮ ਵਿਚ ਪੁੱਜ ਗਿਆ। ਮੈਂ ਅੰਗਰੇਜ਼ਾਂ ਨੂੰ ਇਹ ਕਵਿਤਾਵਾਂ ਸੁਣਾਈਆਂ ਵੀ, ਪੜ੍ਹਾਈਆਂ ਵੀ। ਉਨ੍ਹਾਂ ਨੂੰ ਚੰਗੀਆਂ ਲੱਗੀਆਂ, ਯਾਨਿ ਮੈਨੂੰ ਪ੍ਰਵਾਨ ਕਰ ਲਿਆ ਗਿਆ। ਬਗੈਰ ਇੰਤਜ਼ਾਰ ਕਰਵਾਇਆਂ ਪੱਛਮ ਨੇ ਮੇਰੇ ਵਾਸਤੇ ਆਪਣਾ ਦਿਲ ਖੋਲ੍ਹ ਦਿੱਤਾ।

ਮੈਂ, ਜਿਹੜਾ ਅੱਧੀ ਸਦੀ ਬਣਵਾਸੀ ਰਿਹਾ, ਪੱਛਮ ਤੋਂ ਦੂਰ; ਮੈਨੂੰ ਇਕ ਦਮ ਪ੍ਰਵਾਨ ਕਰ ਲਿਆ ਜਾਵੇਗਾ, ਜਿਵੇਂ ਮੈਂ ਪੱਛਮ ਦਾ ਵੀ ਕਵੀ ਹੋਵਾਂ, ਇਹ ਮੇਰੇ ਲਈ ਕਰਾਮਾਤ ਸੀ। ਮੈਂ ਹੈਰਾਨ ਹੋਇਆ, ਪਰ ਮਹਿਸੂਸ ਕੀਤਾ ਕਿ ਜਿਹੜੇ ਸਾਲ ਮੈਂ ਬਣਵਾਸ ਵਿਚ ਗੁਜ਼ਾਰੇ ਤੇ ਉਥੋਂ ਜੋ ਸ਼ਾਂਤੀ ਮੈਨੂੰ ਹਾਸਲ ਹੋਈ, ਉਸ ਦੀ ਤਾਂ ਬਹੁਤੀ ਲੋੜ ਪੱਛਮ ਨੂੰ ਸੀ ਜੋ ਵਧੀਕ ਗਤੀਸ਼ੀਲ ਹੋਣ ਕਰ ਕੇ ਸ਼ਾਂਤੀ ਲਈ ਪਿਆਸਾ ਹੈ। ਗੰਗਾ ਕਿਨਾਰੇ ਬਚਪਨ ਦੇ ਜਿਹੜੇ ਇਕਾਂਤ ਦਿਨ ਗੁਜ਼ਾਰੇ, ਉਨ੍ਹਾਂ ਨੇ ਮੈਨੂੰ ਯੋਗਤਾ ਦਿੱਤੀ। ਇਨ੍ਹਾਂ ਵਰ੍ਹਿਆਂ ਦੀ ਸ਼ਾਂਤੀ ਮੇਰੇ ਦਿਲ ਵਿਚ ਜਮ੍ਹਾਂ ਹੋ ਗਈ। ਮੈਂ ਪੱਛਮੀ ਬੰਦੇ ਅੱਗੇ ਇਸ ਨੂੰ ਰੱਖਿਆ ਤਾਂ ਖੁਸ਼ੀ ਖੁਸ਼ੀ ਉਸ ਨੇ ਮਨਜ਼ੂਰ ਕਰ ਲਿਆ।

ਜਿਹੜੀ ਪ੍ਰਸ਼ੰਸਾ ਮਿਲੀ, ਉਹ ਮੈਨੂੰ ਇਕ ਬੰਦੇ ਨੂੰ ਨਹੀਂ ਮਿਲੀ। ਮੇਰੇ ਅੰਦਰਲਾ ਪੂਰਬ, ਪੱਛਮ ਤੱਕ ਪੁੱਜਾ। ਕੀ ਪੂਰਬ, ਮਾਨਵਤਾ ਦੀ ਮਾਂ ਨਹੀਂ? ਹੱਸਦੇ ਖੇਡਦੇ ਪੱਛਮੀ ਬੱਚੇ ਜਦੋਂ ਸੱਟਾਂ ਖਾ ਬੈਠਣ, ਜਦੋਂ ਲਾਚਾਰ ਹੋ ਜਾਣ, ਜਦੋਂ ਭੁੱਖ ਲੱਗੀ ਹੋਵੇ, ਉਦੋਂ ਕੀ ਉਹ ਪੂਰਬੀ ਮਾਂ ਵੱਲ ਨਹੀਂ ਝਾਕਦੇ? ਇਸ ਮਾਂ ਤੋਂ ਉਨ੍ਹਾਂ ਨੂੰ ਖੁਰਾਕ ਮਿਲਦੀ ਹੈ, ਰਾਤ ਦਾ ਚੈਨ ਮਿਲਦਾ ਹੈ। ਕੀ ਕਦੀ ਉਹ ਨਿਰਾਸ ਹੋਏ ਹਨ, ਇਸ ਮਾਂ ਵੱਲੋਂ?

ਚੰਗੀ ਕਿਸਮਤ ਨੂੰ ਮੈਂ ਉਦੋਂ ਤੁਹਾਡੇ ਕੋਲ ਆਇਆ, ਜਦੋਂ ਤੁਸੀਂ ਪੂਰਬ ਵੱਲ ਦੇਖਣ ਲੱਗੇ ਸੀ ਕਿ ਕੁਝ ਮਿਲੇਗਾ ਉਧਰੋਂ। ਪੂਰਬ ਦਾ ਪ੍ਰਤੀਨਿਧ ਹੋਣ ਦਾ ਇਨਾਮ ਆਪਣੇ ਪੂਰਬੀ ਮਿੱਤਰਾਂ ਤੋਂ ਮੈਨੂੰ ਪਹਿਲੋਂ ਹੀ ਮਿਲ ਚੁੱਕਾ ਹੈ।

ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਜਿਹੜਾ ਇਨਾਮ ਤੁਸੀਂ ਮੈਨੂੰ ਦਿੱਤਾ ਹੈ, ਇਹ ਮੈਂ ਆਪਣੇ ਆਪ ਉਪਰ ਖਰਚ ਕੇ ਜ਼ਾਇਆ ਨਹੀਂ ਕਰਾਂਗਾ। ਮੈਨੂੰ, ਇਕ ਬੰਦੇ ਨੂੰ ਨਾ ਇਹ ਇਨਾਮ ਮਿਲਿਆ ਹੈ, ਨਾ ਮੈਂ ਇਕੱਲਾ ਇਸ ਨੂੰ ਸਵੀਕਾਰ ਕਰਨ ਦਾ ਹੱਕਦਾਰ ਹਾਂ। ਇਸ ਕਰ ਕੇ ਮੈਂ ਇਹ ਹੋਰਨਾਂ ਵਾਸਤੇ ਵਰਤਾਂਗਾ। ਇਹ ਮੈਂ ਪੂਰਬ ਦੇ ਬੱਚਿਆਂ ਨਮਿਤ ਰੱਖਾਂਗਾ। ਇਹ ਬੀਜ ਵਾਂਗ ਹੈ, ਜਦੋਂ ਇਸ ਨੂੰ ਬੀਜ ਦਿੰਦੇ ਹਾਂ, ਬੂਟਾ ਉੱਗ ਕੇ ਰੁੱਖ ਬਣਦਾ ਹੈ। ਬੀਜਣ ਵਾਲੇ ਨੂੰ ਹੋਰ ਬੀਜ ਵੀ ਦਿੰਦਾ ਹੈ, ਫਲ ਵੀ ਦਿੰਦਾ ਹੈ। ਮੈਂ ਵਿਸ਼ਵ-ਵਿਦਿਆਲਾ ਸਥਾਪਤ ਕਰਾਂਗਾ, ਇਹ ਅਜਿਹੀ ਥਾਂ ਹੋਏਗੀ ਜਿਥੇ ਪੱਛਮੀ ਬੱਚੇ ਆਪਣੇ ਪੂਰਬੀ ਭਰਾਵਾਂ ਨਾਲ ਮਿਲ ਕੇ ਸੱਚ ਦੀ ਤਲਾਸ਼ ਕਰਨਗੇ। ਇਥੋਂ ਉਨ੍ਹਾਂ ਨੂੰ ਉਹ ਖਜ਼ਾਨੇ ਮਿਲਣਗੇ ਜਿਨ੍ਹਾਂ ਨਾਲ ਸਾਰੀ ਮਨੁੱਖਤਾ ਅਮੀਰ ਹੋਏਗੀ।


ਮੈਂ ਤੁਹਾਨੂੰ ਯਾਦ ਕਰਵਾਵਾਂ, ਭਾਰਤ ਦੀ ਸ਼ਾਨਾਂਮੱਤੀ ਸਭਿਅਤਾ ਵਿਚ ਕਦੀ ਮਹਾਨ ਯੂਨੀਵਰਸਿਟੀ ਹੋਇਆ ਕਰਦੀ ਸੀ। ਦੀਵਾ ਬਾਲ ਦਿੰਦੇ ਹਾਂ ਤਾਂ ਇਸ ਦੀ ਰੋਸ਼ਨੀ ਮਨਮਰਜ਼ੀ ਨਾਲ ਬੰਨ੍ਹ ਨਹੀਂ ਸਕਦੇ ਫਿਰ ਆਪਾਂ। ਇਹ ਦੁਨੀਆਂ ਤੱਕ ਪੁਜਦੀ ਹੈ। ਭਾਰਤ ਦੀ ਸਭਿਅਤਾ ਵਿਚ ਸ਼ਾਨ ਸੀ, ਸਿਆਣਪ ਸੀ ਤੇ ਅਮੀਰੀ ਸੀ। ਇਹ ਖਜ਼ਾਨੇ ਭਾਰਤ ਨੇ ਆਪਣੇ ਬੱਚਿਆਂ ਵਾਸਤੇ ਜੰਦਰਿਆਂ ਅੰਦਰ ਬੰਦ ਨਹੀਂ ਕੀਤੇ। ਚੀਨੀ, ਜਾਪਾਨੀ, ਈਰਾਨੀ ਸਭ ਕੌਮਾਂ ਦੇ ਲੋਕ ਆਉਂਦੇ ਤੇ ਭਾਰਤ ਵਿਚ ਜੋ ਬਿਹਤਰੀਨ ਹੁੰਦਾ, ਲੈ ਕੇ ਵਾਪਸ ਜਾਂਦੇ। ਤੁਹਾਨੂੰ ਪਤਾ ਹੋਵੇਗਾ ਸ਼ਾਇਦ ਕਿ ਭਾਰਤ ਵਿਚ ਪੈਸੇ ਲੈ ਕੇ ਵਿਦਿਆ ਵੇਚਣ ਦੀ ਪਰੰਪਰਾ ਨਹੀਂ ਸੀ। ਇਹ ਸਮਝਿਆ ਜਾਂਦਾ ਸੀ ਕਿ ਜਿਸ ਪਾਸ ਵਿਦਿਆ ਹੈ, ਉਸ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਵਿਚ ਵੰਡੇ। ਵਿਦਿਆਰਥੀ ਅਧਿਆਪਕ ਦੇ ਪਿੱਛੇ ਮੰਗਤਿਆਂ ਵਾਂਗ ਫਿਰਦੇ ਰਹਿਣ, ਇਉਂ ਨਹੀਂ ਹੁੰਦਾ ਸੀ; ਅਧਿਆਪਕ ਦਾ ਖੁਦ ਇਹ ਮਿਸ਼ਨ ਸੀ ਕਿ ਵੰਡਣਾ ਪਵਿੱਤਰ ਫਰਜ਼ ਹੈ। ਭਾਰਤ ਦੇ ਵਖ ਵਖ ਪ੍ਰਾਂਤਾਂ ਵਿਚ ਇਸੇ ਉਦੇਸ਼ ਦੀ ਪੂਰਤੀ ਵਾਸਤੇ ਗੁਰੁਕੁਲਾਂ ਚੱਲੀਆਂ।

(ਬਾਕੀ ਅਗਲੇ ਸਫੇ 'ਤੇ)

**ਪੱਚੀ ਸਾਲ ਦੀ ਉਮਰ, ਬੰਗਾਲ ਦੇ ਗੰਗਾ ਕਿਨਾਰੇ ਦੂਰ ਦੁਰਾਡੇ ਇਕ ਪਿੰਡ, ਮੈਂ ਸ਼ਿਕਾਰੇ ਵਿਚ ਇਕੱਲਾ ਰਹਿ ਰਿਹਾ ਸਾਂ, ਸਰਦੀਆਂ ਦੇ ਦਿਨੀਂ ਹਿਮਾਲੀਆ ਵਲੋਂ ਜੰਗਲੀ ਬੱਤਕਾਂ ਦਰਿਆ ਵਿਚ ਆਣ ਉਤਰਦੀਆਂ, ਇਹੀ ਮੇਰੀਆਂ ਸਾਥਣਾਂ ਹੁੰਦੀਆਂ। ਧੁੱਪ ਮੈਨੂੰ ਸ਼ਰਾਬ ਵਾਂਗ ਆਪਣੇ ਉਪਰ ਡੁੱਲ੍ਹਦੀ ਲਗਦੀ, ਦਰਿਆ ਦੀ ਕਲ ਕਲ ਮੈਨੂੰ ਕੁਦਰਤ ਦੇ ਭੇਤ ਦੱਸਦੀ। ਇਕਾਂਤ ਵਿਚ ਆਪਣੇ ਸੁਫਨਿਆਂ ਨੂੰ ਕਵਿਤਾਵਾਂ ਵਿਚ ਉਤਾਰ ਮੈਂ ਅਖਬਾਰਾਂ ਰਿਸਾਲਿਆਂ ਰਾਹੀਂ ਕਲਕੱਤੇ ਦੇ ਪਾਠਕਾਂ ਤੱਕ ਪੁਚਾਉਂਦਾ। ਤੁਸੀਂ ਸਮਝ ਸਕਦੇ ਹੋ ਕਿ ਪੱਛਮ ਦੇ ਜੀਵਨ ਨਾਲੋਂ ਇਹ ਜ਼ਿੰਦਗੀ ਬਿਲਕੁਲ ਵੱਖਰੀ ਸੀ।**



ਨੌਜਵਾਨ ਰਬਿੰਦਰਨਾਥ ਟੈਗੋਰ



ਸ਼ਾਂਤੀਨਿਕੇਤਨ ਵਿਚ ਦਰਖਤ ਹੇਠ ਲੱਗੀ ਜਮਾਤ ਦੀ ਝਲਕ ਜਿਸ ਵਿਚ ਰਬਿੰਦਰਨਾਥ ਟੈਗੋਰ ਵੀ ਦਿਖਾਈ ਦੇ ਰਹੇ ਹਨ।

ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-16

# ਮਹਿੰਗੇ ਮੁੱਲ ਦੀ ਚਪੇੜ

***'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। ਐਤਕੀਂ ਆਖਰੀ ਕਿਸ਼ਤ 'ਮਹਿੰਗੇ ਮੁੱਲ ਦੀ ਚਪੇੜ' ਵਿਚ ਪੁਲਿਸ ਪ੍ਰਸ਼ਾਸਨ ਦੀ ਚਰਚਾ ਦੇ ਨਾਲ ਹੀ ਸ਼ਬਦਾਂ ਦੀ ਕਰਾਮਾਤ ਦਾ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ***

ਇੱਕੋ ਕੇਸ ਨਾਲ ਸਬੰਧਿਤ ਹੋਣ ਕਰ ਕੇ ਬਿਜਲੀ ਬੋਰਡ ਵਾਲੇ ਬਲਬੀਰ ਨੇ ਅਤੇ ਮੈਂ ਇਕੱਠਿਆਂ ਤਰੀਕ ਭੁਗਤਣ ਜਾਣਾ ਸੀ। ਸਾਨੂੰ ਜੇਲ੍ਹ ਦੀ ਡਿਓੜੀ ਵਿਚ ਲੈ ਕੇ ਜਾਣ ਵਾਲੇ ਜੇਲ੍ਹ ਕਰਮਚਾਰੀ ਸਾਡੇ ਜਾਣੂ ਹੋ ਚੁੱਕੇ ਸਨ ਅਤੇ ਸਾਡੇ ਵਿਚਾਰਾਂ ਕਰ ਕੇ ਸਾਡੀ ਇੱਜ਼ਤ ਕਰਦੇ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਜੀਤੇ ਨਿਹੰਗ ਦੀ ਚਿੱਠੀ ਬਾਹਰ ਲੈ ਕੇ ਜਾਣੀ ਹੈ।

"ਗੱਲ ਈ ਕੋਈ ਨ੍ਹੀਂ ਭਾ ਜੀ!" ਉਨ੍ਹਾਂ ਆਖਿਆ।

ਡਿਓੜੀ ਵਿਚ ਆਪੋ-ਆਪਣੇ ਮੁਕੱਦਮਿਆਂ ਦੀਆਂ ਤਰੀਕਾਂ ਭੁਗਤਣ ਵਾਲੇ ਹੋਰ ਲੋਕ ਵੀ ਸਨ। ਤਰੀਕ 'ਤੇ ਜਾਣ ਵਾਲੇ ਸਾਨੂੰ ਸਾਰਿਆਂ ਨੂੰ ਲਾਈਨ ਵਿਚ ਖੜ੍ਹਾ ਕਰ ਲਿਆ ਗਿਆ।

"ਜਿਹਦੇ ਕੋਲ ਜੋ ਕੁਝ ਵੀ ਹੈਗਾ, ਉਹ ਹੁਣੇ ਬਾਹਰ ਕੱਢ ਕੇ ਫੜਾ ਦੇਵੇ। ਫਿਰ ਨਾ ਆਖਿਓ!" ਗਾਰਦ ਨਾਲ ਜਾਣ ਵਾਲੇ ਹਵਾਲਦਾਰ ਨੇ ਧਮਕਾਇਆ ਅਤੇ ਫਿਰ ਲਾਈਨ ਦੇ ਇਕ ਸਿਰੇ ਤੋਂ ਸਭ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ।



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

"ਜਦੋਂ ਮੈਂ ਆਖ ਜੂ ਦਿੱਤਾ ਸੀ ਤਾਂ ਤੈਨੂੰ ਸੁਣਿਆਂ ਨਹੀਂ ਸੀ। ਬੁੱਜੇ ਦਿੱਤੇ ਸੀ ਕੰਨਾਂ 'ਚ? ਤੁਸੀਂ ਲੋਕ ਛਿੱਤਰ ਦੇ ਯਾਰ ਓ।" ਹਵਾਲਦਾਰ ਦੀ ਆਵਾਜ਼ ਦੇ ਨਾਲ ਹੀ 'ਤਾੜ! ਤਾੜ!!' ਚਪੇੜਾਂ ਵੱਜਣ ਦੀ ਆਵਾਜ਼ ਸੁਣੀ। ਹਵਾਲਦਾਰ ਰੋਹ ਵਿਚ ਮੱਚ ਪਿਆ ਸੀ। ਵਾਰੀ ਵਾਰੀ ਤਲਾਸ਼ੀ ਲੈਂਦਿਆਂ ਜਿਸ ਕੋਲੋਂ ਵੀ ਕੁਝ ਲੱਭਦਾ, ਉਹਨੂੰ ਉਹ ਖੁੱਲ੍ਹੇ ਦਿਲ ਨਾਲ ਗਾਲ੍ਹਾਂ ਤੇ ਚਪੇੜਾਂ ਦੀ ਬਖ਼ਸ਼ਿਸ਼ ਕਰ ਰਿਹਾ ਸੀ। ਮੇਰੀ ਸਾਹਮਣੀ ਜੇਬ ਵਿਚ ਜੀਤੇ ਵਾਲੀ ਚਿੱਠੀ ਸੀ, ਪਰ ਮੈਂ ਲਾਈਨ ਦੇ ਲਗਭਗ ਅਖ਼ੀਰ 'ਤੇ ਸਾਂ। ਮੇਰੇ ਕੋਲ ਪਹੁੰਚਦਿਆਂ ਨੂੰ ਅਜੇ ਉਹਨੂੰ ਚਿਰ ਲੱਗਣਾ ਸੀ। ਚਹੁੰ ਕਦਮਾਂ ਦੀ ਵਿੱਥ 'ਤੇ ਮੇਰੇ ਹਮਦਰਦ ਕਰਮਚਾਰੀ ਖਲੋਤੇ ਸਨ। ਉਨ੍ਹਾਂ ਵਿਚੋਂ ਇਕ ਜਣਾ ਰਜਿਸਟਰ 'ਤੇ ਨਾਂ ਪਤੇ ਲਿਖਣ ਵਾਲੇ ਕਰਮਚਾਰੀ ਨੂੰ ਕੁਝ ਲਿਖਾ ਰਿਹਾ ਸੀ ਤੇ ਦੂਜਾ ਉਸ 'ਤੇ ਝੁਕਿਆ ਹੋਇਆ ਸੀ। ਮੈਨੂੰ ਆਸ ਸੀ ਕਿ ਮੇਰੇ ਤੱਕ ਹਵਾਲਦਾਰ ਦੇ ਪਹੁੰਚਣ ਤੋਂ ਪਹਿਲਾਂ ਹੀ ਉਹ 'ਉਧਰੋਂ' ਵਿਹਲੇ ਹੋ ਕੇ ਮੇਰੀ 'ਸੁਰੱਖਿਆ' ਲਈ ਆ ਹਾਜ਼ਰ ਹੋਣਗੇ। ਉਨ੍ਹਾਂ ਵਿਚੋਂ ਰਜਿਸਟਰ 'ਤੇ ਝੁਕਣ ਵਾਲੇ ਨੇ ਆਪਣੇ ਸਾਥੀ ਨੂੰ ਕਿਹਾ ਵੀ- "ਤੂੰ ਉਧਰ ਧਿਆਨ ਰੱਖ।"

ਉਸ ਨੇ ਰਜਿਸਟਰ ਵੱਲ ਵੇਖਣੋਂ ਹਟ ਕੇ ਸਾਡੇ ਵੱਲ ਝਾਤ ਮਾਰੀ ਤੇ ਮੈਨੂੰ ਸੁਰੱਖਿਅਤ 'ਹਦੂਦ' ਵਿਚ ਜਾਣ ਕੇ ਫਿਰ ਸਾਥੀ ਨਾਲ ਹੀ ਰਜਿਸਟਰ 'ਤੇ ਝੁਕ ਗਿਆ। ਹਵਾਲਦਾਰ ਮੈਥੋਂ ਪਹਿਲਾਂ ਖਲੋਤੇ ਬਲਬੀਰ ਕੋਲ ਸਾਹਮਣੇ ਆ ਖੜ੍ਹਾ ਹੋਇਆ। ਜਦੋਂ ਉਹ ਮੇਰੇ ਸਾਹਮਣੇ ਹੋਇਆ, ਮੈਂ ਜੇਬ ਵਿਚੋਂ ਭਰੋਸੇ ਨਾਲ ਚਿੱਠੀ ਕੱਢ ਕੇ ਥੋੜ੍ਹੀ ਵਿੱਥ 'ਤੇ ਖਲੋਤੇ ਆਪਣੇ ਹਮਦਰਦ ਕਰਮਚਾਰੀਆਂ ਵੱਲ ਇਸ਼ਾਰਾ ਕਰ ਕੇ, ਹਵਾਲਦਾਰ ਨੂੰ ਦੱਸਣ ਤੇ ਉਨ੍ਹਾਂ ਹਮਦਰਦਾਂ ਦਾ ਧਿਆਨ ਆਪਣੇ ਵੱਲ ਮੋੜਨ ਲਈ ਆਵਾਜ਼ ਦੇਣ ਹੀ ਵਾਲਾ ਸਾਂ ਕਿ ਹਵਾਲਦਾਰ ਨੇ 'ਪਟਾਕ' ਕਰਦਾ ਜ਼ੋਰਦਾਰ ਥੱਪੜ ਮੇਰੀ ਗੱਲ੍ਹ 'ਤੇ ਜੜ ਦਿੱਤਾ। ਖੜਾਕ ਨਾਲ ਡਿਓੜੀ ਗੂੰਜ ਉਠੀ। ਮੇਰੀ ਆਵਾਜ਼ ਮੂੰਹ ਵਿਚ ਹੀ ਘੁਰਲ ਹੋ ਗਈ।

ਬਲਬੀਰ ਨੇ ਵੀ ਉਸ ਦਾ ਉਠਦਾ ਹੱਥ ਵੇਖ ਲਿਆ ਸੀ। ਉਸ ਨੇ ਹਮਦਰਦ ਕਰਮਚਾਰੀ ਨੂੰ ਸੁਚੇਤ ਕਰਨ ਲਈ ਉਸ ਦਾ ਨਾਂ ਲੈ ਕੇ ਆਵਾਜ਼ ਮਾਰ ਦਿੱਤੀ। ਉਸ ਨੇ ਤੁਰਤ ਪਿੱਛੇ ਭੌਂ ਕੇ ਵੇਖਿਆ।

ਪਰ 'ਭਾਣਾ' ਤਾਂ ਵਰਤ ਚੁੱਕਾ ਸੀ!

"ਓ ਵੇਖੀਂ ਵੇਖੀਂ!" ਕਹਿੰਦਿਆਂ ਦੂਜਾ ਥੱਪੜ ਮਾਰਨ ਲਈ ਹਵਾਲਦਾਰ ਦਾ ਉਠਿਆ ਹੱਥ ਉਸ ਨੇ ਛਾਲ ਮਾਰ ਕੇ ਫੜ ਲਿਆ। ਉਸ ਦਾ ਦੂਜਾ ਸਾਥੀ ਵੀ ਕੋਲ ਆ ਖਲੋਤਾ।

"ਯਾਰ ਬੰਦਾ-ਕੁ-ਬੰਦਾ ਤਾਂ ਵੇਖ ਲਿਆ ਕਰੋ।" ਉਸ ਨੇ ਹਵਾਲਦਾਰ ਨੂੰ ਹਿਰਖ਼ ਅਤੇ ਪਛਤਾਵੇ ਨਾਲ ਕਿਹਾ।

"ਪਹਿਲਾਂ ਦੱਸਣਾ ਸੀ ਨਾ ਫਿਰ। ਬੰਦੇ ਦੇ ਮੂੰਹ 'ਤੇ ਤਾਂ ਨਹੀਂ ਨਾ ਲਿਖਿਆ ਹੋਇਆ!"

"ਸੌਰੀ ਭਾ ਜੀ! ਤੁਸੀਂ ਪਹਿਲਾਂ ਆਵਾਜ਼ ਦੇ ਦੇਣੀ ਸੀ।" ਮੈਨੂੰ ਧਰਵਾਸ ਦੇ ਕੇ ਉਸ ਆਪਣੇ ਸਾਥੀ ਵੱਲ ਮੂੰਹ ਕੀਤਾ- "ਮੈਂ ਤੈਨੂੰ ਧਿਆਨ ਰੱਖਣ ਲਈ ਕਿਹਾ ਵੀ ਸੀ, ਜਦੋਂ ਮੈਂ ਜੂ ਰਜਿਸਟਰ 'ਤੇ ਲਿਖਾਉਣ ਡਿਹਾ ਸਾਂ; ਤੂੰ ਮੇਰੇ ਲਾਗੇ ਖਲੋ ਕੇ ਕੀ ਕੜਛ ਮਾਂਜਣਾ ਸੀ!" ਉਸ ਨੇ ਆਪਣੇ ਸਾਥੀ ਨੂੰ ਝਿੜਕਿਆ ਤੇ ਖੋਹੀ ਗਈ ਚਿੱਠੀ ਹਵਾਲਦਾਰ ਦੇ ਹੱਥ ਵਿਚੋਂ ਫੜ ਕੇ ਮੇਰੇ ਹੱਥ ਫੜਾਉਂਦਿਆਂ ਹਵਾਲਦਾਰ ਵੱਲ ਮੂੰਹ ਕੀਤਾ, "ਤੈਨੂੰ ਪਤਾ ਵੀ ਹੈ, ਇਹ ਕੌਣ ਨੇ!"

ਉਹਦੇ ਅਫ਼ਸੋਸ ਕਰਨ ਨਾਲ ਹੁਣ ਮੇਰਾ ਕੀ ਸੌਰਨਾ ਸੀ! ਮੇਰੇ ਕੰਨ ਅਤੇ ਗੱਲ੍ਹ 'ਚੋਂ ਸੇਕ ਨਿਕਲ ਰਿਹਾ ਸੀ। ਸਿਰ ਘੁੰਮ ਰਿਹਾ ਸੀ। ਵੱਜੀ ਚਪੇੜ ਦਾ ਖੜਾਕ ਅਜੇ ਵੀ ਡਿਓੜੀ ਵਿਚ ਗੂੰਜਦਾ ਲੱਗਦਾ ਸੀ। ਐਨੇ ਬੰਦਿਆਂ ਵਿਚ ਖਲੋਤਾ ਮੈਂ ਜ਼ਲਾਲਤ, ਨਮੋਸ਼ੀ ਤੇ ਹੀਣ-ਭਾਵਨਾ ਵਿਚ ਡੁੱਬਾ ਹੋਇਆ ਸਾਂ। ਉਹ ਦੋਵੇਂ ਅਜੇ ਵੀ ਉਹਨੂੰ 'ਮੈਂ ਕੌਣ ਹਾਂ' ਬਾਰੇ ਦੱਸ ਰਹੇ ਸਨ।

ਉਨ੍ਹਾਂ ਨੂੰ ਸੁਣਨ ਉਪਰੰਤ ਥੱਪੜ ਮਾਰਨ ਵਾਲੇ ਹਵਾਲਦਾਰ ਦੇ ਮਨ ਵਿਚ ਪਤਾ ਨਹੀਂ ਕੀ ਆਇਆ; ਉਸ ਨੇ ਬਾਂਹ ਵਧਾ ਕੇ ਤਸੱਲੀ ਦੇਣ ਲਈ ਮੇਰਾ ਮੋਢਾ ਘੁੱਟਿਆ।



*ਜਲੰਧਰ ਵਿਚ ਇਕ ਸਮਾਗਮ ਦੌਰਾਨ ਲੇਖਕ ਵਰਿਆਮ ਸਿੰਘ ਸੰਧੂ।*

ਮੈਂ ਆਪਣੇ ਆਪ ਵਿਚ ਪਰਤਿਆ। ਆਪਣੇ ਹਮਦਰਦਾਂ ਨੂੰ ਪਛਤਾਵੇ ਦੇ ਭਾਰ ਤੋਂ ਮੁਕਤ ਕਰਨ ਲਈ ਝੂਠੀ-ਮੂਠੀ ਹੱਸਿਆ, "ਇਹਨੇ ਤਾਂ ਮਾਸਟਰ ਸਾਲਗ ਰਾਮ ਦੀ 'ਇਤਿਹਾਸਕ' ਚਪੇੜ ਦੀ 'ਸ਼ਾਂ ਸ਼ਾਂ' ਦੁਬਾਰਾ ਚੇਤੇ ਕਰਵਾ ਦਿੱਤੀ।"

ਮੈਂ ਪਹਿਲੀ ਜਮਾਤ ਵਿਚ ਸਾਂ। ਮਾਸਟਰ ਸਾਲਗ ਰਾਮ ਨੇ ਸਾਨੂੰ ਫੱਟੀਆਂ ਉਤੇ ਬੋਲ-ਲਿਖਤ ਲਿਖਣ ਲਈ ਸ਼ਬਦ ਬੋਲਿਆ, 'ਅਚਾਰ'। ਮੈਂ ਉਸੇ ਵੇਲੇ ਲਿਖ ਲਿਆ, ਪਰ ਮਾਸਟਰ ਅਗਲਾ ਸ਼ਬਦ ਅਜੇ ਬੋਲ ਨਹੀਂ ਸੀ ਰਿਹਾ। ਉਹ ਦੂਜੇ ਮੁੰਡਿਆਂ ਵੱਲ ਵੇਖ ਰਿਹਾ ਸੀ; ਸ਼ਾਇਦ, ਜਿਹੜੇ ਅਜੇ ਲਿਖਣ ਦੇ ਯਤਨ ਵਿਚ ਸਨ। ਮੈਂ ਵੀ ਅਗਲੇ ਸਾਥੀ ਵੱਲ ਥੋੜ੍ਹਾ ਝੁਕ ਕੇ ਝਾਤੀ ਮਾਰੀ ਕਿ ਇਸ ਨੇ ਅਜੇ ਤੱਕ ਲਿਖਿਆ ਕਿਉਂ ਨਹੀਂ! ਸਾਲਗ ਰਾਮ ਨੇ ਮੇਰੀ ਝਾਤ ਵੇਖ ਲਈ ਅਤੇ ਮੈਨੂੰ ਉਠ ਕੇ ਆਪਣੇ ਕੋਲ ਆਉਣ ਲਈ ਕਿਹਾ। ਡਰਦਾ ਡਰਦਾ ਮੈਂ ਉਸ ਦੀ ਕੁਰਸੀ ਕੋਲ ਗਿਆ ਤਾਂ ਉਸ ਨੇ ਵੀ ਹਵਾਲਦਾਰ ਵਾਂਗ ਨਾ ਆ ਵੇਖਿਆ ਨਾ ਤਾਅ, ਤੇ "ਨਕਲ ਕਰਦੈਂ" ਆਖ ਕੇ ਪਟਾਕ ਕਰਦੀ ਕੱਟੀ ਹੋਈ ਚੀਚੀ ਵਾਲੇ ਹੱਥ ਦੀ ਤਿੰਨ-ਉਂਗਲੀ ਚਪੇੜ ਮੇਰੀ ਗੱਲ੍ਹ 'ਤੇ ਜੜ ਦਿੱਤੀ। ਅੱਖਾਂ ਵਿਚੋਂ ਫੁੱਟ ਫੁੱਟ ਡੁੱਲ੍ਹਦੇ ਅੱਥਰੂਆਂ ਨਾਲ ਮੇਰਾ ਚਿਹਰਾ ਤਾਂ ਭਿੱਜਣਾ ਹੀ ਸੀ; ਅਚਨਚੇਤ ਪਈ ਦਹਿਸ਼ਤ ਨਾਲ ਮੇਰੀ ਪਜਾਮੀ ਵੀ ਗਿੱਲੀ ਹੋ ਗਈ। ਮੈਨੂੰ ਤਾਂ ਉਦੋਂ ਅਜੇ 'ਨਕਲ' ਦੇ ਅਰਥਾਂ ਦਾ ਵੀ ਪਤਾ ਨਹੀਂ ਸੀ। ਕਿਸੇ ਵੱਲੋਂ ਵੱਜੀ ਇਹ ਮੇਰੀ ਜ਼ਿੰਦਗੀ ਦੀ ਪਹਿਲੀ ਚਪੇੜ ਸੀ। ਇਸੇ ਕਰ ਕੇ ਮੇਰੇ ਲਈ 'ਇਤਿਹਾਸਕ' ਸੀ। ਬਿਨਾਂ ਕਸੂਰ ਤੋਂ ਵੱਜੀ ਇਸ ਚਪੇੜ ਦੀ ਪੀੜ ਸਾਰੀ ਉਮਰ ਮੇਰੇ ਜ਼ਿਹਨ ਵਿਚ 'ਸ਼ਾਂ ਸ਼ਾਂ' ਕਰਦੀ ਰਹੀ ਸੀ। ਅੱਜ ਇਸ ਵਿਚ ਦੂਜੀ ਚਪੇੜ ਦਾ ਵਾਧਾ ਹੋ ਗਿਆ ਸੀ। ਪੜ੍ਹਦਿਆਂ ਇਕ ਦੋ ਵਾਰ ਮੁਰਗਾ ਵੀ ਬਣਿਆ ਸਾਂ, ਤੇ ਦੋ ਕੁ ਵਾਰ ਅਧਿਆਪਕਾਂ ਤੋਂ ਸੋਟੀਆਂ ਵੀ ਖਾਧੀਆਂ ਸਨ, ਪਰ ਚਪੇੜ ਉਸ ਤੋਂ ਬਾਅਦ ਕਦੀ ਨਹੀਂ ਸੀ ਪਈ।

ਕਚਹਿਰੀ ਜਾਂਦਿਆਂ ਵੀ ਇਸ ਚਪੇੜ ਦੀ ਗੂੰਜ ਮੇਰੇ ਅੰਦਰਲੇ ਗੁੰਬਦ ਵਿਚ ਗੂੰਜਦੀ ਗਈ।

ਤਰੀਕ ਭੁਗਤ ਕੇ ਜੇਲ੍ਹ ਵਿਚ ਪਰਤਣ ਤੋਂ ਪਹਿਲਾਂ ਹੀ ਸਵੇਰ ਵਾਲੀ ਚਪੇੜ ਦੀ ਖ਼ਬਰ ਮੇਰੇ ਸਾਥੀਆਂ ਨੂੰ ਮਿਲ ਚੁੱਕੀ ਸੀ।

"ਅੱਜ ਤਾਂ ਭਰਾਵੋ ਦਿਨ ਈ ਚੰਦਰਾ ਚੜ੍ਹਿਆ। ਪਹਿਲਾਂ ਤਾਂ ਡਿਓੜੀ ਵਿਚ ਪਟਾਕਾ ਪੈ ਗਿਆ। ਫਿਰ ਗਾਰਦ ਵਾਲਿਆਂ ਨੇ ਧੋਖਾ ਕੀਤਾ। ਵਕੀਲ ਨੂੰ ਝਕਾਨੀ ਦੇ ਕੇ ਪਹਿਲਾਂ ਹੀ ਤਰੀਕ ਲੈ ਆਏ। ਅੱਜ ਤਾਂ ਬੱਸ ਇੰਨਾ ਈ ਕੰਮ ਹੋਇਆ ਕਿ ਚਪੇੜ ਤੋਂ ਸਾਵੀਂ ਜੀਤੇ ਨਿਹੰਗ ਦੀ ਚਿੱਠੀ ਤੋਲ ਕੇ ਡਾਕੇ ਪਵਾ ਦਿੱਤੀ ਏ। ਵੇਖੋ ਉਸ ਦਾ ਹੁਣ ਕੀ ਬਣਦਾ ਏ!"

"ਜੇ ਦਿਨ ਈ ਇੰਨਾ ਮਨਹੂਸ ਚੜ੍ਹਿਐ, ਤਾਂ ਬਣਨਾ-ਬਨਾਉਣਾ ਜੀਤੇ ਦੀ ਚਿੱਠੀ ਦਾ ਵੀ ਕੁਝ ਨਹੀਂ।" ਕਿਸੇ ਨੇ ਟੋਣਾ ਮਾਰਿਆ।

ਇਕ ਜਣੇ ਨੇ 'ਚਪੇੜ' ਵਾਲੀ ਕਹਾਣੀ 'ਕਿਵੇਂ ਵਾਪਰੀ?' ਸੁਣਨ ਦੀ ਫ਼ਰਮਾਇਸ਼ ਪਾ ਦਿੱਤੀ।

ਕੀ ਦੱਸਦਾ ਉਹਨੂੰ! ਉਹ ਇੱਕ ਵਾਰ ਕਲਪਨਾ ਵਿਚ ਮੈਨੂੰ ਫੇਰ ਚਪੇੜ ਵੱਜਦੀ ਆਪ ਵੇਖਣੀ ਤੇ ਮੈਨੂੰ ਵਿਖਾਉਣੀ ਚਾਹੁੰਦਾ ਸੀ।

***000***

ਮੈਂ ਹੱਸ ਕੇ ਫਿਰ 'ਸਾਲਗ ਰਾਮ ਦੀ ਇਤਿਹਾਸਕ ਚਪੇੜ' ਦੀ ਕਹਾਣੀ ਪਾ ਦਿੱਤੀ।

"ਮਾਸਟਰ ਸਾਲਗ ਰਾਮ ਮੇਰੇ ਪਿੰਡ ਦਾ ਈ ਸੀ। ਲੋਕਾਂ ਉਹਦੀਆਂ ਕਹਾਣੀਆਂ ਬਣਾਈਆਂ ਹੋਈਆਂ ਸਨ। ਪਤਾ ਨਹੀਂ ਝੂਠੀਆਂ ਜਾਂ ਸੱਚੀਆਂ। ਕਹਿੰਦੇ; ਆਪਣੀ ਸੁਹਾਗ ਰਾਤ ਨੂੰ ਜਦੋਂ ਉਹ ਚੁਬਾਰੇ ਵਿਚ ਘਰਵਾਲੀ ਕੋਲ ਗਿਆ ਤਾਂ ਇਕਦਮ ਹੇਠਲੇ ਜੀਆਂ ਨੇ ਨਵ-ਵਿਆਹੀ ਵਹੁਟੀ ਨੂੰ ਰੋਂਦਿਆਂ-ਕੁਰਲਾਉਂਦਿਆਂ ਤੇ 'ਬਚਾਓ! ਬਚਾਓ' ਦੇ ਹਾੜੇ ਕੱਢਦਿਆਂ ਸੁਣਿਆਂ ਤੇ ਨਾਲ ਹੀ ਸੁਣੀ 'ਧੈਂਹ! ਧੈਂਹ!' ਦੀ ਆਵਾਜ਼। ਘਰ ਦੇ ਜੀਅ ਤੇ ਪ੍ਰਾਹੁਣੇ ਭੱਜੇ ਗਏ। ਕੀ ਵੇਖਦੇ ਨੇ ਕਿ ਸਾਲਗ ਰਾਮ ਵਹੁਟੀ ਨੂੰ ਕੁੱਟ ਰਿਹਾ ਹੈ ਤੇ ਉਹ ਜਾਨ ਬਚਾਉਂਦੀ ਚੁਬਾਰੇ ਵਿਚ ਨੁੱਕਰੋ-ਨੁੱਕਰੀ ਭੱਜੀ ਫਿਰਦੀ ਹੈ।

"ਕਮਲਾ ਹੋ ਗਿਐਂ? ਅਕਲ ਨੂੰ ਹੱਥ ਮਾਰ। ਹੋਇਆ ਕੀ ਏ ਤੈਨੂੰ?" ਘਰਦਿਆਂ ਪੁੱਛਿਆ ਤਾਂ ਸਾਲਗ ਰਾਮ ਕਹਿੰਦਾ, "ਮੈਂ ਜਦੋਂ ਜਮਾਤ 'ਚ ਜਾਂਦਾਂ ਤਾਂ ਪੰਜਾਹ ਮੁੰਡੇ 'ਕਲਾਸ ਸਟੈਂਡ' ਆਖ ਕੇ ਮੈਨੂੰ 'ਬੰਦਗੀ' ਕਰਨ ਲਈ ਉਠ ਕੇ ਖਲੋ ਜਾਂਦੇ ਨੇ। ਇਹ ਮੇਰੇ ਆਉਣ 'ਤੇ ਗੁੱਛਾ-ਮੁੱਛਾ ਹੋ ਕੇ ਬੈਠੀ ਰਹੀ। 'ਕਲਾਸ ਸਟੈਂਡ' ਆਖ ਕੇ ਉਠੀ ਕਿਉਂ ਨਹੀਂ?"

"ਹਵਾਲਦਾਰ ਵੀ ਕੰਜਰ ਸਾਡੀ 'ਕਲਾਸ ਸਟੈਂਡ' ਕਰਾਉਣ ਲੱਗ ਪਿਆ ਸੀ।"

ਉਸ ਪਲ ਤਾਂ ਚਪੇੜ ਦਾ ਖੜਾਕ ਸਾਲਗ ਰਾਮ ਦੀ ਕਹਾਣੀ ਦੇ ਹਾਸੇ ਵਿਚ ਗਵਾਚ ਗਿਆ, ਪਰ ਉਂਜ ਜੀਤੇ ਲਈ ਵੱਜੀ ਚਪੇੜ ਦਾ ਸੇਕ ਮੇਰੇ ਕੰਨਾਂ ਨੂੰ ਕਈ ਦਿਨ ਲੂੰਹਦਾ ਰਿਹਾ।

ਆਖ਼ਰਕਾਰ ਉਸ ਲਈ ਲਿਖੀ ਚਿੱਠੀ ਵਿਚਲੇ ਮੇਰੇ ਸ਼ਬਦਾਂ ਦੀ ਤਾਕਤ ਨੇ ਚਪੇੜ ਦੇ ਸੇਕ ਨੂੰ ਧੋ ਦਿੱਤਾ। ਮੇਰੇ ਅੰਦਰ ਖ਼ੁਸ਼ੀ ਦੇ ਫੁੱਲ ਖਿੜ ਪਏ ਜਦੋਂ ਮੈਨੂੰ ਪਤਾ ਲੱਗਾ ਕਿ ਜੀਤੇ ਨਿਹੰਗ ਦੀ ਅਗਲੀ ਪੇਸ਼ੀ 'ਤੇ ਬਾਬਾ ਜੀ ਆਪਣੇ ਸਿੰਘਾਂ ਦੀ ਭੀੜ ਨਾਲ ਵਕੀਲ ਸਮੇਤ ਕਚਹਿਰੀ ਵਿਚ ਹਾਜ਼ਰ ਹੋ ਗਏ ਸਨ। ਪਿੱਛੋਂ ਪਤਾ ਲੱਗਾ; ਜੀਤੇ ਦੀ ਚਿੱਠੀ ਕਿਸੇ ਸਿੰਘ ਕੋਲੋਂ ਸੁਣ ਕੇ ਬਾਬਾ ਜੀ ਮੁਸਕਰਾਏ ਸਨ ਤੇ ਫਿਰ ਹੱਸ ਕੇ ਆਖਿਆ ਸੀ, "ਕਰੀਏ ਭਾਈ ਕੁਝ ਆਪਣੇ ਜੀਤ ਸੁੰਹ ਦਾ ਹੁਣ ਤਾਂ। ਕਰਨਾ ਹੀ ਪੈਣੈਂ!"

ਪਤਾ ਨਹੀਂ ਉਨ੍ਹਾਂ ਕੀ ਜੁਗਤ ਵਰਤੀ; ਜੀਤਾ ਅਗਲੀ-ਅਗਲੇਰੀ ਪੇਸ਼ੀ 'ਤੇ ਹੀ ਛੁੱਟ ਗਿਆ। ਕੇਸ ਅਜੇ ਅਸਲੋਂ ਹੀ ਮੁਢਲੇ ਦੌਰ ਵਿਚ ਸੀ। ਸ਼ਾਇਦ ਪੋਸਟਮਾਰਟਮ ਦੀ ਰਿਪੋਰਟ ਅਜਿਹੀ 'ਬਣਵਾ ਦਿੱਤੀ ਗਈ' ਸੀ ਕਿ ਬਜ਼ੁਰਗ ਦੀ ਮੌਤ ਕਤਲ ਦੀ ਥਾਂ 'ਸੁਭਾਵਿਕ' ਹੋਈ ਵਿਖਾ ਦਿੱਤੀ ਸੀ।

ਕੁਝ ਵੀ ਸੀ, ਮੇਰੇ ਸ਼ਬਦਾਂ ਨੇ ਨਿਰਦੋਸ਼ ਬੰਦੇ ਨੂੰ ਫਾਂਸੀ ਦੇ ਤਖ਼ਤੇ ਤੋਂ ਹੇਠਾਂ ਡਿਗਦਿਆਂ ਆਪਣੇ ਹੱਥਾਂ ਵਿਚ ਬੋਚ ਲਿਆ ਸੀ।

ਲਿਖਣ ਦਾ ਹੁਨਰ ਨਾਵਲ, ਕਵਿਤਾ, ਕਹਾਣੀ ਆਦਿ ਰਾਹੀਂ ਹੀ ਕਿਸੇ ਦਾ ਜੀਵਨ ਨਹੀਂ ਬਦਲਦਾ, ਸਗੋਂ 'ਚਿੱਠੀ' ਰਾਹੀਂ ਵੀ ਬਦਲ ਸਕਦਾ ਹੈ। ਜੀਵਨ ਨੂੰ 'ਬਦਲ' ਹੀ ਕਿਉਂ, 'ਬਚਾ' ਵੀ ਸਕਦਾ ਹੈ!

ਮੈਂ ਧੰਨ ਧੰਨ ਹੋ ਗਿਆ ਸਾਂ।

***(ਸਮਾਪਤ)***

# ਪੂਰਬ ਤੇ ਪੱਛਮ ਦੀ ਗਲਵੱਕੜੀ

***(ਪਿਛਲੇ ਸਫੇ ਦੀ ਬਾਕੀ)***

ਮੈਨੂੰ ਲਗਦਾ ਹੈ ਮਨੁੱਖਤਾ ਪਾਸ ਹੁਣ ਉਹ ਹਮਦਰਦੀ, ਦਰਿਆਦਿਲੀ ਨਹੀਂ ਰਹੀ। ਪੱਛਮੀ ਨਸਲਾਂ ਦੇ ਭਾਰਤ ਵਿਚ ਆਉਣ ਨਾਲ ਸਾਡਾ ਆਪਣੀ ਸਭਿਅਤਾ ਵਿਚੋਂ ਵਿਸ਼ਵਾਸ ਟੁੱਟ ਗਿਆ ਹੈ। ਪਦਾਰਥਕ ਪ੍ਰਭੁਤਾ ਹਾਵੀ ਹੋ ਗਈ ਹੈ। ਇਕ ਸਦੀ ਤੋਂ ਭਾਰਤੀ ਵਿਦਿਆਰਥੀ ਭੂਤਕਾਲ ਦੀ ਆਪਣੀ ਸਭਿਅਤਾ ਬਾਬਤ ਅਣਜਾਣ, ਅਗਿਆਨੀ ਹੋ ਗਏ ਹਨ। ਕੇਵਲ ਅਸੀਂ ਇਸ ਤੋਂ ਵਾਂਝੇ ਨਹੀਂ ਹੋਏ, ਉਹ ਵੀ ਵਾਂਝੇ ਹੋ ਗਏ ਹਨ ਜਿਨ੍ਹਾਂ ਵਿਚ ਅਸੀਂ ਆਪਣੀ ਸਨਾਤਨੀ ਵਿਦਿਆ ਵੰਡਣੀ ਸੀ।

ਸਮਾਂ ਆ ਗਿਆ ਹੈ ਕਿ ਅਸੀਂ ਆਪਣੀਆਂ ਸੰਭਾਵਨਾਵਾਂ ਜ਼ਾਇਆ ਨਾ ਕਰੀਏ। ਜੋ ਬਿਹਤਰੀਨ ਹੈ, ਉਹ ਕਰੀਏ; ਆਪਣੀ ਕੰਗਾਲੀ ਨਾ ਦਿਖਾਈਏ। ਜੋ ਸਾਨੂੰ ਵਡੇਰਿਆਂ ਤੋਂ ਮਿਲਿਆ, ਉਸ ਉਪਰ ਸਾਰੀ ਮਨੁੱਖਤਾ ਦਾ ਹੱਕ ਹੈ। ਇਹੋ ਕਾਰਨ ਹੈ ਜਿਸ ਸਦਕਾ ਮੈਂ ਦ੍ਰਿੜ ਹੋ ਕੇ ਫੈਸਲਾ ਕੀਤਾ ਕਿ ਕੋਈ ਕੌਮਾਂਤਰੀ ਸੰਸਥਾ ਬਣੇ ਜਿਥੇ ਪੂਰਬੀ ਤੇ ਪੱਛਮੀ ਬੱਚੇ ਇਕੱਠੇ ਰੂਹਾਨੀ ਖੁਰਾਕ ਪ੍ਰਾਪਤ ਕਰਨ।

ਇਹ ਦੱਸਦਿਆਂ ਮੈਂ ਫਖ਼ਰ ਮਹਿਸੂਸ ਕਰਦਾ ਹਾਂ ਕਿ ਤੁਹਾਡੇ ਇਨਾਮ ਦੀ ਰਾਸ਼ੀ ਨਾਲ ਉਸ ਵੱਡੇ ਸੁਫਨੇ ਦੀ ਕੁਝ ਪੂਰਤੀ ਹੋ ਸਕੇਗੀ ਜਿਹੜਾ ਮੇਰੇ ਦਿਲ ਵਿਚ ਹੈ। ਤੁਹਾਨੂੰ ਸੱਦਾ ਦੇਣ ਆਇਆਂ ਮੈਂ, ਆਉ ਬਹੁਤ ਵਧੀਆ ਪ੍ਰੀਤੀ ਭੋਜ ਹੈ, ਸਵੀਕਾਰ ਕਰੋ। ਮੈਨੂੰ ਆਸ ਹੈ, ਮੇਰਾ ਸੱਦਾ ਪੱਤਰ ਤੁਸੀਂ ਸਵੀਕਾਰ ਕਰੋਗੇ। ਯੂਰਪ ਦੇ ਕਈ ਦੇਸ਼ਾਂ ਵਿਚ ਗਿਆ ਹਾਂ ਮੈਂ, ਉਨ੍ਹਾਂ ਨੇ ਮੇਰਾ ਪੁਰਜ਼ੋਰ ਸਵਾਗਤ ਕੀਤਾ। ਇਸ ਸਵਾਗਤ ਦਾ ਮਾਇਨਾ ਹੈ, ਪੱਛਮ ਨੂੰ ਪੂਰਬ ਦੀ ਜ਼ਰੂਰਤ ਹੈ; ਉਵੇਂ, ਜਿਵੇਂ ਪੂਰਬ ਨੂੰ ਪੱਛਮ ਦੀ ਜ਼ਰੂਰਤ ਹੈ। ਮਿਲਾਪਾਂ ਦਾ ਸਮਾਂ ਆ ਗਿਆ ਹੈ।

ਮੈਂ ਖੁਸ਼ ਹਾਂ ਜੋ ਇਸ ਸਮੇਂ ਤੁਹਾਡੇ ਵਿਚਕਾਰ ਹਾਂ, ਮੇਰੇ ਕੋਲ ਦੇਣ ਵਾਸਤੇ ਕੁਝ ਸਮਾਨ ਹੈ। ਪੂਰਬ ਤੇ ਪੱਛਮ ਮਿਲ ਕੇ ਭਵਿੱਖ ਦੀ ਮਹਾਨ ਸੰਸਕ੍ਰਿਤੀ ਸਿਰਜਣਗੇ। ਅਨੁਵਾਦ ਰਾਹੀਂ ਅਸਪਸ਼ਟ ਜਿਹਾ ਸਹੀ; ਪੂਰਬ, ਪੱਛਮ ਤੱਕ ਪੁੱਜ ਗਿਆ ਜਿਥੇ ਇਸ ਨੂੰ ਸ਼ਾਂਤੀ ਮਿਲੀ; ਇਹਨੂੰ ਲੱਗਾ, ਇਹ ਵੀ ਮੇਰਾ ਘਰ ਹੈ। ਸਮੇਂ ਦੀ ਜ਼ਬਾਨ ਤੁਹਾਡੇ ਤੱਕ ਪੁੱਜੀ, ਮੇਰੀ ਚੰਗੀ ਕਿਸਮਤ ਕਿ ਮੇਰੇ ਰਾਹੀਂ ਪੁੱਜੀ। ਸਵੀਡਨ ਦੇ ਸੱਦੇ ਨੇ ਮੈਨੂੰ ਦੂਰ ਦੂਰ ਤਕ ਪੁਚਾ ਦਿਤਾ, ਇਹ ਤਾਂ ਚੰਗਾ ਹੋਇਆ ਪਰ ਇਸ ਦਾ ਨੁਕਸਾਨ ਇਹ ਹੋਇਆ ਕਿ ਮੇਰੀ ਇਕਾਂਤ ਵਿਚ ਵਿਘਨ ਪੈ ਗਿਆ। ਮੈਨੂੰ ਉਨ੍ਹਾਂ ਲੋਕਾਂ ਵਿਚਕਾਰ ਖਲੋਣਾ ਪਵੇਗਾ ਜਿਨ੍ਹਾਂ ਵਿਚ ਖਲੋਣ ਦਾ ਮੈਂ ਆਦੀ ਨਹੀਂ। ਪੱਛਮ ਦੀ ਵਿਸ਼ਾਲ ਦੁਨੀਆਂ ਸਾਹਮਣੇ ਜਦੋਂ ਖਲੋਂਦਾ ਹਾਂ ਤਾਂ ਮੇਰੇ ਦਿਲ ਵਿਚ ਡੋਬੂ ਪੈਣ ਲਗਦਾ ਹੈ। ਤੁਹਾਡੇ ਵਲੋਂ ਦਿੱਤਾ ਸਨਮਾਨ, ਪ੍ਰਸ਼ੰਸਾ ਅਤੇ ਸੁਗਾਤਾਂ ਸਵੀਕਾਰ ਕਰਨ ਦੀ ਅਜੇ ਮੈਨੂੰ ਆਦਤ ਨਹੀਂ ਪਈ। ਤੁਹਾਡੇ ਸਾਹਮਣੇ ਖਲੋਤਾ ਤਾਂ ਹਾਂ, ਪਰ ਮੈਨੂੰ ਸੰਗ ਲੱਗ ਰਹੀ ਹੈ। ਮੈਂ ਪਰਮੇਸ਼ਰ ਦਾ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੈਨੂੰ ਪੂਰਬ ਅਤੇ ਪੱਛਮ ਵਿਚਕਾਰ ਪੁਲ ਬਣਾਇਆ। ਉਮਰ ਭਰ ਮੈਂ ਇਹ ਕੰਮ ਕਰਦਾ ਰਹਾਂਗਾ। ਜੋ ਕਰ ਸਕਦਾ ਹਾਂ, ਕਰਨਾ ਪਵੇਗਾ। ਇਸੇ ਸੁਫ਼ਨੇ ਦੀ ਪੂਰਤੀ ਖਾਤਰ ਮੈਂ ਸ਼ਾਂਤੀ ਨਿਕੇਤਨ ਦੀ ਨੀਂਹ ਰੱਖੀ। ਕਿਸੇ ਵਸਤੂ ਨੂੰ ਰੱਦ ਕਰਨਾ ਭਾਰਤ ਦਾ ਸੁਭਾਅ ਨਹੀਂ। ਮਿਲਵਰਤਣ ਦਾ ਸੁਭਾਅ ਕਿਸੇ ਨਸਲ ਜਾਂ ਸਭਿਆਚਾਰ ਨੂੰ ਰੱਦ ਨਹੀਂ ਕਰਦਾ। ਹਮਦਰਦੀ ਅਤੇ ਪਿਆਰ ਰਾਹੀਂ ਸਭ ਮਿਲ ਜਾਂਦੇ ਹਨ। ਸਿਆਸੀ ਹਲਚਲ ਦੌਰਾਨ ਭਾਰਤੀ ਬੱਚੇ ਪੱਛਮ ਨੂੰ ਰੱਦ ਕਰਨ ਲੱਗੇ ਦੇਖ ਕੇ ਮੈਨੂੰ ਦੁੱਖ ਹੁੰਦਾ ਹੈ। ਮੈਨੂੰ ਲਗਦੈ, ਰੱਦ ਕਰਨ ਦਾ ਪਾਠ ਉਨ੍ਹਾਂ ਨੂੰ ਪੱਛਮ ਨੇ ਪੜ੍ਹਾਇਆ ਹੈ। ਅਸੀਂ ਇਸ ਤਰ੍ਹਾਂ ਦੇ ਨਹੀਂ ਸਾਂ। ਦਰਾਵੜ, ਮੁਸਲਮਾਨ, ਹਿੰਦੂ ਭਾਰਤ ਵਿਚ ਸਭ ਵੱਸ ਰਹੇ ਹਨ। ਨਕਲੀ ਸਿਆਸੀ ਰੱਸੀ ਨਾਲ ਸਾਨੂੰ ਕੋਈ ਨਹੀਂ ਬੰਨ੍ਹ ਸਕਦਾ। ਸਾਨੂੰ ਡੂੰਘੇ ਉਤਰਨਾ ਪਵੇਗਾ। ਸਾਡੇ ਕੋਲ ਵਡੇਰਿਆਂ ਦੀਆਂ ਸ਼ਾਨਦਾਰ ਲਿਖਤਾਂ ਪਈਆਂ ਹਨ। ਜਿਹੜਾ ਸਭ ਨੂੰ ਆਪਣੇ ਵਰਗਾ ਜਾਣ ਗਿਆ, ਉਹ ਸੱਚ ਤੱਕ ਪੁੱਜ ਗਿਆ। ਇਹ ਗੱਲ ਪੱਛਮ ਨੂੰ ਵੀ ਪਤਾ ਲੱਗੇਗੀ। ਜਾਨਵਰਾਂ ਵਾਂਗ ਲੜਨਾ ਭਿੜਨਾ, ਕਿਸ ਵਾਸਤੇ?

ਮੇਰੀ ਯੂਨੀਵਰਸਿਟੀ ਵਿਚ ਆਓ ਤੇ ਦੇਖੋ, ਇਸ ਵਿਚ ਕੀ ਕੀ ਹੈ। ਤੁਹਾਡੇ ਵਿਦਵਾਨ ਅਤੇ ਵਿਦਿਆਰਥੀ ਆਉਣ, ਅਣਵੰਡੀ ਮਨੁੱਖਤਾ ਵਾਂਗ ਰਹਿਣ। ਇਸ ਮਕਸਦ ਵਾਸਤੇ ਮੈਂ ਤੁਹਾਡੇ ਕੋਲ ਆਇਆਂ। ਪਿਆਰ ਅਤੇ ਪਰਮੇਸ਼ਰ ਦੇ ਨਾਮ ਉਪਰ ਮੈਂ ਤੁਹਾਨੂੰ ਸੱਦਾ ਦਿੰਦਾ ਹਾਂ। (26 ਮਈ 1921, ਸਟਾਕਹੋਮ, ਸਵੀਡਨ)

***-0-***



# ਦਲੀਪ ਕੌਰ ਟਿਵਾਣਾ ਨਾਲ ਗੱਲਾਂ

*ਪੰਜਾਬੀ ਸਾਹਿਤ ਜਗਤ ਵਿਚ ਪਟਿਆਲੇ ਵਾਲੇ 'ਭੂਤਵਾੜੇ' ਦੀ ਚਰਚਾ ਅਕਸਰ ਚੱਲਦੀ ਰਹੀ ਹੈ। 'ਭੂਤਵਾੜਾ' ਪੜ੍ਹਨ-ਪੜ੍ਹਾਉਣ ਤੇ ਬੌਧਿਕਤਾ ਦਾ ਇਕ ਅਜਿਹਾ ਕੇਂਦਰ ਬਣਿਆ ਕਿ ਇਸ ਦੀ ਮਿਸਾਲ ਮੁੜ ਕੇ ਪੰਜਾਬ ਵਿਚ ਅਜ ਤਕ ਸਾਹਮਣੇ ਨਹੀਂ ਆਈ। ਇਸ ਭੂਤਵਾੜੇ ਨਾਲ ਜੁੜੇ ਬੁਧੀਜੀਵੀਆਂ ਨੇ ਵੱਖ-ਵੱਖ ਖੇਤਰਾਂ ਵਿਚ ਖੂਬ ਮੱਲਾਂ ਮਾਰੀਆਂ। ਇਨ੍ਹਾਂ 'ਭੂਤਾਂ' ਬਾਰੇ ਡਾ. ਤਰਸ਼ਿੰਦਰ ਕੌਰ ਨੇ ਪੂਰੀ ਕਿਤਾਬ 'ਭੂਤਵਾੜੇ ਦੇ ਭੂਤਾਂ ਦੀ ਕਥਾ' ਲਿਖੀ ਹੈ ਜੋ ਇਕੱਲੇ-ਇਕੱਲੇ ਭੂਤ ਨਾਲ ਮੁਲਾਕਾਤਾਂ ਦੀ ਲੜੀ ਹੈ। ਪੰਜਾਬੀ ਦੀ ਉਘੀ ਗਲਪਕਾਰ ਦਲੀਪ ਕੌਰ ਟਿਵਾਣਾ ਨੂੰ ਇਨ੍ਹਾਂ ਭੂਤਾਂ ਦੀ ਅਧਿਆਪਕਾ ਹੋਣ ਦਾ ਮਾਣ ਹਾਸਲ ਹੈ। ਐਤਕੀਂ ਅਸੀਂ ਪਾਠਕਾਂ ਨਾਲ ਡਾ. ਤਰਸ਼ਿੰਦਰ ਕੌਰ ਅਤੇ ਦਲੀਪ ਕੌਰ ਟਿਵਾਣਾ ਦੀ ਮੁਲਾਕਾਤ ਸਾਂਝੀ ਕਰ ਰਹੇ ਹਾਂ ਜਿਸ ਵਿਚ ਭੂਤਵਾੜੇ ਦੇ ਨਾਲ-ਨਾਲ ਜੱਗ ਜਹਾਨ ਦੀਆਂ ਗੱਲਾਂ ਹੋਈਆਂ ਹਨ। 4 ਮਈ 1935 ਨੂੰ ਲੁਧਿਆਣਾ ਜ਼ਿਲ੍ਹੇ ਦੇ ਰੱਬੋਂ ਪਿੰਡ ਵਿਚ ਸਰਦੇ-ਪੁੱਜਦੇ ਪਰਿਵਾਰ ਵਿਚ ਜਨਮੀ ਟਿਵਾਣਾ ਪਟਿਆਲਾ ਵਿਖੇ ਪੜ੍ਹੀ। ਉਹ ਪੰਜਾਬੀ ਯੂਨੀਵਰਸਿਟੀ ਤੋਂ ਪੀਐਚ.ਡੀ. ਹਾਸਲ ਕਰਨ ਵਾਲੀ ਇਲਾਕੇ ਦੀ ਪਹਿਲੀ ਔਰਤ ਸੀ। ਉਹ ਸਾਹਿਤ ਦੀ ਝੋਲੀ ਵਿਚ ਤਕਰੀਬਨ 50 ਕਿਤਾਬਾਂ ਪਾ ਚੁੱਕੇ ਹਨ। -ਸੰਪਾਦਕ*

**ਸਵਾਲ:** ਤੁਹਾਨੂੰ ਬਹੁਤ ਪੜ੍ਹਨ ਲਿਖਣ ਦੀ ਆਦਤ ਹੈ, ਸਾਹਿਤਕ ਖੇਤਰ ਵਿਚ ਤੁਹਾਨੂੰ ਇਸੇ ਕਰ ਕੇ ਸਫ਼ਲਤਾ ਵੀ ਮਿਲੀ। ਜੇ ਤੁਸੀਂ ਹੋਰ ਕਿਸੇ ਵੀ ਖੇਤਰ ਵਿਚ ਹੁੰਦੇ, ਤੁਸੀਂ ਸਫ਼ਲ ਹੋਣਾ ਹੀ ਸੀ। ਤੁਹਾਡੇ ਵਿਦਿਆਰਥੀਆਂ ਨੇ ਕੰਮ ਪ੍ਰਤੀ ਪ੍ਰਤੀਬੱਧ ਹੋਣਾ ਤੁਹਾਥੋਂ ਸਿੱਖਿਆ। ਭੂਤਵਾੜੇ 'ਚ ਰਹਿਣ ਵਾਲੇ, ਤੁਹਾਡੇ ਮੁੱਢਲੇ ਵਿਦਿਆਰਥੀਆਂ 'ਚੋਂ ਹਨ। ਇਨ੍ਹਾਂ 'ਭੂਤ' ਵਿਦਿਆਰਥੀ ਨਾਲ ਪੜ੍ਹਾਉਣ ਦਾ ਤਜਰਬਾ ਕਿਵੇਂ ਰਿਹਾ?



**ਜਵਾਬ:** ਮੈਂ ਜਦੋਂ ਪੜ੍ਹਾਉਣਾ ਸ਼ੁਰੂ ਕੀਤਾ, ਇਹ ਮੇਰੀ ਪਹਿਲੀ ਕਲਾਸ ਸੀ ਤੇ ਇਹ ਵੀ ਚੰਗੇ ਪੜ੍ਹਨ ਲਿਖਣ ਵਾਲੇ ਮੁੰਡੇ ਸਨ। ਮੈਨੂੰ ਉਦੋਂ ਐਨਾ ਭਰੋਸਾ ਵੀ ਨਹੀਂ ਸੀ, ਪਰ ਇਹ ਐਨੇ ਚੰਗੇ ਸਨ ਕਿ ਇਨ੍ਹਾਂ ਨੇ ਮੈਨੂੰ ਕਦੇ ਪਤਾ ਨਹੀਂ ਲੱਗਣ ਦਿੱਤਾ ਕਿ ਸਮਝ ਨਹੀਂ ਆਉਂਦੀ। ਇਕ ਦਿਨ ਕੀ ਹੋਇਆ, ਮੈਂ ਕਿਸੇ ਹੋਰ ਲੇਖਕ ਦਾ ਨਾਉਂ ਲਈ ਗਈ ਤੇ ਪੜ੍ਹਾਈ ਕੋਈ ਹੋਰ ਗਈ; ਇਨ੍ਹਾਂ ਨੇ ਮੈਨੂੰ ਟੋਕਿਆ ਨਹੀਂ। ਬਾਅਦ 'ਚ ਮੈਨੂੰ ਆਪੇ ਪਤਾ ਲੱਗ ਗਿਆ। ਅਗਲੇ ਦਿਨ ਮੈਂ ਕਿਹਾ, ਬਈ ਤੁਸੀਂ ਮੈਨੂੰ ਦੱਸਿਆ ਕਿਉਂ ਨਹੀਂ, ਤਾਂ ਹੱਸ ਪਏ। ਇਨ੍ਹਾਂ ਨੂੰ ਲੱਗਿਆ, ਸ਼ਾਇਦ ਮੈਂ ਇਨ੍ਹਾਂ ਨੂੰ ਇਨ੍ਹਾਂ ਜਿੱਡੀ ਜਾਂ ਸ਼ਾਇਦ ਇਨ੍ਹਾਂ ਵਰਗੀ ਹੀ ਲੱਗਦੀ ਆਂ। ਇਨ੍ਹਾਂ ਨੇ ਫਿਰ ਆਪੇ ਫੈਸਲਾ ਕਰ ਲਿਆ, ਤੇ ਆ ਕੇ ਸਵੇਰੇ ਸਾਰੇ ਜਣੇ ਵਾਰੀ-ਵਾਰੀ ਕਹਿਣ ਲੱਗੇ- ਦੀਦੀ ਮੱਥਾ ਟੇਕਦੇ ਆਂ। ਜਿਹੜਾ ਆਵੇ ਕਲਾਸ 'ਚ ਕਹੇ- ਦੀਦੀ ਮੱਥਾ ਟੇਕਦੈਂ...ਮੈਂ ਤਾਂ ਬਹੁਤ ਨਰਵਸ ਹੋਈ ਕਿ ਆਹ ਕੀ ਹੋ ਗਿਆ!

**ਮੁਲਾਕਾਤੀ: ਡਾ. ਤਰਸ਼ਿੰਦਰ ਕੌਰ**
**ਫੋਨ: 224-409-3396**

**ਸਵਾਲ:** ਉਦੋਂ ਮਹਿੰਦਰਾ ਕਾਲਜ ਕਲਾਸਾਂ ਲੱਗਦੀਆਂ ਸਨ?

**ਜਵਾਬ:** ਹਾਂ! ਇਹ ਸਾਰੇ ਪਿੰਡਾਂ 'ਚੋਂ ਆਏ ਸੀ, ਆਮ ਘਰਾਂ 'ਚੋਂ। ਇਸ ਕਰ ਇਨ੍ਹਾਂ ਨੂੰ ਮੈਥੋਂ ਕੋਈ ਚੀਜ਼ ਮੰਗਦਿਆਂ ਸੰਕੋਚ ਨਹੀਂ ਸੀ ਹੁੰਦਾ। ਇਕ ਵਾਰੀ ਨਵਤੇਜ ਮੈਨੂੰ ਕਹਿਣ ਲੱਗਾ, 'ਦੀਦੀ ਤੁਸੀਂ ਮੈਨੂੰ ਖੱਦਰ ਦਾ ਸੂਟ ਸਵਾ ਕੇ ਦਿੱਤਾ ਸੀ ਤੇ ਫਿਰ ਮੈਂ ਉਹੀ ਪਾਈ ਗਿਆ।' ਕਈ ਵਾਰੀ ਮੈਨੂੰ ਪਤਾ ਨਾ ਹੋਣਾ ਕਿ ਕਲਾਸ ਕਿਥੇ ਗਈ, ਪਿਛੋਂ ਪਤਾ ਲੱਗਣਾ ਕਿ ਆਪੇ ਮੇਰੇ ਬੀਜੀ ਨੂੰ ਕਹਿ ਆਏ ਕਿ ਸਾਗ ਤੇ ਮੱਕੀ ਦੀਆਂ ਰੋਟੀਆਂ ਬਣਾ ਕੇ ਰੱਖਿਓ, ਤੇ ਸਾਰੀ ਕਲਾਸ ਉਥੇ ਰੋਟੀ ਖਾਣ ਚਲੀ ਗਈ।...ਮੈਂ ਆਪਣਾ ਪੀਐਚ.ਡੀ. ਥੀਸਿਜ਼ ਮੁਕੰਮਲ ਕੀਤਾ। ਪ੍ਰੋ. ਪ੍ਰੀਤਮ ਸਿੰਘ ਨੂੰ ਦਿਖਾਇਆ ਤਾਂ ਉਹ ਕਹਿਣ ਲੱਗੇ ਕਿ ਸਾਰੇ ਨੋਟ ਤਾਂ ਗ਼ਲਤ ਦਿੱਤੇ ਨੇ, ਦੁਬਾਰਾ ਕਰੋ। ਮੈਂ ਸੋਚਿਆ, ਹੁਣ ਕੀ ਕਰਾਂਗੇ? ਤਾਂ ਇਹ ਸਾਰੇ ਬਹਿ ਗਏ ਆ ਕੇ ਕਮਰੇ 'ਚ। ਦੋ ਤਿੰਨ ਟਾਈਪਿਸਟ ਨਾਲ ਲੈ ਆਏ, ਟਾਈਪਿਸਟ ਟਾਈਪ ਕਰੀ ਜਾਵੇ ਤੇ ਇਹ ਨਾਲ ਦੀ ਨਾਲ ਪੜ੍ਹੀ ਜਾਣ। ਤਿੰਨ ਦਿਨ ਤੇ ਤਿੰਨ ਰਾਤਾਂ ਤਾਂ ਮੈਂ ਜਾਗਦੀ ਰਹੀ। ਇਕ ਦਿਨ ਮੈਂ ਮੰਜੇ 'ਤੇ ਬੈਠੀ-ਬੈਠੀ ਸੌਂ ਗਈ। ਹੁਣ ਮੈਨੂੰ ਜਗਾਉਣ ਕਿਵੇਂ, ਨਾ ਹੱਥ ਲਾਉਣ। ਇਨ੍ਹਾਂ ਨੇ ਦੋਵੇਂ ਪਾਸੋਂ ਫੜ ਕੇ ਮੇਰਾ ਮੰਜਾ ਜ਼ੋਰ-ਜ਼ੋਰ ਦੀ ਹਿਲਾਉਣਾ ਸ਼ੁਰੂ ਕਰ'ਤਾ। ਮੈਂ ਸੋਚਿਆ ਭੂਚਾਲ ਆ ਗਿਆ।...ਇਉਂ ਉਹ ਥੀਸਿਜ਼ ਮੁਕੰਮਲ ਕੀਤਾ...ਇੱਕ ਭੂਤ ਗਿੱਲੀ-ਗਿੱਲੀ ਜਿਲਦ ਲੈ ਕੇ ਹੀ ਚੰਡੀਗੜ੍ਹ ਜਮ੍ਹਾਂ ਕਰਵਾਉਣ ਚਲਾ ਗਿਆ।...ਕਈਆਂ ਨੇ ਜ਼ੋਰ ਲਾਇਆ, ਮੇਰਾ ਕੰਮ ਰੱਦ ਹੋ ਜਾਵੇ। ਮੈਨੂੰ ਸੁਨੇਹਾ ਭੇਜਿਆ ਕਿ ਜੇ ਡਿਗਰੀ ਲੈਣੀ ਐਂ ਤਾਂ ਪ੍ਰੋ. ਪ੍ਰੀਤਮ ਸਿੰਘ ਹੋਰਾਂ ਦੀ ਪਾਰਟੀ ਛੱਡ ਦੇ। ਮੈਂ ਕਿਹਾ...ਕੁੜੀਆਂ ਦੀ ਕਿਹੜੀ ਪਾਰਟੀ ਹੁੰਦੀ ਹੈ? ਪ੍ਰੀਤਮ ਸਿੰਘ ਮੇਰੇ ਟੀਚਰ ਐ, ਹਮੇਸ਼ਾ ਰਹਿਣਗੇ ਤੇ ਉਨ੍ਹਾਂ ਦਾ ਸਤਿਕਾਰ ਵੀ ਰਹੂਗਾ ਤੇ ਬਾਕੀ ਅਸੀਂ ਹੁੰਨੇ ਆਂ ਜੱਟ, ਨਾ ਮੀਂਹ ਪੈਣੋਂ ਹਟੇ, ਨਾ ਦਾਣੇ ਉਗਣੋਂ ਹਟਣ, ਪੀਐਚ.ਡੀ. ਦਾ ਕੀ ਐ? ਸਾਨੂੰ ਤਾਂ ਰੋਟੀ ਦੀ ਵੀ ਚਿੰਤਾ ਹੈਨੀ। ਉਹ ਹੋਰ ਚਿੜ ਗਏ ਕਿ ਇਹ ਸਮਝਦੀ ਕੀ ਐ ਆਪਣੇ ਆਪ ਨੂੰ! ਬਾਅਦ 'ਚ ਪਤਾ ਲੱਗਾ ਕਿ ਉਨ੍ਹਾਂ ਐਗਜ਼ਾਮੀਨਰਾਂ ਤੱਕ ਪਹੁੰਚ ਕੀਤੀ ਕਿ ਫੇਲ੍ਹ ਕਰ ਦਿਉ। ਐਗਜ਼ਾਮੀਨਰ ਨੇ ਜਿਹੜੀ ਰਿਪੋਰਟ ਭੇਜੀ, ਉਹ ਸੀ ਕਿ ਮੈਂ ਵਾਈਵੇ ਤੋਂ ਬਾਅਦ ਫਾਈਨਲ ਰਿਪੋਰਟ ਦਿਊਂਗਾ। ਮੈਂ ਪ੍ਰੋ. ਪ੍ਰੀਤਮ ਸਿੰਘ ਨੂੰ ਦੱਸਿਆ। ਉਨ੍ਹਾਂ ਵਾਈਸ ਚਾਂਸਲਰ ਨੂੰ ਕਿਹਾ ਜਾ ਕੇ, ਕਿ ਇਸ ਲੜਕੀ ਦੇ ਵਾਈਵੇ ਵਿਚ ਆਪ ਬੈਠੋ। ਅਸਲ ਵਿਚ ਐਗਜ਼ਾਮੀਨਰ ਨੇ ਇੰਟਰਵਿਊ ਦਿੱਲੀ ਰੱਖ ਲਈ ਸੀ, ਕਿਉਂਕਿ ਉਹ ਵਿਭਾਗ ਦੇ ਮੁਖੀ ਸਨ। ਆਖਰ ਵੀ.ਸੀ. ਨੇ ਇੰਟਰਵਿਊ ਚੰਡੀਗੜ੍ਹ ਰਖਵਾ ਲਈ। ਇਕ ਘੰਟਾ ਚਾਲੀ ਮਿੰਟ ਵਾਈਵਾ ਹੁੰਦਾ ਰਿਹਾ। ਅਗਲਿਆਂ ਬੜਾ ਘੇਰਾ ਪਾਇਆ। ਵੀ.ਸੀ. ਨੇ ਪੁੱਛੇ ਗਏ ਸਵਾਲਾਂ ਉਤੇ ਸਵਾਲ ਕਰ ਦਿੱਤੇ; ਨਾਲੇ ਕਿਹਾ, ਹੈਰਾਨੀ ਵਾਲੀ ਗੱਲ ਹੈ ਕਿ ਲੋਕਾਂ ਦੀਆਂ ਪਾਸ ਕਰਵਾਉਣ ਦੀਆਂ ਸਿਫਾਰਸ਼ਾਂ ਆਉਂਦੀਆਂ, ਪਰ ਇਸ ਕੁੜੀ ਦੀਆਂ ਫੇਲ੍ਹ ਕਰਾਉਣ ਦੀਆਂ ਸਿਫਾਰਿਸ਼ਾਂ ਆਈਆਂ।...ਜਿੱਦਣ ਨਤੀਜਾ ਖੁੱਲ੍ਹਣਾ ਸੀ, ਉਦਣ ਕੋਈ ਜਾਵੇ ਨਾ ਭੂਤਵਾੜੇ ਵਾਲੇ ਵਿਦਿਆਰਥੀਆਂ ਵਿਚੋਂ, ਬਈ ਨਤੀਜਾ ਦੱਸਾਂਗੇ ਕਿਵੇਂ! ਹਰਿੰਦਰ (ਮਹਿਬੂਬ) ਕਹਿੰਦਾ ਮੈਂ ਜਾਨਾਂ। ਇਹ ਗਿਆ। ਜਦੋਂ ਪ੍ਰੋ. ਪ੍ਰੀਤਮ ਸਿੰਘ ਬਾਹਰ ਆਏ, ਤੇ ਕਿਹਾ ਕਿ ਪਾਸ ਹੋ ਗਈ ਬੀਬੀ, ਤਾਂ ਉਨ੍ਹਾਂ ਨੂੰ ਬਾਹਾਂ ਤੋਂ ਫੜ ਕੇ ਲੱਗ ਪਿਆ ਘੁਮਾਉਣ!



***ਲੋਕਾਂ ਨੂੰ ਲਗਦਾ ਸੀ ਕਿ ਇਹ ਮੇਰੇ ਵਿਦਿਆਰਥੀ ਨੇ, ਪਰ ਅੱਜ ਇਹ ਸਾਰੇ ਇੰਨਾ ਅੱਗੇ ਲੰਘ ਗਏ, ਹੁਣ ਲਗਦੈ ਲੋਕਾਂ ਨੂੰ, ਮੈਂ ਇਨ੍ਹਾਂ ਦੀ ਟੀਚਰ ਆਂ... ਇਕ ਵਾਰ ਮੈਂ ਕੈਨੇਡਾ ਗਈ। ਉਥੇ ਸਹੇਲੀ ਕੋਲ ਠਹਿਰੀ। ਇਹ ਮਿਲਣ ਆਏ ਤੇ ਮੇਰੇ ਪੈਰੀਂ ਹੱਥ ਲਾਉਣ। ਉਹ ਕਹਿੰਦੀ, ਇੰਨੇ ਸਾਲ ਹੋ ਗਏ, ਇਨ੍ਹਾਂ ਨੂੰ ਇਸ ਕਲਚਰ ਵਿਚ ਰਹਿੰਦਿਆਂ, ਇਹ ਅਜੇ ਵੀ ਪੈਰੀਂ ਹੱਥ ਲਾਉਂਦੇ ਐ ਤੇਰੇ। ਮੈਂ ਕਿਹਾ- ਸਾਡੀ ਕਮਾਈ ਹੀ ਇਹ ਐ, ਜਾਂ ਕਹਿ ਲਉ ਕਿ ਸਾਡਾ ਰਿਸ਼ਤਾ ਹੀ ਇਹ ਐ, ਰਿਸ਼ਤਾ ਮੁੱਕ ਨਹੀਂ ਗਿਆ ਪਰਦੇਸ ਆਉਣ ਨਾਲ।***



**ਸਵਾਲ:** ਖ਼ੁਸ਼ੀ ਬਹੁਤ ਹੋਈ ਨਾ!

**ਜਵਾਬ**: ਹਾਂ, ਉਥੋਂ ਬੱਸ ਫੜ ਕੇ ਸਟੇਸ਼ਨ ਪਹੁੰਚ ਗਿਆ, ਹਲਵਾਈ ਨੂੰ ਕਹਿਣ ਲੱਗਾ, ਥੋੜ੍ਹੀ ਜਿਹੀ ਮਠਿਆਈ ਲੈ ਕੇ ਜਾਣੀ ਐਂ ਮੈਡਮ ਲਈ, ਤੂੰ ਮੇਰੇ ਜੁੱਤੇ ਰੱਖ ਲੈ, ਜਦੋਂ ਮੇਰੇ ਕੋਲ ਪੈਸੇ ਹੋਏ, ਛੁਡਾ ਕੇ ਲੈ ਜੂੰਗਾ...ਕੋਈ ਭਲਾ ਬੰਦਾ ਹੋਣਾ ਅਗਲਾ...ਕਹਿੰਦਾ ਜੁੱਤੇ ਵੀ ਲੈ ਜਾ, ਤੇ ਮਠਿਆਈ ਵੀ ਲੈ ਜਾ, ਜਦੋਂ ਤੇਰਾ ਜੀਅ ਕਰਿਆ, ਪੈਸੇ ਦੇ ਜੀਂ...ਕੋਠੀ ਸਾਡੀ ਨੀਲਾ ਭੌਣ ਕੋਲੇ ਐ; ਮੈਨੂੰ ਕਹਿੰਦਾ, ਇਕ ਟੁਕੜਾ ਚੱਕ ਲੋ, ਬਾਕੀ ਮੈਂ ਭੂਤਵਾੜੇ ਨੂੰ ਦੇਣੀ ਐਂ, ਤੁਸੀਂ ਪਾਸ ਹੋ'ਗੇ। ਸਾਰੇ ਜਣੇ ਬਹੁਤ ਖੁਸ਼। ਮੈਂ ਇਨ੍ਹਾਂ ਨੂੰ ਕਹਿੰਦੀ ਹੁੰਦੀ ਸੀਗੀ, ਕਿ ਜਿੱਡਾ ਕੁ ਬੰਦਾ ਹੁੰਦੈ, ਓਡੀ ਕੁ ਉਹਦੀ ਰਚਨਾ ਹੁੰਦੀ ਐ; ਇਹ ਗੱਲ ਨਾ ਭੁੱਲਿਓ, ਜੇ ਤੁਸੀਂ ਵੱਡੀ ਰਚਨਾ ਕਰਨੀ, ਤਾਂ ਬੰਦੇ ਚੰਗੇ ਬਣਿਓਂ।...ਜਰਮਨ ਫਿਲਾਸਫਰ ਨਿਤਸ਼ੇ ਦੀ ਮਾਂ ਨੂੰ ਸੰਗੀਤ, ਨਾਟਕ ਤੇ ਲੇਖਕਾਂ ਦੀਆਂ ਮਹਿਫ਼ਲਾਂ ਵਿਚ ਜਾਣ ਦਾ ਬੜਾ ਸ਼ੌਕ ਸੀ। ਕਿਸੇ ਸਮਾਗਮ 'ਤੇ ਉਹਨੇ ਜਾਣਾ ਸੀ, ਨਿਤਸ਼ੇ ਛੋਟਾ ਸੀ, ਕਹਿਣ ਲੱਗਾ, 'ਮਾਂ ਮੈਨੂੰ ਵੀ ਲੈ ਜਾ'। ਕਹਿੰਦੀ, 'ਚੱਲ, ਮੇਰੇ ਕਰ ਕੇ ਜਾਣ ਦੇਣਗੇ ਤੈਨੂੰ ਅੰਦਰ...ਉਹ ਜਾਣ ਜਾਣਗੇ ਨਾ ਕਿ ਤੂੰ ਮੇਰਾ ਬੇਟੈਂ'। ਉਹ ਕਹਿਣ ਲੱਗਾ, 'ਹੋ ਸਕਦੈ ਕੱਲ੍ਹ ਨੂੰ ਤੈਨੂੰ ਮੇਰੇ ਕਰ ਕੇ ਜਾਣਨ'।

**ਸਵਾਲ:** ਕਿਆ ਬਾਤ ਹੈ!

**ਜਵਾਬ:** ਸੋ, ਅੱਜ ਅਸੀਂ ਨਿਤਸ਼ੇ ਕਰ ਕੇ ਉਹਦੀ ਮਾਂ ਨੂੰ ਜਾਣਦੇ ਆਂ। ਲੋਕਾਂ ਨੂੰ ਇਹ ਲਗਦਾ ਸੀ ਕਿ ਇਹ ਮੇਰੇ ਵਿਦਿਆਰਥੀ ਨੇ, ਪਰ ਅੱਜ ਇਹ ਸਾਰੇ ਇੰਨਾ ਅੱਗੇ ਲੰਘ ਗਏ ਨੇ, ਲਗਦੈ ਲੋਕਾਂ ਨੂੰ ਕਿ ਮੈਂ ਇਨ੍ਹਾਂ ਦੀ ਟੀਚਰ ਆਂ। ਇਕ ਵਾਰ ਮੈਂ ਕੈਨੇਡਾ ਗਈ। ਉਥੇ ਸਹੇਲੀ ਕੋਲ ਠਹਿਰੀ। ਇਹ ਮਿਲਣ ਆਏ ਤੇ ਮੇਰੇ ਪੈਰੀਂ ਹੱਥ ਲਾਉਣ। ਉਹ ਕਹਿੰਦੀ, ਇੰਨੇ ਸਾਲ ਹੋ ਗਏ, ਇਨ੍ਹਾਂ ਨੂੰ ਇਸ ਕਲਚਰ ਵਿਚ ਰਹਿੰਦਿਆਂ, ਇਹ ਅਜੇ ਵੀ ਪੈਰੀਂ ਹੱਥ ਲਾਉਂਦੇ ਐ ਤੇਰੇ। ਮੈਂ ਕਿਹਾ, ਸਾਡੀ ਕਮਾਈ ਹੀ ਇਹ ਐ, ਜਾਂ ਕਹਿ ਲਉ ਕਿ ਸਾਡਾ ਰਿਸ਼ਤਾ ਹੀ ਇਹ ਐ, ਰਿਸ਼ਤਾ ਮੁੱਕ ਨਹੀਂ ਗਿਆ ਪਰਦੇਸ ਆਉਣ ਨਾਲ।...ਇਕ ਵਾਰ ਪ੍ਰੋ. ਪ੍ਰੀਤਮ ਸਿੰਘ ਨੇ ਸੈਨੇਟ ਦੀ ਚੋਣ ਲੜਨੀ ਸੀ, ਉਹਦੇ ਲਈ ਪਰਚੀਆਂ ਬਣਾਉਣੀਆਂ, ਚਿੱਠੀਆਂ ਲਿਖਣ ਲਈ ਨਵਤੇਜ ਉਥੇ ਹੀ ਰਹਿੰਦਾ। ਮਹੀਨਾ ਦੋ ਮਹੀਨੇ ਕਾਲਜ ਨਾ ਆਇਆ, ਜਦੋਂ ਇਮਤਿਹਾਨ ਦੇ ਦਿਨ ਆਏ, ਇਹਦੇ ਲੈਕਚਰ ਘਟ ਗਏ; ਤੇ ਪ੍ਰੋ. ਪ੍ਰੀਤਮ ਸਿੰਘ ਇੰਨੇ ਅਸੂਲਾਂ ਦੇ ਪੱਕੇ ਕਿ ਉਨ੍ਹਾਂ ਨੂੰ ਕੁਝ ਨਹੀਂ ਸੀ ਕਹਿ ਸਕਦੇ। ਮੈਂ ਕਿਹਾ, 'ਪ੍ਰੋਫੈਸਰ ਸਾਹਿਬ, ਨਵਤੇਜ ਦੇ ਲੈਕਚਰ ਸ਼ੌਰਟ ਹੋ ਗਏ', ਹਾਲਾਂਕਿ ਉਨ੍ਹਾਂ ਦੇ ਘਰੇ ਹੀ ਕੰਮ ਕਰਦਾ ਰਿਹਾ ਸੀ। ਕਹਿਣ ਲੱਗੇ, 'ਮੈਂ ਕੀ ਕਰਾਂ ਫੇਰ?...ਮੈਂ ਵਿਦਿਆਰਥੀਆਂ ਨੂੰ ਕਿਹਾ, 'ਪ੍ਰੋ. ਪ੍ਰੀਤਮ ਸਿੰਘ ਦੇ ਖਾਨੇ ਦੀ ਚੋਰੀਉਂ ਜਿੰਦਰੀ ਤੋੜੋ, ਤੇ ਰਜਿਸਟਰ ਕੱਢ ਲਓ'। ਇਨ੍ਹਾਂ ਇਵੇਂ ਹੀ ਕੀਤਾ। ਫਿਰ ਅਸੀਂ ਪ੍ਰਿੰਸੀਪਲ ਸਾਹਿਬ ਨੂੰ ਕਿਹਾ ਕਿ ਐਵੇਂ ਭੁਲੇਖਾ ਲੱਗਿਆ ਪ੍ਰੋ. ਸਾਹਿਬ ਨੂੰ, ਲੈਕਚਰ ਸ਼ੌਰਟ ਨਹੀਂ ਨਵਤੇਜ ਦੇ।

**ਸਵਾਲ:** ਲੈਕਚਰ ਵੀ ਪ੍ਰੋ. ਸਾਹਿਬ ਵਾਲੇ ਵਿਸ਼ੇ ਵਿਚੋਂ ਹੀ ਸ਼ੌਰਟ ਸਨ?

**ਜਵਾਬ:** ਬਾਕੀਆਂ ਨੇ ਪੂਰੇ ਕਰ'ਤੇ ਬਈ ਚਲੋ...।

ਸਵਾਲ: ਕਿਉਂਕਿ ਉਨ੍ਹਾਂ ਦੇ ਕੁਲੀਗ ਦੇ ਘਰੇ ਕੰਮ ਕਰਦਾ ਰਿਹਾ ਸੀ!

ਜਵਾਬ: ਪ੍ਰਿੰਸੀਪਲ ਉਮਰਾਓ ਸਿੰਘ ਸਨ ਉਦੋਂ। ਪ੍ਰੋ. ਸਾਹਿਬ ਕਹਿਣ ਕਿ ਲੈਕਚਰ ਸ਼ੌਰਟ ਐ। ਉਹ ਕਹਿੰਦੇ, ਲਿਆਉ ਰਜਿਸਟਰ ਦਿਖਾਉ ਮੈਨੂੰ...ਰਜਿਸਟਰ ਹੀ ਗਾਇਬ ਕਰ'ਤਾ।

**ਸਵਾਲ:** ਅੱਛਾ! ਰਜਿਸਟਰ ਹੀ ਗਾਇਬ ਕਰ'ਤਾ। ਮੈਂ ਸਮਝਿਆ ਕਿਤੇ ਪੂਰੇ ਕਰ ਲਏ ਸੀ ਲੈਕਚਰ ਆਪੇ।

**ਜਵਾਬ:** ਜੇ ਪੂਰੇ ਕਰਦੇ, ਫਿਰ ਤਾਂ ਉਨ੍ਹਾਂ ਨੂੰ ਪਤਾ ਲੱਗ ਜਾਂਦਾ! ਕਹਿਣ ਲੱਗੇ, ਇਥੇ ਹੀ ਰਜਿਸਟਰ ਸੀ, ਕੀਹਨੇ ਕੱਢਿਆ? ਅਸੀਂ ਕਿਹਾ, ਜੀ ਸਾਨੂੰ ਕੀ ਪਤੈ, ਅਸੀਂ ਤਾਂ ਘਰਾਂ ਨੂੰ ਚਲੇ ਜਾਨੇਂ ਆਂ। ਚਲੋ ਜੀ, ਪ੍ਰਿੰਸੀਪਲ ਕਹਿਣ ਲੱਗਾ, ਜੇ ਹੈਨੀ ਰਿਕਾਰਡ, ਤਾਂ ਭੇਜ ਦਿਉ ਫੀਸ ਇਹਦੀ। ਉਧਰ, ਇਹਨੇ ਪਹਿਲਾਂ ਹੀ ਪੋਸਟ ਕਾਰਡ ਲਿਖਿਆ ਕਿ ਮੇਰੇ ਲੈਕਚਰ ਸ਼ੌਰਟ ਹਨ, ਮੈਂ ਇਮਤਿਹਾਨ 'ਚ ਤਾਂ ਬੈਠ ਨਹੀਂ ਸਕਦਾ, ਇਸ ਕਰ ਕੇ ਪਿੰਡ ਜਾਨਾਂ...ਤੇ ਪਿੰਡ ਚਲਾ ਗਿਆ।

**ਸਵਾਲ:** ਤੁਸੀਂ ਪਿਛੋਂ ਹੀ ਸਾਰਾ ਕੰਮ ਕਰਾ'ਤਾ।

**ਜਵਾਬ:** ਹੋਰ! ਪਿਛੋਂ ਹੀ ਸਾਰਾ ਕੰਮ ਕਰ ਕੇ, ਫੀਸ ਭਰ ਕੇ ਚਿੱਠੀ ਪਾ'ਤੀ, ਬਈ ਆ ਜਾ, ਤੇ ਆ ਕੇ ਇਮਤਿਹਾਨ 'ਚ ਬਹਿ ਜਾ। ਫਿਰ ਇਹਨੇ ਇਮਤਿਹਾਨ ਦਿੱਤਾ ਤੇ ਅੱਵਲ ਰਿਹਾ। ਇਸ ਤੋਂ ਬਾਅਦ ਮੈਨੂੰ ਭਰੋਸਾ ਹੋ ਗਿਆ ਕਿ ਇਹ ਜ਼ਿੰਦਗੀ 'ਚ ਕਦੇ ਮਾਰ ਨਹੀਂ ਖਾਂਦਾ। ਫਿਰ ਇਹ ਬਾਹਰ ਚਲਾ ਗਿਆ, ਪਰ ਸੰਪਰਕ ਰਿਹਾ। ਮੈਨੂੰ ਇਨ੍ਹਾਂ 'ਤੇ ਮਾਣ ਐ। ਇਕ ਵਾਰ ਮੇਰਾ ਬੇਟਾ ਕਹਿਣ ਲੱਗਾ, ਮਾਂ, ਮੈਂ 'ਕੱਲਾ ਆਂ, ਨਾ ਕੋਈ ਭੈਣ ਐ ਤੇ ਨਾ ਭਾਈ। ਮੈਂ ਕਿਹਾ, ਮੈਨੂੰ ਆਵਦੇ ਵਿਦਿਆਰਥੀਆਂ 'ਤੇ ਬੜਾ ਮਾਣ ਐ, ਜਿਥੇ-ਜਿਥੇ ਵੀ ਬੈਠੇ ਨੇ, ਤੂੰ ਇਕ ਵਾਰ ਹਾਕ ਮਾਰ ਕੇ ਵੇਖ ਲੀਂ, ਇੰਨੀ ਛੇਤੀ ਕੋਈ ਭੈਣ-ਭਾਈ ਨੀ ਪਹੁੰਚਦਾ, ਜਿੰਨੀ ਛੇਤੀ ਉਹ ਪਹੁੰਚਣਗੇ।

**ਸਵਾਲ:** ਸਾਰੇ ਭੂਤ ਹੀ ਤੁਹਾਡੇ ਨੇੜੇ ਸਨ?

**ਜਵਾਬ:** ਇਹ ਸਾਰਾ ਗਰੁੱਪ ਹੀ ਸੀ ਤੇ ਸਾਰੇ ਮੈਨੂੰ ਆਵਦੇ ਹੀ ਲੱਗਦੇ ਸੀਗੇ। ਮੇਰੇ ਘਰਦੇ ਕਈ ਵਾਰ ਗਿਲਾ ਵੀ ਕਰਦੇ, ਇਹਨੂੰ ਆਪਣੇ ਬਿਗਾਨਿਆਂ 'ਚ ਫਰਕ ਹੀ ਪਤਾ ਨਹੀਂ ਲੱਗਦਾ। ਇਕ ਵਾਰ ਦੀ ਗੱਲ ਦਸਦੀ ਆਂ, ਅੱਜ ਦੇ ਵਿਦਿਆਰਥੀ ਤਾਂ ਕਲਪਨਾ ਵੀ ਨਹੀਂ ਕਰ ਸਕਦੇ। ਮੇਰੀ ਚੱਪਲ ਟੁੱਟ'ਗੀ। ਮੈਂ ਕਿਹਾ, ਆਹੀ ਚੱਪਲ ਮੈਨੂੰ ਚੰਗੀ ਲਗਦੀ ਸੀ ਤੇ ਆਹੀ ਟੁੱਟ'ਗੀ। ਨਵਤੇਜ ਕਹਿਣ ਲੱਗਾ, ਮੈਂ ਗਠਾ ਲਿਆਉਨੈਂ...ਭੱਜ ਕੇ। ਦੂਸਰਾ ਕਹਿੰਦਾ, ਬੇਜੀ, ਚੱਲੇ ਤਾਂ ਹਾਂ, ਹੋਰ ਵੀ ਜੇ ਕੋਈ ਟੁੱਟੀ ਭੱਜੀ ਚੀਜ਼ ਹੈਗੀ, ਉਹ ਵੀ ਕੱਢ ਦਿਉ...ਇਸ ਤਰ੍ਹਾਂ ਦੇ ਸਨ ਇਹ।

**ਸਵਾਲ:** ਘਰ ਦੇ ਮੈਂਬਰਾਂ ਵਾਂਗੂੰ?

**ਜਵਾਬ:** ਹਾਂ। ਬੱਸ ਕਦੇ ਇਨ੍ਹਾਂ ਕਹਿਣਾ, ਦੀਦੀ, ਅੰਬਾਲੇ ਫਿਲਮ ਲੱਗੀ ਐ ਰੇਅ ਦੀ...ਇੱਕ ਭੂਤ ਨੂੰ ਅਸੀਂ ਪਹਿਲਾਂ ਭੇਜ'ਤਾ, ਬਈ ਲਾਈਨ 'ਚ ਵਾਰੀ ਲੈ ਲਾ, ਤੇ ਅਸੀਂ ਦੀਦੀ ਤੋਂ ਟਿਕਟਾਂ ਲਈ ਪੈਸੇ ਲੈ ਕੇ ਆਏ। ਮੈਂ ਕਹਿਣਾ, ਚੰਗਾ! ਲੈ ਲੋ, ਪਰ ਪੈਸੇ ਤੁਹਾਨੂੰ ਮੂਹਰਲੀਆਂ ਕਤਾਰਾਂ ਵਿਚ ਬੈਠਣ ਲਈ ਹੀ ਦਿਊਂਗੀ। ਇੰਜ ਹੀ ਇਨ੍ਹਾਂ ਨੂੰ ਕਿਤੇ ਨਵੀਂ ਕਿਤਾਬ ਨਜ਼ਰ ਪੈ ਜਾਣੀ। ਇਨ੍ਹਾਂ ਪੈਸੇ ਪੂਸੇ ਲੈ ਕੇ ਕਿਤਾਬ ਖਰੀਦ ਲੈਣੀ, ਫਿਰ ਭੂਤਵਾੜੇ 'ਚ ਬੈਠ ਕੇ ਪੜ੍ਹਨੀ। ਬਾਅਦ 'ਚ ਮੈਨੂੰ ਦੇ ਜਾਂਦੇ, ਕਹਿੰਦੇ, ਦੀਦੀ! ਤੁਸੀਂ ਵੀ ਪੜ੍ਹ ਲੋ, ਬਹੁਤ ਅੱਛੀ ਐ। ਮੈਨੂੰ ਉਰਦੂ ਨਹੀਂ ਸੀ ਆਉਂਦੀ। ਕੁਰਤੁਲ ਐਨ ਹੈਦਰ ਦਾ ਨਾਵਲ 'ਆਗ ਕਾ ਦਰਿਆ' ਮੇਰੇ ਘਰ ਬੈਠ ਕੇ ਸਭਾ ਲਾ ਕੇ ਪੜ੍ਹਿਆ ਗਿਆ ਸੀ।

**ਸਵਾਲ:** ਤੁਸੀਂ ਕਿਹੈ ਕਿ ਕੋਈ ਟਾਂਵਾਂ-ਟਾਂਵਾਂ ਭੂਤ ਆਪਣੇ ਵੇਲਿਆਂ 'ਚ ਖਲੋ ਗਿਆ ਪ੍ਰਤੀਤ ਹੁੰਦੈ...ਇਹ ਟਾਂਵਾਂ-ਟਾਂਵਾਂ ਭੂਤ ਕਿਹੜਾ ਹੈ?

**ਜਵਾਬ:** ਜਿਵੇਂ (ਸਵਰਗੀ) ਗੁਰਭਗਤ। ਉਹ ਅਜੇ ਵੀ ਓਨਾ ਈ ਪੜ੍ਹਦੈ, ਓਨਾ ਹੀ ਸੋਚਦੈ, ਉਹੀ ਸੁਭਾਅ ਐ। ਜਾਂ ਫਿਰ ਜਿਵੇਂ ਹਰਬੰਸ ਬਰਾੜ ਸੀ, ਉਹਦੀ ਮੌਤ ਹੋਗੀ, ਉਹ ਤਾਂ ਫਿਰ ਗਾਹਾਂ ਤੁਰਿਆ ਈ ਨਹੀਂ, ਉਥੇ ਈ ਰਹਿ ਗਿਆ। ਇਨ੍ਹਾਂ ਸਾਰਿਆਂ ਦੀਆਂ ਆਪੋ-ਆਪਣੀਆਂ ਕਹਾਣੀਆਂ। ਗੁਰਭਗਤ ਨੂੰ ਨੌਕਰੀ ਮਿਲ'ਗੀ, ਜਦੋਂ ਕਿਸੇ ਨੇ ਇੰਟਰਵਿਊ 'ਤੇ ਜਾਣਾ ਹੁੰਦਾ, ਕਿਸੇ ਦੀ ਪੱਗ, ਕਿਸੇ ਦਾ ਕੋਟ ਤੇ ਕਿਸੇ ਦੀ ਟਾਈ, ਕਿਸੇ ਦੇ ਬੂਟ...ਤੇ ਕਿਰਾਇਆ ਗੁਰਭਗਤ ਤੋਂ ਲੈ ਕੇ...। ਇਕ ਦਿਨ ਕਿਸੇ ਨੂੰ 50 ਰੁਪਏ ਦਾ ਇਨਾਮ ਮਿਲਿਆ; ਕਹਿੰਦੇ, ਅੱਜ ਐਸ਼ ਕਰਨੀ ਐ। ਪ੍ਰਸ਼ਾਦ

***(ਬਾਕੀ ਅਗਲੇ ਸਫੇ 'ਤੇ)***

ਬਣਾਇਆ। ਹਰਬੰਸ ਬੜਾ ਕਮਜ਼ੋਰ ਜਿਹਾ ਸੀ ਤੇ ਲੁਕੋ ਕੇ ਵਿਟਾਮਿਨ ਦੀਆਂ ਗੋਲੀਆਂ ਰੱਖਦਾ ਹੁੰਦਾ ਸੀ, ਉਹ ਗੋਲੀਆਂ ਵੀ ਵਿਚੇ ਪਾ ਲਈਆਂ। ਫਿਰ ਕਹਿੰਦੇ, ਅੱਜ ਆਪਾਂ ਸੇਬਾਂ ਦੀ ਸਬਜ਼ੀ ਬਣਾਵਾਂਗੇ। ਹਰਬੰਸ ਆਪਣੇ ਕੱਪੜਿਆਂ ਦੀਆਂ ਤਹਿਆਂ 'ਚ ਪੈਸੇ ਲੁਕੋ ਕੇ ਰੱਖਦਾ ਹੁੰਦਾ ਸੀ, ਇਕ ਦਿਨ ਉਹ ਵੀ ਕੱਢ ਕੇ ਖਰਚ'ਗੇ। ਜਦੋਂ ਉਹਨੇ ਰੌਲਾ ਪਾਇਆ, ਸਾਰੇ ਕਹਿਣ ਲੱਗੇ, ਤੂੰ ਤਾਂ ਕਹਿੰਦਾ ਸੀ, ਹੈਨੀ ਪੈਸੇ ਮੇਰੇ ਕੋਲ, ਹੁਣ ਕਿਥੋਂ ਆ'ਗੇ?

**ਸਵਾਲ:** ਤੁਹਾਡਾ ਵਿਚਾਰ ਐ, ਸਾਹਿਤ ਦਾ ਆਧਾਰ ਵਿਚਾਰਧਾਰਾ ਨਹੀਂ ਹੋਣੀ ਚਾਹੀਦੀ, ਸਗੋਂ ਜ਼ਿੰਦਗੀ ਦੇ ਮੂਲ ਤੱਤ ਹੋਣੇ ਚਾਹੀਦੇ ਐ, ਜ਼ਿੰਦਗੀ ਦਾ ਸੱਚ ਹੋਣਾ ਚਾਹੀਦਾ ਹੈ?

**ਜਵਾਬ:** ਸਿਰਫ਼ ਵਿਚਾਰਧਾਰਾ ਭਾਰੂ ਨਹੀਂ ਹੋਣੀ ਚਾਹੀਦੀ। ਵਿਚਾਰਧਾਰਾ ਕਿਸੇ ਵਕਤ ਦੀ ਹੁੰਦੀ ਐ, ਵਕਤ ਲੰਘਣ ਮਗਰੋਂ ਪਿਛਾਂਹ ਰਹਿ ਜਾਂਦੀ ਹੈ। ਮੂਲ ਤੱਤ ਉਹੀ ਰਹਿੰਦੇ ਨੇ; ਇਸ ਕਰ ਕੇ ਉਹ ਜ਼ਿਆਦਾ ਮਹੱਤਵਪੂਰਨ ਐ। ਬੰਦੇ ਨੂੰ ਅੱਗੇ ਵਧਣਾ ਚਾਹੀਦੈ। ਕਈਂ ਉਥੇ ਹੀ ਖਲੋ ਜਾਂਦੇ ਐ। ਵਰ੍ਹਿਆਂ 'ਚ ਲੰਘੀ ਜਾਂਦੇ ਐ, ਪਰ ਮਾਨਸਿਕ ਪੱਖੋਂ ਉਥੇ ਹੀ ਖੜ੍ਹ ਜਾਂਦੇ ਐ। ਕਈਆਂ ਦੇ ਵੱਸ ਵੀ ਨਹੀਂ ਹੁੰਦਾ। ਹੁਣ ਮੈਂ ਅੰਮ੍ਰਿਤਾ ਦੀ ਪ੍ਰਸ਼ੰਸਕ ਆਂ; ਇਸ ਕਰ ਕੇ ਕਿ ਉਹਨੇ ਕੰਮ ਬਹੁਤ ਕੀਤਾ; ਦੂਜੇ ਪਾਸੇ ਮੈਂ ਇਹ ਵੀ ਕਹਿਨੀ ਆਂ ਕਿ ਚਲੋ ਉਹਨੇ ਬਗਾਵਤ ਦੀ ਗੱਲ ਵੀ ਕੀਤੀ ਕਿ ਔਰਤ ਨੂੰ ਬਗਾਵਤ ਕਰਨੀ ਚਾਹੀਦੀ ਹੈ, ਪਰ 60 ਸਾਲ ਦੀ ਉਮਰ 'ਚ ਜਾ ਕੇ ਉਹ ਹਸਤ ਰੇਖਾ, ਤਾਰਿਆਂ ਦੇ ਗ੍ਰਹਿ...ਇਨ੍ਹਾਂ ਕੰਮਾਂ 'ਚ ਪੈਗੀ। ਜੇ ਤੁਹਾਡੀ ਤਕਦੀਰ ਪਹਿਲਾਂ ਹੀ ਤੈਅ ਹੈ, ਪਹਿਲਾਂ ਹੀ ਲਿਖੀ ਹੋਈ ਐ, ਤੁਹਾਡੇ ਗ੍ਰਹਿਆਂ 'ਚ ਪਹਿਲਾਂ ਈ ਐ, ਫਿਰ ਤੁਸੀਂ ਕਾਹਦੀ ਬਗਾਵਤ ਕੀਤੀ?

**ਸਵਾਲ:** ਪ੍ਰੋ. ਪ੍ਰੀਤਮ ਸਿੰਘ ਬਾਰੇ ਦੱਸੋ?

**ਜਵਾਬ:** ਭੂਤਵਾੜੇ ਦੇ ਸਾਹਮਣੇ ਪ੍ਰੋ. ਪ੍ਰੀਤਮ ਸਿੰਘ ਰਹਿੰਦੇ ਸੀਗੇ। ਉਹ ਹਰ ਸਵਾਲ ਦਾ ਜਵਾਬ ਸੀਗੇ; ਨਾ ਘਬਰਾਂਦੇ, ਨਾ ਮੂੰਹ ਰੱਖਣ ਦੀਆਂ ਗੱਲਾਂ ਕਰਦੇ, ਸੱਚੀ ਗੱਲ ਕਹਿ ਦੇਣੀ। ਉਨ੍ਹਾਂ ਦੀ ਛਤਰ-ਛਾਇਆ ਮਿਲਣੀ ਵੱਡੀ ਗੱਲ ਸੀ। ਨਵਤੇਜ ਉਨ੍ਹਾਂ ਨਾਲ ਇਸੇ ਕਰ ਕੇ ਜੁੜਿਆ ਹੋਇਆ ਸੀ, ਤੇ ਕਹਿੰਦਾ ਸੀ ਕਿ ਉਨ੍ਹਾਂ ਦੇ ਘਰ ਨੂੰ ਜੰਦਰਾ ਲੱਗਾ ਦੇਖ ਕੇ ਬੜੇ ਹੌਲ ਪਏ। ਉਨ੍ਹਾਂ 'ਤੇ ਮੈਂ ਲੇਖ ਲਿਖਿਆ ਸੀ, 'ਮਹਾਂ ਭੂਤ'। ਇਹ ਮੇਰੀ ਕਿਤਾਬ 'ਜਿਉਣ ਜੋਗੇ' ਵਿਚ ਛਪਿਐ। ਉਹ ਇਨ੍ਹਾਂ ਭੂਤਾਂ ਦੇ ਵੀ 'ਗਾਹਾਂ ਸਿਰਜਕ ਸੀ; ਸਾਰਾ ਟਾਈਮ ਪੜ੍ਹਨਾ-ਲਿਖਣਾ ਤੇ ਵਿਦਵਤਾ ਦੀਆਂ ਗੱਲਾਂ ਕਰਨੀਆਂ।

**ਸਵਾਲ:** ਤੁਹਾਡੇ ਖਿਆਲ ਵਿਚ ਮਿੱਥ ਤੇ ਯਥਾਰਥ ਦਾ ਕੀ ਰਿਸ਼ਤੈ?

**ਜਵਾਬ:** ਸਿੰਬਲ ਦਾ ਈ ਐ। ਯਥਾਰਥ ਨੂੰ ਸਿੰਬੋਲੀਕਲੀ ਪੇਸ਼ ਕਰੋ, ਉਹ ਮਿਥਕ ਬਣ ਜਾਂਦੈ।

**ਸਵਾਲ:** ਜਦੋਂ ਕਵੀ ਕਵਿਤਾ 'ਚ ਮਿੱਥ ਵਰਤਦੈ, ਤਾਂ ਮਿੱਥ ਦੀ ਆਵਦੇ ਸ਼ਬਦਾਂ 'ਚ ਵਿਆਖਿਆ ਮਹਤਵਪੂਰਨ ਐ ਜਾਂ ਉਸ ਦਾ ਰੂਪਾਂਤਰਣ?

**ਜਵਾਬ:** ਇਹ ਤਾਂ ਕਵੀ ਦੀ ਸਮਰਥਾ 'ਤੇ ਨਿਰਭਰ ਕਰਦੈ ਕਿ ਮਿੱਥ ਨੂੰ ਉਵੇਂ ਵਰਤਦੈ ਕਿ ਰੂਪਾਂਤਰਣ ਕਰਦੈ।

**ਸਵਾਲ:** ਵੱਡਾ ਕੀ ਹੋਇਆ...ਵਿਆਖਿਆ ਕਿ ਰੂਪਾਂਤਰਣ?

**ਜਵਾਬ:** ਰੂਪਾਂਤਰਣ ਥੋੜ੍ਹਾ ਮੁਸ਼ਕਿਲ ਐ, ਇਸ ਲਈ ਉਹੀ ਵੱਡੈ।

**ਸਵਾਲ:** ਕਈ ਵਾਰੀ ਮਿੱਥਾਂ ਨੂੰ ਅਸਲੀਅਤ ਸਮਝ ਕੇ, ਔਰਤਾਂ ਨਾਲ ਵਿਤਕਰਾ ਕੀਤਾ ਜਾਂਦੈ, ਜਿਵੇਂ ਕਿਹਾ ਜਾਂਦੈ ਕਿ ਆਹ ਤੇਰੇ ਲਈ ਲਛਮਣ ਰੇਖਾ ਖਿੱਚ'ਤੀ, ਤੂੰ ਪਾਰ ਨਹੀਂ ਕਰਨੀ, ਤੁਹਾਡਾ ਕੀ ਵਿਚਾਰ ਐ?

**ਜਵਾਬ:** ਉਪਨਿਸ਼ਦ 'ਚ ਇਕ ਕਥਾ ਐ, ਬੱਚਾ (ਸਤਿਆ ਕਾਂਤ) ਗੁਰੂ ਕੋਲ ਗਿਆ ਤੇ ਕਹਿੰਦਾ, ਮੈਨੂੰ ਸਿੱਖਿਆ ਦਿਓ। ਗੁਰੂ ਕਹਿੰਦੇ, ਬਈ ਤੇਰਾ ਗੋਤਰ ਕੀ ਐ? ਬੱਚਾ ਕਹਿੰਦਾ, ਮੇਰੀ ਮਾਂ ਕਈ ਘਰਾਂ 'ਚ ਕੰਮ ਕਰਦੀ ਐ, ਉਹਨੂੰ ਨਹੀਂ ਪਤਾ, ਬਈ ਮੇਰਾ ਬਾਪ ਕੌਣ ਐ? ਰਿਸ਼ੀ ਉਹਨੂੰ ਕਹਿੰਦਾ, ਤੇਰੇ 'ਚ ਸੱਚ ਬੋਲਣ ਦੀ ਜੋ ਸਮਰੱਥਾ ਐ, ਇਹਦਾ ਮਤਲਬ ਐ, ਤੂੰ ਬ੍ਰਾਹਮਣ ਦਾ ਪੁੱਤਰ ਈ ਐਂ। ਹੁਣ ਇਥੇ ਮੁੱਕ ਗਈ ਇਹ ਕਥਾ। ਬ੍ਰਾਹਮਣ ਬ੍ਰਹਮ ਤੱਕ ਪਹੁੰਚੀ ਹੋਈ ਜਾਤੀ ਸੀਗੀ, ਬਈ ਉਹ ਸੱਚ ਬੋਲਦਾ ਸੀ। ਇਹਦੇ ਨਾਲ ਜਿਹੜੀ ਗੱਲ ਛੱਡ ਗਿਆ ਲੇਖਕ ਪਾਠਕਾਂ 'ਤੇ, ਉਹ ਸੀ, ਬਈ ਬ੍ਰਾਹਮਣ ਵੀ ਗਿਰਦੇ ਸੀ, ਇਸ ਕਰ ਕੇ ਉਹਦੇ ਬਾਪ ਦਾ ਨਾਉਂ ਨਹੀਂ ਪਤਾ, ਇਸ ਕਰ ਕੇ ਮਿੱਥ ਨੂੰ ਸਾਨੂੰ ਤਿਰਛੀ ਨਜ਼ਰ ਨਾਲ ਦੇਖਣਾ ਚਾਹੀਦੈ।

**ਸਵਾਲ:** ਪਰਵਾਸ ਬਾਰੇ ਕੀ ਸੋਚਦੇ ਓ?

**ਜਵਾਬ:** ਇਸ ਬਾਰੇ ਤਾਂ ਗੁਰਬਾਣੀ ਕਹਿੰਦੀ ਹੈ, "ਮਨ ਪਰਦੇਸੀ ਜੇ ਥੀਆ ਸਭ ਦੇਸ ਪਰਾਇਆ।" ਇਥੇ ਬੈਠੇ ਵੀ ਤੁਸੀਂ ਪਰਦੇਸੀ ਹੋ ਸਕਦੇ ਓ।

**ਸਵਾਲ:** ਹੁਣ ਸਾਹਿਤਕਾਰ ਸਾਹਿਤ ਵੱਲ ਘੱਟ ਤੇ ਇਹਦੀ ਸਿਆਸਤ ਵੱਲ ਵੱਧ ਰੁਚਿਤ ਨੇ।

**ਜਵਾਬ:** ਮੈਂ ਇਕ ਬੰਦੇ ਨੂੰ ਇਹ ਟੌਪਿਕ ਦਿੱਤਾ ਸੀ ਕਿ ਲੇਖਕਾਂ ਨਾਲ ਇੰਟਰਵਿਊ ਕਰਕੇ ਇਹ ਲਿਖ, ਕਿ ਤੁਸੀਂ ਸਾਹਿਤ ਕਿਉਂ ਲਿਖਦੇ ਓ? ਕਿਉਂਕਿ ਲਿਖਣ ਵਾਲਿਆਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਲਿਖਦੇ ਕਿਉਂ ਨੇ? ਕਿਸੇ ਨੇ ਕਿਹਾ ਹੈ, ਪੰਜਾਬੀ ਦੇ ਲੇਖਕ ਲਿਖਦੇ ਬਹੁਤ ਜ਼ਿਆਦਾ ਨੇ, ਪੜ੍ਹਦੇ ਬਹੁਤ ਘੱਟ, ਤੇ ਸੋਚਦੇ ਬਿਲਕੁਲ ਹੀ ਨਹੀਂ। ਪਤਾ ਹੀ ਨਹੀਂ, ਬਈ ਲਿਖਦੇ ਕਿਉਂ ਨੇ! ਫਿਰ ਇਹੀ ਰਹਿ ਜਾਂਦੈ ਕਿ ਆਪੇ ਕਿਤਾਬ ਲਿਖ ਕੇ ਆਪੇ ਭੂਮਿਕਾ ਲਿਖਾ ਲਈ ਆਪਣੇ ਕਿਸੇ ਦੋਸਤ ਮਿੱਤਰ ਤੋਂ, ਆਪੇ ਹੀ ਰਿਲੀਜ਼ ਕਰਵਾ ਲਈ, ਫਿਰ ਇਨਾਮਾਂ ਮਗਰ ਭੱਜ'ਲੇ, ਉਹਦੇ 'ਤੇ ਕੋਈ ਤਰੱਕੀ ਮਿਲਦੀ ਹੋਈ, ਉਹ ਲੈ ਲਈ, ਜਾਂ ਦੋਸਤਾਂ ਮਿੱਤਰਾਂ 'ਚ ਆਪਣੇ ਆਪ ਨੂੰ ਵੱਡਾ ਸਮਝਣ ਲੱਗ ਪਏ।

**ਸਵਾਲ:** ਤੁਹਾਨੂੰ ਨਹੀਂ ਲਗਦਾ ਕਿ ਇਹ ਖਾਸ ਤਰ੍ਹਾਂ ਦੇ ਪੰਜਾਬੀ ਲੇਖਕ, ਜਿਹੜੇ ਲਿਖਦੇ ਬਹੁਤ ਜ਼ਿਆਦਾ ਤੇ ਪੜ੍ਹਦੇ ਬਹੁਤ ਘੱਟ ਐ, ਉਹ ਉਪਰਲੀ ਪਰਤ ਬਣਾ ਲੈਂਦੇ ਐ, ਗੈਲਰੀ ਟਾਈਪ। ਇਹਦੇ ਨਾਲ ਅੱਛਾ ਲੇਖਕ ਕਿਤੇ ਦਬ ਜਾਂਦੈ ਹੈ, ਤੇ ਕਈ ਵਾਰ ਲਿਖਣਾ ਵੀ ਛਡ ਦਿੰਦੈ। ਅਸੀਂ ਕੁਝ ਇੰਟਰਵਿਊ ਕੀਤੀਆਂ, ਅਜਿਹੇ ਸ਼ਖਸ ਵੀ ਮਿਲੇ ਜੋ ਬੁਨਿਆਦੀ ਤੌਰ 'ਤੇ ਠੀਕ ਹਨ, ਪਰ ਹੁਣ ਉਨ੍ਹਾਂ ਨੇ ਕਲਮ ਨਾਲੋਂ ਨਾਤਾ ਬਿਲਕੁਲ ਤੋੜ ਲਿਐ, ਇਸੇ ਪਰਤ ਕਰ ਕੇ। ਤੁਸੀਂ ਨਹੀਂ ਸਮਝਦੇ ਕਿ ਇਹ ਸਭ ਟੁੱਟਣਾ ਚਾਹੀਦੈ?

**ਜਵਾਬ:** ਮੈਂ ਕਹਿਨੀ ਆਂ, ਸਾਹਿਤ ਦਾ ਮੁੱਲ 100 ਸਾਲ ਬਾਅਦ ਪੈਂਦੈ। ਜਿਸ ਨੇ ਇਜਾਰੇਦਾਰੀ ਬਣਾ ਲਈ ਐ, ਉਹ ਆਪੇ ਈ ਸਮੇਂ ਨਾਲ ਝੜ ਜਾਣੈ, ਤੁਹਾਡੀ ਲਗਨ ਨਹੀਂ ਟੁੱਟਣੀ ਚਾਹੀਦੀ। ਤੁਸੀਂ ਉਨ੍ਹਾਂ ਲਈ ਥੋੜ੍ਹੋ ਲਿਖ ਰਹੇ ਓ!

**ਸਵਾਲ:** ਅਸੀਂ ਪ੍ਰੇਮ ਪਾਲੀ ਦੀ ਇੰਟਰਵਿਊ ਕੀਤੀ। ਉਹ ਕਹਿਣ ਲੱਗੇ, ਮੈਂ ਨਹੀਂ ਅੱਜ ਕੱਲ੍ਹ ਲਿਖਦਾ। ਅਸੀਂ ਕਿਹਾ ਕਿ ਤੁਸੀਂ ਲਿਖੋ, ਤੁਹਾਡੇ ਲੇਖ ਅੱਛੇ ਹੁੰਦੇ ਆ। ਉਹ ਵੀ ਭੂਤਵਾੜੇ 'ਚ ਹੀ ਸੀਗੇ। ਇਹ ਤਾਂ ਸਾਡੀ ਜਾਣਕਾਰੀ ਵਿਚ ਆ ਗਏ, ਅਜਿਹੇ



ਵੀ ਹੋਣਗੇ ਜੋ ਧਿਆਨ ਵਿਚ ਨਾ ਆਏ ਹੋਣ।

**ਜਵਾਬ:** ਦੇਖੋ, ਕਿੰਨੇ ਵੀ ਵੱਡੇ ਹੋਣ, ਕੁਝ ਕਰ ਲੈਣ, ਵਕਤ ਸਭ ਕਾਸੇ 'ਤੇ ਹੂੰਝਾ ਫੇਰ ਦਿੰਦੈ। ਸੋ ਜਿਹੜੇ ਸਾਨੂੰ ਲਗਦੈ ਕਿ ਅੱਜ ਛਾਏ ਹੋਏ ਐ, ਉਹ ਉਨ੍ਹਾਂ ਦੇ ਕਰਮ ਨੇ। ਮੈਂ ਲਿਖਿਆ ਸੀ, 'ਸਤਿਯੁਗ ਤੇ ਕਲਯੁਗ ਕਾਲ ਖੰਡਾਂ ਦੇ ਨਾਂ ਨਹੀਂ, ਮਨੋਸਥਿਤੀਆਂ ਦੇ ਨਾਂ ਨੇ' ਕਿਉਂਕਿ ਰਾਮ ਚੰਦਰ ਵੇਲੇ ਵੀ ਰਾਵਣ ਹੋਇਆ ਤੇ ਕਲਯੁਗ ਵੇਲੇ ਵੀ ਗੁਰੂ ਨਾਨਕ ਹੋਇਐ। ਸੋ ਇਹ ਮਨੋਸਥਿਤੀਆਂ ਨੇ। ਕਲਯੁਗ ਵਿਚ ਵੀ ਸਤਿਯੁਗੀ ਬੰਦੇ ਹੋ ਸਕਦੇ ਨੇ ਤੇ ਸਤਿਯੁਗ 'ਚ ਵੀ ਕਲਯੁਗੀ ਬੰਦੇ। ਇੰਜ ਜੋ ਵੀ ਸਾਡੇ ਲੇਖਕ ਹੈਗੇ, ਉਨ੍ਹਾਂ ਆਪਣੀ ਮਨੋਸਥਿਤੀ ਅਨੁਸਾਰ ਲਿਖਣੈਂ। ਡਾਰਵਿਨ ਆਖਦੈ, ਬੰਦਾ ਵਿਕਾਸ ਦੀ ਪੌੜੀ ਚੜ੍ਹਦਾ ਇਥੇ ਤੱਕ ਪਹੁੰਚਿਐ।

**ਸਵਾਲ:** ਆਪਣੇ ਕੋਲ ਤਾਂ ਮਿਸਾਲ ਵੀ ਹੈਗੀ ਐ, ਅਮਰੀਕਾ ਜਾਂ ਜਿਹੜੇ ਹੋਰ ਮੁਲਕ ਨੇ, ਉਹ ਸਾਥੋਂ 2-2 ਸੌ ਸਾਲ ਅੱਗੇ ਹਨ ਤੇ ਜਿਹੜੀਆਂ ਚੀਜ਼ਾਂ ਅਸੀਂ ਅੱਜ ਬੜੇ ਫ਼ਖ਼ਰ ਨਾਲ ਵਰਤ ਰਹੇ ਆਂ, ਉਹ ਚੀਜ਼ਾਂ ਉਹ ਵਰਤ ਕੇ ਸੁੱਟ ਚੁੱਕੇ ਐ।

**ਜਵਾਬ:** ਪਰ ਇਹਦੇ 'ਚ ਇਕ ਫਰਕ ਐ, ਜਿਨ੍ਹਾਂ ਨੂੰ ਅਸੀਂ ਅੱਗੇ ਮੰਨਦੇ ਆਂ, ਉਨ੍ਹਾਂ ਦੇ ਸਭ ਹਾਸਲ ਦੇਹ ਲਈ ਨੇ। ਉਮਰ ਲੰਮੀ ਕਰਨ ਲਈ ਡਾਕਟਰੀ ਮਦਦ ਹੋਗੀ, ਵਧੀਆ ਹਸਪਤਾਲ ਹੋਗੇ, ਵਧੀਆ ਕਾਰਾਂ ਹੋਗੀਆਂ; ਇਹ ਸਰੀਰਕ ਸੁੱਖਾਂ ਦੀ ਗੱਲ ਐ। ਸਾਡੇ ਸ਼ੁਰੂ ਤੋਂ ਹੀ ਕਹਿੰਦੇ ਐ ਕਿ ਦੇਹ ਤਾਂ ਤੁਹਾਡੇ ਕਰਮਾਂ ਧਰਮਾਂ ਦਾ ਸਾਧਨ ਐ। ਆਪਣੇ ਆਪ ਵਿਚ ਕੋਈ ਅਖੀਰ ਨਹੀਂ, ਤੇ ਅਸੀਂ ਅੱਗੇ ਆਂ ਉਨ੍ਹਾਂ ਨਾਲੋਂ। ਉਹ ਕਹਿੰਦੇ ਐ, ਸਾਡਾ ਇਹ ਨੋਬੇਲ ਅਵਾਰਡ ਜੇਤੂ ਲੇਖਕ ਕਹਿੰਦੇ ਕਿ ਮੈਂ ਕੌਣ ਆਂ! ਮੈਂ ਕਿਹਾ, ਸਾਡਾ ਤਾਂ ਫਲਸਫਾ ਸ਼ੁਰੂ ਹੀ ਇਥੋਂ ਹੁੰਦੈ। ਉਹ ਪਦਾਰਥਕ ਪੱਖੋਂ ਅੱਗੇ ਸੀਗੇ, ਅਸੀਂ ਅਧਿਆਤਮਿਕ ਪੱਖ ਤੋਂ ਅੱਗੇ ਸੀ, ਪਰ ਹੁਣ ਅਸੀਂ ਕਿਸੇ ਪਾਸੇ ਵੀ ਅੱਗੇ ਨਹੀਂ ਰਹੇ।

**ਸਵਾਲ:** ਤੁਸੀਂ ਮਰਦ ਪ੍ਰਧਾਨ ਸਮਾਜ ਵਿਚ ਆਪਣੇ ਲਈ ਜਗ੍ਹਾ ਮੁਕੱਰਰ ਕਰ ਕੇ ਦੱਸ ਦਿੱਤਾ ਕਿ ਔਰਤ ਦਾ ਵੀ ਆਪਣਾ ਮੁਕਾਮ ਹੈ, ਪਿਛਲੀਆਂ ਸਭ ਦੁਸ਼ਵਾਰੀਆਂ, ਲੋਬੀਇੰਗ ਜਾਂ ਲੱਤਾਂ ਖਿੱਚਣ ਦੇ ਬਾਵਜੂਦ ਤੁਸੀਂ ਕਾਇਮ ਰਹੇ। ਤੁਹਾਡੇ ਕੋਲ ਜਿਹੜੇ ਪੜ੍ਹਨ ਵਾਲੇ ਬੱਚੇ ਆਉਂਦੇ ਐ, ਖਾਸ ਕਰ ਕੇ ਕੁੜੀਆਂ, ਕੀ ਤੁਸੀਂ ਆਵਦੇ ਵਰਗਾ ਜਜ਼ਬਾ ਉਨ੍ਹਾਂ ਅੰਦਰ ਭਰਨ ਦੇ ਸਮਰੱਥ ਹੋਏ ਓ? ਤੁਹਾਨੂੰ ਲਗਦੈ ਕਿ ਆਉਣ ਵਾਲੀ ਪੀੜ੍ਹੀ ਤੁਹਾਥੋਂ ਅੱਗੇ ਲੰਘੇਗੀ, ਖਾਸ ਕਰ ਕੇ ਕੁੜੀਆਂ?

**ਜਵਾਬ:** ਪਹਿਲੀ ਗੱਲ ਤਾਂ ਇਹ, ਕਿ ਮੈਂ ਆਵਦੇ-ਆਪ ਨੂੰ ਕੁਝ ਨਹੀਂ ਮੰਨਦੀ। ਮੈਨੂੰ ਇਹੀ ਲਗਦੈ ਕਿ ਮੈਂ ਆਮ ਜਿਹੀ ਔਰਤ ਹਾਂ, ਸਾਰੇ ਫਰਜ਼ ਨਿਭਾਉਨੀ ਆਂ। ਮੈਂ ਬੇਟਾ ਵੀ ਪਾਲਿਐ, ਘਰ ਵੀ ਚਲਾਇਐ, ਅੱਜ ਕਲ੍ਹ ਦੀਆਂ ਕੁੜੀਆਂ ਦੇ ਸਰੋਕਾਰ ਹੀ ਬਦਲ ਗਏ ਨੇ। ਜਿਨ੍ਹਾਂ ਕੁੜੀਆਂ ਨੂੰ ਮੈਂ ਪੜ੍ਹਾਉਂਦੀ ਸਾਂ, ਉਹ ਅੱਜ ਵੀ ਮੇਰੇ ਨਾਲ ਗੱਲਾਂ ਸਾਂਝੀਆਂ ਕਰਦੀਐਂ। ਮੈਂ ਕਹਿੰਦੀ ਹੁੰਦੀ ਸੀ ਕਿ ਕੋਈ ਲੜਕੀ ਜਾਂ ਔਰਤ ਤਿੰਨ ਫਿਕਰਿਆਂ ਦੀ ਮਾਰ ਐ: ਪਹਿਲਾ, ਤੂੰ ਬਹੁਤ ਸੋਹਣੀ ਐਂ, ਮੈਂ ਕਿਹਾ, ਇੰਨਾ ਕੁ ਕਹਿਣ ਨਾਲ ਤੁਹਾਡੀ ਚਾਲ ਕਿਉਂ ਵਿਗੜ ਜਾਂਦੀ ਐ? ਰੋਜ਼ ਸ਼ੀਸ਼ਾ ਨਹੀਂ ਵੇਖਦੀਆਂ? ਦੂਜਾ, ਬਈ ਤੂੰ ਬਹੁਤ ਸਿਆਣੀ ਐਂ! ਸਿਆਣੀ, ਬਈ ਥੋੜੇ ਨੰਬਰ ਹੀ ਦੱਸੀ ਜਾਂਦੇ ਨੇ ਕਿ ਕਿੰਨੀ ਕੁ ਸਿਆਣੀ ਐਂ! ਤੀਜਾ, ਅਗਲਾ ਕਹਿੰਦੈ, ਆਈ ਲਵ ਯੂ, ਤੇ ਤੁਸੀਂ ਉਸੇ ਵਿਚ ਈ ਬੌਂਦਲ ਜਾਂਦੀਆਂ ਓਂ। ਇਹ ਨਹੀਂ ਸੋਚਦੀਆਂ ਕਿ ਕਿਉਂ ਕਿਸ ਮਤਲਬ ਨਾਲ ਕਹਿੰਦੈ? ਫਿਰ ਕਹੂ, ਚਲੋ ਕੈਂਟੀਨ 'ਚ ਚਾਹ ਪੀਣ ਚੱਲੀਏ; ਫਿਰ ਕਹੂ, ਚਲੋ ਸਿਨਮੇ ਚੱਲੀਏ। ਮੇਰੀਆਂ ਵਿਦਿਆਰਥਣਾਂ ਕਹਿੰਦੀਆਂ ਸੀ ਕਿ ਜਦੋਂ ਕੋਈ ਪਹਿਲਾ ਫਿਕਰਾ ਬੋਲਦੈ ਤਾਂ ਸਾਨੂੰ ਹਾਸਾ ਆ ਜਾਂਦੈ।

**ਸਵਾਲ:** ਜਿਨ੍ਹਾਂ ਨੇ ਕੱਲ੍ਹ ਨੂੰ ਅਧਿਆਪਕ ਬਣਨੈਂ, ਤੁਸੀਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਕਿਹੜਾ ਰਾਜ਼ ਦੱਸਣਾ ਚਾਹੋਗੇ?

**ਜਵਾਬ:** ਮੇਰੀ ਸਫ਼ਲਤਾ ਦਾ ਰਾਜ਼ ਤਾਂ ਇਹ ਹੈ ਕਿ ਮੇਰੀ ਮਾਂ ਜਿਹੜੀ ਬਹੁਤ ਭਗਤੀ ਕਰਦੀ ਸੀ, ਬਹੁਤ ਪਾਠ ਕਰਦੀ ਸੀ, ਉਹਨੇ ਮੈਨੂੰ ਕੁਝ ਫਿਕਰੇ ਹੀ ਕਹੇ ਸਨ। ਬਹੁਤ ਘੱਟ ਬੋਲਦੀ ਸੀ। ਇਕ ਤਾਂ ਮੈਨੂੰ ਕਿਹਾ ਸੀ ਕਿ ਅਜਿਹੀ ਕੋਈ ਗੱਲ ਨਹੀਂ ਕਰਨੀ ਜੋ ਕਿਸੇ ਤੋਂ ਲੁਕਾਉਣੀ ਪਵੇ। ਤੁਸੀਂ ਚਾਹੇ ਇਹਨੂੰ ਸੰਸਕਾਰ ਸਮਝ ਲਉ, ਚਾਹੇ ਕੋਈ ਸੀਮਾ ਤੇ ਚਾਹੇ ਮਾਂ ਦੀ ਆਗਿਆ। ਇਕ ਕਿਹਾ ਸੀ ਕਿ ਰੱਬ ਤੇ ਮੌਤ ਨੂੰ ਕਦੇ ਨਹੀਂ ਭੁੱਲਣਾ। ਮੈਂ ਬਚਪਨ ਵਿਚ ਹੀ ਬਹੁਤ ਕੁਝ ਵੇਖਿਆ ਅਮੀਰੀ ਵੀ ਰੱਜ ਕੇ ਵੇਖੀ। ਸੋ ਮੈਨੂੰ ਕੋਈ ਵੀ ਚੀਜ਼ ਕੁਝ ਵੀ ਨਹੀਂ ਲੱਗਦੀ ਸੀ। ਅਸੀਂ ਸ਼ਹਿਰ ਰਹਿੰਦੇ ਸੀ, ਉਦੋਂ ਸਾਡੇ ਕੋਲ ਗੱਡੀ ਨਹੀਂ ਸੀ, ਮੈਂ ਬੱਸ 'ਤੇ ਜਾਂਦੀ ਸਾਂ। ਕਿਸੇ ਕਾਲਜ 'ਚ ਕੋਈ ਫੰਕਸ਼ਨ ਸੀ, ਬਹੁਤ ਸਾਰੇ ਪ੍ਰੋਫੈਸਰ ਤੇ ਵਿਦਿਆਰਥੀ ਵੀ ਇਸ ਵਿਚ ਜਾ ਰਹੇ ਸਨ। ਇਕ ਪ੍ਰੋਫੈਸਰ ਸੀ, ਕਾਫੀ ਦੂਰ ਬੈਠਾ ਮੈਨੂੰ ਕਹਿਣ ਲੱਗਾ, 'ਟਿਵਾਣਾ ਤੁਸੀਂ ਫੰਕਸ਼ਨ ਦੇਖਣ ਜਾ ਰਹੇ ਓ?' ਮੈਂ ਕਿਹਾ, ਨਹੀਂ। ਕਹਿਣ ਲੱਗਾ, 'ਤੁਸੀਂ ਚਲੇ ਚਲੋ, ਰਿਕਸ਼ੇ ਦੇ ਪੈਸੇ ਮੈਂ ਦੇ ਦੂੰਗਾ।' ਮੈਂ ਕਿਹਾ, 'ਥੋਨੂੰ ਪਤੈ, ਮੇਰੇ ਕੈ ਨੰਬਰ ਦੀ ਜੁੱਤੀ ਆਉਂਦੀ ਐ? ਮੈਂ ਇਹ ਸਿਰਫ਼ ਪੈਰ 'ਚ ਨਹੀਂ ਪਾਉਂਦੀ ਹੁੰਦੀ, ਸਿਰ 'ਚ ਵੀ ਮਾਰ ਦਿੰਦੀ ਹੁੰਨੀ ਆਂ।' ਸਾਰੀ ਬੱਸ ਹੀ ਹੱਸ ਪਈ। ਉਦੂੰ ਬਾਅਦ ਕਿਸੇ ਨੇ ਜੁਰਅਤ ਨਹੀਂ ਕੀਤੀ।

**ਸਵਾਲ:** ਆਪਣੇ ਬਾਰੇ ਕੁਝ ਹੋਰ ਕਹੋ?

**ਜਵਾਬ:** ਜਦੋਂ ਅਰਸਤੂ ਨੂੰ ਕਿਸੇ ਨੇ ਕਿਹਾ, ਤੇਰੇ ਤੇ ਲੋਕਾਂ 'ਚ ਕੀ ਫਰਕ ਐ, ਤਾਂ ਕਹਿਣ ਲੱਗਾ, ਮੇਰੇ ਤੇ ਲੋਕਾਂ 'ਚ ਇਹੀ ਫਰਕ ਐ ਕਿ ਮੈਨੂੰ ਪਤੈ ਕਿ ਮੈਨੂੰ ਕੁਝ ਨਹੀਂ ਆਉਂਦਾ; ਇਹ ਤਾਂ ਦੂਜਿਆਂ ਨੂੰ ਐ, ਬਈ ਮੈਨੂੰ ਬੜਾ ਕੁਝ ਆਉਂਦੈ।

**ਸਵਾਲ:** ਪੰਜਾਬੀ 'ਚ ਵਧੀਆ ਲੇਖਕ ਵੀ ਹੈਗੇ ਐ, ਵਧੀਆ ਕਿਤਾਬਾਂ ਵੀ ਹੈਗੀਆਂ, ਤੁਹਾਡੇ ਵਰਗੀਆਂ ਸ਼ਖਸੀਅਤਾਂ ਵੀ ਹੈਗੀਆਂ, ਪਰ ਚੰਗੇ ਪਾਠਕ ਨਹੀਂ। ਕਿਤਾਬਾਂ ਪੜ੍ਹਨ ਦਾ ਰੁਝਾਨ ਘਟ ਰਿਹੈ। ਹੁਣ ਬੱਚੇ ਕਿਤਾਬਾਂ ਪੜ੍ਹਦੇ ਹੀ ਨਹੀਂ!

**ਜਵਾਬ:** ਇਹਦਾ ਦੋਸ਼ ਆਪਾਂ ਬੱਚਿਆਂ ਨੂੰ ਨਹੀਂ ਦੇ ਸਕਦੇ। ਜੇ ਘਰ ਵਿਚ ਕਿਤਾਬਾਂ ਹੋਣ, ਮਾਂ ਪੜ੍ਹ ਰਹੀ ਹੋਵੇ, ਬਾਪ ਪੜ੍ਹ ਰਿਹਾ ਹੋਵੇ, ਮੈਗਜ਼ੀਨ ਆਉਂਦੇ ਹੋਣ; ਬੱਚਾ ਕਦੇ ਨਾ ਕਦੇ ਤਾਂ ਪੜ੍ਹਗਾ ਹੀ। ਪ੍ਰੇਰਨ ਵਾਲੇ ਮਾਪੇ ਚਾਹੀਦੇ ਐ। ਸਾਡਾ ਇੱਕ ਵਿਦਿਆਰਥੀ ਸੀ, ਉਹਨੇ ਐਮ.ਏ. ਅੰਗਰੇਜ਼ੀ 'ਚ ਦਾਖਲਾ ਲਿਆ, ਤੇ ਪੰਜ-ਸੱਤ ਦਿਨਾਂ ਬਾਅਦ ਭੱਜਿਆ-ਭੱਜਿਆ ਆਇਆ ਮੇਰੇ ਕੋਲ; ਕਹਿੰਦਾ, ਦੀਦੀ ਅੰਗਰੇਜ਼ੀ ਵਾਲੇ ਤਾਂ ਜਮਾਂ ਈ ਬੁੱਧੂ ਨੇ, ਜੋ ਕਿਤਾਬਾਂ ਤੁਸੀਂ ਸਾਨੂੰ ਪੜ੍ਹਾਉਂਦੀਆਂ, ਉਨ੍ਹਾਂ ਨੇ ਤਾਂ ਉਹ ਪੜ੍ਹੀਆਂ ਈ ਨੀ ਹੋਈਆਂ। ਮੈਂ ਇਕ ਕਿਤਾਬ ਸੰਪਾਦਤ ਕੀਤੀ ਹੋਈ ਐ, 'ਬਾਬਾਣੀਆਂ ਕਹਾਣੀਆਂ'। ਕੋਰਸ ਵਿਚ ਲੱਗੀ ਹੋਈ ਸੀ। ਕਈ ਟੀਚਰਜ਼ ਦੀਆਂ ਚਿੱਠੀਆਂ ਆਈਆਂ ਕਿ ਇਸ ਦੀ ਭੂਮਿਕਾ ਹਟਾ ਦਿਉ ਕੋਰਸ 'ਚੋਂ, ਔਖੀ ਐ। ਮੈਂ ਕਿਹਾ, ਹਟਾਣੀ ਐ ਤਾਂ ਸਾਰੀ ਕਿਤਾਬ ਈ ਹਟਾ ਦਿਉ, ਭੂਮਿਕਾ ਨਹੀਂ ਹਟਾਉਣੀ। ਮੈਂ ਕਿਹਾ, ਜੇ ਪੜ੍ਹੀ ਹੋਊ ਤਾਂ ਹੀ ਤਾਂ ਤੁਹਾਨੂੰ ਰੈਫਰੈਂਸ ਦਾ ਪਤਾ ਹੋਊ ਕਿ ਇਹ ਕੌਣ ਐ, ਇਹ ਕੌਣ ਐ। ਜਦੋਂ ਟੀਚਰ ਆਪ ਈ ਪੜ੍ਹ ਕੇ ਰਾਜ਼ੀ ਨਹੀਂ, ਉਨ੍ਹਾਂ ਨੇ ਬੱਚਿਆਂ ਨੂੰ ਕੀ ਪ੍ਰੇਰਨਾ ਹੋਇਆ?

-ਅਸਲ ਵਿਚ ਅੱਜ ਕਲ੍ਹ ਬਹੁਤੇ ਲੋਕ ਉਹ ਅਧਿਆਪਕ ਲੱਗੇ ਹੋਏ ਹਨ ਜਿਹੜੇ ਸ਼ੌਕ ਨਾਲ ਅਧਿਆਪਕ ਨਹੀਂ ਬਣੇ, ਸਗੋਂ ਇਸ ਕਰ ਕੇ ਬਣੇ ਐ, ਕਿ ਚਲੋ ਹੋਰ ਕਿਤੇ ਢੋਈ ਨਹੀਂ ਮਿਲੀ, ਅਧਿਆਪਕ ਈ ਬਣ ਜਾਉ।... ਮੁਲਾਕਾਤ ਲਈ ਸਮਾਂ ਕੱਢਣ ਲਈ ਸ਼ੁਕਰੀਆ ਮੈ'ਮ!

---

# ਵਿੱਦਿਆ ਦੇ ਪਾੜੇ ਤੇ ਸ਼ੁਹਰਤਾਂ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਿਗਰੀ ਵੰਡ ਸਮਾਰੋਹ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਜੇ. ਐਸ. ਗਰੇਵਾਲ ਨੂੰ ਗਿਆਨ ਰਤਨ ਅਤੇ ਉਘੇ ਹਾਕੀ ਖਿਡਾਰੀ ਬਲਬੀਰ ਸਿੰਘ ਨੂੰ ਖੇਡ ਰਤਨ ਸਨਮਾਨ ਦਿੱਤਾ ਜਾਣਾ ਪੰਜਾਬ ਤੇ ਦੂਜੇ ਰਾਜਾਂ ਦੇ ਬੁੱਧੀਜੀਵੀਆਂ ਨੇ ਬਹੁਤ ਸਲਾਹਿਆ ਹੈ। ਮੈਂ ਖੇਡ ਜਗਤ ਦਾ ਬੰਦਾ ਨਹੀਂ ਪਰ ਖੇਡਾਂ ਦਾ ਪਾਰਖੂ ਸਰਵਣ ਸਿੰਘ ਬਲਬੀਰ ਸਿੰਘ ਦੀਆਂ ਸਿਫਤਾਂ ਕਰਦਾ ਨਹੀਂ ਥੱਕਦਾ। ਅਗਲੀ ਪੌੜੀ ਉਤੇ ਚੰਡੀਗੜ੍ਹ ਦੀ ਸਾਹਿਤ ਚਿੰਤਨ ਸੰਸਥਾ ਦੇ ਕਰਤਾ ਧਰਤਾ ਸਰਦਾਰਾ ਸਿੰਘ ਚੀਮਾ (56) ਨੂੰ ਉਰਦੂ ਦੀ ਪੜ੍ਹਾਈ ਵਿਚ ਉਚਤਮ ਨੰਬਰ ਲੈਣ ਤੇ ਪੰਜਾਬ ਯੂਨੀਵਰਸਿਟੀ ਦੀ ਕਲਾ ਅਧਿਆਪਕਾ ਸੀਮਾ ਭੱਲਾ (52) ਦਾ ਉਸੇ ਸਾਲ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਨਾ, ਜਦੋਂ ਉਸ ਦੀ ਪੁੱਤਰੀ ਨੇ ਬੀ. ਏ. ਪਾਸ ਕੀਤੀ, ਕਲਾ ਪਾਰਖੂਆਂ ਨੇ ਬੜਾ ਪਸੰਦ ਕੀਤਾ ਹੈ। ਜਿਥੋਂ ਤੱਕ ਚੀਮਾ ਦਾ ਸਬੰਧ ਹੈ ਉਹ ਸਵਰਗਵਾਸੀ ਗੁਰਸ਼ਰਨ ਸਿੰਘ ਨਾਟਕਕਾਰ ਦਾ ਮਦਾਹ ਹੈ ਤੇ ਉਹਦੇ ਵਲੋਂ ਸਥਾਪਿਤ ਸਾਹਿਤ ਚਿੰਤਨ ਦੀ ਇੱਕ ਵੀ ਬੈਠਕ ਮਿਸ ਨਹੀਂ ਹੋਣ ਦਿੰਦਾ। ਐਸ ਵਾਰੀ ਦੇ ਸਮਾਰੋਹ ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਨ ਵਾਲੇ 298 ਵਿਦਿਆਰਥੀਆਂ ਵਿਚੋਂ 201 ਕੁੜੀਆਂ ਤੇ 97 ਮੁੰਡਿਆਂ ਦਾ ਹੋਣਾ ਸਿੱਧ ਕਰਦਾ ਹੈ ਕਿ ਵਿਦਿਆ ਦੇ ਖੇਤਰ ਵਿਚ ਕੁੜੀਆਂ ਦੀ ਝੰਡੀ ਹੈ।

ਪੰਜਾਬ ਦੇ ਹਰਿਆਣਾ ਦੇ ਗਵਰਨਰ ਪ੍ਰੋ. ਕਪਤਾਨ ਸਿੰਘ ਸੋਲੰਕੀ ਦੀ ਮੁੱਖ ਮਹਿਮਾਨੀ ਵਿਚ ਹੋਈ ਕਨਵੋਕੇਸ਼ਨ ਨੇ ਮੈਨੂੰ ਆਪਣੀ ਖਾਲਸਾ ਕਾਲਜ ਮਾਹਿਲਪੁਰ ਵਾਲੀ ਕਨਵੋਕੇਸ਼ਨ (1954) ਚੇਤੇ ਕਰਵਾ ਦਿੱਤੀ, ਜਿੱਥੇ ਉਸ ਸਮੇਂ ਪੰਜਾਬ ਦੇ ਵਿਕਾਸ ਮੰਤਰੀ ਪ੍ਰਤਾਪ ਸਿੰਘ ਕੈਰੋਂ ਮੁੱਖ



*ਹਾਕੀ ਓਲੰਪਅਨ ਬਲਬੀਰ ਸਿੰਘ*

ਮਹਿਮਾਨ ਸਨ। ਉਸ ਵੇਲੇ ਕੈਰੋਂ ਨਾਲ 15 ਅਧਿਆਪਕ ਸਨ ਤੇ ਡਿਗਰੀ ਲੈਣ ਵਾਲੇ 121 ਵਿਦਿਆਰਥੀ। ਇਨ੍ਹਾਂ ਵਿਚੋਂ ਮੇਰਾ ਇਕ ਹਮਜਮਾਤੀ ਹੰਸ ਰਾਜ ਹੰਸ ਹਰਿਆਣਾ ਸਰਕਾਰ ਵਿਚ ਡੀ. ਜੀ. ਪੁਲੀਸ ਦੀ ਪਦਵੀ ਤੱਕ ਪਹੁੰਚਿਆ। ਮੈਂ ਉਸ ਨੂੰ ਕਹਿੰਦਾ ਰਹਿੰਦਾ ਹਾਂ ਕਿ ਇਹ ਸਭ ਕੈਰੋਂ ਦੇ ਹੱਥੋਂ ਡਿਗਰੀ ਲੈਣ ਦੀਆਂ ਬਰਕਤਾਂ ਨੇ। ਸੋਲੰਕੀ ਦੀਆਂ ਬਰਕਤਾਂ ਸਮਾਂ ਦੱਸੇਗਾ।

**ਚੰਡੀਗੜ੍ਹ ਦੇ ਮੁਖੀ ਦੀ ਅਲਵਿਦਾ ਅਤੇ ਐਮ ਐਸ ਰੰਧਾਵਾ:** ਚੰਡੀਗੜ੍ਹ ਪ੍ਰਸ਼ਾਸਨ ਦੇ ਸਲਾਹਕਾਰ ਵਿਜੇ ਦੇਵ ਨੂੰ ਉਸ ਦੀ ਟਰਮ ਦੇ ਅੱਧੇ ਸਮੇਂ ਤੋਂ ਵੀ ਘੱਟ ਸਮੇਂ ਵਿਚ ਬਦਲ ਦਿੱਤਾ ਗਿਆ ਹੈ। ਉਸ ਨੇ ਆਪਣੇ 15 ਮਹੀਨਿਆਂ ਦੇ ਕਾਰਜ ਕਾਲ ਵਿਚ ਚੰਡੀਗੜ੍ਹ ਨੂੰ ਸਮਾਰਟ ਸਿਟੀ ਬਣਾਉਣ ਵਾਲੀਆਂ ਆਰਥਿਕ ਨੀਤੀਆਂ ਉਲੀਕਣ ਤੇ ਟ੍ਰੈਫਿਕ ਦੀ ਉਲੰਘਣਾ ਕਰਨ ਵਾਲਿਆਂ ਉਤੇ ਸ਼ਿਕੰਜਾ ਕੱਸ ਕੇ ਚੰਡੀਗੜ੍ਹੀਆਂ ਦਾ ਦਿਲ ਮੋਹਿਆ। ਆਪਣੇ ਵਿਦਾਇਗੀ ਭਾਸ਼ਣ ਵਿਚ ਸਮਾਜ ਨੂੰ ਇਹ ਵੀ ਚਿਤਾਵਨੀ ਦਿੱਤੀ ਕਿ ਉਹ ਆਪਣੇ ਨੌਜਵਾਨਾਂ ਦੀ ਨਸ਼ਾਖੋਰੀ ਤੇ ਤੇਜ਼ ਰਫਤਾਰੀ ਉਤੇ ਲਗਾਮ ਪਾਉਣ। ਉਸ ਦੇ ਕੀਤੇ ਕੰਮਾਂ ਦੀ ਰਫ਼ਤਾਰ ਵੇਖ ਕੇ ਇਥੋਂ ਦੇ ਵਸਨੀਕਾਂ ਨੂੰ ਚੰਡੀਗੜ੍ਹ ਦਾ ਪ੍ਰਥਮ ਚੀਫ ਕਮਿਸ਼ਨਰ ਐਮ. ਐਸ. ਰੰਧਾਵਾ ਚੇਤੇ ਆ ਗਿਆ, ਜਿਸ ਨੇ ਸ਼ਹਿਰ ਨੂੰ ਵੱਧ ਤੋਂ ਵੱਧ ਸੁੰਦਰ ਤੇ ਹਰਾ-ਭਰਾ ਰੱਖਣ ਲਈ ਸੜਕਾਂ ਦੇ ਕੰਢੇ ਛਾਂਦਾਰ ਰੁੱਖ ਤੇ ਪਾਰਕਾਂ ਵਿਚ ਫੁੱਲ ਬੂਟੇ ਲਾ ਕੇ ਇਸ ਨੂੰ ਇਕ ਸਿਹਤਮੰਦ ਸ਼ਹਿਰ ਹੋਣ ਦਾ ਮਾਣ ਦਿੱਤਾ। ਕੁਦਰਤੀ ਸੀ ਕਿ ਉਸ ਦੀ ਵਿਦਾਇਗੀ ਸਮੇਂ ਦਿੱਤੀਆਂ ਗਈਆਂ ਪਾਰਟੀਆਂ ਵਿਚੋਂ ਵਿਜੇ ਦੇਵ, ਰੰਧਾਵਾ ਦਾ ਉਤਮ ਬਦਲ ਮੰਨਿਆ ਗਿਆ। 3 ਮਾਰਚ 2016 ਨੂੰ ਚੰਡੀਗੜ੍ਹ ਸੰਗੀਤ ਨਾਟਕ ਅਕਾਡਮੀ ਨੇ ਐਮ. ਐਸ. ਰੰਧਾਵਾ ਦੀ 30ਵੀਂ ਬਰਸੀ ਮਨਾਈ ਤਾਂ ਟੈਗੋਰ ਥੀਏਟਰ ਦੇ ਖਚਾਖਚ ਭਰੇ ਹਾਲ ਵਿਚ 99 ਸਾਲਾ ਸ੍ਰੀਮਤੀ ਇਕਬਾਲ ਕੌਰ ਰੰਧਾਵਾ ਵੀ ਹਾਜ਼ਰ ਸਨ। ਜਦੋਂ ਵਿਜੇ ਦੇਵ ਨੇ ਉਨ੍ਹਾਂ ਦਾ ਪੈਰੀਂ ਪੈ ਕੇ ਸਵਾਗਤ ਕੀਤਾ, ਮੇਰੇ ਮੂੰਹ ਤੋਂ ਆਪ ਮੁਹਾਰੇ ਇਹ ਸ਼ਬਦ ਨਿਕਲੇ "ਬੀਜੀ! ਕੰਮ ਕਾਜ ਦੀ ਫੁਰਤੀ ਅਤੇ ਸ਼ੈਲੀ ਵਿਚ ਵਿਜੇ ਦੇਵ ਵੀ ਰੰਧਾਵਾ ਸਾਹਿਬ ਵਰਗਾ ਹੈ, ਪਰ ਹੁਣ ਜ਼ਮਾਨਾ ਬਦਲ ਚੁੱਕਿਆ ਹੈ।" ਜ਼ਮਾਨਾ ਬਦਲਣ ਵਾਲੇ ਸ਼ਬਦਾਂ ਨੂੰ ਵਿਜੇ ਦੇਵ ਨੇ ਮੇਰੇ ਨਾਲੋਂ ਵੀ ਉਚੀ ਆਵਾਜ਼ ਵਿਚ ਦੁਹਰਾਇਆ। ਉਹ ਜਾਣਦਾ ਸੀ ਕਿ ਅੱਜ ਬੰਦੇ ਦੇ ਕੰਮ ਦਾ ਉਸ ਤਰ੍ਹਾਂ ਮੁੱਲ ਨਹੀਂ ਪੈਂਦਾ ਜਿਸ ਤਰ੍ਹਾਂ ਅੱਧੀ ਸਦੀ ਪਹਿਲਾਂ ਪੈਂਦਾ ਸੀ। ਮੇਰੇ ਮੂੰਹੋਂ ਸਹਿਜ ਸੁਭਾਅ ਨਿਕਲੇ ਇਨ੍ਹਾਂ ਸ਼ਬਦਾਂ ਤੋਂ ਇਕ ਹਫਤਾ ਪਿਛੋਂ ਉਹ ਭਾਣਾ ਵਰਤ ਗਿਆ ਜਿਸ ਦਾ ਕੇਂਦਰ ਦੀ ਸਰਕਾਰ ਨੂੰ ਇਕ ਦਿਨ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

83 ਸਾਲਾ ਅਜਮੇਰਾ ਦਾ 36 ਕਲਸ਼ਾ ਨ੍ਰਿਤ: ਭੀਲਵਾੜਾ ਦਾ ਨਿਹਾਲ ਚੰਦ ਅਜਮੇਰਾ ਅੱਜ 83 ਸਾਲ ਦੀ ਆਯੂ ਵਿਚ ਵੀ ਪੈਰਾਂ ਵਿਚ ਘੁੰਗਰੂ ਬੰਨ੍ਹ ਕੇ ਤੇ ਸਿਰ ਉਤੇ 36 ਕਲਸ਼ ਰੱਖ ਕੇ ਨਾਚ ਕਰਦਾ ਹੈ। ਉਸ ਨੇ 20 ਸਾਲ ਦੀ ਉਮਰ ਵਿਚ ਤਾਨਪੂਰਾ ਖਰੀਦਿਆ ਤਾਂ ਉਸ ਦੇ ਭਾਈਚਾਰੇ ਨੇ ਵਿਅੰਗ ਕੱਸਣੇ ਸ਼ੁਰੂ ਕਰ ਦਿੱਤੇ ਸਨ ਪਰ ਉਸ ਨੇ ਕੋਈ ਪ੍ਰਵਾਹ ਨਹੀਂ ਕੀਤੀ। 1956 ਵਿਚ ਸੰਗੀਤ ਦੀ ਐਮ. ਏ. ਪਾਸ ਅਜਮੇਰਾ ਕਹਿੰਦਾ ਕਿ ਉਸ ਨੂੰ ਬੁੱਢਾ ਹੋਣ ਦੀ ਵਿਹਲ ਹੀ ਨਹੀਂ। ਹੋਰ ਸਨਮਾਨਾਂ ਤੋਂ ਬਿਨਾਂ ਲਿਮਕਾ ਬੁੱਕ ਰਿਕਾਰਡ ਵਾਲੇ ਉਸ ਨੂੰ ਮੌਕੇ 'ਤੇ ਨੱਚਦਾ ਵੇਖਣ ਲਈ ਆਉਂਦੇ ਅਪ੍ਰੈਲ ਮਹੀਨੇ ਆਪਣੀ ਟੀਮ ਭੇਜ ਰਹੇ ਹਨ। ਸਫਲਤਾ ਉਸ ਦੇ ਪੈਰ ਚੁੰਮ ਸਕਦੀ ਹੈ।

**ਅੰਤਿਕਾ:** (ਫ਼ਿਦਾ ਬਟਾਲਵੀ)

ਆਪ ਕਿਆ ਸਮਝੇਂਗੇ
ਜਜ਼ਬਾਤ ਕਿਸੇ ਕਹਿਤੇ ਹੈਂ
ਦਰਦ, ਗ਼ਮ, ਹਿਜਰ ਕੀ
ਸੌਗਾਤ ਕਿਸੇ ਕਹਿਤੇ ਹੈਂ।
ਸ਼ਬ ਏ ਫਿਰਾਕ ਮੇਂ ਦਿਲ
ਕਿਸ ਤਰ੍ਹਾ ਤੜਪਤਾ ਹੈ
ਆਪ ਕਿਆ ਜਾਨੇਂ
ਗ਼ਮ ਕੀ ਰਾਤ ਕਿਸੇ ਕਹਿਤੇ ਹੈਂ।

*ਉਰਦੂ ਲੇਖਕ ਕ੍ਰਿਸ਼ਨ ਚੰਦਰ ਦਾ ਸਾਹਿਤ ਦੇ ਖੇਤਰ ਵਿਚ ਆਪਣਾ, ਵੱਖਰਾ ਮੁਕਾਮ ਹੈ। ਉਹਦੀਆਂ ਰਚਨਾਵਾਂ ਵਿਚ ਵਿਅੰਗ ਬਹੁਤ ਸੂਖਮ ਰੂਪ ਵਿਚ ਨਸ਼ਤਰ ਵਾਂਗ ਚੱਲਦਾ ਮਹਿਸੂਸ ਹੁੰਦਾ ਹੈ। 'ਦਲੀਪ ਕੁਮਾਰ ਦਾ ਨਾਈ' ਕਹਾਣੀ ਵਿਚ ਉਸ ਨੇ ਆਪਣੀ ਇਸ ਕਲਾ ਦਾ ਖੂਬ ਮੁਜ਼ਾਹਰਾ ਕੀਤਾ ਹੈ। ਵਿਅੰਗ ਦੇ ਨਸ਼ਤਰ ਨਾਲ ਉਹ ਸਮਾਜ ਦੇ ਵੱਖ-ਵੱਖ ਪੱਖਾਂ ਦੀ ਇਉਂ ਚੀਰ-ਫਾੜ ਕਰਦਾ ਹੈ ਕਿ ਸਭ ਕੁਝ ਆਪਣੇ ਆਲੇ-ਦੁਆਲੇ ਹੋਇਆ-ਬੀਤਿਆ ਜਾਪਣ ਲੱਗ ਪੈਂਦਾ ਹੈ। -ਸੰਪਾਦਕ*

# ਦਲੀਪ ਕੁਮਾਰ ਦਾ ਨਾਈ

ਉਰਦੂ ਕਹਾਣੀ

ਮੈਂ ਆਪਣੀ ਲਾਂਡਰੀ ਵਿਚ ਲਾਲਾ ਹਰਿਪ੍ਰਸ਼ਾਦ ਦੇ ਮੁੰਡੇ ਬੰਸੀਪ੍ਰਸ਼ਾਦ ਦੀ ਨਵੀਂ ਰੇਸ਼ਮੀ ਕਮੀਜ਼ ਨੂੰ ਇਸਤਰੀ ਕਰ ਰਿਹਾ ਸਾਂ ਜੋ ਉਸ ਨੇ ਪਿਛਲੇ ਹਫ਼ਤੇ ਆਪਣੀ ਸ਼ਾਦੀ ਮੌਕੇ ਸਿਵਾਈ ਸੀ। ਇੰਨੇ ਨੂੰ ਮੇਰਾ ਨੌਜਵਾਨ ਨੌਕਰ ਫਜ਼ਲੂ ਹੌਲੀ-ਹੌਲੀ ਸੀਟੀ ਵਜਾਉਂਦਾ ਦੁਕਾਨ ਅੰਦਰ ਆ ਵੜਿਆ। ਮੈਂ ਉਸ ਨੂੰ ਵੇਖ ਕੇ ਹੱਕਾ-ਬੱਕਾ ਰਹਿ ਗਿਆ। ਫਜ਼ਲੂ ਬਹੁਤ ਸਿੱਧਾ-ਸਾਦਾ, ਮੂਰਖ ਜਿਹਾ ਮੁੰਡਾ ਹੈ, ਜਿਵੇਂ ਲਾਂਡਰੀ ਵਾਲੇ ਨੌਕਰ ਨੂੰ, ਬਲਕਿ ਹਰ ਨੌਕਰ ਨੂੰ ਹੋਣਾ ਚਾਹੀਦਾ ਹੈ, ਪਰ ਜਦੋਂ ਮੈਂ ਫਜ਼ਲੂ ਦੇ ਸਿਰ ਵੱਲ ਵੇਖਿਆ ਤਾਂ ਸਕਤੇ ਵਿਚ ਆ ਗਿਆ।

"ਫਜ਼ਲੂ ਤੇਰੇ ਸਿਰ ਨੂੰ ਇਹ ਕੀ ਹੋਇਆ ਏ?" ਮੈਂ ਥੋੜ੍ਹਾ ਜਿਹਾ ਖਿਝ ਕੇ ਪੁੱਛਿਆ।

ਫਜ਼ਲੂ ਨੇ ਹੱਸਦਿਆਂ ਹੋਇਆਂ ਕਿਹਾ, "ਸ਼ਹਿਰ ਵਿਚ ਦਲੀਪ ਕੁਮਾਰ ਦਾ ਨਾਈ ਆਇਆ ਹੋਇਆ ਹੈ।" ਇਹ ਕਹਿਣ ਤੋਂ ਬਾਅਦ ਉਹਨੇ ਬੜੇ ਪਿਆਰ ਨਾਲ ਆਪਣੇ ਸਿਰ ਉਤੇ ਹੱਥ ਫੇਰਿਆ ਅਤੇ ਮੱਥੇ ਉਤੇ ਪੱਲਰੀ ਲਿਟ ਨੂੰ ਹੋਰ ਲਟਕਾ ਦਿੱਤਾ। ਉਸ ਦੇ ਸਿਰ ਦੇ ਵਾਲ ਕਰੜ-ਬਰੜ ਕੱਟੇ ਹੋਏ ਸਨ ਤੇ ਛੋਟੇ-ਛੋਟੇ ਕਰ ਦਿੱਤੇ ਗਏ ਸਨ। ਸਿਰਫ਼ ਖੱਬੇ ਪਾਸੇ ਦੇ ਵਾਲਾਂ ਦਾ ਗੁੱਛਾ ਹੀ ਲੰਮਾ ਰਹਿ ਗਿਆ ਸੀ ਜੋ ਬਾਕੀ ਦੇ ਵਾਲਾਂ ਨਾਲੋਂ ਲੰਮਾ ਹੋਣ ਕਰ ਕੇ ਆਪਣੇ ਆਪ ਕੱਟੀ ਹੋਈ ਵੇਲ ਵਾਂਗ ਮੱਥੇ ਉਤੇ ਆ ਪਿਆ ਸੀ ਤੇ ਦੂਰੋਂ ਦੇਖਦਿਆਂ



ਇੰਜ ਜਾਪਦਾ ਸੀ, ਜਿਵੇਂ ਗੂੰਦ ਨਾਲ ਮੱਥੇ ਉਤੇ ਚਿਪਕਾ ਦਿੱਤਾ ਗਿਆ ਹੋਵੇ। ਸਿਰ ਦੇ ਪਿਛਲੇ ਪਾਸੇ ਦੀ ਢਲਾਣ ਤੋਂ ਵਾਲ ਇੰਜ

**ਕ੍ਰਿਸ਼ਨ ਚੰਦਰ**

**ਤਰਜਮਾ:ਗੁਰਮੁਖ ਸਿੰਘ ਸਹਿਗਲ**

ਕੱਟੇ ਗਏ ਸਨ ਜਿਵੇਂ ਪਹਾੜੀ ਢਲਾਣ ਤੋਂ ਘਾਹ ਕੱਟ ਲਿਆ ਗਿਆ ਹੋਵੇ। ਇਕ ਤਰ੍ਹਾਂ ਨਾਲ ਫਜ਼ਲੂ ਦਾ ਸਿਰ ਦੂਰੋਂ ਮੁੰਨੀ ਹੋਈ ਭੇਡ ਵਾਂਗ ਲੱਗ ਰਿਹਾ ਸੀ।

ਮੈਂ ਹੈਰਾਨੀ ਨਾਲ ਪੁੱਛਿਆ, "ਕੌਣ ਹੈ ਉਹ ਨਾਈ?"

"ਆਪਣਾ ਸ਼ੱਦੂ।"

"ਉਹ ਘੀਸੂ ਕਸਾਬ ਦਾ ਮੁੰਡਾ ਜੋ ਦੋ ਸਾਲ ਹੋਏ ਘਰੋਂ ਨੱਠ ਗਿਆ ਸੀ?"

ਫਜ਼ਲੂ ਨੇ ਹਾਂ ਵਿਚ ਸਿਰ ਹਿਲਾ ਦਿੱਤਾ।

"ਕਿਥੇ ਹੈ ਉਸ ਦੀ ਦੁਕਾਨ?"

ਫਜ਼ਲੂ ਬੋਲਿਆ, "ਤੇਲੀਆਂ ਦੇ ਬਾਜ਼ਾਰ ਤੋਂ ਅਗਲੇ ਚੌਕ ਵਿਚ।"

ਮੈਂ ਛੇਤੀ ਨਾਲ ਆਪਣੀ ਲਾਂਡਰੀ ਤੋਂ ਬਾਹਰ ਨਿਕਲਿਆ, ਤਾਂ ਫਜ਼ਲੂ ਨੇ ਆਵਾਜ਼ ਦੇ ਕੇ ਕਿਹਾ, "ਪਰ ਜੁੰਮਣ ਚਾਚਾ, ਜੇ ਵਾਲ ਬਣਾਉਣੇ ਹਨ ਤਾਂ ਡੇਢ ਰੁਪਿਆ ਨਾਲ ਲੈ ਜਾ। ਉਹ ਇਸ ਤੋਂ ਘੱਟ ਵਾਲ ਨਹੀਂ ਕੱਟੇਗਾ। ਦਲੀਪ ਕੁਮਾਰ ਦਾ ਨਾਈ ਹੈ।"

"ਚੁੱਪ ਕਰ ਓਏ ਉਲੂ!" ਮੈਂ ਚੌਕ ਵੱਲ ਦੌੜਦਿਆਂ ਕਿਹਾ, "ਇਸ ਭੇਡ-ਮੁਨਾਈ ਦਾ ਮੈਂ ਡੇਢ ਰੁਪਇਆ ਦੇਵਾਂਗਾ?"

ਪਰ ਸ਼ੱਦੂ ਦੀ ਦੁਕਾਨ ਉਤੇ ਭੀੜ ਬੜੀ ਸੀ। ਮੈਂ ਜ਼ਰਾ ਦੇਰ ਨਾਲ ਪਹੁੰਚਿਆ ਸਾਂ। ਵਾਲ ਬਣਵਾਉਣ ਵਾਲਿਆਂ ਦੀ ਪਹਿਲਾਂ ਹੀ ਲੰਮੀ ਕਤਾਰ ਲੱਗ ਚੁੱਕੀ ਸੀ। ਦੁਕਾਨ ਤੋਂ ਬਾਹਰ ਉਭਰੇ ਹੋਏ ਅੱਖਰਾਂ ਵਿਚ ਬੋਰਡ ਉਤੇ ਲਿਖਿਆ ਸੀ-

ਦਲੀਪ ਕੁਮਾਰ ਦਾ ਨਾਈ

ਬੰਬਈ ਟਰੇਂਡ

ਮਾਸਟਰ ਸ਼ੱਦੂ ਨਾਈ

ਅਤੇ ਇਸ ਬੋਰਡ ਦੇ ਹੇਠਾਂ ਇਕ ਹੋਰ ਬੋਰਡ ਉਤੇ ਰੇਟ ਲਿਖੇ ਹੋਏ ਸਨ-

ਦਲੀਪ ਕੁਮਾਰ ਹੇਅਰ ਕੱਟ- ਡੇਢ ਰੁਪਈਆ

ਦਲੀਪ ਕੁਮਾਰ ਸ਼ੇਵ- ਇਕ ਰੁਪਈਆ

ਦਲੀਪ ਕੁਮਾਰ ਸ਼ੈਂਪੂ- ਦੋ ਰੁਪਏ ਅੱਠ ਆਨੇ

ਦਲੀਪ ਕੁਮਾਰ ਮਾਲਸ਼- ਪੰਜ ਰੁਪਈਏ

(ਮਾਲਸ਼ ਕਰਾਉਣ ਵਾਲਿਆਂ ਲਈ ਵੱਖਰੇ ਕਮਰੇ ਦਾ ਇੰਤਜ਼ਾਮ ਹੈ)

ਮੈਂ ਕਤਾਰ ਵੱਲ ਵੇਖਿਆ। ਇਥੇ ਮੈਨੂੰ ਬਹੁਤ ਜਾਣੇ-ਪਛਾਣੇ ਚਿਹਰੇ ਨਜ਼ਰ ਆਏ। ਉਨ੍ਹਾਂ ਵਿਚੋਂ ਮੈਨੂੰ ਧੂੜੀ ਮੱਲ ਦਾ ਮੁੰਡਾ ਭਸੂੜੀ ਮੱਲ ਨਜ਼ਰ ਆਇਆ ਜੋ ਮੈਟ੍ਰਿਕ ਫੇਲ੍ਹ ਸੀ ਅਤੇ ਕਿਸੇ ਵੀ ਸਿਨੇਮੇ ਵਿਚ ਕੋਈ ਫਿਲਮ ਵੇਖਣ ਤੋਂ ਬਿਨਾਂ ਨਹੀਂ ਸੀ ਰਹਿ ਸਕਦਾ। ਉਨ੍ਹਾਂ ਵਿਚ ਹੀ ਹਕੀਮ ਉਤਮ ਚੰਦ ਦਾ ਜਵਾਈ ਸਰਦਾਰੀ ਜੋ ਵਿਆਹ ਤੋਂ ਬਾਅਦ ਹਕੀਮ ਸਾਹਿਬ ਦੇ ਘਰ ਹੀ ਰਹਿੰਦਾ ਸੀ, ਤੇ ਉਸਤਾਦ ਦਿਲਦਾਰ ਖਾਂ ਦਾ ਪੱਠਾ ਬੱਚਾ ਪਹਿਲਵਾਨ, ਤੇ ਗੰਗੂ ਤੇਲੀ ਦਾ ਮੁੰਡਾ ਸੁਖੀਆ, ਤੇ ਆਪਣੇ ਮੁਹੱਲੇ ਦੀ ਅਮੀਰ ਭੂਆ ਖੋਜਣ ਦਾ ਇਕਲੌਤਾ ਸਾਹਿਬਜ਼ਾਦਾ ਗੁੱਲਾ ਬਟੇਰਬਾਜ਼ ਤੇ ਧੀਮਾ ਪਨਵਾੜੀ ਅਤੇ ਸੁੰਦਰ ਠੇਲ੍ਹੇ ਵਾਲਾ ਜੋ ਸਿਨੇਮੇ ਦੇ ਇਸ਼ਤਿਹਾਰ ਵੰਡਦਾ ਸੀ, ਵੀ ਨਜ਼ਰ ਆਏ। ਸਾਰਿਆਂ ਨੇ ਮੈਨੂੰ ਦੇਖ ਕੇ ਨਜ਼ਰਾਂ ਫੇਰ ਲਈਆਂ। ਮੈਂ ਧਾਅ ਕੇ ਦੁਕਾਨ ਵਿਚ ਵੜ ਗਿਆ। ਇਸ ਕਤਾਰ ਨਾਲ ਮੇਰਾ ਕੀ ਵਾਸਤਾ? ਇਹ ਸਾਰੇ ਮੁੰਡੇ ਮੇਰੇ ਹੱਥਾਂ ਦੇ ਖਿਡਾਏ ਹੋਏ ਸਨ।

ਦੁਕਾਨ ਦੇ ਅੰਦਰ ਜਾ ਕੇ ਮੈਂ ਸਾਹਮਣੇ ਕੰਧ ਉਤੇ ਦਲੀਪ ਕੁਮਾਰ ਦੀ ਵੱਡੀ ਸਾਰੀ ਫੋਟੋ ਵੇਖੀ ਜਿਸ ਦੇ ਇਕ ਕੋਨੇ ਉਤੇ ਲਿਖਿਆ ਸੀ:

ਆਪਣੇ ਪਿਆਰੇ ਦੋਸਤ ਸ਼ੱਦੂ ਨਾਈ ਲਈ, ਬੜੇ ਪਿਆਰ ਨਾਲ-ਲਿਖਤੁਮ ਦਲੀਪ ਕੁਮਾਰ।

ਸੱਜੇ ਪਾਸੇ ਨਜ਼ਰ ਦੌੜਾਈ ਤਾਂ ਇਕ ਹੋਰ ਤਸਵੀਰ ਨਜ਼ਰ ਆਈ। ਇਸ ਵਿਚ ਦਲੀਪ ਕੁਮਾਰ ਸਿਰ ਝੁਕਾਈ ਬੈਠਾ ਸੀ ਤੇ ਸ਼ੱਦੂ ਨਾਈ ਉਸ ਦੇ ਵਾਲ ਕੱਟ ਰਿਹਾ ਸੀ। ਖੱਬੇ ਪਾਸੇ ਨਜ਼ਰ ਦੌੜਾਈ ਤਾਂ ਇਕ ਹੋਰ ਤਸਵੀਰ ਲਟਕੀ ਹੋਈ ਨਜ਼ਰ ਆਈ ਜਿਸ ਵਿਚ ਸ਼ੱਦੂ ਨਾਈ ਦਲੀਪ ਕੁਮਾਰ ਦੇ ਸਿਰ ਦੀ ਮਾਲਸ਼ ਕਰ ਰਿਹਾ ਸੀ।

ਸ਼ੱਦੂ ਨੇ ਮੈਨੂੰ ਆਉਂਦਿਆਂ ਹੀ ਪਛਾਣ ਲਿਆ। ਉਹ ਮੇਰੇ ਗੋਡੀਂ ਹੱਥ ਲਾ ਕੇ ਬੋਲਿਆ, "ਚਾਚਾ ਜੁੰਮਣ, ਮੈਨੂੰ ਪਛਾਣਿਆ?"

ਸ਼ੱਦੂ ਨੂੰ ਕੌਣ ਨਹੀਂ ਪਛਾਣੇਗਾ? ਮੁਹੱਲੇ ਦਾ ਸਭ ਤੋਂ ਸ਼ਰਾਰਤੀ ਮੁੰਡਾ, ਦੁਬਲਾ-ਪਤਲਾ, ਕਾਲਾ, ਚੇਚਕ ਦੇ ਦਾਗੇ ਮੂੰਹ ਵਾਲਾ, ਇਕ ਅੱਖ ਤੋਂ ਕਾਣਾ ਤੇ ਜ਼ੁਬਾਨ ਜਿਵੇਂ ਲਾਲ ਮਿਰਚ, ਜਿਵੇਂ ਕੈਂਚੀ ਕਤਰਦੀ ਹੈ, ਗਾਲਾਂ ਦਾ ਫੁਹਾਰਾ, ਵਾਰ-ਵਾਰ ਕੁੱਟ ਖਾਣ ਉਤੇ ਵੀ ਸ਼ਰਾਰਤ ਕਰਨ ਤੋਂ ਬਾਜ਼ ਨਾ ਆਉਣ ਵਾਲਾ। ਇਕ ਦਿਨ ਸਵੇਰੇ ਫਜ਼ਲੂ ਨੂੰ ਫੁਸਲਾ ਕੇ ਉਸ ਤੋਂ ਸ਼ੇਖ ਗੁਲਾਮ ਰਸੂਲ ਬੈਰਿਸਟਰ ਦੇ ਮੁੰਡੇ ਦਾ ਹੰਟਿੰਗ ਕੋਟ ਜੋ ਮੇਰੀ ਲਾਂਡਰੀ ਵਿਚ ਡਰਾਈਕਲੀਨ ਹੋਣ ਆਇਆ ਸੀ, ਇਕ ਦਿਨ ਲਈ ਮੰਗ ਕੇ ਲੈ ਗਿਆ ਸੀ। ਬਸ ਉਸੇ ਦਿਨ ਤੋਂ ਪਤਾ ਨਹੀਂ ਕਿਥੇ ਗਾਇਬ ਹੋ ਗਿਆ ਸੀ। ਆਸ-ਪਾਸ ਦੇ ਕਸਬਿਆਂ ਵਿਚ ਬਹੁਤ ਲੱਭਿਆ, ਪਰ ਕਿਤੋਂ ਵੀ ਪਤਾ ਨਾ ਚੱਲਿਆ। ਬੇਵਸ ਹੋ ਕੇ ਕੋਟ ਦੀ ਕੀਮਤ ਮੈਨੂੰ ਦੇਣੀ ਪਈ। ਮੈਂ ਸ਼ੱਦੂ ਨੂੰ ਕਿਵੇਂ ਭੁੱਲ ਸਕਦਾ ਸਾਂ। ਮੈਂ ਜ਼ੋਰ ਦਾ ਧੱਫਾ ਉਸ ਦੀ ਪਿੱਠ 'ਤੇ ਮਾਰਿਆ। ਸ਼ੱਦੂ ਦੇ ਹੱਥੋਂ ਛੁੱਟ ਕੇ ਕੈਂਚੀ ਜ਼ਮੀਨ ਉਤੇ ਡਿੱਗ ਪਈ ਅਤੇ ਉਹ ਕੁਝ ਹੱਸ ਕੇ ਤੇ ਕੁਝ ਰੋਂਦੂ ਜਿਹਾ ਹੋ ਕੇ ਮੇਰੇ ਵੱਲ ਵੇਖਣ ਲੱਗਾ।

ਮੈਂ ਗੁੱਸੇ ਵਿਚ ਕਿਹਾ, "ਮੇਰੇ ਵੱਲ ਹੁਣ ਕੀ ਵੇਖਦਾ ਹੈਂ? ਕਿਧਰ ਹੈ ਉਹ ਕੋਟ?"

ਸ਼ੱਦੂ ਨੂੰ ਇਕਦਮ ਯਾਦ ਆਇਆ ਤੇ ਹੱਸਦਿਆਂ-ਹੱਸਦਿਆਂ ਬੋਲਿਆ, "ਵਾਹ ਚਾਚਾ! ਤੂੰ ਵੀ ਦੋ ਸਾਲ ਬਾਅਦ ਉਸ ਮਾਮੂਲੀ ਜਿਹੇ ਕੋਟ ਦਾ ਜ਼ਿਕਰ ਕਰ ਰਿਹਾ ਹੈਂ। ਓ ਚਾਚਾ, ਜਿੰਨੇ ਕੋਟ ਕਹੇਂਗਾ, ਉਸ ਬੈਰਿਸਟਰ ਦੇ ਮੁੰਡੇ ਲਈ ਬਣਵਾ ਦਿਆਂਗਾ। ਕੀ ਸਮਝਦੇ ਹੋ? ਦਲੀਪ ਕੁਮਾਰ ਦਾ ਨਾਈ ਹਾਂ, ਦਲੀਪ ਕੁਮਾਰ ਦਾ!"

"ਤਾਂ ਤੂੰ ਬੰਬਈ ਗਿਆ ਸੀ?" ਮੈਂ ਕੁਰਸੀ 'ਤੇ ਬੈਠਦਿਆਂ ਪੁੱਛਿਆ।

"ਹੋਰ ਕਿਥੇ ਗਿਆ ਸੀ, ਹੰਟਿੰਗ ਕੋਟ ਪਾ ਕੇ?"

"ਪਰ ਉਹ ਕੋਟ ਹੈ ਕਿਥੇ?"

"ਦਲੀਪ ਕੁਮਾਰ ਕੋਲ।"

"ਦਲੀਪ ਕੁਮਾਰ ਕੋਲ?" ਮੈਂ ਹੈਰਾਨ ਹੋ ਕੇ ਪੁੱਛਿਆ।

"ਹਾਂ।" ਸ਼ੱਦੂ ਬੋਲਿਆ, "ਮੈਂ ਉਸ ਕੋਟ ਦੇ ਕਾਲਰ ਜ਼ਰਾ ਕੱਟ ਕੇ ਛੋਟੇ ਕਰ ਦਿੱਤੇ ਸਨ। ਦਲੀਪ ਕੁਮਾਰ ਨੂੰ ਮੇਰਾ ਸਟਾਈਲ ਬਹੁਤ ਪਸੰਦ ਆਇਆ। ਉਸ ਨੇ ਮੈਥੋਂ ਉਹ ਕੋਟ ਮੰਗ ਲਿਆ ਅਤੇ ਉਦੋਂ ਤੋਂ ਉਹੀ ਕੋਟ ਪਾ ਕੇ ਫਿਰਦਾ ਹੈ। ਛੋਟੇ-ਛੋਟੇ ਕਾਲਰਾਂ ਵਾਲਾ ਹਾਫ਼-ਕੋਟ ਜੋ ਕਦੀ ਬੈਰਿਸਟਰ ਸਾਹਿਬ ਦੇ ਮੁੰਡੇ ਦਾ ਸੀ। ਇਹ ਕਹੋ ਕਿ ਉਸ ਕੋਟ ਦੀ ਕਿਸਮਤ ਕਿੰਨੀ ਚੰਗੀ ਸੀ ਕਿ ਕਿਥੋਂ ਦਾ ਕਿਥੇ ਪਹੁੰਚ ਗਿਆ। ਫਿਲਮ 'ਸ਼ਿਕਸਤ' ਵਿਚ ਤੁਸੀਂ ਉਹ ਕੋਟ ਦੇਖਿਆ ਸੀ?"

"ਤੇਰੀ ਦਲੀਪ ਕੁਮਾਰ ਨਾਲ ਵਾਕਫ਼ੀਅਤ ਕਿਵੇਂ ਹੋਈ?" ਮੈਂ ਪੁੱਛਿਆ।

ਸ਼ੱਦੂ ਨੇ ਮੇਰੇ ਸਿਰ ਉਤੇ ਕੈਂਚੀ ਚਲਾਉਂਦਿਆਂ ਕਿਹਾ, "ਕੁਝ ਨਾ ਪੁੱਛੋ ਚਾਚਾ, ਕੁਝ ਨਾ ਪੁੱਛੋ...ਦਲੀਪ ਕੁਮਾਰ ਨੂੰ ਮਿਲਣ ਲਈ ਕਿੰਨੇ ਪਾਪੜ ਵੇਲਣੇ ਪਏ। ਹੋਇਆ ਇੰਜ ਕਿ ਇਕ ਦਿਨ ਮੈਂ ਬੰਬਈ ਦੇ ਰੇਸ ਕੋਰਸ ਵਿਚ ਆਪਣੇ ਜੌਕੀ ਹਰਿਭਗਵਾਨ ਨੂੰ ਮਿਲਣ ਜਾ ਰਿਹਾ ਸਾਂ ਕਿ ਸ਼ਾਇਦ ਕੋਈ ਕਿਸਮਤ ਦਾ ਟਿਪ ਮਿਲ ਜਾਏ ਤਾਂ ਬੇੜਾ ਪਾਰ ਹੋ ਜਾਏ, ਇੰਨੇ ਨੂੰ ਮੈਨੂੰ ਖਿਆਲ ਆਇਆ ਕਿ ਮੇਰੇ ਸਿਰ ਦੇ ਵਾਲ ਬਹੁਤ ਲੰਬੇ ਹੋ ਰਹੇ ਨੇ, ਤੇ ਇਹ ਖਿਆਲ ਆਉਂਦਿਆਂ ਹੀ ਮੈਂ ਸਾਹਮਣੇ ਸ਼ੇਵਿੰਗ ਸੈਲੂਨ ਵਿਚ ਚਲਾ ਗਿਆ। ਜਾਂਦਿਆਂ ਹੀ ਜੋ ਕੁਰਸੀ ਖਾਲੀ ਸੀ ਅਤੇ ਜਿਸ ਉਤੇ ਕੋਈ ਆਦਮੀ ਬੈਠਣਾ ਚਾਹੁੰਦਾ ਸੀ, ਮੈਂ ਛੇਤੀ ਨਾਲ ਮੱਲ ਲਈ। ਨਾਈ ਨੇ ਮੇਰੇ ਵੱਲ ਜ਼ਰਾ ਤਿੱਖੀਆਂ ਨਜ਼ਰਾਂ ਨਾਲ ਵੇਖਿਆ, ਪਰ ਮੈਨੂੰ ਤਾਂ ਤੁਸੀਂ ਜਾਣਦੇ ਹੀ ਹੋ, ਸ਼ੁਰੂ ਤੋਂ ਹੀ ਢੀਠ ਰਿਹਾ ਹਾਂ। ਤੁਹਾਡਾ ਚੇਲਾ ਹਾਂ, ਇਸ ਮਾਮਲੇ ਵਿਚ। ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ। ਸੋ, ਮੈਂ ਕੁਰਸੀ ਉਤੇ ਡਟ ਗਿਆ ਅਤੇ ਨਾਈ ਨੇ ਜਿਵੇਂ ਕਿਵੇਂ ਕਰ ਕੇ ਮੇਰੇ ਵਾਲ ਕੱਟਣੇ ਸ਼ੁਰੂ ਕਰ ਦਿੱਤੇ ਪਰ ਮੈਂ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ। ਮੇਰੇ ਦਿਮਾਗ ਵਿਚ ਅਜੀਬ ਖਿਆਲ ਆਇਆ। ਸੋਚਿਆ ਕਿ ਅੱਜ ਮੈਂ ਅਜਿਹੇ ਵਾਲ ਕਟਵਾਵਾਂਗਾ ਕਿ ਰੇਸ ਕੋਰਸ ਵਿਚ ਆਉਣ ਵਾਲੀਆਂ ਫਿਲਮਾਂ ਦੀਆਂ ਸਾਰੀਆਂ ਹੀਰੋਇਨਾਂ ਮੇਰੇ ਵੱਲ ਦੇਖਣ ਲੱਗ ਪੈਣ। ਉਹ ਨਰਗਿਸ, ਮਧੂਬਾਲਾ, ਸੁਰੱਈਆ, ਨਲਿਨੀ ਜੈਵੰਤ, ਆਸ਼ਾ ਰਾਏ ਆਦਿ ਇਕਾਗਰ-ਚਿੱਤ ਹੋ ਕੇ ਮੇਰੇ ਵੱਲ ਦੇਖਣ ਲੱਗ ਜਾਣ, ਤਾਂ ਹੀ ਸੁਆਦ ਹੈ; ਨਹੀਂ ਤਾਂ ਜ਼ਿੰਦਗੀ ਬੇਕਾਰ ਹੈ। ਇਹ ਖਿਆਲ ਆਉਂਦਿਆਂ ਹੀ ਮੈਂ ਨਾਈ ਨੂੰ ਕਿਹਾ, 'ਪਹਿਲਾਂ ਅਗਲੇ ਵਾਲਾਂ ਨੂੰ ਵਿਚੋਂ ਵਿਚੋਂ ਕੱਟੋ, ਚੋਟੀ ਤੋਂ ਲੈ ਕੇ ਮੱਥੇ ਤੱਕ'।"



"ਪਰ...।"

"ਪਰ-ਵਰ ਦੀ ਕੋਈ ਲੋੜ ਨਹੀਂ, ਜਿਵੇਂ ਮੈਂ ਕਹਿੰਦਾ ਹਾਂ ਉਵੇਂ ਕਰੋ।"

ਨਾਈ ਨੇ ਉਵੇਂ ਹੀ ਕੀਤਾ। ਜਦੋਂ ਮੱਥੇ ਕੋਲ ਪਹੁੰਚਿਆ ਤਾਂ ਮੈਂ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਲਿਆ ਤੇ ਕਿਹਾ, "ਇਹ ਸਾਹਮਣੇ ਵਾਲੇ ਵਾਲ ਸੱਜੇ ਪਾਸੇ ਤੋਂ ਛੋਟੇ ਕਰੋ, ਪਰ ਖੱਬੇ ਪਾਸੇ ਵੱਲ ਲੰਮੇ ਰਹਿਣ ਦਿਓ।"

"ਪਰ..।"

"ਫੇਰ ਉਹੀ ਪਰ-ਵਰ, ਜਿਵੇਂ ਮੈਂ ਕਹਿੰਦਾ ਹਾਂ, ਉਵੇਂ ਕਰੀ ਜਾਓ।"

ਹਜਾਮਤ ਤੋਂ ਬਾਅਦ ਜਦੋਂ ਮੈਂ ਸੂਰਤ ਸ਼ੀਸ਼ੇ ਵਿਚ ਵੇਖੀ ਤਾਂ ਮੈਂ ਆਪਣੀ ਇਸ ਨਵੀਨਤਾ ਉਤੇ ਖੁਦ ਹੈਰਾਨ ਹੋ ਗਿਆ। ਮੈਂ ਅਜੇ ਸੋਚ ਹੀ ਰਿਹਾ ਸਾਂ ਕਿ ਇਹ ਸਟਾਈਲ ਰੇਸ ਕੋਰਸ ਲਈ ਠੀਕ ਰਹੇਗਾ ਕਿ ਕਿਸੇ ਪਾਗਲਖਾਨੇ ਲਈ... ਇੰਨੇ ਨੂੰ ਕਿਸੇ ਨੇ ਪਿੱਛੋਂ ਆ ਕੇ ਮੈਨੂੰ ਗਲੇ ਨਾਲ ਲਗਾ ਲਿਆ ਤੇ ਕਹਿਣ ਲੱਗਾ, ਵਾਹ ਵਾਹ! ਕਿੰਨੇ ਵਧੀਆ ਢੰਗ ਦੀ ਹਜਾਮਤ ਈਜਾਦ ਕੀਤੀ ਹੈ। ਸਿਰ ਨੂੰ ਪਿੱਛੋਂ ਵੇਖੋ ਤਾਂ ਘਸਿਆ ਹੋਇਆ ਬੁਰਸ਼ ਨਜ਼ਰ ਆਉਂਦਾ, ਉਤੋਂ ਚੋਟੀ ਤੋਂ ਵੇਖੋ ਤਾਂ ਕੱਦੂ ਦੀ ਵੇਲ ਨਜ਼ਰ ਆਉਂਦੀ ਐ, ਸਾਹਮਣੇ ਤੋਂ ਵੇਖੋ ਤਾਂ ਇਸ਼ਕ-ਪੇਚਿਆਂ ਦੀ ਜ਼ੁਲਫ ਉਲਝੀ ਹੋਈ ਨਜ਼ਰ ਆਉਂਦੀ ਐ। ਸੁਬ੍ਹਾਨ ਅੱਲ੍ਹਾ, ਸੁਬ੍ਹਾਨ ਅੱਲ੍ਹਾ।" ਮੈਂ ਪਿੱਛੇ ਮੁੜ ਕੇ ਦੇਖਿਆ, ਮੇਰੇ ਸਾਹਮਣੇ ਦਲੀਪ ਕੁਮਾਰ ਖੜ੍ਹਾ ਸੀ। ਮੈਂ ਹੈਰਾਨ ਹੋਇਆ ਉਥੇ ਖੜ੍ਹੇ ਦਾ ਖੜ੍ਹਾ ਰਹਿ ਗਿਆ। ਦਲੀਪ ਕੁਮਾਰ ਨੇ ਬੜੀ ਨਰਮੀ ਨਾਲ ਮੇਰੇ ਮੋਢੇ ਉਤੇ ਹੱਥ ਰੱਖਿਆ ਤੇ ਕੁਝ ਕਿਹਾ ਜਿਸ ਨੂੰ ਮੈਂ ਸੁਣ ਨਾ ਸਕਿਆ।

"ਕੀ ਫਰਮਾਇਆ ਤੁਸੀਂ?" ਮੈਂ ਬਹੁਤ ਆਜਜ਼ੀ ਨਾਲ ਪੁੱਛਿਆ।

ਇਸ ਉਤੇ ਦਲੀਪ ਕੁਮਾਰ ਨੇ ਆਪਣੀ ਜੇਬ ਵਿਚੋਂ ਮਾਈਕਰੋਫੋਨ ਕੱਢ ਕੇ ਕੁਝ ਕਿਹਾ, ਤਾਂ ਹੁਣ ਮੈਂ ਸੁਣ ਲਿਆ। ਉਹ ਕਹਿ ਰਿਹਾ ਸੀ, "ਭਾਈ ਜਾਨ, ਜੇ ਤੁਹਾਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਮੈਂ ਤੁਹਾਡਾ ਹੇਅਰ ਸਟਾਈਲ ਅਪਣਾ ਲਵਾਂ?"

"ਸ਼ੌਕ ਨਾਲ, ਬੜੇ ਸ਼ੌਕ ਨਾਲ।" ਮੈਂ ਕਸਾਈਆਂ ਵਾਂਗ ਉਸ ਦੇ ਹੱਥ ਨੂੰ ਜ਼ੋਰ ਨਾਲ ਘੁੱਟਦਿਆਂ ਕਿਹਾ।

"ਦਰਅਸਲ, ਮੈਂ ਆਪਣੀ ਜ਼ਿੰਦਗੀ ਤੋਂ ਤੰਗ ਆ ਚੁੱਕਾ ਹਾਂ।" ਦਲੀਪ ਕੁਮਾਰ ਆਪਣੇ ਜੇਬੀ ਮਾਈਕਰੋਫੋਨ ਤੋਂ ਕਹਿ ਰਿਹਾ ਸੀ, "ਮੈਂ ਸ਼ੁਹਰਤ, ਦੌਲਤ, ਔਰਤ ਤੋਂ ਪ੍ਰੇਸ਼ਾਨ ਹੋ ਚੁੱਕਾ ਹਾਂ। ਆਪਣੀ ਜ਼ਿੰਦਗੀ ਲਈ ਕੁਝ ਨਵੀਂ ਚੀਜ਼ ਚਾਹੁੰਦਾ ਹਾਂ।"

ਮੈਂ ਕਿਹਾ, "ਮੇਰਾ ਹੇਅਰ ਸਟਾਈਲ ਹਾਜ਼ਰ ਹੈ।"

"ਠੀਕ ਹੈ।" ਦਲੀਪ ਕੁਮਾਰ ਨੇ ਨਾਈ ਦੀ ਕੁਰਸੀ ਉਤੇ ਬੈਠਦਿਆਂ ਕਿਹਾ, "ਅੱਜ ਤੋਂ ਬਾਅਦ ਲੋਕ ਮੇਰੀ ਐਕਟਿੰਗ ਭੁੱਲ ਜਾਣਗੇ ਅਤੇ ਮੇਰੇ ਹੇਅਰ ਸਟਾਈਲ ਨੂੰ ਯਾਦ ਰੱਖਣਗੇ।"

ਮੈਂ ਸੁਣ ਨਾ ਸਕਿਆ।

ਦਲੀਪ ਕੁਮਾਰ ਨੇ ਫਿਰ ਆਪਣੀ ਜੇਬ ਵਿਚੋਂ ਮਾਈਕਰੋਫੋਨ ਕੱਢਿਆ।

ਮੈਂ ਕਿਹਾ, "ਖਾਕਸਾਰ ਨੂੰ ਸ਼ੱਦੂ ਕਹਿੰਦੇ ਹਨ।"

"ਕੀ ਕੰਮ ਕਰਦੇ ਹੋ?"

"ਸੜਕਾਂ ਨਾਪਦਾ ਹਾਂ, ਜੇ ਅੱਜ ਤੁਸੀਂ ਨਾ ਮਿਲ ਜਾਂਦੇ, ਤਾਂ ਸਮੁੰਦਰ ਦੀ ਗਹਿਰਾਈ ਨਾਪਣ ਦਾ ਇਰਾਦਾ ਕਰ ਰਿਹਾ ਸਾਂ।"

"ਅੱਛਾ", ਦਲੀਪ ਕੁਮਾਰ ਦਾ ਸਿਰ ਮਾਈਕਰੋਫੋਨ ਉਤੇ ਝੁਕ ਗਿਆ। ਉਸ ਦੀਆਂ ਅੱਖਾਂ ਉਨੀਂਦਰੀਆਂ ਹੋ ਗਈਆਂ ਅਤੇ ਮੱਥੇ ਦੀਆਂ ਤਿਉੜੀਆਂ ਉਭਰ ਆਈਆਂ। ਹਲਕੀ ਜਿਹੀ ਗਮਗੀਨ ਮੁਸਕਰਾਹਟ ਉਸ ਦੇ ਹੋਠਾਂ ਉਤੇ ਨਜ਼ਰ ਆਉਣ ਲੱਗੀ ਅਤੇ ਉਸ ਨੇ ਹੌਲੀ ਜਿਹੇ ਰੁਕ-ਰੁਕ ਕੇ ਕਿਹਾ, "ਸ਼ੱਦੂ, ਅੱਜ ਤੋਂ ਤੂੰ ਮੇਰਾ ਨਾਈ, ਮੇਰਾ ਭਾਈ ਹੈਂ।" ਇਸ ਤੋਂ ਬਾਅਦ ਉਹ ਸਿਰ ਨੀਵਾਂ ਕੀਤੇ ਹੋਏ, ਅੱਖਾਂ ਵਿਚ ਹੰਝੂ ਛੁਪਾਏ ਹੋਏ ਸ਼ੇਵਿੰਗ ਸੈਲੂਨ ਤੋਂ ਬਾਹਰ ਨਿਕਲ ਗਿਆ।

ਇਸ ਤੋਂ ਦੂਜੇ ਦਿਨ ਸਵੇਰੇ-ਸਵੇਰੇ ਮੈਂ ਥੈਲੇ ਵਿਚ ਹਜਾਮਤ ਦਾ ਸਾਮਾਨ ਲੈ ਕੇ ਉਸ ਦੇ ਬੰਗਲੇ ਪਹੁੰਚ ਗਿਆ। ਉਹ ਮੈਨੂੰ ਵੇਖ ਕੇ ਬਹੁਤ ਹੈਰਾਨ ਹੋਇਆ ਅਤੇ ਕਹਿਣ ਲੱਗਾ, "ਇਹ ਤੂੰ ਥੈਲੇ ਵਿਚ ਕੀ ਲਿਆਇਆ ਹੈਂ?"

"ਹਜਾਮਤ ਦਾ ਸਾਮਾਨ।"

"ਕਿਉਂ?"

"ਕੱਲ੍ਹ ਦੀ ਗੱਲ ਭੁੱਲ ਗਏ? ਉਸ ਸ਼ੇਵਿੰਗ ਸੈਲੂਨ ਵਿਚ ਜਦੋਂ ਤੁਸੀਂ ਮਿਲੇ ਸੀ, ਤਾਂ ਤੁਸਾਂ ਹੀ ਕਿਹਾ ਸੀ ਕਿ ਤੂੰ ਅੱਜ ਤੋਂ ਮੇਰਾ ਨਾਈ ਹੈਂ।"

"ਪਰ ਮੈਂ ਤਾਂ ਕਿਹਾ ਸੀ ਅੱਜ ਤੋਂ ਤੂੰ ਮੇਰਾ ਭਾਈ ਹੈਂ।" ਦਲੀਪ ਕੁਮਾਰ ਨੇ ਸਮਝਾਉਂਦਿਆਂ ਹੋਇਆਂ ਕਿਹਾ।

"ਓਹੋ! ਇਹ ਕਿਹੋ ਜਿਹੀ ਗਲਤੀ ਹੋ ਗਈ। ਮੈਂ ਤਾਂ ਸਮਝਿਆ ਸੀ ਕਿ ਤੁਸੀਂ ਕਹਿ ਰਹੇ ਹੋ, ਅੱਜ ਤੋਂ ਤੂੰ ਮੇਰਾ ਨਾਈ ਹੈਂ। ਇਸੇ ਕਰ ਕੇ ਤਾਂ ਮੈਂ ਹਜਾਮਤ ਦਾ ਇਹ ਸਾਰਾ ਸਾਮਾਨ ਖਰੀਦ ਕੇ ਲਿਆਇਆ ਹਾਂ। ਜੇ ਮੈਨੂੰ ਪਤਾ ਹੁੰਦਾ ਕਿ ਅੱਜ ਤੋਂ ਮੈਂ ਤੁਹਾਡਾ ਨਾਈ ਨਹੀਂ, ਭਾਈ ਹਾਂ, ਤਾਂ ਮੈਂ ਆਪਣਾ ਬਿਸਤਰਾ ਵੀ ਚੁੱਕ ਕੇ ਇਥੇ ਲੈ ਆਉਂਦਾ-ਪਰ ਹੁਣ...ਹੁਣ ਕੀ ਕਰੀਏ?"

"ਹੁਣ ਕੀ ਕਰੀਏ?" ਦਲੀਪ ਕੁਮਾਰ ਨੇ ਸਿਰ ਝੁਕਾਉਂਦੇ ਹੋਏ ਕਿਹਾ, "ਹੁਣ ਕਰੋ ਮੇਰੀ ਹਜਾਮਤ।"

ਸ਼ੱਦੂ ਦੀ ਕਹਾਣੀ ਬੜੀ ਦਿਲਚਸਪ ਸੀ, ਪਰ ਸਭ ਤੋਂ ਦਿਲਚਸਪ ਗੱਲ ਇਹ ਸੀ ਕਿ ਜਦੋਂ ਮੈਂ ਉਸ ਦੀ ਕੁਰਸੀ ਤੋਂ ਉਠਿਆ ਤਾਂ ਆਪਣੇ ਆਪ ਨੂੰ ਬਿਲਕੁਲ ਪਛਾਣ ਨਾ ਸਕਿਆ। ਮੈਂ ਚੀਕਦਿਆਂ ਕਿਹਾ, "ਓਏ ਸ਼ੱਦੂ! ਸੂਰ ਦੇ ਬੱਚੇ, ਇਹ ਤੂੰ ਕੀ ਕਰ ਦਿੱਤਾ?"

ਸ਼ੱਦੂ ਨੇ ਬਾਂਹਾਂ ਫੈਲਾਉਂਦਿਆਂ ਸਿਰ ਝੁਕਾ ਕੇ ਕਿਹਾ, "ਉਸਤਾਦ ਜੀ, ਇਹੋ ਤਾਂ ਉਹ ਮਸ਼ਹੂਰ ਹੇਅਰ ਸਟਾਈਲ ਹੈ ਜਿਸ ਦੇ ਬਲਬੂਤੇ ਮੈਂ ਦਿਨ ਵਿਚ ਸੌ ਰੁਪਏ ਕਮਾਉਂਦਾ ਹਾਂ।

ਸ਼ੱਦੂ ਦੀ ਦੁਕਾਨ ਬਹੁਤ ਚੱਲ ਪਈ ਸੀ, ਪਰ ਸ਼ਹਿਰ ਦੇ ਬਹੁਤ ਸਾਰੇ ਨਾਈ ਬੇਕਾਰ ਹੋ ਗਏ। ਕੁਝ ਨਾਈਆਂ ਨੇ ਤਾਂ ਸ਼ਹਿਰ ਹੀ ਛੱਡ ਦਿੱਤਾ। ਇਕ-ਦੋ ਸਬਜ਼ੀ-ਭਾਜੀ ਵੇਚਣ ਲੱਗ ਪਏ। ਇਕ-ਦੋ ਗਮ ਦੇ ਮਾਰੇ ਪਾਗਲ ਹੋ ਗਏ ਅਤੇ ਇਕ ਨੇ ਆਪਣੇ ਗਲੇ ਉਤੇ ਉਸਤਰਾ ਫੇਰ ਕੇ ਖੁਦਕੁਸ਼ੀ ਕਰ ਲਈ, ਪਰ ਇਨ੍ਹਾਂ ਗੱਲਾਂ ਦਾ ਸ਼ੱਦੂ ਜਾਂ ਸ਼ਹਿਰ ਦੇ ਨੌਜਵਾਨਾਂ ਉਤੇ ਭਲਾ ਕੀ ਅਸਰ ਹੁੰਦਾ? ਉਹ ਤਾਂ ਸਾਰੇ ਦਲੀਪ ਕੁਮਾਰ ਹੇਅਰ ਸਟਾਈਲ ਦੇ ਦੀਵਾਨੇ ਹੋਏ ਪਏ ਸਨ ਤੇ ਸ਼ੱਦੂ ਕੋਲੋਂ ਦਲੀਪ ਕੁਮਾਰ ਦੀਆਂ ਗੱਲਾਂ ਸੁਣਨ ਜਾਇਆ ਕਰਦੇ ਸਨ। ਜਦੋਂ ਕਦੀ ਵੀ ਮੈਂ ਉਸ ਦੀ ਦੁਕਾਨ ਉਤੇ ਗਿਆ, ਮੈਂ ਸ਼ੇਵਿੰਗ ਸੈਲੂਨ ਭਰਿਆ ਹੀ ਵੇਖਿਆ।

ਮਤਾਦੀਨ ਹਲਵਾਈ ਦਾ ਮੁੰਡਾ ਪੁੱਛ ਰਿਹਾ ਸੀ, "ਯਾਰ ਸ਼ੱਦੂ, ਇਹ ਦਲੀਪ ਕੁਮਾਰ ਸਿਰ ਉਤੇ ਕਿਹੜਾ ਤੇਲ ਲਾਉਂਦਾ?"

"ਧਾਂਸੂ ਤੇਲ।"

"ਇਹ ਕਿਹੜਾ ਤੇਲ ਹੁੰਦਾ ਹੈ?"

ਸ਼ੱਦੂ ਨੇ ਬੰਦ ਅਲਮਾਰੀ ਦਾ ਤਾਲਾ ਖੋਲ੍ਹਿਆ ਤੇ ਉਸ ਵਿਚੋਂ ਇਕ ਸ਼ੀਸ਼ੀ ਬਹੁਤ ਸਾਵਧਾਨੀ ਨਾਲ ਕੱਢੀ ਤੇ ਮਤਾਦੀਨ ਹਲਵਾਈ ਦੇ ਮੁੰਡੇ ਦੇ ਹੱਥ ਵਿਚ ਦਿੰਦਿਆਂ ਕਹਿਣ ਲੱਗਾ, "ਇਹ ਧਾਂਸੂ ਤੇਲ ਹੈ। ਇਸ ਦਾ ਨੁਸਖ਼ਾ ਮੇਰੇ ਤੇ ਦਲੀਪ ਕੁਮਾਰ ਤੋਂ ਬਿਨਾਂ ਕੋਈ ਨਹੀਂ ਜਾਣਦਾ।"

"ਇਹਦੇ ਵਿਚ ਕਿਹੜੀ ਖਾਸ ਗੱਲ ਹੈ?"

*(ਬਾਕੀ ਅਗਲੇ ਸਫੇ 'ਤੇ)*

# ਦਲੀਪ ਕੁਮਾਰ ਦਾ ਨਾਈ

*(ਪਿਛਲੇ ਸਫੇ ਦੀ ਬਾਕੀ)*

ਜੱਗਾ ਪੰਸਾਰੀ ਜੋ ਗੰਜਾ ਸੀ, ਸ਼ੱਦੂ ਤੋਂ ਪੁੱਛਣ ਲੱਗਾ। ਸ਼ੱਦੂ ਨੇ ਉਸ ਦੇ ਗੰਜੇ ਸਿਰ ਵੱਲ ਵੇਖ ਕੇ ਕਿਹਾ, "ਇਸ ਦੇ ਇਸਤੇਮਾਲ ਨਾਲ ਵਾਲ ਸਾਰੀ ਉਮਰ ਕਾਲੇ ਤੇ ਚਮਕੀਲੇ ਰਹਿੰਦੇ ਹਨ ਅਤੇ ਜਿਸ ਦੇ ਸਿਰ ਉਤੇ ਵਾਲ ਨਾ ਹੋਣ, ਉਸ ਦੇ ਵਾਲ ਉਗ ਆਉਂਦੇ।"

"ਸੱਚ ਕਹਿੰਦੇ ਹੋ?"

"ਹੋਰ ਮੈਂ ਝੂਠ ਕਹਿੰਦਾਂ? ਇਸਤੇਮਾਲ ਕਰ ਕੇ ਵੇਖ ਲਓ। ਓਏ, ਇਕ ਦਿਨ ਮੈਂ ਗਲਤੀ ਨਾਲ ਇਹ ਤੇਲ ਆਪਣੀ ਹਥੇਲੀ ਉਤੇ ਲਗਾ ਲਿਆ ਸੀ, ਰਾਤੋ-ਰਾਤ ਹਥੇਲੀਆਂ ਉਤੇ ਇੰਨੇ ਵਾਲ ਉਗ ਆਏ ਕਿ ਬੁਰਸ਼ ਜਾਪਣ ਲੱਗੇ। ਬੜੀ ਮੁਸ਼ਕਿਲ ਨਾਲ ਸਾਫ਼ ਪਾਊਡਰ ਨਾਲ ਆਪਣੀਆਂ ਹਥੇਲੀਆਂ ਸਾਫ਼ ਕੀਤੀਆਂ।"

"ਤਾਂ ਹੁਣ ਫਿਰ ਆਪਣੇ ਸਿਰ ਵਿਚ ਤੇਲ ਕਿਵੇਂ ਲਗਾਉਂਦੇ ਹੋ?"

"ਹੁਣ ਤਾਂ ਦਸਤਾਨੇ ਪਾ ਕੇ ਤੇਲ ਲਗਾਉਂਦਾ ਹਾਂ। ਲੈ ਜਾਓ, ਇਹ ਧਾਂਸੂ ਤੇਲ ਦੀ ਸ਼ੀਸ਼ੀ। ਬੰਬਈ ਵਿਚ ਤਾਂ ਖੈਰ ਪੰਦਰਾਂ ਰੁਪਏ ਤੋਂ ਘੱਟ ਨਹੀਂ ਵੇਚਦਾ, ਤੇਰੇ ਕੋਲੋਂ ਦਸ ਰੁਪਏ ਲੈ ਲਵਾਂਗਾ।"

ਮਤਾਦੀਨ ਹਲਵਾਈ ਦਾ ਪੁੱਤਰ ਅਮੀਰ ਘਰਾਣੇ 'ਚੋਂ ਸੀ, ਇਸ ਲਈ ਉਹ ਦਸ ਰੁਪਏ ਦੇ ਸਕਦਾ ਸੀ, ਪਰ ਰਹਿਮਾਨ ਨੂੰ ਧਾਂਸੂ ਤੇਲ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਕੁਝ ਹੋਰ ਹੀ ਜਾਣਨਾ ਚਾਹੁੰਦਾ ਸੀ। ਆਖਰ ਉਸ ਤੋਂ ਰਿਹਾ ਨਾ ਗਿਆ ਤੇ ਬੋਲ ਪਿਆ, "ਯਾਰ, ਇਹ ਦਲੀਪ ਕੁਮਾਰ ਵਿਆਹ ਕਿਉਂ ਨਹੀਂ ਕਰਵਾਉਂਦਾ?"

ਸ਼ੱਦੂ ਨੇ ਕਿਹਾ, "ਓਏ, ਇਹ ਤਾਂ ਬਹੁਤ ਦਿਲਚਸਪ ਕਿੱਸਾ ਹੈ। ਇਕ ਦਿਨ ਮੈਂ ਤੇ ਦਲੀਪ ਕੁਮਾਰ ਜੁਹੂ ਉਤੇ ਟਹਿਲ ਰਹੇ ਸੀ, ਮੈਂ ਇਹੀ ਸੁਆਲ ਦਲੀਪ ਕੁਮਾਰ ਨੂੰ ਕੀਤਾ। ਦਲੀਪ ਕੁਮਾਰ, ਤੁਸੀਂ ਜਾਣਦੇ ਹੀ ਹੋ ਕਿ ਹਿੰਦੁਤਸਾਨ ਦਾ ਸਭ ਤੋਂ ਮਸ਼ਹੂਰ ਤੇ ਸਭ ਤੋਂ ਵੱਡਾ ਹੀਰੋ, ਹਜ਼ਾਰਾਂ ਖੂਬਸੂਰਤ ਕੁੜੀਆਂ ਉਸ ਉਤੇ ਮਰਦੀਆਂ ਹਨ, ਜਾਨ ਛਿੜਕਦੀਆਂ ਹਨ, ਜਿਵੇਂ ਅਸੀਂ ਮੱਛਰਾਂ ਉਤੇ ਡੀ.ਡੀ.ਟੀ. ਛਿੜਕਦੇ ਹਾਂ। ਉਂਜ, ਉਹ ਉਸ ਉਤੇ ਆਪਣੀ ਜਾਨ ਛਿੜਕਣ ਲਈ ਹਰ ਵਕਤ ਤਿਆਰ ਰਹਿੰਦੀਆਂ ਹਨ, ਪਰ ਦਲੀਪ ਕੁਮਾਰ ਹੈ ਕਿ ਵਿਆਹ ਹੀ ਨਹੀਂ ਕਰਦਾ, ਕਿਉਂ? ਆਖਰ ਉਸ ਦਿਨ ਹਿੰਮਤ ਕਰ ਕੇ ਦਲੀਪ ਕੁਮਾਰ ਤੋਂ ਮੈਂ ਇਹ ਸੁਆਲ ਪੁੱਛ ਲਿਆ।

"ਦਲੀਪ ਕੁਮਾਰ ਨੇ ਆਪਣੇ ਵਾਲਾਂ ਦੀ ਲਿਟ ਨੂੰ ਹਲਕਾ ਜਿਹਾ ਝਟਕਾ ਦਿੱਤਾ ਤੇ ਫਿਰ ਉਹ ਹੌਲੀ ਜਿਹੇ ਮੁਸਕਰਾਇਆ ਤੇ ਫਿਰ ਝੁਕ ਕੇ ਸਮੁੰਦਰ ਦੇ ਕਿਨਾਰੇ ਦੀ ਰੇਤ ਨੂੰ ਮੁੱਠੀ ਵਿਚ ਭਰਿਆ ਅਤੇ ਆਪਣੇ ਮੂੰਹ ਵਿਚ ਪਾ ਲਿਆ ਅਤੇ ਹੌਲੀ-ਹੌਲੀ ਰੇਤ ਦੇ ਕਿਣਕਿਆਂ ਨੂੰ ਚਬਾਉਂਦੇ ਹੋਏ ਗੰਭੀਰ ਅੰਦਾਜ਼ ਵਿਚ ਬੋਲਿਆ, "ਸ਼ੱਦੂ ਭਾਈਜਾਨ! ਗੱਲ ਦਰਅਸਲ ਇਹ ਹੈ ਕਿ...ਕਿ...ਮੈਂ ਇਕ ਵਿਧਵਾ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ।"

"ਵਿਧਵਾ ਨਾਲ ਸ਼ਾਦੀ ਤਾਂ ਬੜੇ ਪੁੰਨ ਦਾ ਕੰਮ ਹੈ।"

"ਹੈ ਤਾਂ ਸਹੀ।" ਦਲੀਪ ਕੁਮਾਰ ਬੜੇ ਗੰਭੀਰ ਲਹਿਜ਼ੇ ਵਿਚ ਬੋਲਿਆ, "ਪਰ ਮੁਸੀਬਤ ਇਹ ਹੈ ਕਿ ਸਾਡੀ ਫਿਲਮ ਇੰਡਸਟਰੀ ਵਿਚ ਕੋਈ ਹੀਰੋਇਨ ਵਿਧਵਾ ਨਹੀਂ ਹੈ।"

"ਹੈ ਤਾਂ ਨਹੀਂ, ਪਰ ਹੋ ਸਕਦੀ ਹੈ, ਜੇ ਤੁਸੀਂ ਚਾਹੋ ਤਾਂ।"

"ਓਹੋ! ਮੇਰਾ ਸਿਰ ਘੁੰਮ ਰਿਹੈ।" ਦਲੀਪ ਕੁਮਾਰ ਬੋਲਿਆ, "ਮੇਰੇ ਸਿਰ ਉਤੇ ਮਾਲਸ਼ ਕਰੋ।"

ਸ਼ੱਦੂ ਬੋਲਿਆ, "ਮਿੱਤਰ ਜੀ, ਇਹ ਜਵਾਬ ਸੁਣਨ ਤੋਂ ਬਾਅਦ ਮੇਰਾ ਜੀਅ ਵੀ ਮਾਲਸ਼ ਕਰਨ ਨੂੰ ਕਾਹਲਾ ਪੈਣ ਲੱਗਾ ਤੇ ਦਲੀਪ ਕੁਮਾਰ ਦੇ ਸਿਰ ਦੀ ਮਾਲਸ਼ ਕਰਦੇ-ਕਰਦੇ ਇਹ ਸੋਚਣ ਲੱਗਾ ਕਿ ਦਲੀਪ ਕੁਮਾਰ ਲਈ ਕਿਹੋ ਜਿਹੀ ਵਿਧਵਾ ਠੀਕ ਰਹੇਗੀ। ਤੇ ਸੱਚ ਪੁੱਛੋ ਤਾਂ ਆਪਣੇ ਵਤਨ ਵਾਪਸ ਆਉਣ ਦਾ ਮੇਰਾ ਸਭ ਤੋਂ ਵੱਡਾ ਮਕਸਦ ਇਹੀ ਹੈ ਕਿ ਮੈਂ ਆਪਣੇ ਪਿਆਰੇ ਦਲੀਪ ਕੁਮਾਰ ਲਈ ਕੋਈ ਯੋਗ ਵਿਧਵਾ ਦੀ ਤਲਾਸ਼ ਕਰਾਂ।"

ਉਡਦੇ-ਉਡਦੇ ਇਹ ਖਬਰ ਸਾਰੇ ਸ਼ਹਿਰ ਵਿਚ ਫੈਲ ਗਈ ਕਿ ਦਲੀਪ ਕੁਮਾਰ ਨੂੰ ਵਿਧਵਾ ਦੀ ਤਲਾਸ਼ ਹੈ। ਇਹ ਖਬਰ ਸੁਣਦਿਆਂ ਹੀ ਬਹੁਤ ਸਾਰੇ ਘਰਾਂ ਵਿਚ, ਜਿਥੇ ਪਹਿਲਾਂ ਸ਼ੱਦੂ ਦਾ ਪਰਛਾਵਾਂ ਤੱਕ ਨਹੀਂ ਜਾ ਸਕਦਾ ਸੀ, ਉਥੋਂ ਸ਼ੱਦੂ ਨੂੰ ਬੜੇ ਸਤਿਕਾਰ ਤੇ ਸਨਮਾਨ ਨਾਲ ਦਾਅਵਤਾਂ ਦੇ ਸੱਦੇ ਆਉਣ ਲੱਗੇ। ਕਰਦਿਆਂ-ਕਰਦਿਆਂ ਇਕ ਦਿਨ ਸਾਡੇ ਮੁਹੱਲੇ ਦੀ ਇਕ ਅਮੀਰ ਖੋਜਣ ਜੋ ਦਸ ਸਾਲਾਂ ਤੋਂ ਵਿਧਵਾ ਸੀ ਤੇ ਜਿਸ ਦਾ ਪੁੱਤਰ ਗੁੱਲਾ ਸ਼ਹਿਰ ਦਾ ਮਸ਼ਹੂਰ ਬਟੇਰਬਾਜ਼ ਸੀ, ਨੇ ਸ਼ੱਦੂ ਨੂੰ ਬੁਲਾਇਆ ਤੇ ਪੁੱਛਿਆ, "ਸੁਣਿਆਂ ਹੈ, ਤੇਰਾ ਦਲੀਪ ਕੁਮਾਰ ਵਿਧਵਾ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ?"

"ਹਾਂ।"

ਅਮੀਰ ਖੋਜਣ ਇਹ ਜਵਾਬ ਸੁਣ ਕੇ ਦੇਰ ਤੱਕ ਚੁੱਪ ਰਹੀ ਅਤੇ ਫੇਰ ਬੋਲੀ, "ਦਲੀਪ ਕੁਮਾਰ ਕੋਲ ਕਿੰਨਾ ਕੁ ਰੁਪਇਆ ਹੋਵੇਗਾ?"

ਸ਼ੱਦੂ ਹੱਸ ਕੇ ਬੋਲਿਆ, "ਦਲੀਪ ਕੁਮਾਰ ਦੀ ਦੌਲਤ ਦਾ ਕੀ ਪੁੱਛਦੇ ਹੋ? ਡੇਢ-ਡੇਢ ਲੱਖ ਦੇ ਕੰਟਰੈਕਟ ਵਾਸਤੇ ਪ੍ਰੋਡਿਊਸਰ ਉਸ ਦੇ ਅੱਗੇ-ਪਿੱਛੇ ਘੁੰਮਦੇ ਰਹਿੰਦੇ ਹਨ। ਦੌਲਤ ਤਾਂ ਉਸ ਦੇ ਹੱਥਾਂ ਦੀ ਮੈਲ ਹੈ। ਚਾਹੇ ਤਾਂ ਕੱਲ੍ਹ ਬੰਬਈ ਖਰੀਦ ਲਵੇ।"

ਖੋਜਣ ਸੋਚ ਕੇ ਫਿਰ ਬੋਲੀ, "ਮੇਰੇ ਕੋਲ ਵੀ ਅੱਸੀ ਹਜ਼ਾਰ ਰੁਪਇਆ ਹੈ। ਤੇਰਾ ਦਲੀਪ ਕੁਮਾਰ ਕੀ ਮੇਰੇ ਨਾਲ ਵਿਆਹ ਕਰਵਾਏਗਾ?"

ਸ਼ੱਦੂ ਨੇ ਬਹੁਤ ਭਰੋਸੇ ਨਾਲ ਕਿਹਾ, "ਉਹ ਤਾਂ ਜਿਸ ਨਾਲ ਵੀ ਮੈਂ ਕਹਾਂਗਾ, ਉਸੇ ਨਾਲ ਵਿਆਹ ਕਰੇਗਾ।"

ਖੋਜਣ ਨੇ ਆਪਣਾ ਬਟੂਆ ਖੋਲ੍ਹਿਆ...

ਦਸ ਦਿਨ ਹੋਏ ਸ਼ੱਦੂ ਤੇਲੀਆਂ ਦੇ ਮੁਹੱਲੇ ਤੋਂ ਸੋਲਾਂ ਸਾਲਾ ਨੌਜਵਾਨ ਵਿਧਵਾ ਨੂੰ ਲੈ ਕੇ ਫਰਾਰ ਹੋ ਗਿਆ। ਸ਼ਹਿਰ ਦੇ ਇੱਜ਼ਤਦਾਰ ਲੋਕਾਂ ਨੇ ਪੁਲਿਸ ਨੂੰ ਬਥੇਰਾ ਕਿਹਾ ਕਿ ਉਹ ਬੰਬਈ ਜਾ ਕੇ ਦਲੀਪ ਕੁਮਾਰ ਦੇ ਘਰ ਦੀ ਤਲਾਸ਼ੀ ਲੈਣ, ਪਰ ਪੁਲਿਸ ਵਾਲੇ ਸ਼ਾਇਦ ਦਲੀਪ ਕੁਮਾਰ ਤੋਂ ਡਰਦੇ ਸਨ। ਉਹ ਨਾ ਬੰਬਈ ਗਏ ਤੇ ਨਾ ਹੀ ਉਨ੍ਹਾਂ ਨੇ ਉਥੋਂ ਦੀ ਪੁਲਿਸ ਨੂੰ ਕੋਈ ਵਾਰੰਟ ਸ਼ੱਦੂ ਜਾਂ ਦਲੀਪ ਕੁਮਾਰ ਦੇ ਖਿਲਾਫ ਭੇਜਿਆ। ਉਹ ਲੋਕ ਸਾਡੇ ਸ਼ਹਿਰ ਦੇ ਆਸ-ਪਾਸ ਦੇ ਕਸਬਿਆਂ ਵਿਚ ਹੀ ਸ਼ੱਦੂ ਨੂੰ ਢੂੰਡਦੇ ਰਹੇ ਅਤੇ ਆਖਰ ਉਸ ਨੂੰ ਸ਼ਹਿਰ ਤੋਂ ਤੀਹ ਮੀਲ ਦੂਰ ਦੁਲਾਰੀਆਂ ਪਿੰਡ ਦੇ ਛੱਪੜ ਤੋਂ ਢੂੰਡ ਲਿਆ। ਸ਼ੱਦੂ ਤਾੜੀ ਪੀ ਕੇ ਬੇਸੁਧ ਪਿਆ ਸੀ ਅਤੇ ਉਹ ਕੁੜੀ ਕੋਨੇ ਵਿਚ ਬੈਠੀ ਰੋ ਰਹੀ ਸੀ।

ਗ੍ਰਿਫ਼ਤਾਰੀ ਤੋਂ ਬਾਅਦ ਅਦਾਲਤ ਵਿਚ ਜਿਰ੍ਹਾ ਦੌਰਾਨ ਪਤਾ ਲੱਗਿਆ ਕਿ ਸ਼ੱਦੂ ਮੀਆਂ ਆਪਣੀ ਜ਼ਿੰਦਗੀ ਵਿਚ ਨਾ ਕਦੀ ਬੰਬਈ ਗਿਆ ਸੀ ਅਤੇ ਨਾ ਕਦੇ ਉਸ ਨੇ ਦਲੀਪ ਕੁਮਾਰ ਨੂੰ ਵੇਖਿਆ ਸੀ। ਕੁੜੀ ਨੂੰ ਨਠਾਣ ਵਿਚ ਉਸ ਨੇ ਇਹ ਝਾਂਸਾ ਦੇ ਕੇ ਅਗਵਾ ਕਰ ਲਿਆ ਸੀ ਕਿ ਉਸ ਨੂੰ ਬੰਬਈ ਲੈ ਜਾਵੇਗਾ ਤੇ ਦਲੀਪ ਕੁਮਾਰ ਨਾਲ ਉਸ ਦਾ ਵਿਆਹ ਕਰਵਾ ਦੇਵੇਗਾ। ਉਹ ਕਰਦਾ ਵੀ ਕੀ, ਕਿਉਂ ਜੋ ਇਸ ਤੋਂ ਬਿਨਾਂ ਉਹ ਕੁੜੀ ਕਦੇ ਕਾਬੂ ਨਹੀਂ ਆ ਸਕਦੀ ਸੀ।

ਸ਼ੱਦੂ ਨੂੰ ਜੇਲ੍ਹ ਹੋ ਗਈ।

ਜੇਲ੍ਹ ਵਿਚ ਮੈਂ ਉਸ ਨੂੰ ਮਿਲਣ ਗਿਆ। ਸ਼ੱਦੂ ਨਾਲ ਮੁਲਾਕਾਤ ਵੀ ਹੋ ਗਈ। ਵਾਪਸ ਆਉਣ ਵੇਲੇ ਸ਼ੱਦੂ ਨੇ ਮੈਨੂੰ ਦੱਸਿਆ ਕਿ ਜੇਲ੍ਹ ਤੋਂ ਛੁੱਟਣ ਤੋਂ ਬਾਅਦ ਉਹ ਦਲੀਪ ਕੁਮਾਰ ਦਾ ਨਾਈ ਨਹੀਂ ਰਹੇਗਾ, ਬਲਕਿ ਰਾਜਕਪੂਰ ਦਾ ਦਰਜੀ ਬਣ ਜਾਵੇਗਾ।

"ਦਰਜੀ?" ਮੈਂ ਹੈਰਾਨੀ ਨਾਲ ਪੁੱਛਿਆ, "ਪਰ ਤੂੰ ਕਦੇ ਸਿਲਾਈ ਸਿੱਖੀ ਹੈ?"

"ਉਸਤਾਦ ਜੀ, ਤੁਸੀਂ ਵੀ ਨਿਰੇ ਬੁੱਧੂ ਹੋ।" ਸ਼ੱਦੂ ਨੇ ਹੱਸਦਿਆਂ ਕਿਹਾ, "ਇਸ ਵਿਚ ਭਲਾ ਸਿੱਖਣ ਦੀ ਕੀ ਲੋੜ ਹੈ। ਇਹ ਤਾਂ ਰੱਬ ਵੱਲੋਂ ਦਿੱਤੀ ਹੋਈ ਦਾਤ ਹੈ।"

# ਕਾਵਿ-ਕਿਆਰੀ

## ਗਜ਼ਲ

ਮੇਰੀ ਚੁੱਪ ਨੂੰ ਵੀ ਕੀ ਕੀ ਦਿੱਤੇ ਨਾਮ ਲੋਕਾਂ ਨੇ।
ਗੁੰਗਾ ਕਦੇ ਦੋਸ਼ੀ ਕਿਹਾ ਬਦਨਾਮ ਲੋਕਾਂ ਨੇ।

ਉਹ ਪਾੜਦੇ ਵਰਕੇ ਕਦੇ ਉਹ ਤੋੜਦੇ ਕਲਮਾਂ,
ਖਾਸ ਬੰਦੇ ਕੁਰਸੀ ਬਿਠਾਏ ਆਮ ਲੋਕਾਂ ਨੇ।

ਘਰੇ ਅੱਗ ਲਗਦੀ ਤਾਂ ਭਾਲਦੇ ਫਿਰਨ ਪਾਣੀ,
ਅੱਗ ਬਿਗਾਨੇ ਘਰ ਦੀ ਕੀਤੀ ਬਦਨਾਮ ਲੋਕਾਂ ਨੇ।

ਸੋਚਦੇ ਜੋ ਰਹੂਗੀ ਸਦਾ ਤਲਵਾਰ ਹੀ ਜਿੱਤਦੀ,
ਹਸ਼ਰ ਸੋਚੋ ਜਦੋਂ ਚੁੱਕੀ ਕਿਰਪਾਨ ਲੋਕਾਂ ਨੇ।

ਇਹ ਕਿਸ ਤਰ੍ਹਾਂ ਦਾ ਸ਼ਹਿਰ ਹੈ ਤੇ ਦੇਸ਼ ਹੈ ਕਿਹੜਾ,
ਕੈਦ ਈ ਕਰਕੇ ਰੱਖ ਲਿਆ ਭਗਵਾਨ ਲੋਕਾਂ ਨੇ।

ਸੱਚ ਤੇ ਝੂਠ ਦਾ ਫਰਕ ਮਰੀ ਜਮੀਰ ਕੀ ਜਾਣੇ,
ਆਪਣੇ ਹੱਥੀਂ ਬੁੱਤ ਕੀਤਾ ਸ਼ਮਸ਼ਾਨ ਲੋਕਾਂ ਨੇ।

ਦਿਖਾਵੇ ਦੀ ਕੈਦ ਰੱਬਾ ਧਰਮ ਨੂੰ ਹੈ ਹੋ ਗਈ,
ਇਸ ਕੈਦ ਨੇ ਕਤਲ ਕੀਤੇ ਅਰਮਾਨ ਲੋਕਾਂ ਦੇ।

ਕਿਸ ਤਰ੍ਹਾਂ ਦੇ ਲੋਕ ਜੋ ਰੱਬ ਦੇ ਸ਼ਰੀਕ ਬਣ ਬੈਠੇ,
ਡੇਰੇ ਨੂੰ ਹੀ ਮੰਨ ਲਿਆ ਭਗਵਾਨ ਲੋਕਾਂ ਨੇ।

ਕੌਣ ਕਿਸ ਦੇ ਬਰਖਿਲਾਫ ਤੇ ਹੱਕ ਵਿਚ ਕਿਹੜਾ,
ਨਫਰਤ ਵੀ ਲੁਕੋ ਲਈ ਵਿਚ ਮੁਸਕਾਨ ਲੋਕਾਂ ਨੇ।

ਸਹੁਰੇ ਦਾ ਖੱਫਣ ਖੋਹਣ ਨੂੰ ਜਵਾਈ ਖੜ'ਗੇ,
ਹਲਾਲ ਕਹਿ ਹਰਾਮ ਖਾਧਾ ਸ਼ੱਰੇਆਮ ਲੋਕਾਂ ਨੇ।

ਕੌਣ ਕਰੂਗਾ ਰਹਿਨੁਮਾਈ ਵਤਨ ਲਈ ਕੌਮ ਦੀ?
ਜਦ ਚੋਰ ਉਚੱਕੇ ਮੰਨ ਲਏ ਪ੍ਰਧਾਨ ਲੋਕਾਂ ਨੇ।

ਇਹ ਕੌਣ ਹੈ ਜੁ ਨੀਂਦ 'ਚੋਂ ਜਗਾ ਰਿਹੈ ਲੋਕਾਂ ਨੂੰ,
ਚੋਰਾਂ ਦੀ ਸ਼ਹਿ 'ਤੇ ਚੁੱਕਿਆ ਅਸਮਾਨ ਲੋਕਾਂ ਨੇ।

ਪਖੰਡ ਨੂੰ ਭੰਡਦੇ ਤਰਕੀ ਧਰਮ ਹੀ ਭੁੱਲ'ਗੇ,
ਇਸ ਠਰਕ ਲਈ ਧਰਮ ਕੀਤਾ ਕੁਰਬਾਨ ਲੋਕਾਂ ਨੇ।

ਸਾਜ਼ਿਸ਼ਾਂ ਹੀ ਗੰਗੂ ਜਿਹੇ ਲੋਕ ਨੇ ਜੋ ਕਰ ਰਹੇ,
ਥੁੱਕ ਥੁੱਕ ਕੇ ਚੱਟ ਲਿਆ ਸ਼ੱਰੇਆਮ ਲੋਕਾਂ ਨੇ।

ਇਹ ਕਿਸ ਤਰ੍ਹਾਂ ਦੀ ਚੁੱਪ ਹੈ ਇਹ ਸ਼ੋਰ ਹੈ ਕੈਸਾ,
ਧਰਮਸ਼ਾਲ ਵੀ ਕਰ ਛੱਡੀ ਬਦਨਾਮ ਲੋਕਾਂ ਨੇ।

ਧਰਮੀ ਖੜ੍ਹ ਗਏ ਜਾ ਜਦੋਂ ਬੇਧਰਮਿਆਂ ਪਾਸੇ,
ਬੇ-ਜ਼ਮੀਰੇ ਵੀ ਮੰਨ ਲਏ ਸ਼ਮਸ਼ਾਨ ਲੋਕਾਂ ਨੇ।

*-ਜਸਵਿੰਦਰ ਸਿੰਘ ਸ਼ੇਰਗਿੱਲ*

## ਗਜ਼ਲ

ਦੁਸ਼ਮਣੀ ਦੀ ਛਡ ਕਹਾਣੀ ਦੋਸਤੀ ਨੂੰ ਮਾਣ ਲੈ।
ਜ਼ਿੰਦਗੀ ਹੈ ਖੂਬਸੂਰਤ ਜ਼ਿੰਦਗੀ ਨੂੰ ਮਾਣ ਲੈ।

ਵਸਲ ਦੇ ਪਲ ਤੂੰ ਹੰਡਾਏ ਹਨ ਬੜੇ ਚਾਵਾਂ ਦੇ ਨਾਲ,
ਬੇਰੁਖੀ ਦਾ ਜੇ ਹੈ ਮੌਸਮ ਬੇਰੁਖੀ ਨੂੰ ਮਾਣ ਲੈ।

ਸੋਚ ਤੇਰੀ ਨੇਰ੍ਹਿਆਂ ਦੀ ਈਰਖਾ ਵਿਚ ਭਟਕਦੀ,
ਆ ਮੁਹੱਬਤ ਦੀ ਜਰਾ ਤੂੰ ਰੌਸ਼ਨੀ ਨੂੰ ਮਾਣ ਲੈ।

ਸਿਸਕਣੇ ਦੀ ਹੈ ਮਿਲੀ ਸੌਗਾਤ ਵੀ ਮਹਿਬੂਬ ਤੋਂ,
ਸਿਸਕਦੀ ਹੈ ਜ਼ਿੰਦਗੀ ਜੇ, ਸਿਸਕਦੀ ਨੂੰ ਮਾਣ ਲੈ।

ਮਹਿਕ ਬਣ ਕੇ ਘੁਲ ਗਿਆਂ ਸਾਹਾਂ 'ਚ ਮੇਰੇ ਦਿਲਬਰਾ,
ਦਿਲ ਲਗਾਇਆ ਹੈ ਅਗਰ ਤਾਂ ਦਿਲੱਗੀ ਨੂੰ ਮਾਣ ਲੈ।

ਦਿਨ ਚੜੇ 'ਤੇ ਸੋਚ ਲੈਣਾ ਤੂੰ ਸਫ਼ਰ ਦੇ ਵਾਸਤੇ,
ਰਾਤ ਹੈ ਜੇ ਖੁਸ਼ਨੁਮਾ ਤਾਂ ਰਾਤਰੀ ਨੂੰ ਮਾਣ ਲੈ।

ਇਕ ਦੋ ਪਲ ਹੀ ਕੋਲ ਬਚਦੇ ਨੇ 'ਅਜੇ ਤਨਵੀਰ' ਦੇ,
ਕੋਲ ਉਸ ਦੇ ਬਹਿ ਕੇ ਉਸ ਦੀ ਸਾਦਗੀ ਨੂੰ ਮਾਣ ਲੈ।

*-ਅਜੇ ਤਨਵੀਰ*

## ਜੀਵਨ

ਫਿਕਰਾਂ ਵਿਚ ਨਾ ਐਵੇਂ ਸਮਾਂ ਲੰਘਾਇਆ ਕਰ।
ਜੱਗ ਨੂੰ ਤੱਕ ਕੇ ਥੋੜਾ ਜਿਹਾ ਮੁਸਕਾਇਆ ਕਰ।
ਜੇਕਰ ਰਾਤੀਂ ਗੂੜ੍ਹੀ ਨੀਂਦਰ ਚਾਹੁੰਨਾ ਏਂ,
ਦਿਨ ਸੱਜਣਾ ਸੁਕਿਰਤ ਦੀ ਭੇਟ ਚੜ੍ਹਾਇਆ ਕਰ।
ਹੋਰਾਂ ਤੋਂ ਜੇ ਝਾਕ ਹੈ ਮਿੱਠਿਆਂ ਬਚਨਾਂ ਦੀ,
ਦੁਨੀਆਂ ਨੂੰ ਵੀ ਮਿੱਠੇ ਬਚਨ ਸੁਣਾਇਆ ਕਰ।

ਜੇਕਰ ਸੱਜਣਾ ਭਲਾ ਤੂੰ ਆਪਣਾ ਮੰਗਦਾ ਏਂ,
ਆਪਣੇ ਹੱਥੀਂ ਵੀ ਕੋਈ ਭਲਾ ਕਮਾਇਆ ਕਰ।
ਮਾਣਸ ਦਾ ਰਤ ਪੀਣ ਬਰਾਬਰ ਹੁੰਦਾ ਹੈ,
ਹੱਕ ਪਰਾਇਆ ਭੁੱਲ ਕੇ ਵੀ ਨਾ ਖਾਇਆ ਕਰ।
ਬੱਧਾ-ਰੁੱਧਾ ਜੇ ਕੁਝ ਤੂੰ ਚੰਗਾ ਕਰ ਬੈਠਾਂ,
ਜਣੇ-ਖਣੇ ਕੋਲ ਐਵੇਂ ਨਾ ਜਤਲਾਇਆ ਕਰ।

ਆਪਣਾ ਹੀ ਘਰ ਫੂਕ ਤਮਾਸ਼ਾ ਦੇਖੀਦਾ,
ਪਰਉਪਕਾਰ ਦੇ ਬਦਲੇ ਨਾ ਕੁਝ ਚਾਹਿਆ ਕਰ।
ਅੱਖਾਂ ਮੀਚ ਭਰੋਸਾ ਕਰ ਪਛਤਾਵਣ ਤੋਂ,
ਚਿਹਰੇ ਪਿਛਲੇ ਚਿਹਰੇ ਨੂੰ ਅਜਮਾਇਆ ਕਰ।
ਜ਼ਿੰਦਗੀ ਜੀਣ ਦਾ ਮਤਲਬ ਬਹਿ ਕੇ ਸਮਝ ਲਵੀਂ,
ਜੀਵਨ ਜੀਣ ਤੋਂ ਪਹਿਲਾਂ ਨਾ ਮਰ ਜਾਇਆ ਕਰ।

*-ਡਾ. ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ*

## ਫੌਜਾਂ ਪੰਜਾਬ ਦੀਆਂ...

ਪੁੱਤ ਖਾਣੀ ਨਹਿਰ ਉਤੇ, ਸਿਵੇ ਫੇਰ ਬਾਲਣੇ ਲਈ,
ਖਿੱਚ ਲਈਆਂ ਹੁਣ ਫਿਰ ਲੀਡਰਾਂ ਤਿਆਰੀਆਂ।
ਉਂਗਲੀ ਨੂੰ ਲਹੂ ਲਾ ਕੇ ਬਣਨੇ 'ਸ਼ਹੀਦ' ਸਾਰੇ,
ਨਹਿਰ ਪੂਰਨੇ ਲਈ ਕਹਿੰਦੇ ਤੇਗਾਂ ਅਸੀਂ ਮਾਰੀਆਂ।

ਬਲਦੀ ਦੇ ਬੂਥੇ 'ਚ ਪੰਜਾਬ ਫੇਰ ਦੇ ਦੇਣਾ,
ਕੁਰਸੀ ਦੇ ਭੁੱਖੇ ਰਾਜਨੀਤੀ ਦੇ ਵਪਾਰੀਆਂ।
ਰੰਗਲਾ ਪੰਜਾਬ ਫੇਰ ਲਹੂ ਵਿਚ ਡੋਬ ਦੇਣਾ,
ਖੇਡ ਖੇਡ ਵਿਚ ਇਨ੍ਹਾਂ ਚਾਤਰ ਲਲਾਰੀਆਂ।
ਹੱਥਾਂ ਹੇਠ ਸਾਂਭ ਲਈਆਂ, ਖਾਸ ਖਾਸ ਖੋਟੀਆਂ,
ਅੱਖੀਂ ਘੱਟਾ ਪਾਉਣ ਲਈ ਨਰਦਾਂ ਖਿਲਾਰੀਆਂ।

ਉਨ ਲਾਹੁਣ ਸਮੇਂ ਰੁੱਸੇ ਇੱਜੜ ਮਨਾ ਲੈਂਦੇ,
ਵਾਰ ਵਾਰ 'ਭੇਡਾਂ' ਇਨ੍ਹਾਂ ਹੱਥਾਂ ਉਤੇ ਚਾਰੀਆਂ।
ਬੋਹਲਾਂ ਦੇ ਵਿਚਾਲੇ ਰੋਵੇ ਯਾਦ ਕਰ ਫਸਲਾਂ ਨੂੰ,
ਪੁੱਤਾਂ ਵਾਂਗ ਪਾਲੀਆਂ ਜੋ ਜਾਨ ਤੋਂ ਪਿਆਰੀਆਂ।
ਆਗੂਆਂ ਦੇ ਚੱਟੇ ਹੋਏ ਰੁੱਖ ਹਰੇ ਹੁੰਦੇ ਨਹੀਂ,
ਜਿਨ੍ਹਾਂ ਪਿੱਛੇ ਲੱਗ ਕਈ ਤੋੜ ਲੈਂਦੇ ਯਾਰੀਆਂ।

ਪਾਣੀਆਂ ਦੇ ਨਾਲ ਕਹਿੰਦੇ ਅੱਗਾਂ ਹੁਣ ਲਾਣੀਆਂ,
ਵੈਦਾਂ ਬਿਨਾਂ ਦੂਰ ਨਾਲੇ ਕਰਾਂਗੇ ਬੀਮਾਰੀਆਂ।
ਪੰਜ ਸਾਲ ਤੱਕ ਨੇਤਾ ਸਾਰੇ ਬੰਨ ਬੰਨ ਰੱਖਦੇ ਨੇ,
ਖੋਹਲ ਦਿੰਦੇ ਚੋਣਾਂ ਸਮੇਂ ਸਾਰੀਆਂ ਪਟਾਰੀਆਂ।
ਕੰਮ ਸਾਰੇ ਪੁੱਠੇ ਕੀਤੇ ਵੱਡੇ ਜਰਨੈਲਾਂ ਨੇ,
ਫੌਜਾਂ ਪੰਜਾਬ ਦੀਆਂ ਤਾਹੀਓਂ ਸਦਾ ਹਾਰੀਆਂ।

*-ਹਰਜਿੰਦਰ ਗੁਲਪੁਰ*
*ਫੋਨ: 91-98722-38981*

## ਪੈਂਡਾ

ਅੰਬਰ ਪੈਂਡੇ, ਧਰਤੀ ਪੈਂਡੇ, ਪੈਂਡੇ ਅੰਦਰ ਕੁੱਲ ਸੰਸਾਰ।
ਤਾਰੇ ਪੈਂਡੇ ਚੰਦਾ ਪੈਂਡੇ, ਉਲਕਾ ਪਿੰਡ ਪੈਂਡੇ ਵਿਚਕਾਰ।

ਪੈਂਡੇ ਅੰਦਰ ਜੀਵਨ ਕਿਰਨਾਂ, ਪੈਂਡੇ ਵਿਚ ਅਮੁੱਕ ਭੰਡਾਰ।
ਪੈਂਡੇ ਨਾਲ ਹੀ ਜੀਵਨ ਧੜਕੇ, ਪੈਂਡੇ ਬਿਨਾਂ ਖੁਸ਼ੀ ਖੁਆਰ।

ਪੈਂਡੇ ਅੰਦਰ ਦੇਵੀ ਦਰਸ਼ਨ, ਦੁੱਖ ਕਲੇਸ਼ਾਂ ਦਾ ਨਿਸਤਾਰ।
ਪੈਂਡੇ 'ਚੋਂ ਜੀਵਨ ਸਾਥੀ ਮਿਲਦੇ, ਪੈਂਡੇ ਅੰਦਰ ਲਾਵਾਂ ਚਾਰ।

ਪੈਂਡੇ ਬਿਨ ਪ੍ਰਦੂਸ਼ਣ ਫਲਦਾ, ਖੜੋਤ ਸੜ੍ਹਾਂਦ ਹੈ ਦੁਰਕਾਰ।
ਪੈਂਡੇ ਵਿਚੋਂ ਮੰਜ਼ਿਲ ਮਿਲਦੀ, ਪੈਂਡੇ ਅੰਦਰੋਂ ਜਿੱਤ ਤੇ ਹਾਰ।

ਪੈਂਡੇ ਅੰਦਰ ਪਹੀਆ ਘੁੰਮਦਾ, ਪੈਂਡੇ ਸਿਰ ਸਭ ਕਾਰੋਬਾਰ।
ਪੈਂਡੇ ਵਿਚ ਤ੍ਰਿਪਤੀ ਡਾਢੀ, ਪੈਂਡੇ ਵਿਚ 'ਪੰਨੂ' ਸੁਖ ਹਜ਼ਾਰ।

*-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ*

## ਬਠਿੰਡੇ ਵਿਚ !

ਅਫਸਰ ਰਿਸ਼ਵਤਖੋਰ ਨੇ ਸ਼ਹਿਰ ਬਠਿੰਡੇ ਵਿਚ।
ਨੇਤਾ ਵੱਡੇ ਚੋਰ ਨੇ ਸ਼ਹਿਰ ਬਠਿੰਡੇ ਵਿਚ।

ਮੋਮੋਠੱਗਣੇ, ਉਪਰੋਂ ਮੂੰਹ ਦੇ ਮਿੱਠੇ ਨੇ,
ਅੰਦਰੋਂ ਐਪਰ ਹੋਰ ਨੇ ਸ਼ਹਿਰ ਬਠਿੰਡੇ ਵਿਚ।

ਫੁੱਲ ਨੇ ਕਰਦੇ ਕੈਦ ਤਾਰ ਕੰਡਿਆਲੀ ਵਿਚ,
ਪੈਂਦੇ ਵਿਗਸਣ ਥੋਹਰ ਨੇ ਸ਼ਹਿਰ ਬਠਿੰਡੇ ਵਿਚ।

ਫੁੱਲ ਬਣਨ ਤੋਂ ਪਹਿਲਾਂ ਹੀ ਕਲੀਆਂ ਚੂੰਢਣ,
ਬੇਕਿਰਕੇ ਭੌਰ ਨੇ ਸ਼ਹਿਰ ਬਠਿੰਡੇ ਵਿਚ।

'ਗਿੱਲ' ਦੇ ਖੇਤ ਨੂੰ ਵਾੜ ਹੀ ਖਾਈ ਜਾਂਦੀ ਏ,
ਰਾਖੇ ਆਦਮਖੋਰ ਨੇ ਸ਼ਹਿਰ ਬਠਿੰਡੇ ਵਿਚ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

## ਨਕਲੀ ਸ਼ੇਰ

ਸੁੱਟ ਕੇ ਗਧੇ ਉਪਰ, ਸ਼ੇਰ ਦੀ ਖੱਲ,
ਕਹਿ ਰਹੇ ਹੋ, ਦੁੱਲਾ ਸ਼ੇਰ ਹੈ ਇਹ।
ਕਰ ਰਹੇ ਹੋ, ਲੁਟੇਰੇ ਦੀ ਵਾਹ ਵਾਹ,
ਚੋਰ ਨੂੰ ਕਹਿੰਦੇ ਹੋ, ਦਲੇਰ ਹੈ ਇਹ।

ਹੁਕਮਰਾਨ ਬਣ, ਭਰੀਆਂ ਜਿਨ੍ਹੇ ਜੇਬਾਂ,
ਉਸ ਨੂੰ ਲੋਕਾਂ ਦਾ ਸੇਵਾਦਾਰ ਕਹਿੰਦੇ ਹੋ।
ਖੂਨ ਪੀ ਰਹੀ, ਜੋ ਲੋਕਾਂ ਦਾ ਰਾਤ ਦਿਨ,
'ਰਾਜ ਨਹੀਂ ਸੇਵਾ', ਸਰਕਾਰ ਕਹਿੰਦੇ ਹੋ।

ਜੜ੍ਹਾਂ ਜੋ ਕੌਮ ਦੀਆਂ, ਪੁੱਟ ਰਿਹਾ ਹੋਵੇ,
ਦਸਦੇ ਉਸ ਨੂੰ 'ਫਖਰੇ-ਕੌਮ' ਹੈ ਇਹ।
ਲੁੱਟ ਕੇ ਖਾ ਗਿਆ, ਜੋ ਸਾਡੇ ਪੰਜਾਬ ਨੂੰ,
ਦੁਨੀਆਂ ਨੂੰ ਪਤਾ ਹੈ, ਕੌਣ ਹੈ ਇਹ।

ਤਾਰੀਫ ਦੇ ਪੁਲ, 'ਮਦਾਰੀ' ਨੇ ਸੀ ਬੰਨੇ,
ਕਰ ਤੁਲਨਾ ਮਕਰੇ ਦੀ, ਦਰਵੇਸ਼ ਨਾਲ।
ਦੇਸ਼ ਭਗਤ ਦਸ ਰਿਹਾ, ਉਸ ਮਨੁੱਖ ਨੂੰ,
ਕਰ ਰਿਹਾ ਧਰੋਹ ਜੋ, ਆਪਣੇ ਦੇਸ਼ ਨਾਲ।

ਦੇਸ਼ ਦੀ ਸਰਕਾਰ, ਭੁਲਾ ਬੈਠੀ ਹੈ ਹੁਣ,
ਦੇਸ਼ ਭਗਤਾਂ, ਸ਼ਹੀਦਾਂ ਦੇ ਡੁੱਲ੍ਹੇ ਖੂਨ ਨੂੰ।
ਫਿਰਕਾ-ਪ੍ਰਸਤੀ ਦੀ ਨ੍ਹੇਰੀ, ਹੈ ਝੁਲ ਰਹੀ,
ਹਲਾਸ਼ੇਰੀ ਦੇ ਰਹੀ ਹੈ, ਧਰਮੀ ਜਨੂਨ ਨੂੰ।

ਸਲਾਮ ਹੈ ਮੇਰਾ, ਉਨ੍ਹਾਂ ਸਾਹਿਤਕਾਰਾਂ ਨੂੰ,
ਜਿਨ੍ਹਾਂ ਦੇਸ਼ ਦੇ, ਦਰਦ ਨੂੰ ਹੈ ਸਮਝਿਆ।
ਵਗਾਹ ਕੇ ਮਾਰੇ, ਆਪਣੇ ਤਗਮੇ, ਖਿਤਾਬ,
ਗਧੇ ਉਤੋਂ ਸ਼ੇਰ ਦੀ, ਖੱਲ ਨੂੰ ਉਤਾਰਿਆ।

*-ਮੋਤਾ ਸਿੰਘ*

# ਨਿਵੇਕਲੀ ਪੈੜ ਪਾਵੇਗੀ 'ਵਿਸਾਖੀ ਲਿਸਟ': ਗਾਖਲ

## ਫਿਲਮ ਨਿਰਮਾਤਾ ਅਮੋਲਕ ਸਿੰਘ ਗਾਖਲ ਨਾਲ ਗੱਲਾਂ


ਐਸ ਅਸ਼ੋਕ ਭੌਰਾ

ਕੰਮ ਭਾਵੇਂ ਛੋਟਾ ਹੋਵੇ ਭਾਵੇਂ ਵੱਡਾ, ਔਖਾ ਹੀ ਹੁੰਦਾ ਹੈ ਪਰ ਇਹ ਸੁਖਾਲਾ ਉਦੋਂ ਬਣਦਾ ਹੈ ਜਦੋਂ ਤੁਹਾਡੇ ਅੰਦਰ ਹਿੰਮਤ ਦੀ ਅੱਗ ਬਲਣ ਲੱਗ ਪਵੇ ਤੇ ਲਗਨ ਦੇ ਘੋੜੇ ਦੌੜਨ ਲੱਗ ਪੈਣ। ਅਜਿਹਾ ਕੁਝ ਹੀ ਕੈਲੀਫੋਰਨੀਆ ਵਿਚ ਵੱਸਦੇ ਗਾਖਲ ਭਰਾਵਾਂ ਦੇ ਅੰਦਰ ਲੰਮੇ ਅਰਸੇ ਤੋਂ ਉਥਲ-ਪੁਥਲ ਹੁੰਦਾ ਆਇਆ ਹੈ। ਟਰਾਂਸਪੋਰਟ ਦਾ ਕਾਰੋਬਾਰ ਸੀ, ਜਾਂ ਮੋਟਲ ਦਾ; ਖੇਡਾਂ ਦਾ ਖੇਤਰ ਸੀ ਜਾਂ ਗੋਲਡ ਜਿਮ ਦਾ; ਤਿੰਨਾਂ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਚਹੁੰ ਦਿਸ਼ਾਵਾਂ 'ਚ ਬਰਾਬਰ ਪੈੜ ਪਾਈ ਹੈ ਅਤੇ ਭਾਈਚਾਰੇ ਨੂੰ ਮਾਇਕ ਸਹਾਇਤਾ ਦੇਣ ਵਿਚ ਵੀ ਉਹ ਸਭ ਤੋਂ ਅੱਗੇ ਰਹੇ ਹਨ।

ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਨਾਲ ਉਨ੍ਹਾਂ ਫਿਲਮ ਜਗਤ ਵਿਚ ਪੈਰ ਰੱਖਿਆ ਸੀ। ਹੁਣ ਉਨ੍ਹਾਂ 'ਜੀ ਬੀ ਐਂਟਰਟੇਨਮੈਂਟ' ਦੇ ਬੈਨਰ ਹੇਠ ਵੱਡੇ ਬਜਟ ਦੀ ਪੰਜਾਬੀ ਫਿਲਮ 'ਵਿਸਾਖੀ ਲਿਸਟ' ਦਾ ਨਿਰਮਾਣ ਕੀਤਾ ਹੈ ਜੋ 22 ਅਪਰੈਲ ਨੂੰ ਦੁਨੀਆਂ ਭਰ ਦੇ ਸਿਨੇਮਾ ਘਰਾਂ 'ਚ ਦਸਤਕ ਦੇਣ ਲਈ ਤਿਆਰ ਹੈ। ਪੇਸ਼ ਹੈ ਨਿਰਮਾਤਾ ਅਮੋਲਕ ਸਿੰਘ ਗਾਖਲ ਨਾਲ ਫਿਲਮੀ ਦੁਨੀਆਂ ਦੇ ਨਵੇਂ ਤਜਰਬੇ ਬਾਰੇ ਕੁਝ ਗੱਲਾਂ:

**ਸਵਾਲ:** ਤੁਸੀਂ ਕਈ ਖੇਤਰਾਂ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਫਿਲਮਾਂ ਵੱਲ ਆਉਣ ਦਾ ਕਿਉਂ ਤੇ ਕਿਵੇਂ ਖਿਆਲ ਆਇਆ?

**ਜਵਾਬ:** ਤੁਹਾਡੇ ਅੰਦਰ ਜੋ ਕੁਝ ਵੀ ਹੁੰਦਾ ਹੈ, ਉਹ ਕਦੇ ਨਾ ਕਦੇ ਬਾਹਰ ਆਉਣਾ ਹੁੰਦਾ ਹੈ। ਮੈਂ 13 ਸਾਲਾਂ ਦਾ ਸਾਂ ਜਦੋਂ ਧਰਮਿੰਦਰ ਨੂੰ ਮਿਲਣ ਲਈ ਘਰੋਂ ਭੱਜ ਗਿਆ ਸਾਂ। ਸਾਹਨੇਵਾਲ ਵੀ ਗੇੜੀ ਮਾਰੀ, ਪਰ ਗੱਲ ਨਾ ਬਣੀ। ਫਿਰ ਉਸੇ ਧਰਮਿੰਦਰ ਨੂੰ ਲੈ ਕੇ ਅਸੀਂ 'ਸੈਕੰਡ ਹੈਂਡ ਹਸਬੈਂਡ' ਫਿਲਮ ਬਣਾਈ। ਜਿਸ ਧਰਮਿੰਦਰ ਨੂੰ ਵੇਖਣ ਲਈ ਘਰੋਂ ਭੱਜਿਆ ਸਾਂ, ਉਸ ਨੂੰ ਪਰਿਵਾਰ ਵਿਚ ਲਿਆ ਕੇ ਸਾਂਝੇ ਟੇਬਲ 'ਤੇ ਬਿਠਾ ਕੇ ਖਾਣਾ ਖੁਆਇਆ। ਫਿਲਮਾਂ ਵਿਚ ਆਉਣ ਦਾ ਕਾਰਨ ਸ਼ੌਕ ਹੀ ਹੈ, ਲੇਕਿਨ ਇਹ ਵੀ ਸੱਚ ਹੈ ਕਿ ਸ਼ੌਕ ਪੈਸੇ ਬਿਨਾਂ ਪੂਰੇ ਨਹੀਂ ਹੋ ਸਕਦੇ। ਇਨ੍ਹਾਂ ਫਿਲਮਾਂ ਨੂੰ ਅਸੀਂ ਬਿਜ਼ਨਸ ਵਜੋਂ ਲੈ ਰਹੇ ਹਾਂ ਤੇ ਸਾਡੇ ਤਿੰਨਾਂ ਭਰਾਵਾਂ ਦੀ ਇਕਸੁਰਤਾ ਇਸ ਸੋਚ ਵਿਚ ਹੈ ਕਿ ਜਿਨ੍ਹਾਂ ਰਾਹਾਂ ਵਿਚੋਂ ਲੰਘੀਏ, ਉਹ ਰਾਹ ਜਰਨੈਲੀ ਸੜਕ ਵਰਗੇ ਬਣਾ ਕੇ ਅਤੇ ਸਫਲ ਵਪਾਰ ਨਾਲ ਸਮਾਜ ਦੇ ਕਿਤੇ ਨਾ ਕਿਤੇ ਕੰਮ ਵੀ ਆਈਏ। ਲੰਮੇ ਸਮੇਂ ਤੋਂ ਮੈਂ ਫਿਲਮ ਨਿਰਮਾਣ ਵਿਚ ਆਉਣਾ ਚਾਹੁੰਦਾ ਸਾਂ, ਪਰ ਜਿਵੇਂ ਕਹਿੰਦੇ ਨੇ, ਵਕਤ ਤੋਂ ਪਹਿਲਾਂ ਕੁਝ ਵੀ ਸੰਭਵ ਨਹੀਂ ਹੁੰਦਾ, ਹੁਣ ਜਦੋਂ ਫਿਲਮ ਜਗਤ ਵਿਚ ਪੈਰ ਧਰਿਆ ਤਾਂ ਮਜ਼ਬੂਤ ਅਤੇ ਨਰੋਏ ਮਨ ਨਾਲ ਧਰਿਆ ਹੈ; ਤਾਂ ਕਿ ਵਪਾਰ ਦੇ ਨਾਲ-ਨਾਲ ਪੰਜਾਬੀ ਫਿਲਮ ਜਗਤ ਨੂੰ ਕੁਝ ਨਾ ਕੁਝ ਦੇ ਸਕੀਏ, ਆਪਣੇ ਪਿਤਾ ਨਸੀਬ ਸਿੰਘ ਗਾਖਲ ਦੇ ਦਿੱਤੇ ਗੁਰ ਅਨੁਸਾਰ 'ਜੇ ਘਰੋਂ ਨਿਕਲੀਏ ਤਾਂ ਖਾਲੀ ਹੱਥ ਨਹੀਂ ਪਰਤੀਦਾ' ਵਾਲੇ ਅਹਿਦ 'ਤੇ ਵੀ ਚੱਲਦੇ ਰਹੀਏ।



ਨਿਰਮਾਤਾ ਅਮੋਲਕ ਸਿੰਘ ਗਾਖਲ

**ਸਵਾਲ:** ਹਿੰਦੀ ਫਿਲਮ ਦਾ ਪਹਿਲਾਂ ਨਿਰਮਾਣ ਕੀਤਾ, ਰਿਸਕ ਵੱਡਾ ਸੀ, ਪੰਜਾਬੀ ਫਿਲਮ ਪਹਿਲਾਂ ਕਿਉਂ ਨਾ ਬਣਾਈ?

**ਜਵਾਬ:** ਮੱਝ ਭਾਵੇਂ ਲੱਖ ਰੁਪਏ ਦੀ ਘਰ ਲੈ ਆਓ, ਪਰ ਇਹ ਜ਼ਰੂਰੀ ਨਹੀਂ ਹੁੰਦਾ ਕਿ ਉਹ ਪਹਿਲੇ ਸੂਏ ਬਾਲਟੀਆਂ ਨੱਕੋ-ਨੱਕ ਭਰ ਕੇ ਦੁੱਧ ਦੇਵੇ। ਕੰਮ ਅਸੀਂ ਸੁਭਾਅ ਮੁਤਾਬਿਕ ਸਿਰੇ ਦਾ ਕੀਤਾ। ਧਰਮਿੰਦਰ ਨੂੰ ਲੈ ਕੇ ਫਿਲਮ ਬਣਾਈ। ਪੰਜਾਬੀ ਫਿਲਮਾਂ ਵਾਲੇ ਗਿੱਪੀ ਗਰੇਵਾਲ ਨੂੰ ਹਿੰਦੀ ਪਲੇਟਫਾਰਮ 'ਤੇ ਮੌਕਾ ਦਿੱਤਾ। ਘਾਟੇ-ਵਾਧੇ ਦੀ ਕੋਈ ਪ੍ਰਵਾਹ ਨਹੀਂ ਕੀਤੀ, ਕਿਉਂਕਿ ਇਹ ਧਾਰਨਾ ਪੱਕੀ ਹੈ ਕਿ ਕੁਝ ਹਾਸਲ ਕਰਨਾ ਹੋਵੇ ਤਾਂ ਗੁਆਉਣਾ ਵੀ ਪੈਂਦਾ ਹੈ। ਫਿਲਮ ਘੱਟ ਚੱਲੀ ਜਾਂ ਵੱਧ, ਪਰ ਅਸੀਂ ਤਜਰਬਾ ਮੁਕੰਮਲ ਹਾਸਲ ਕਰ ਲਿਆ ਹੈ। ਅਸੀਂ ਕੈਲੀਫੋਰਨੀਆ ਤੇ ਮੁੰਬਈ ਨਾਲ ਇੱਕੋ ਵੇਲੇ ਜੁੜੇ ਰਹਿੰਦੇ ਹਾਂ।

**ਸਵਾਲ:** ਸਮੀਪ ਕੰਗ ਨਾਲ ਪਹਿਲੀ ਫਿਲਮ ਬਣਾਈ ਸੀ, ਹੁਣ 'ਵਿਸਾਖੀ ਲਿਸਟ' ਵੀ ਸਮੀਪ ਕੰਗ ਨਾਲ ਹੀ ਕਿਤੀ ਹੈ।


**ਜਵਾਬ:** ਕੰਮ ਕਰਨ ਤੇ ਕਰਾਉਣ ਦਾ ਉਥੋਂ ਸੁਆਦ ਆਉਂਦਾ ਹੈ ਜਿੱਥੇ ਤੁਹਾਡੀ ਸੁਰ ਮਿਲਦੀ ਹੋਵੇ। 'ਕੈਰੀ ਆਨ ਜੱਟਾ' ਵਰਗੀਆਂ ਸਫਲ ਪੰਜਾਬੀ ਫਿਲਮਾਂ ਸਮੀਪ ਕੰਗ ਨੇ ਪੰਜਾਬੀ ਫਿਲਮ ਜਗਤ ਨੂੰ ਦਿੱਤੀਆਂ ਹਨ, ਉਹਨੇ ਹਿੰਦੀ ਫਿਲਮ ਵੀ ਬਣਾਈ ਸੀ। ਉਹਦਾ ਇਹ ਇਤਿਹਾਸ ਗਾਖਲ ਭਰਾਵਾਂ ਨਾਲ ਜੁੜਿਆ ਰਹੇਗਾ। 'ਵਿਸਾਖੀ ਲਿਸਟ' ਮਨੋਰੰਜਨ ਭਰਪੂਰ ਹੀ ਨਹੀਂ, ਉਦੇਸ਼ ਹੀ ਸਪਸ਼ਟ ਨਹੀਂ ਕਰਦੀ, ਸਗੋਂ ਇਸ ਧਾਰਨਾ ਨੂੰ ਵੀ ਪੱਕਾ ਕਰੇਗੀ ਕਿ ਜੇ ਤੰਦਰੁਸਤ ਰਹਿਣਾ ਹੈ ਤਾਂ ਹੱਸਣ ਦੀ ਆਦਤ ਪਾ ਲਵੋ। ਫਿਲਮ ਵੇਖ ਕੇ ਹਰ ਦਰਸ਼ਕ ਸੰਤੁਸ਼ਟ ਅਤੇ ਉਹਦੇ ਚਿਹਰੇ 'ਤੇ ਰੌਣਕ ਹੋਵੇਗੀ।

**ਸਵਾਲ:** 'ਵਿਸਾਖੀ ਲਿਸਟ' ਕੀ ਹੈ?

**ਜਵਾਬ:** ਦੋ ਕੈਦੀਆਂ ਦੀ ਕਹਾਣੀ ਪਿਆਰ ਦੁਆਲੇ ਵੀ ਘੁੰਮਦੀ ਹੈ ਤੇ ਜੇਲ੍ਹ ਵਿਚੋਂ ਭੱਜਣ ਦੁਆਲੇ ਵੀ। ਫਿਰ ਮੁੜ ਜੇਲ੍ਹ ਵਿਚ ਐਂਟਰ ਹੋਣ ਲਈ ਵੀ। ਤਿਓਹਾਰਾਂ ਮੌਕੇ ਸਰਕਾਰਾਂ ਕੈਦੀਆਂ ਨੂੰ ਵਿਸ਼ੇਸ਼ ਰਿਆਇਤਾਂ ਤਹਿਤ ਰਿਹਾਅ ਕਰਦੀਆਂ ਨੇ। ਇਨ੍ਹਾਂ ਸਾਰੇ ਪੱਖਾਂ ਨੂੰ ਉਦੇਸ਼ ਤੇ ਹਾਸਰਸ ਨਾਲ ਜੋੜਿਆ ਹੈ, ਸਿਹਤਮੰਦ ਮਨੋਰੰਜਨ ਦੇਣ ਦਾ ਯਤਨ ਕੀਤਾ ਹੈ ਤਾਂ ਕਿ ਫਿਲਮ ਵੇਖ ਕੇ ਇਹ ਧਾਰਨਾ ਵੀ ਬਣੇ ਕਿ ਪਰਿਵਾਰ ਨਾਲ ਗੁਜ਼ਾਰੇ ਢਾਈ-ਤਿੰਨ ਘੰਟੇ ਜ਼ਿੰਦਗੀ ਦੇ ਯਾਦਗਾਰੀ ਪਲ ਬਣ ਗਏ। ਇਹ ਬਿਲਕੁਲ ਹਟਵੇਂ ਵਿਸ਼ੇ 'ਤੇ ਬਣੀ ਫਿਲਮ, ਪੰਜਾਬੀ ਫਿਲਮ ਜਗਤ ਵਿਚ ਨਿਵੇਕਲੀ ਪੈੜ ਹੋਵੇਗੀ।



ਫਿਲਮ 'ਵਿਸਾਖੀ ਲਿਸਟ' ਦਾ ਇਕ ਦ੍ਰਿਸ਼



ਨਿਰਮਾਤਾ ਅਮੋਲਕ ਸਿੰਘ ਗਾਖਲ (ਐਨ ਖੱਬੇ) ਫਿਲਮ ਦੇ ਸੈਟ 'ਤੇ ਟੀਮ ਨਾਲ

**ਸਵਾਲ:** ਫਿਲਮ ਦੀ ਸਮੁੱਚੀ ਸਟਾਰ ਕਾਸਟ ਕੀ ਹੈ?

**ਜਵਾਬ:** ਪਹਿਲੀ ਵਾਰ ਹੋਵੇਗਾ ਕਿ ਕਪਿਲ ਸ਼ਰਮਾ ਦੇ ਵਿਸ਼ਵ ਪ੍ਰਸਿੱਧ ਹਾਸਰਸ ਸ਼ੋਅ 'ਕਮੇਡੀ ਨਾਈਟ' ਵਿਚ ਭਰਪੂਰ ਹਾਸੇ ਵੰਡਣ ਵਾਲਾ ਸੁਨੀਲ ਗਰੋਵਰ ਉਰਫ ਗੁੱਥੀ ਵਰਗਾ ਕਲਾਕਾਰ ਦਰਸ਼ਕਾਂ ਨੂੰ ਪੰਜਾਬੀ ਫਿਲਮ ਵਿਚ ਵੇਖਣ ਨੂੰ ਮਿਲੇਗਾ। ਜਿਹੜਾ ਕੰਮ ਗੁੱਥੀ ਨੇ 'ਵਿਸਾਖੀ ਲਿਸਟ' ਵਿਚ ਕੀਤਾ ਹੈ, ਉਹਦਾ ਕੋਈ ਜਵਾਬ ਨਹੀਂ। ਫਿਲਮ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਜਿੰਮੀ ਸ਼ੇਰਗਿੱਲ ਦੀ ਪੰਜਾਬੀ ਫਿਲਮਾਂ ਵਿਚ ਆਪਣੀ ਥਾਂ ਹੈ। ਉਸ ਦੇ ਪ੍ਰਸ਼ੰਸਕ ਵੱਡੀ ਗਿਣਤੀ ਵਿਚ ਹਨ। ਆਪਣੇ ਕਿਰਦਾਰ ਨਾਲ ਉਸ ਨੇ ਪੂਰਾ ਇਨਸਾਫ ਕੀਤਾ ਹੈ। ਜਸਵਿੰਦਰ ਭੱਲਾ ਹੋਵੇ ਜਾਂ ਬੀਨੂੰ ਢਿੱਲੋਂ, ਰਾਣਾ ਰਣਬੀਰ ਹੋਵੇ ਜਾਂ ਕਰਮਜੀਤ ਅਨਮੋਲ, ਬੀ ਐਨ ਸ਼ਰਮਾ ਹੋਵੇ ਜਾਂ ਬਾਲ ਮੁਕੰਦ ਸ਼ਰਮਾ, ਸਭ ਪੂਰੇ ਜਚੇ ਹਨ। ਫਿਲਮ ਵਿਚ ਹਾਸਿਆਂ ਦੀਆਂ ਪੰਡਾਂ ਖੁੱਲ੍ਹਣਗੀਆਂ। ਦਰਸ਼ਕ ਯਾਦ ਰੱਖਣਗੇ ਕਿ ਫਿਲਮ ਵਿਚ ਬਹੁਤ ਕੁਝ ਖਾਸ ਦਿੱਤਾ ਹੈ। ਇਕ ਖਾਸ ਉਦੇਸ਼ ਨੂੰ ਹਾਸਿਆਂ ਦੇ ਮਾਹੌਲ ਵਿਚ ਸਮੀਪ ਕੰਗ ਨੇ ਬਾਕਮਾਲ ਸਿਰਜਿਆ ਹੈ।

**ਸਵਾਲ:** 'ਵਿਸਾਖੀ ਲਿਸਟ' ਬਾਰੇ ਕੋਈ ਹੋਰ ਗੱਲ?

**ਜਵਾਬ:** ਪੰਜਾਬ ਦੇ ਨੌਜਵਾਨ ਵਰਗ ਵਿਚ ਬੇਹੱਦ ਪਿਆਰੇ ਗਾਇਕ ਰਣਜੀਤ ਬਾਵਾ ਨੇ ਧਨੀ ਰਾਮ ਚਾਤ੍ਰਿਕ ਦੀ ਅਮਰ ਰਚਨਾ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਕਿੰਨੇ ਵਧੀਆ ਅੰਦਾਜ਼ ਵਿਚ ਗਾਇਆ ਹੈ, ਫਿਲਮੀ ਪਰਦਾ ਮੂੰਹੋਂ ਬੋਲੇਗਾ। ਰਾਹਤ ਫਤਿਹ ਅਲੀ ਖਾਨ ਵਰਗੇ ਗਾਇਕ ਨੂੰ ਇਸ ਫਿਲਮ ਵਿਚ ਸਥਾਪਿਤ ਸੁਹਿਰਦ ਗਾਇਕ ਵਜੋਂ ਪੇਸ਼ ਕਰਨ ਵਿਚ ਸਾਡੀ ਇਹ ਕੋਸ਼ਿਸ਼ ਵੱਖਰਾ ਰੰਗ ਦਿਖਾਵੇਗੀ। ਸੰਗੀਤ ਜੈ ਦੇਵ ਕੁਮਾਰ ਦਾ ਹੈ ਅਤੇ ਗੀਤ ਬਾਬੂ ਸਿੰਘ ਮਾਨ ਨੇ ਲਿਖੇ ਨੇ। 'ਵਿਸਾਖੀ ਲਿਸਟ' ਸੱਚ-ਮੁੱਚ ਇਤਿਹਾਸ ਸਿਰਜੇਗੀ ਅਤੇ ਅਸੀਂ ਆਪਣੇ ਹੋਰ ਸਫਲ ਕਾਰਜਾਂ ਵਾਂਗ ਇਸ ਨਵੇਂ ਪਿੜ ਵਿਚ ਵੀ ਸਫਲਤਾ ਨਾਲ ਹੋਰ ਅੱਗੇ ਤੁਰਨ ਵਿਚ ਕਾਮਯਾਬ ਹੋਵਾਂਗੇ।

---

ਆਵਾਜ਼ ਦੇ ਕਹਾਂ ਹੈ... -42-



ਕੁਲਦੀਪ ਕੌਰ
ਫੋਨ: +91-98554-04330

# ਮਨ ਦੇ ਮੌਸਮਾਂ ਦਾ ਚਿਤਰਨ: ਮੌਸਮ

ਫਿਲਮ 'ਮੌਸਮ' ਜ਼ਿੰਦਗੀ ਦੀ ਰਫਤਾਰ ਨਾਲ ਮਨ ਦੇ ਬਦਲਦੇ ਮੌਸਮਾਂ ਦੀ ਫਿਲਮ ਹੈ। ਦਰਸ਼ਕ ਇਨ੍ਹਾਂ ਮੌਸਮਾਂ ਦੀ ਖੁਸ਼ਬੋ ਵੀ ਮਾਣ ਸਕਦਾ ਹੈ। ਫਿਲਮ ਦੇ ਪਹਿਲੇ ਦ੍ਰਿਸ਼ ਤੋਂ ਹੀ ਸ਼ੁਰੂ ਹੋਇਆ ਭੁਪਿੰਦਰ ਦਾ ਗਾਇਆ ਗਾਣਾ 'ਦਿਲ ਢੂੰਡਤਾ ਹੈ, ਫਿਰ ਵਹੀ, ਫੁਰਸਤ ਕੇ ਰਾਤ ਦਿਨ' ਫਿਲਮ ਦੀ ਰੂਹ ਹੈ। ਇਸ ਗਾਣੇ ਰਾਹੀਂ ਗੁਲਜ਼ਾਰ ਮੌਸਮਾਂ ਦੇ ਢਲਣ ਨਾਲ ਜੁੜੀ ਉਦਾਸੀ ਵਿਚ ਨਵੇਂ ਮੌਸਮਾਂ ਦੇ ਪੁੰਗਰਨ ਦੀ ਉਮੀਦ ਦਿਖਾਉਂਦਾ ਹੈ। ਇਸ ਫਿਲਮ ਲਈ ਉਹ ਆਪਣੇ ਮਨਪਸੰਦ ਅਦਾਕਾਰ ਸੰਜੀਵ ਕੁਮਾਰ ਦੀ ਚੋਣ ਕਰਦਾ ਹੈ ਜੋ ਕਿਸੇ ਤਰ੍ਹਾਂ ਵੀ ਫਾਰਮੂਲਾ ਆਧਾਰਤ ਭਾਰਤੀ ਸਿਨੇਮਾ ਦੇ ਪਾਪੂਲਰ ਹੀਰੋ ਦੇ ਚੌਖਟੇ ਵਿਚ ਫਿੱਟ ਨਹੀਂ ਬੈਠਦਾ। ਸੰਜੀਵ ਕੁਮਾਰ ਆਪਣੀਆਂ ਅੱਖਾਂ, ਹੱਥਾਂ ਦੀ ਕਿਰਿਆਵਾਂ ਅਤੇ ਤੁਰਨ ਦੇ ਢੰਗ ਦੁਆਰਾ ਕਵੀ ਗੁਲਜ਼ਾਰ ਦੇ ਅਣਬੋਲੇ ਜਜ਼ਬਾਤ ਨੂੰ ਪਰਦੇ 'ਤੇ ਉਤਾਰ ਦਿੰਦਾ ਹੈ। ਸ਼ਰਮੀਲਾ ਟੈਗੋਰ ਦੁਆਰਾ ਨਿਭਾਈ ਭੂਮਿਕਾ ਵਿਚ ਗੁਲਜ਼ਾਰ ਅਜਿਹੀ ਨਾਇਕਾ ਦੀ ਸਿਰਜਣਾ ਕਰਦਾ ਹੈ ਜਿਹੜੀ ਕਿਤੇ ਵੀ ਕੈਮਰੇ ਦੀ ਅੱਖ ਰਾਹੀਂ ਕੈਦ ਕੀਤੀ ਕੁਦਰਤ ਤੋਂ ਵੱਖਰੀ ਨਜ਼ਰ ਨਹੀਂ ਆਉਂਦੀ।

ਫਿਲਮ ਦੀ ਕਹਾਣੀ ਅਨੁਸਾਰ ਡਾਕਟਰ ਅਮਰਨਾਥ (ਸੰਜੀਵ ਕੁਮਾਰ) ਵੀਹ ਸਾਲ ਬਾਅਦ ਦਾਰਜੀਲਿੰਗ ਦੀਆਂ ਵਾਦੀਆਂ ਵਿਚ ਆਉਂਦਾ ਹੈ। ਹੁਣ ਉਹ ਦਵਾਈਆਂ ਬਣਾਉਣ ਵਾਲੀ ਕੰਪਨੀ ਦਾ ਮਾਲਕ ਹੈ। ਦਾਰਜੀਲਿੰਗ ਆਣ ਕੇ ਉਸ ਨੂੰ ਆਪਣੇ ਅਤੀਤ ਨਾਲ ਜੁੜੀਆਂ ਭੁੱਲਾਂ ਯਾਦ ਆਉਂਦੀਆਂ ਹਨ ਜਿਨ੍ਹਾਂ ਵਿਚੋਂ ਇੱਕ ਤੋਂ ਉਹ ਅੱਜ ਵੀ ਸ਼ਰਮਿੰਦਾ ਹੈ। ਜਦੋਂ ਵੀਹ ਸਾਲ ਪਹਿਲਾਂ ਉਹ ਡਾਕਟਰੀ ਦੀ ਪੜ੍ਹਾਈ ਲਈ ਦਾਰਜੀਲਿੰਗ ਆਇਆ ਸੀ ਤਾਂ ਉਸ ਨੂੰ ਇੱਕ ਵੈਦ ਦੀ ਕੁੜੀ ਚੰਦਾ (ਸ਼ਰਮੀਲਾ ਟੈਗੋਰ) ਨਾਲ ਮੁਹੱਬਤ ਹੋ ਗਈ ਸੀ। ਫਿਰ ਅਚਾਨਕ ਉਸ ਨੂੰ ਸ਼ਹਿਰ ਮੁੜਨਾ ਪਿਆ ਅਤੇ ਇਸ ਫੇਰੀ ਦੌਰਾਨ ਉਨ੍ਹਾਂ ਹੀ ਥਾਂਵਾਂ 'ਤੇ ਦੁਬਾਰਾ ਜਾਣ ਨਾਲ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦਾ ਸਾਰਾ ਕੁਝ ਤਾਂ ਇੱਥੇ ਹੀ ਛੁੱਟ ਗਿਆ ਸੀ! ਇਸੇ ਗੁਆਚੇ ਆਪੇ ਨੂੰ ਭਾਲਣ ਲਈ ਉਹ ਚੰਦਾ ਦੀ ਖੋਜ ਸ਼ੁਰੂ ਕਰਦਾ ਹੈ। ਉਸ ਨੂੰ ਪਤਾ ਲੱਗਦਾ ਹੈ ਕਿ ਜਦੋਂ ਉਹ ਚੰਦਾ ਨੂੰ ਇਕੱਲਿਆਂ ਛੱਡ ਕੇ ਗਿਆ ਤਾਂ ਉਹ ਸਾਲਾਂਬੱਧੀ ਉਸ ਦੇ ਸਟੈਥੋਸਕੋਪ ਨੂੰ ਆਪਣੀ ਹਿੱਕ ਨਾਲ ਲਾਈ ਇਨ੍ਹਾਂ ਹੀ ਰਾਹਾਂ 'ਤੇ ਘੁੰਮਦੀ ਰਹੀ। ਘਰਦਿਆਂ ਨੇ ਆਪਣਾ ਖਹਿੜਾ ਛੁਡਾਉਣ ਲਈ ਉਸ ਦਾ ਵਿਆਹ ਕਿਸੇ ਉਮਰਦਰਾਜ ਬੰਦੇ ਨਾਲ ਕਰ ਦਿੱਤਾ ਜਿਸ ਨਾਲ ਉਸ ਨੇ ਸਾਰੀ ਉਮਰ ਨਰਕ ਭੋਗਦਿਆਂ ਕੱਟੀ। ਡਾਕਟਰ ਅਮਰਨਾਥ ਨੂੰ ਪਤਾ ਲੱਗਦਾ ਹੈ ਕਿ ਉਸ ਵਿਆਹ ਤੋਂ ਚੰਦਾ ਦੀ ਇੱਕ ਕੁੜੀ ਵੀ ਹੈ। ਉਸ ਨੂੰ ਲੱਗਦਾ ਹੈ ਕਿ ਜੇ ਮੈਂ ਉਸ ਕੁੜੀ ਦੀ ਜ਼ਿੰਦਗੀ ਸੰਵਾਰਨ ਦੀ ਕੋਸ਼ਿਸ਼ ਕਰਾਂ ਤਾਂ ਸ਼ਾਇਦ ਉਹਦੇ ਗੁਨਾਹ ਦਾ ਦਾਗ ਧੋਤਾ ਜਾਵੇ, ਪਰ ਚੰਦਾ ਦੀ ਕੁੜੀ ਕਜਲੀ ਨੂੰ ਉਸ ਦੇ ਆਪਣੇ ਰਿਸ਼ਤੇਦਾਰ ਹੀ ਵੇਸਵਾਗਿਰੀ ਵਿਚ ਧੱਕ ਚੁੱਕੇ ਹਨ। ਅਮਰਨਾਥ ਇਸ ਤ੍ਰਾਸਦੀ 'ਤੇ ਸੁੰਨ ਰਹਿ ਜਾਂਦਾ ਹੈ। ਉਸ ਨੂੰ ਜਾਪਦਾ ਹੈ ਕਿ ਕਿਤੇ ਨਾ ਕਿਤੇ ਕਜਲੀ ਦੀ ਇਸ ਹਾਲਤ ਦਾ ਜ਼ਿੰਮੇਵਾਰ ਵੀ ਉਹੀ ਹੈ। ਦੀਨ-ਦੁਨੀਆ ਦੀ ਪਰਵਾਹ ਨਾ ਕਰਦਿਆਂ ਡਾਕਟਰ ਅਮਰਨਾਥ ਕੋਠੇ ਤੋਂ ਕਜਲੀ ਨੂੰ ਖਰੀਦ ਲੈਂਦਾ ਹੈ। ਪਹਿਲਾਂ ਉਹ ਆਪਣੀ ਅਸਲੀਅਤ ਲੁਕੋ ਕੇ ਕਜਲੀ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦਾ ਹੈ। ਕਜਲੀ ਤਰਸ ਅਤੇ 'ਪਿਆਰ' ਦੇ ਇੰਨੇ ਝੂਠੇ ਰੰਗ ਦੇਖ ਚੁੱਕੀ ਹੈ ਕਿ ਡਾਕਟਰ ਅਮਰਨਾਥ ਵੀ ਉਸ ਨੂੰ ਪਾਖੰਡੀ ਲੱਗਦਾ ਹੈ। ਉਧਰ ਡਾਕਟਰ ਅਮਰਨਾਥ ਉਸ ਦੀ ਬਦਨਾਮ ਜ਼ਿੰਦਗੀ ਵਿਚ ਇੱਜ਼ਤ ਤੇ ਈਮਾਨ ਦੇ ਰੰਗ ਭਰਨਾ ਚਾਹੁੰਦਾ ਹੈ। ਕਜਲੀ ਦੀ ਜ਼ਿੰਦਗੀ ਵਿਚ ਉਹ ਰੰਗ ਆਉਂਦੇ ਤਾਂ ਹਨ, ਪਰ ਬਿਲਕੁੱਲ ਵੱਖਰੇ ਢੰਗ ਨਾਲ ਜਦੋਂ ਉਹ ਮਨ ਹੀ ਮਨ ਡਾਕਟਰ ਅਮਰਨਾਥ ਨੂੰ ਪਿਆਰ ਕਰਨ ਲੱਗ ਜਾਂਦੀ ਹੈ। ਅਸਲੀਅਤ ਸੁਣ ਕੇ ਉਹ ਡੌਰ-ਭੌਰ ਹੋ ਜਾਂਦੀ ਹੈ। ਗੁਲਜ਼ਾਰ ਨੇ ਇਹ ਫਿਲਮ ਉਦੋਂ ਨਿਰਦੇਸ਼ਿਤ ਕੀਤੀ ਜਦੋਂ ਭਾਰਤੀ ਸਿਨੇਮਾ ਵਿਚ ਅਜਿਹੇ ਰਿਸ਼ਤਿਆਂ ਬਾਰੇ ਗੱਲ ਕਰਨੀ ਵੀ ਬਦਚਲਨੀ ਸਮਝੀ ਜਾਂਦੀ ਸੀ। 'ਸ਼ੋਅਲੇ' ਦੀ ਚੜ੍ਹਤ ਦੇ ਦੌਰ ਵਿਚ ਆਈ ਇਹ ਫਿਲਮ ਰਿਸ਼ਤਿਆਂ ਦੀ ਵਿਆਕਰਨ ਦਾ ਅਸਲੋਂ ਵੱਖਰਾ ਰੰਗ ਪੇਸ਼ ਕਰਦੀ ਹੈ। ਫਿਲਮ ਵਿਚ ਸਮੇਂ ਅਤੇ ਸਥਾਨ ਦੀ ਧਾਰਨਾ ਤੋਂ ਅੱਗੇ ਗੁਲਜ਼ਾਰ ਕਿਰਦਾਰਾਂ ਦੇ ਮਨਾਂ ਦੇ ਮੌਸਮਾਂ ਦੀ ਨਵੀਂ ਬਾਤ ਛੋੜਦਾ ਹੈ।






ਫਿਲਮ 'ਮੌਸਮ' ਦਾ ਪੋਸਟਰ ਅਤੇ (ਸੱਜੇ) ਫਿਲਮਸਾਜ਼ ਗੁਲਜ਼ਾਰ।



ਸ਼ਰਮੀਲਾ ਟੈਗੋਰ


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080


AJJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ ।
deep@jfsinc.us
100%
SATISFACTION GUARANTEED
ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986


Need Water? Tired of waiting in Line?
Are you looking for a drilling company
to drill water well at your farm?
Hydrotech Solutions do best deep water drilling in
shortest time and no one can beat our price.
Hydrotech convert
pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street
in C21 at Ag Show
Hydrotech Solutions LLC


ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ
ਗਦਰੀ ਬਾਬੇ ਸਪੋਰਟਸ ਕਲੱਬ
ਯੂਨੀਵਰਸਿਟੀ ਆਫ ਪੈਸਿਫਿਕ
ਦੇ ਸਹਿਯੋਗ ਨਾਲ ਪੇਸ਼ ਕਰਦੇ ਹਨ
6ਵਾਂ ਫੀਲਡ ਹਾਕੀ ਟੂਰਨਾਮੈਂਟ 2016
1, 2 ਅਤੇ 3 ਅਪ੍ਰੈਲ 2016, ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ
University of Pacific, 3601 Pacific Ave. Stockton, California
ਪਹਿਲਾ ਇਨਾਮ
7100 ਡਾਲਰ
In Sweet Memory of
Sponsored By:
Gakhal Brothers
Amolak Singh Gakhal, Palwinder Singh Gakhal & Iqbal Singh Gakhal
ਹਾਕੀ ਦੇ ਦਿਲਚਸਪ ਮੁਕਾਬਲੇ
ਦੇਖਣ ਲਈ
ਖੇਡ ਪ੍ਰੇਮੀਆਂ ਨੂੰ
ਦੂਜਾ ਇਨਾਮ
3100 ਡਾਲਰ
Mike Boparai
Sponsored By:
Malkit Sing Boparai
(Mike Boparai)
ਗੁਰੂ ਕਾ ਲੰਗਰ ਦਾ ਅਤੁੱਟ
ਵਰਤਾਇਆ ਜਾਵੇਗਾ
ਤਿੰਨੇ ਦਿਨ ਹੁੰਮ ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
SPONSORS
BHANDAL BRO. TRUCKING, A & I TRUCKING, HARMANS TRUCKING, A.D SERVICES, FAST CARGO INC., TAJINDER SINGH, VANCO TRUCK & AUTO PLAZA, SHOP & GO, MANJIT UPPAL, BACHITTAR SINGH, SARBJIT (WELLS FARGO), RANJIT DHALIWAL, AMRICAN FREIGHT (RIMPIE), WHITE HAWK, AUR BUSINESS SERVICE (AMAN SINGH SANDHU), JUMBO LOGISTIC, C AND A TRANS (SEKHON MANTECA), MAHAL TRUCKING , SARBJIT MAHAL, RANJIT LATHROP CA, BULLET EXPRESS, COMMANDER TRANSPORT, POWER TRUCK LINES, HSB TRUCKING, LAKHA MAHIL, GURNAM SINGH MANTICA, SIGMA FREIGHT, EHAM TRANS, KASHMIR THANDI, BALIHAR RANU, SAC TRUCK LINE, PS CARRIER, BALJINDER SINGH SACTO, GLOBAL ALLIANCE (KAPOOR), PAPA MURPHY (CHARAN KANG), RAMAN DHALIWAL, MAJOR SINGH LAVINGSTON, KULWINDER SINGH BAL, GURMUKH SINGH SANDHU, EAGLE EXPRESS, BALJIT SAHOTA, SONY SINGH, GURPREET JOHAL, LIQOUR KING, GILL TRANSPORT INC., AMARJIT SINGH DULAI, HARBINDER JANDA, AVTAR SINGH SAHOTA, TIRATH GAKHAL, BALWINDER SINGH MITHU, KARNAIL SANDHU, SUKHDEV SINGH SANDHU, BALJINDER SINGH KLAIR, SARUP SINGH SARAI, MOHINDER SINGH KHINDA, GURMIT SINGH SANDHU, SUMER SINGH SANDHU, SODHI SINGH SIDHU, GURMIT SINGH BASRA, GURMEJ SINGH GILL, AMANMEET SINGH SANDHU, PARMJIT SINGH SIDHU, SURINDER SINGH ATWAL (ABT.), JASJEET SINGH, DR. PRITPAL SINGH, AJMER SINGH NIJJAR, HARTMAN SINGH
ਹੋਰ ਜਾਣਕਾਰੀ ਲਈ ਸੰਪਰਕ
Surjit Singh Nijjar 530-682-9596, Dave Atwal 209-456-2554, Jitu Dhaliwal 209-914-3616